
ਗੁਰੂ ਹਰਿਕ੍ਰਿਸ਼ਨ ਜੀ ਦੇ ਅਵਤਾਰ ਪੁਰਬ ਨੂੰ ਸਮਰਪਿਤ
ਪ੍ਰੋ. ਐਚ. ਐਲ. ਕਪੂਰ ਜੀ ਦਾ ਲੇਖ ਦੇਖੋ ਸਫਾ 27-28 'ਤੇ

12ਵਾਂ ਸਾਲ

# ਦੇਸ਼ ਦੁਆਬਾ

ਹਫਤਾਵਾਰੀ

VOL -12 ISSUE - 14
July 12, 2023

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ


## ਲੰਮੇ ਅਰਸੇ ਬਾਅਦ ਮੁੜ ਹੜ੍ਹਾਂ ਦੀ ਲਪੇਟ 'ਚ ਪੰਜਾਬ


ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੌਰਾ ਕਰਦੇ ਹੋਏ





(ਰਿਪੋਰਟ ਅਤੇ ਤਸਵੀਰਾਂ ਅੰਦਰ ਦੇਖੋ)

## ਵਾਸ਼ਿੰਗਟਨ ਡੀਸੀ ਦੇ ਵਿਦਿਆਰਥੀਆਂ ਨੂੰ ਪੜ੍ਹਾਇਆ ਜਾਵੇਗਾ ਸਿੱਖ ਧਰਮ



**ਵਾਸ਼ਿੰਗਟਨ (ਬਿਊਰੋ)** ਪ੍ਰਾਪਤ ਜਾਣਕਾਰੀ ਮੁਤਾਬਕ ਵਾਸ਼ਿੰਗਟਨ ਡੀਸੀ ਦੇ ਸਕੂਲਾਂ 'ਚ ਵਿਦਿਆਰਥੀਆਂ ਨੂੰ ਹੁਣ ਸਿੱਖ ਭਾਈਚਾਰੇ ਬਾਰੇ ਜਾਣਨ ਦਾ ਮੌਕਾ ਮਿਲੇਗਾ। ਡਿਸਟ੍ਰਿਕਟ ਆਫ ਕੋਲੰਬੀਆ ਸਟੇਟ ਬੋਰਡ ਆਫ ਐਜੂਕੇਸ਼ਨ ਨੇ ਨਵੇਂ ਸਮਾਜਿਕ ਅਧਿਐਨ ਨਿਯਮਾਂ ਦੇ ਹੱਕ 'ਚ ਮਤਦਾਨ ਕੀਤਾ ਹੈ ਜਿਸ ਤੋਂ ਬਾਅਦ ਸਿੱਖ ਧਰਮ ਨੂੰ ਸਕੂਲੀ ਸਿਲੇਬਸ 'ਚ ਸ਼ਾਮਲ ਕੀਤਾ ਗਿਆ। ਅਮਰੀਕਾ ਦੇ 17 ਸੂਬਿਆਂ 'ਚ ਪਹਿਲਾਂ ਤੋਂ ਹੀ ਸਕੂਲਾਂ 'ਚ ਸਿੱਖ ਧਰਮ ਬਾਰੇ ਪੜ੍ਹਾਇਆ ਜਾਂਦਾ ਹੈ।

ਸਿੱਖ ਕੁਲੀਸ਼ਨ ਦੇ ਇਕ ਬਿਆਨ 'ਚ ਕਿਹਾ ਗਿਆ ਹੈ ਕਿ ਨਵੇਂ ਸਟੈਂਡਰਡ ਸੂਬੇ 'ਚ ਲਗਪਗ 49,800 ਵਿਦਿਆਰਥੀਆਂ ਨੂੰ ਸਿੱਖ ਭਾਈਚਾਰੇ ਬਾਰੇ ਜਾਣਨ ਦਾ ਮੌਕਾ ਦੇਣਗੇ। ਸਿੱਖ ਕੁਲੀਸ਼ਨ ਦੇ ਸਿੱਖਿਆ ਡਾਇਰੈਕਟਰ ਹਰਮਨ ਸਿੰਘ ਨੇ ਐਲਾਨ ਦਾ ਸਵਾਗਤ ਕਰਦੇ ਹੋਏ ਕਿਹਾ ਕਿ ਕੱਟੜਤਾ ਨਾਲ ਨਜਿੱਠਣ ਤੇ ਡਰਾਉਣ-ਧਮਕਾਉਣ ਦੀਆਂ ਘਟਨਾਵਾਂ ਨੂੰ ਘੱਟ ਕਰਨ ਲਈ ਇਕ ਹੋਰ ਅਹਿਮ ਕਦਮ ਹੈ। ਇਸ ਤੋਂ ਪਹਿਲਾਂ ਵਰਜੀਨੀਆ ਸਟੇਟ ਬੋਰਡ ਆਫ ਐਜੂਕੇਸ਼ਨ ਨੇ ਅਪ੍ਰੈਲ 'ਚ ਇਤਿਹਾਸ ਤੇ ਸਮਾਜਿਕ ਵਿਗਿਆਨ ਦੀ ਪੜ੍ਹਾਈ ਦੇ ਨਵੇਂ ਨਿਯਮਾਂ ਦੇ ਹੱਕ 'ਚ ਮਤਦਾਨ ਕੀਤਾ ਸੀ, ਜਿਸ ਵਿਚ ਸਿੱਖ ਧਰਮ ਵੀ ਸ਼ਾਮਲ ਹੈ। ਸਿੱਖ ਦੁਨੀਆ ਦਾ ਪੰਜਵਾਂ ਸਭ ਤੋਂ ਵੱਡਾ ਧਰਮ ਹੈ ਤੇ ਭਾਈਚਾਰੇ ਨੇ ਨਾਗਰਿਕ ਅਧਿਕਾਰਾਂ, ਸਿਆਸਤ, ਖੇਤੀ, ਇੰਜੀਨੀਅਰਿੰਗ ਤੇ ਮੈਡੀਕਲ ਦੇ ਖੇਤਰ 'ਚ 125 ਸਾਲਾਂ ਤੋਂ ਜ਼ਿਆਦਾ ਸਮੇਂ ਤੋਂ ਅਮਰੀਕੀ ਸਮਾਜ 'ਚ ਯੋਗਦਾਨ ਦਿੱਤਾ ਹੈ।

## ਅਮੀਰ ਅਮਰੀਕੀ ਔਰਤਾਂ ਦੀ ਸੂਚੀ 'ਚ 4 ਭਾਰਤੀ



**ਨਿਊਯਾਰਕ (ਬਿਊਰੋ)-** ਪ੍ਰਸਿੱਧ ਸੰਸਥਾ ਫੋਰਬਸ ਦੀ 100 ਸਭ ਤੋਂ ਅਮੀਰ ਅਮਰੀਕੀ ਔਰਤਾਂ ਦੀ ਸੂਚੀ 'ਚ ਭਾਰਤੀ ਮੂਲ ਦੀਆਂ ਚਾਰ ਔਰਤਾਂ ਨੇ ਥਾਂ ਬਣਾਈ ਹੈ, ਜੋ 'ਸਵੈ-ਬਣਾਈ' ਹਨ। ਇਨ੍ਹਾਂ ਚਾਰ ਔਰਤਾਂ ਦੀ ਕੁੱਲ ਜਾਇਦਾਦ 4.06 ਅਰਬ ਡਾਲਰ ਹੈ। ਜਿਨ੍ਹਾਂ ਔਰਤਾਂ ਨੇ ਇਸ ਸੂਚੀ ਵਿੱਚ ਥਾਂ ਬਣਾਈ ਹੈ ਉਨ੍ਹਾਂ ਵਿੱਚ ਕੰਪਿਊਟਰ ਨੈੱਟਵਰਕਿੰਗ ਫਰਮ ਅਰਿਸਟਾ ਨੈੱਟਵਰਕਸ ਦੀ ਪ੍ਰਧਾਨ ਅਤੇ ਸੀਈਓ ਜੈਸ਼੍ਰੀ ਉੱਲਾਲ, ਆਈਟੀ ਸਲਾਹਕਾਰ ਅਤੇ ਆਊਟ-ਸੋਰਸਿੰਗ ਫਰਮ ਸਿੰਟੇ ਦੀ ਨੀਰਜਾ ਸੇਠੀ, ਕਲਾਉਡ ਕੰਪਨੀ ਕੰਫਲੂਐਂਟ ਦੀ ਮੁੱਖ ਤਕਨਾਲੋਜੀ ਅਧਿਕਾਰੀ ਅਤੇ ਸਹਿ-ਸੰਸਥਾਪਕ ਨੇਹਾ ਨਰਖੇੜੇ ਅਤੇ ਪੈਪਸੀਕੋ ਦੀ ਸਾਬਕਾ ਚੇਅਰਪਰਸਨ ਇੰਦਰਾ ਨੂਈ ਸ਼ਾਮਲ ਹਨ। ਫੋਰਬਸ ਨੇ ਕਿਹਾ ਕਿ ਸ਼ੇਅਰ ਬਾਜ਼ਾਰ 'ਚ ਆਈ ਉਛਾਲ ਕਾਰਨ ਇਨ੍ਹਾਂ 100 ਔਰਤਾਂ ਦੀ ਸੰਪਤੀ ਰਿਕਾਰਡ 124 ਅਰਬ ਡਾਲਰ 'ਤੇ ਪਹੁੰਚ ਗਈ ਹੈ, ਜੋ ਇਕ ਸਾਲ ਪਹਿਲਾਂ ਦੇ ਮੁਕਾਬਲੇ ਲਗਭਗ 12 ਫੀਸਦੀ ਜ਼ਿਆਦਾ ਹੈ। ਜੈਸ਼੍ਰੀ ਉਲਾਲ, ਜੋ ਸੂਚੀ ਵਿੱਚ 15ਵੇਂ ਸਥਾਨ 'ਤੇ ਹੈ, ਦੀ ਕੁੱਲ ਜਾਇਦਾਦ 2.4 ਬਿਲੀਅਨ ਡਾਲਰ ਹੈ। ਅਰਿਸਟਾ ਨੈੱਟਵਰਕਸ ਨੂੰ 2008 ਵਿੱਚ ਸਟਾਕ ਮਾਰਕੀਟ ਵਿੱਚ ਸੂਚੀਬੱਧ ਕੀਤਾ ਗਿਆ ਸੀ ਅਤੇ ਉਲਾਲ ਕੋਲ ਕੰਪਨੀ ਦੇ ਕੁੱਲ ਸ਼ੇਅਰਾਂ ਦਾ 2.4 ਪ੍ਰਤੀਸ਼ਤ ਹੈ। 2022 ਵਿੱਚ ਅਰਿਸਟਾ ਦੀ ਆਮਦਨ 4.4 ਬਿਲੀਅਨ ਡਾਲਰ ਸੀ।

ਉਲਾਲ ਕਲਾਊਡ ਕੰਪਿਊਟਿੰਗ ਕੰਪਨੀ ਸਨੋਫਲੇਕ ਦੇ ਬੋਰਡ ਆਫ਼ ਡਾਇਰੈਕਟਰਜ਼ ਵਿੱਚ ਵੀ ਸ਼ਾਮਲ ਹੈ। ਇਹ ਕੰਪਨੀ ਸਤੰਬਰ, 2020 ਵਿੱਚ ਸੂਚੀਬੱਧ ਹੋਈ ਸੀ। ਜੈਸ਼੍ਰੀ, 62, ਨੇ ਸੈਨ ਫਰਾਂਸਿਸਕੋ ਸਟੇਟ ਯੂਨੀਵਰਸਿਟੀ ਤੋਂ ਇਲੈਕਟ੍ਰੀਕਲ ਇੰਜੀਨੀਅਰਿੰਗ ਅਤੇ ਸੈਂਟਾ ਕਲਾਰਾ ਯੂਨੀਵਰਸਿਟੀ ਤੋਂ ਇੰਜੀਨੀਅਰਿੰਗ ਪ੍ਰਬੰਧਨ ਦੀ ਪੜ੍ਹਾਈ ਕੀਤੀ। 68 ਸਾਲਾ ਨੀਰਜਾ ਸੇਠੀ, ਜੋ ਸੂਚੀ ਵਿੱਚ 25ਵੇਂ ਸਥਾਨ 'ਤੇ ਹੈ, ਦੀ ਕੁੱਲ ਜਾਇਦਾਦ $990 ਮਿਲੀਅਨ ਹੈ। ਕੰਪਨੀ ਦੀ ਸਥਾਪਨਾ ਨੀਰਜਾ ਅਤੇ ਉਸਦੇ ਪਤੀ ਭਰਤ ਦੇਸਾਈ ਦੁਆਰਾ 1980 ਵਿੱਚ ਕੀਤੀ ਗਈ ਸੀ। 2018 ਵਿੱਚ, ਫ੍ਰੈਂਚ ਆਈਟੀ ਫਰਮ 'ਓ ਨੇ ਇਸਨੂੰ 3.4 ਬਿਲੀਅਨ ਡਾਲਰ ਵਿੱਚ ਖਰੀਦਿਆ। ਇਸ ਸੌਦੇ ਵਿੱਚ ਸੇਠੀ ਨੂੰ 510 ਮਿਲੀਅਨ ਡਾਲਰ ਮਿਲੇ ਹਨ। ਨੀਰਜਾ ਨੇ ਦਿੱਲੀ ਯੂਨੀਵਰਸਿਟੀ ਤੋਂ ਬੈਚਲਰ ਆਫ਼ ਆਰਟਸ/ਸਾਇੰਸ ਅਤੇ ਮਾਸਟਰ ਆਫ਼ ਬਿਜ਼ਨਸ ਐਡਮਿਨਿਸਟ੍ਰੇਸ਼ਨ ਕੀਤੀ ਹੈ। ਇਸ ਦੇ ਨਾਲ ਹੀ ਉਸ ਨੇ ਓਕਲੈਂਡ ਯੂਨੀਵਰਸਿਟੀ ਤੋਂ ਮਾਸਟਰ ਆਫ਼ ਸਾਇੰਸ ਦੀ ਡਿਗਰੀ ਹਾਸਲ ਕੀਤੀ ਹੈ। 38 ਸਾਲਾ ਨੇਹਾ ਨਰਖੇੜੇ 520 ਮਿਲੀਅਨ ਡਾਲਰ ਦੀ ਸੰਪਤੀ ਨਾਲ ਸੂਚੀ ਵਿੱਚ 50ਵੇਂ ਸਥਾਨ 'ਤੇ ਹੈ। ਪੈਪਸੀਕੋ ਦੀ ਸਾਬਕਾ ਚੇਅਰਪਰਸਨ ਅਤੇ ਸੀਈਓ ਇੰਦਰਾ ਨੂਈ $350 ਮਿਲੀਅਨ ਦੇ ਨਾਲ ਸੂਚੀ ਵਿੱਚ 77ਵੇਂ ਸਥਾਨ 'ਤੇ ਹੈ।


Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for
Professional & reliable
services at reasonable rates.
959 Corporate Way, Fremont, CA. 94539

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ
ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ

PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

SAROAY
INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983


MAJESTIC
HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434


DR. TAKHAR'S FAMILY
MEDICINE & URGENT CARE CLINIC
8191 Timberlake Way, Suite # 400, Sacramento,
CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM,
Saturday 9:00 AM - 4:00 PM & Sunday closed

Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823

ਸੋਹੰ

ਹਰਿ

# SRI GURU RAVIDASS SABHA (CA)

2150 Crestview Drive, Pittsburg CA 94565

Tel : (925) 439-2355

ਗੁਰੂ ਪਿਆਰੀ ਸਾਧ ਸੰਗਤ ਜੀਓ।।
ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ।।

(1) ਆਪ ਜੀ ਨੂੰ ਬੇਨਤੀ ਹੈ ਕਿ ਭਾਈ ਬਲਵੰਤ ਪਾਲ ਜੀ ਪਤਨੀ ਰੇਖਾ ਪਾਲ ਜੀ ਆਪਣੀ ਬੇਟੀ ਅੰਜਲੀ ਰੀਆ ਪਾਲ ਜੀ ਦੀ ਗ੍ਰੈਜੂਏਸ਼ਨ ਹੋਣ ਦੀ ਖੁਸ਼ੀ ਵਿਚ ਸ੍ਰੀ ਗੁਰੂ ਰਵਿਦਾਸ ਟੈਂਪਲ ਵਿਖੇ ਗੁਰੂ ਸਾਹਿਬ ਦੇ ਸ਼ੁਕਰਾਨੇ ਵਜੋਂ **ਜੁਲਾਈ** 16, 2023 ਨੂੰ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਪ੍ਰਾਰੰਭ ਹੋਣਗੇ ਜੀ। ਉਪਰੰਤ ਗੁਰੂ ਘਰ ਦਾ ਜਥਾ ਭਾਈ ਬਲਵਿੰਦਰ ਸਿੰਘ ਜੀ ਸ਼ਬਦ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ ਅਤੇ ਦੀਵਾਨ ਦੀ ਸਮਾਪਤੀ ਤੋਂ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤੇਗਾ ਜੀ। ਸਮੂਹ ਸੰਗਤ ਨੂੰ ਬੇਨਤੀ ਹੈ ਕਿ ਗੁਰੂ ਘਰ ਵਿਖੇ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

(2) ਭਾਈ ਰਾਮ ਆਸਰਾ ਜੀ ਪਤਨੀ ਮੁਹਿੰਦਰ ਦਦਰਾਲ ਜੀ ਆਪਣੀਆਂ ਪੋਤਰੀਆਂ ਮਹਿਕ ਤੇ ਮੁਸਕਾਨ ਦੀ ਗ੍ਰੈਜੂਏਸ਼ਨ ਹੋਣ ਦੀ ਖੁਸ਼ੀ ਵਿਚ ਸ੍ਰੀ ਗੁਰੂ ਰਵਿਦਾਸ ਟੈਂਪਲ ਵਿਖੇ ਗੁਰੂ ਸਾਹਿਬ ਦੇ ਸ਼ੁਕਰਾਨੇ ਵਜੋਂ **ਜੁਲਾਈ** 23, 2023 ਨੂੰ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਪ੍ਰਾਰੰਭ ਹੋਣਗੇ ਜੀ। ਉਪਰੰਤ ਗੁਰੂ ਘਰ ਦਾ ਜਥਾ ਭਾਈ ਬਲਵਿੰਦਰ ਸਿੰਘ ਜੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਗੁਰੂ ਕਾ ਲੰਗਰ ਅਤੁੱਟ ਵਰਤੇਗਾ ਜੀ। ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਗੁਰੂ ਘਰ ਵਿਖੇ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

---

**Guru Piari Sadh Sangat Ji,**

The details of the coming events to be held at this Sri Guru Ravidass Temple (Pittsburg) are as under. The entire Sangat is cordially invited to grace these occasions with their presence.

**(JULY 16th, 2023(SUNDAY):-**

Waheguru blessed family of Bibi Rekha Pal and Bhai Balwant Pal will host Path Sukhmani Sahib and Langar Sewa to celebrate the graduation ceremony of their daughter,AnjiliRia Pal at this temple on Sunday,July 16th,2023. The family is humbly requesting the entire Sangat to join them on the occasion.

**JULY 23rd, 2023 (SUNDAY):-**

Bhai Ram AsraDidral and Bibi Mohinder Kaur Didral will host Path Sukhmani Sahib and Langar Sewa to celebrate the graduation ceremony of their twin grand daughters,Mahak and Muskaan. The host family is performing this Sewa to express their gratitude to Akalpurkh for His blessings. The entire Sangat is requested to join the family on the occasion.

**"NANAK NAM CHARDI KALA TERE BHANE SARBAT DA BHALA"**

---

**Sangat Sewadars**

**www.sriguruavidasstemple.com**

| Chairperson | President | General Secretary | Treasurer |
| --- | --- | --- | --- |
| Kulwant Kaur Banga | Vinod Kumar | Dharam Pal Chonkria | Sunita Bangar |
| (925) 698-3059 | (408) 718-2506 | (925) 334-2877 | (415) 233-3319 |

# 35 ਸਾਲ ਬਾਅਦ ਮੁੜ ਹੜ੍ਹਾਂ ਦੀ ਲਪੇਟ ’ਚ ਪੰਜਾਬ

**ਵਿਸ਼ੇਸ਼ ਰਿਪੋਰਟ : ਜੇ. ਸਿੰਘ 'ਭਡਿਆਰ'**

ਪੰਜਾਬ ਸਮੇਤ ਪੂਰੇ ਉੱਤਰੀ ਭਾਰਤ 'ਚ ਮੀਂਹ ਕਹਿਰ ਬਣ ਕੇ ਵਰ੍ਹ ਰਿਹਾ ਹੈ। ਪੰਜਾਬ ਵਿਚ ਇਸਤੋਂ ਪਹਿਲਾਂ ਹੜ੍ਹ ਨਾਲ ਕਦੇ ਵੀ ਇੰਨੇ ਮਾੜੇ ਹਲਾਤ ਨਹੀਂ ਹੋਏ। ਲੋਕ ਭਰੇ ਭਰਾਏ ਘਰ ਛੱਡ ਕੇ ਸੁਰੱਖਿਅਤ ਥਾਵਾਂ 'ਤੇ ਜਾਣ ਲਈ ਮਜਬੂਰ ਹਨ। ਸਾਲ 2019 ਵਿਚ ਆਏ ਹੜ੍ਹ ਨਾਲ ਦਰਿਆਈ ਇਲਾਕੇ ਪ੍ਰਭਾਵਿਤ ਹੋਏ। 1993 ਵਿਚ ਵੀ ਹੜ੍ਹ ਦੌਰਾਨ ਪੰਜਾਬ ਦਾ ਪਟਿਆਲਾ ਸ਼ਹਿਰ ਬੁਰੀ ਤਰ੍ਹਾਂ ਹੜ ਦੀ ਚਪੇਟ ਵਿਚ ਆਇਆ ਸੀ। ਸਾਲ 1988 'ਚ ਪੰਜਾਬ ਦੇ 12,989 ਪਿੰਡਾਂ ਵਿੱਚੋਂ 9,000 ਹੜ੍ਹਾਂ ਦੀ ਲਪੇਟ ਵਿੱਚ ਆ ਗਏ ਸਨ, ਜਿਨ੍ਹਾਂ ਵਿੱਚੋਂ 2,500 ਤੋਂ ਵੱਧ ਪੂਰੀ ਤਰ੍ਹਾਂ ਡੁੱਬ ਗਏ ਸਨ। ਇਹ ਪੰਜਾਬ ਦੇ ਇਤਿਹਾਸ ਦਾ ਸਭ ਤੋਂ ਵੱਡਾ ਹੜ੍ਹ ਸੀ ਕਿਉਂਕਿ ਇਸ ਨੇ 34 ਲੱਖ ਤੋਂ ਵੱਧ ਲੋਕਾਂ ਦਾ ਜੀਵਨ ਪ੍ਰਭਾਵਿਤ ਕੀਤਾ ਸੀ।





ਬਿਆਸ, ਰਾਵੀ, ਸਤਲੁਜ ਅਤੇ ਘੱਗਰ ਦੇ ਨਾਲ ਲੱਗਦੇ ਇਲਾਕਿਆਂ ਉੱਤੇ ਤਾਂ ਪਾਣੀ ਦਾ ਖ਼ਤਰਾ ਲਗਾਤਾਰ ਬਣਿਆ ਹੋਇਆ ਹੈ। ਸਤਲੁਜ ਦਰਿਆ ਦੇ ਕੰਢਿਆਂ ਤੋਂ ਇਲਾਵਾ ਪਟਿਆਲਾ, ਮੁਹਾਲੀ, ਆਨੰਦਪੁਰ ਸਾਹਿਬ, ਫਤਹਿਗੜ੍ਹ ਸਾਹਿਬ ਅਤੇ ਨਹਿਰਾਂ ਦੇ ਕੰਢਿਆਂ ਵਿੱਚ ਪਾੜ ਪੈਣ ਕਾਰਨ ਜੰਡਿਆਲਾ ਗੁਰੂ, ਬੰਡਾਲਾ, ਅਬੋਹਰ ਵਿੱਚ ਪਾਣੀ ਦਾ ਪੱਧਰ ਵਧਣ ਕਾਰਨ ਖੇਤਾਂ ਨੂੰ ਬੁਰੀ ਤਰ੍ਹਾਂ ਨੁਕਸਾਨ ਪਹੁੰਚਿਆ ਹੈ, ਜਦੋਂ ਕਿ ਰਾਜਪੁਰਾ ਵਿਚ ਸਥਿਤ ਚਿਤਕਾਰਾ ਯੂਨੀਵਰਸਿਟੀ ਵੀ ਖਾਲੀ ਕਰਵਾ ਲਿਆ ਗਿਆ ਹੈ ਅਤੇ ਵਿਦਿਆਰਥੀਆਂ ਨੂੰ ਸੁਰੱਖਿਅਤ ਬਾਹਰ ਕੱਢ ਲਿਆ ਗਿਆ ਹੈ। ਇਹ ਖੇਤਰ ਐਸਵਾਈਐਲ ਦੇ ਨਾਲ ਲੱਗਦਾ ਹੈ।

ਮੁਹਾਲੀ ਵਿੱਚ ਰਾਹਤ ਕਾਰਜਾਂ ਲਈ ਫੌਜ ਤਾਇਨਾਤ ਕਰਨ ਦੀ ਬੇਨਤੀਪੰਜਾਬ ਵਿੱਚ ਭਾਰੀ ਮੀਂਹ ਕਾਰਨ ਹੜ੍ਹ ਵਰਗੀ ਸਥਿਤੀ ਬਣੀ ਹੋਈ ਹੈ। ਸ਼ਹਿਰਾਂ ਤੋਂ ਲੈ ਕੇ ਪਿੰਡਾਂ ਅਤੇ ਖੇਤਾਂ ਤੱਕ ਪਾਣੀ ਨਜ਼ਰ ਆ ਰਿਹਾ ਹੈ। ਕਈ ਥਾਵਾਂ 'ਤੇ ਰੇਲ ਪਟੜੀਆਂ ਵੀ ਪਾਣੀ 'ਚ ਡੁੱਬ ਗਈਆਂ ਹਨ। ਪਾਣੀ ਭਰਨ ਕਾਰਨ ਰੇਲਵੇ ਨੇ ਪੰਜਾਬ ਵਿੱਚ ਸਰਹਿੰਦ-ਨੰਗਲ ਡੈਮ ਅਤੇ ਚੰਡੀਗੜ੍ਹ- ਸਨੇਹਵਾਲ ਰੇਲਵੇ ਲਾਈਨ 'ਤੇ ਟਰੇਨਾਂ ਨੂੰ ਰੱਦ ਕਰ ਦਿੱਤਾ ਹੈ, ਜਦਕਿ ਜੰਮੂ-ਤਵੀ, ਅੰਮ੍ਰਿਤਸਰ ਅਤੇ ਫਿਰੋਜ਼ਪੁਰ ਨੂੰ ਜਾਣ ਵਾਲੀਆਂ ਟਰੇਨਾਂ ਦੇ ਰੂਟ ਵੀ ਬਦਲ ਦਿੱਤੇ ਗਏ ਹਨ।

ਪੰਜਾਬ ਵਿਚ ਮੀਂਹ ਅਤੇ ਪਾਣੀ ਦਾ ਕਹਿਰ ਇਥੇ ਹੀ ਨਹੀਂ ਰੁਕਣ ਵਾਲਾ ਨਹੀਂ। ਮੌਸਮ ਵਿਭਾਗ ਵੱਲੋਂ ਆਉਂਦੇ ਦਿਨਾਂ ਵਿਚ ਹੋਰ ਲਗਾਤਾਰ ਮੀਂਹ ਦੀ ਸੰਭਾਵਨਾ ਜਤਾਈ ਗਈ ਹੈ। ਮੌਸਮ ਵਿਭਾਗ ਵੱਲੋਂ ਪੰਜਾਬ ਵਿਚ ਓਰੇਂਜ ਅਲਰਟ ਜਾਰੀ ਕੀਤਾ ਗਿਆ ਹੈ। ਇਸ ਸਾਲ ਪਏ ਮੀਂਹ ਨੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਸਭ ਤੋਂ ਜ਼ਿਆਦਾ ਮੀਂਹ ਪੰਜਾਬ ਦੇ ਰੋਪੜ ਜ਼ਿਲ੍ਹੇ ਪਿਆ ਜਿਥੇ 350 ਐਮਐਮ ਬਰਸਾਤ ਦਰਜ ਕੀਤੀ ਗਈ ਹੈ। ਰੋਪੜ ਤੋਂ ਬਾਅਦ ਪਟਿਆਲਾ 'ਚ ਮੀਂਹ ਨੇ ਸਾਰੇ ਰਿਕਾਰਡ ਤੋੜੇ ਜਿਥੇ 259.6 ਐਮਐਮ ਬਾਰਿਸ਼ ਰਿਕਾਰਡ ਕੀਤੀ ਗਈ। ਇਸਦੇ ਨਾਲ ਹੀ ਨਵਾਂ ਸ਼ਹਿਰ 'ਚ 201 ਐਮਐਮ, ਫਤਿਹਗੜ੍ਹ ਸਾਹਿਬ 176 ਐਮਐਮ, ਐਸਏਐਸ ਨਗਰ 122, ਲੁਧਿਆਣਾ 72 ਐਮਐਮ, ਫਿਰੋਜ਼ਪੁਰ 48 ਐਮਐਮ ਬਾਰਿਸ਼ ਦਰਜ ਕੀਤੀ ਗਈ। ਪੰਜਾਬ ਵਿਚ ਮੀਂਹ ਦੀ ਤਣਾਅਪੂਰਣ ਸਥਿਤੀ ਨੂੰ ਵੇਖਦਿਆਂ ਪੰਜਾਬ ਸਰਕਾਰ ਨੇ ਸੂਬੇ ਭਰ ਵਿਚ ਅਲਰਟ ਜਾਰੀ ਕੀਤਾ ਹੈ।

ਪੰਜਾਬ ਦੇ 23 ਜਿਲ੍ਹਿਆਂ ਵਿਚ ਫਲੱਡ ਕੰਟਰੋਲ ਰੂਮ ਸਥਾਪਿਤ ਕੀਤੇ ਗਏ ਹਨ। ਪੰਜਾਬ ਦੇ ਮੁੱਖ ਸਕੱਤਰ ਅਨੁਰਾਗ ਵਰਮਾ ਨੇ ਐਮਰਜੈਂਸੀ ਮੀਟਿੰਗ ਬੁਲਾਈ। ਇਸ ਮੀਟਿੰਗ ਵਿੱਚ ਪੁਲਿਸ, ਪਾਵਰਕਾਮ, ਪ੍ਰਸ਼ਾਸਨ, ਖੇਤੀਬਾੜੀ ਸਮੇਤ ਸਾਰੇ ਵਿਭਾਗਾਂ ਦੇ ਖੇਤਰੀ ਅਧਿਕਾਰੀਆਂ ਨੂੰ ਭਾਗ ਲੈਣ ਲਈ ਕਿਹਾ ਗਿਆ ਹੈ। ਇਸਤੋਂ ਇਲਾਵਾ ਬਚਾਅ ਕਾਰਜਾਂ ਲਈ ਕਈ ਇਲਾਕਿਆਂ ਵਿਚ ਐਨਡੀਆਰਐਫ ਦੀਆਂ ਟੀਮਾਂ ਬੁਲਾਈਆਂ ਗਈਆਂ ਹਨ। ਪੰਜਾਬ ਦੇ ਗ੍ਰਹਿ ਵਿਭਾਗ ਵੱਲੋਂ ਮੁਹਾਲੀ ਜ਼ਿਲ੍ਹੇ ਲਈ ਆਰਮੀ ਦੀ ਮੰਗ ਕੀਤੀ ਗਈ ਹੈ। ਇਸ ਲਈ ਚੰਡੀ ਮੰਦਿਰ ਕੈਂਟ ਪੰਚਕੂਲਾ ਦੇ ਸਿਵਲ ਮਿਲਟਰੀ ਐਡਵਾਈਜ਼ਰ ਨੂੰ ਪੱਤਰ ਲਿਖਿਆ ਗਿਆ ਹੈ।

### ਭਗਵੰਤ ਮਾਨ ਮੀਂਹ ਨਾਲ ਪ੍ਰਭਾਵਿਤ ਇਲਾਕਿਆਂ ‘ਚ ਪਹੁੰਚੇ

ਪੰਜਾਬ ਵਿੱਚ ਲਗਾਤਾਰ ਮੀਂਹ ਪੈ ਰਿਹਾ ਹੈ ਅਤੇ ਕਈ ਇਲਾਕੇ ਨੁਕਸਾਨੇ ਗਏ ਹਨ। ਇਸੇ ਦੀ ਜਾਣਕਾਰੀ ਅਤੇ ਬਚਾਅ ਕਾਰਜਾਂ ਦੀ ਨਿਗਰਾਨੀ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਮੀਂਹ ਨਾਲ ਪ੍ਰਭਾਵਿਤ ਇਲਾਕਿਆਂ ਦਾ ਤੂਫ਼ਾਨੀ ਦੌਰਾ ਕੀਤਾ। ਇਸ ਤੋਂ ਬਾਅਦ ਮੁੱਖ ਮੰਤਰੀ ਨੇ ਲਗਾਤਾਰ ਮੀਂਹ ਪੈਣ ਕਾਰਨ ਪ੍ਰਭਾਵਿਤ ਹੋਏ ਨੀਵੇਂ ਇਲਾਕਿਆਂ ਵਿੱਚੋਂ ਸੁਰੱਖਿਅਤ ਕੱਢੇ ਗਏ ਲੋਕਾਂ ਨਾਲ ਗੱਲਬਾਤ ਵੀ ਕੀਤੀ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਐਤਵਾਰ ਨੂੰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਗੱਲ ਹੋਈ ਸੀ ਜਿਸ ਦੌਰਾਨ ਉਨ੍ਹਾਂ ਨੇ ਸ਼ਾਹ ਨੂੰ ਸੂਬੇ ਦੀ ਸਮੁੱਚੀ ਸਥਿਤੀ ਬਾਰੇ ਜਾਣੂ ਕਰਵਾਇਆ ਸੀ। ਉਨ੍ਹਾਂ ਕਿਹਾ ਕਿ ਫਿਲਹਾਲ ਰਾਹਤ ਅਤੇ ਬਚਾਅ ਕਾਰਜਾਂ ਲਈ ਕੇਂਦਰੀ ਸਹਾਇਤਾ ਦੀ ਲੋੜ ਨਹੀਂ ਹੈ ਕਿਉਂਕਿ ਸਥਿਤੀ ਕਾਬੂ ਹੇਠ ਹੈ। ਹਾਲਾਂਕਿ, ਭਗਵੰਤ ਮਾਨ ਨੇ ਕਿਹਾ ਕਿ ਜੇਕਰ ਲੋੜ ਪਈ ਤਾਂ ਸਥਿਤੀ ਨਾਲ ਨਿਪਟਣ ਲਈ ਕੇਂਦਰ ਸਰਕਾਰ ਤੋਂ ਮਦਦ ਮੰਗੀ ਜਾਵੇਗੀ।

ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਸੂਬੇ ਵਿੱਚ ਭਾਰੀ ਮੀਂਹ ਕਾਰਨ ਫਸਲਾਂ, ਘਰਾਂ ਅਤੇ ਹੋਰ ਨੁਕਸਾਨ ਦਾ ਪਤਾ ਲਾਉਣ ਲਈ ਵਿਸ਼ੇਸ਼ ਗਿਰਦਾਵਰੀ ਕਰਵਾਈ ਜਾਵੇਗੀ। ਉਨ੍ਹਾਂ ਕਿਹਾ ਕਿ ਮੀਂਹਾਂ ਕਾਰਨ ਹੋਏ ਨੁਕਸਾਨ ਦਾ ਪਹਿਲ ਦੇ ਆਧਾਰ ‘ਤੇ ਪਤਾ ਲਾਉਣ ਲਈ ਤੁਰੰਤ ਗਿਰਦਾਵਰੀ ਕਰਵਾਉਣ ਵਾਸਤੇ ਡਿਪਟੀ ਕਮਿਸ਼ਨਰਾਂ ਨੂੰ ਵਿਸਥਾਰਤ ਹਦਾਇਤਾਂ ਜਾਰੀ ਕੀਤੀਆਂ ਜਾਣਗੀਆਂ। ਭਗਵੰਤ ਮਾਨ ਨੇ ਲੋਕਾਂ ਨੂੰ ਭਰੋਸਾ ਦਿੱਤਾ ਕਿ ਕੁਦਰਤ ਦੇ ਕਹਿਰ ਕਾਰਨ ਪੈਦਾ ਹੋਏ ਹਾਲਾਤ ਵਿੱਚ ਸਰਕਾਰ ਉਨ੍ਹਾਂ ਦੇ ਹਿੱਤਾਂ ਦੀ ਰਾਖੀ ਲਈ ਵਚਨਬੱਧ ਹੈ।

ਇਸ ਦੌਰਾਨ ਮੁੱਖ ਮੰਤਰੀ ਨੇ ਲੋਕਾਂ ਨੂੰ ਬਿਲਕੁਲ ਵੀ ਨਾ ਘਬਰਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਲੋਕਾਂ ਦੀ ਸੇਵਾ ਵਿੱਚ ਹਰ ਵੇਲੇ ਹਾਜ਼ਰ ਹੈ ਅਤੇ ਸੂਬੇ ਵਿੱਚ ਲਗਾਤਾਰ ਪੈ ਰਹੇ ਮੀਂਹ ਕਾਰਨ ਬਣੇ ਹਾਲਾਤਾਂ ‘ਤੇ ਨਿਰੰਤਰ ਨਜ਼ਰ ਰੱਖੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਇੱਕ ਕੁਦਰਤੀ ਆਫ਼ਤ ਹੈ ਅਤੇ ਸਾਰਿਆਂ ਦੇ ਪੂਰਨ ਸਹਿਯੋਗ ਨਾਲ ਇਸ ਸਥਿਤੀ ਦਾ ਸੁਚੱਜੇ ਢੰਗ ਨਾਲ ਟਾਕਰਾ ਕੀਤਾ ਜਾਵੇਗਾ। ਉਨ੍ਹਾਂ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਸੂਬਾ ਸਰਕਾਰ ਇਸ ਔਖੀ ਘੜੀ ਵਿੱਚ ਪੰਜਾਬ ਦੇ ਲੋਕਾਂ ਦੇ ਨਾਲ ਹੈ ਅਤੇ ਲੋਕਾਂ ਨੂੰ ਇਸ ਸੰਕਟ ਵਿੱਚੋਂ ਕੱਢਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਭਗਵੰਤ ਮਾਨ ਨੇ ਲੋਕਾਂ ਨੂੰ ਕਿਸੇ ਵੀ ਗੱਲ ਦੀ ਚਿੰਤਾ ਨਾ ਕਰਨ ਦੀ ਅਪੀਲ ਕੀਤੀ ਕਿਉਂਕਿ ਸੂਬਾ ਸਰਕਾਰ ਹਾਲਾਤਾਂ ਨੂੰ ਸੁਖਾਵੇਂ ਬਣਾਉਣ ਲਈ ਠੋਸ ਉਪਰਾਲੇ ਕਰ ਰਹੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਉਹ ਨਿੱਜੀ ਤੌਰ ‘ਤੇ ਸੂਬੇ ਦੇ ਹਰ ਕੋਨੇ ਤੋਂ ਪਲ-ਪਲ ਉੱਤੇ ਸਥਿਤੀ ਦਾ ਜਾਇਜ਼ਾ ਲੈ

**(ਬਾਕੀ ਅਗਲੇ ਸਫੇ ‘ਤੇ)**


SKY TRANSPORT SOLUTIONS

STRIVE FOR MORE

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

# 35 ਸਾਲ ਬਾਅਦ ਮੁੜ ਹੜ੍ਹਾਂ ਦੀ ਲਪੇਟ 'ਚ ਪੰਜਾਬ

(ਸਫਾ 3 ਦੀ ਬਾਕੀ)

ਰਹੇ ਹਨ। ਉਨ੍ਹਾਂ ਕਿਹਾ ਕਿ ਭਾਰੀ ਮੀਂਹ ਕਿਸੇ ਵੀ ਵਿਅਕਤੀ ਦੇ ਵੱਸ ਤੋਂ ਬਾਹਰ ਹੈ ਪਰ ਲੋਕਾਂ ਨੂੰ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ, ਇਸ ਲਈ ਸਰਕਾਰ ਵੱਲੋਂ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ। ਭਗਵੰਤ ਮਾਨ ਨੇ ਕਿਹਾ ਕਿ ਪਹਿਲਾਂ ਹੀ ਸਾਰੇ ਕੈਬਨਿਟ ਮੰਤਰੀ, ਵਿਧਾਇਕ ਅਤੇ ਅਧਿਕਾਰੀ ਆਪੋ-ਆਪਣੇ ਖੇਤਰਾਂ ਵਿੱਚ ਮੌਜੂਦ ਹਨ ਅਤੇ ਇਸ ਔਖੀ ਘੜੀ ਵਿੱਚ ਲੋੜਵੰਦ ਲੋਕਾਂ ਤੱਕ ਪਹੁੰਚ ਕਰ ਰਹੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਲੋਕਾਂ ਦੇ ਜਾਨ-ਮਾਲ ਦੀ ਰਾਖੀ ਲਈ ਹੜ੍ਹਾਂ ਤੋਂ ਬਚਾਅ ਵਾਸਤੇ ਠੋਸ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਰਾਹਤ ਪਹੁੰਚਾਉਣ ਲਈ ਡਿਪਟੀ ਕਮਿਸ਼ਨਰ ਅਤੇ ਐਸ.ਐਸ.ਪੀਜ਼ ਆਪੋ-ਆਪਣੇ ਜ਼ਿਲ੍ਹਿਆਂ ਵਿੱਚ ਰਾਹਤ ਕਾਰਜ ਤੇਜ਼ੀ ਨਾਲ ਚਲਾ ਰਹੇ ਹਨ। ਭਗਵੰਤ ਮਾਨ ਨੇ ਦੱਸਿਆ ਕਿ ਨੀਵੇਂ ਅਤੇ ਪ੍ਰਭਾਵਿਤ ਇਲਾਕਿਆਂ ਵਿੱਚ ਪਹਿਲਾਂ ਹੀ ਅਲਰਟ ਜਾਰੀ ਕਰ ਦਿੱਤਾ ਗਿਆ ਹੈ ਅਤੇ ਲੋੜਵੰਦ ਲੋਕਾਂ ਦੀ ਮਦਦ ਕੀਤੀ ਜਾ ਰਹੀ ਹੈ।

### ਹੜ੍ਹਾਂ ਨਾਲ ਮੱਚੀ ਤਬਾਹੀ ਨੂੰ ਲੈ ਕੇ 'ਆਪ' ਨੇ ਕੱਸੀ ਕਮਰ

ਜਲੰਧਰ ਤੋਂ ਸੰਸਦ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਤਹਿਸੀਲ ਫਿਲੌਰ ਦੇ ਸਤਲੁਜ ਨੇੜਲੇ ਪਿੰਡ ਖਹਿਰਾ ਬੇਟ ਵਿਖੇ ਪਾਣੀ ਭਰਨ ਕਰਕੇ ਫਸੇ ਲੋਕਾਂ ਨੂੰ ਬਚਾਉਣ ਲਈ ਆਪ ਪਾਣੀ ਵਿੱਚ ਵੜੇ ਹੋਏ ਨਜ਼ਰ ਆ ਰਹੇ ਹਨ। ਇਸ ਦੌਰਾਨ ਉਹ ਇਕ ਛੋਟੀ ਬੱਚੀ ਨੂੰ ਪਾਣੀ ਵਿੱਚੋਂ ਬਾਹਰ ਲੈ ਕੇ ਆ ਰਹੇ ਹਨ। ਇਹ ਤਸਵੀਰ ਸੋਸ਼ਲ ਮੀਡੀਆ ਉੱਤੇ ਖੂਬ ਵਾਇਰਲ ਹੋ ਰਹੀ ਹੈ। ਇਸ ਤਸਵੀਰ ਵਿੱਚ ਸੁਸ਼ੀਲ ਰਿੰਕੂ ਇਕ ਪਰਿਵਾਰ ਦੇ ਬੱਚੇ ਨੂੰ ਸੁਰੱਖਿਅਤ ਥਾਂ 'ਤੇ ਲਿਜਾਂਦੇ ਦੇਖੇ ਜਾ ਸਕਦੇ ਹਨ। ਰਿੰਕੂ ਬੱਚਿਆਂ ਨੂੰ ਗੋਦੀ ਵਿੱਚ ਚੁੱਕ ਕੇ ਹੜ੍ਹ ਵਿੱਚੋਂ ਬਾਹਰ ਲੈ ਕੇ ਆ ਰਹੇ ਹਨ। ਇਹ ਵੀ ਯਾਦ ਰਹੇ ਕਿ ਸਤਲੁਜ ਵਿੱਚ ਆਏ ਪਾਣੀ ਕਾਰਨ ਡਿਪਟੀ ਕਮਿਸ਼ਨਰ ਵੀ ਐਨ.ਡੀ.ਆਰ.ਐਫ. ਦੀ ਟੀਮ ਨਾਲ ਕਿਸ਼ਤੀ ਵਿੱਚ ਲੋਕਾਂ ਦੀ ਮਦਦ ਕਰ ਰਹੇ ਹਨ। ਸੰਸਦ ਮੈਂਬਰ ਅਤੇ ਡਿਪਟੀ ਕਮਿਸ਼ਨਰ ਨੇ ਇਸ ਮੌਕੇ ਕਿਹਾ ਕਿ ਲੋਕਾਂ ਨੂੰ ਬਚਾਉਣਾ ਪਹਿਲਾ ਫਰਜ ਹੈ। ਇਹ ਕਿਸੇ ਜ਼ਿਲ੍ਹੇ ਜਾਂ ਅਧਿਕਾਰ ਖੇਤਰ ਦੀ ਗੱਲ ਨਹੀਂ ਹੈ। ਇਸਨੂੰ ਲੈ ਕੇ ਸੰਸਦ ਮੈਂਬਰ ਵੱਲੋਂ ਬਕਾਇਦਾ ਟਵੀਟ ਕੀਤਾ ਗਿਆ ਹੈ

ਆਸਮਾਨੀ ਬਿਜਲੀ ਨੂੰ ਵੇਖਦੇ ਹੋਏ ਹੁਣ 'ਆਪ' ਵਲੰਟੀਅਰਾਂ ਨੇ ਖੁਦ ਲੋਕਾਂ ਦੀ ਮਦਦ ਕਰਨ ਲਈ ਕਮਰ ਕੱਸ ਲਈ ਹੈ। ਕਾਬਲੇਜ਼ਿਕਰ ਹੈ ਕਿ ਆਮ ਆਦਮੀ ਦੇ ਕਾਰਜਕਾਰੀ ਪ੍ਰਧਾਨ ਪ੍ਰਿੰਸੀਪਲ ਬੁੱਧਰਾਮ ਰਾਮ ਵੱਲੋਂ ਵੀਡੀਓ ਸੰਦੇਸ਼ ਜਾਰੀ ਕੀਤਾ ਗਿਆ ਹੈ। ਜਿਸ 'ਚ ਉਨ੍ਹਾਂ ਨੇ ਕਿਹਾ ਕਿ ਕਈ ਦਿਨਾਂ ਤੋਂ ਪੈ ਰਹੇ ਭਾਰੀ ਮੀਂਹ ਨੇ ਪੰਜਾਬ ਵਿੱਚ ਕਹਿਰ ਢਾਹਿਆ ਹੋਇਆ ਹੈ। ਪਟਿਆਲਾ, ਅਨੰਦਪੁਰ ਸਾਹਿਬ, ਰੋਪੜ, ਪਟਿਆਲਾ, ਗੜ੍ਹਸ਼ੰਕਰ ਇੰਨ੍ਹਾਂ ਇਲਾਕਿਆਂ ਦਾ ਮੰਜ਼ਰ ਦੇਖ ਕੇ ਰੂਹ ਕੰਬ ਜਾਂਦੀ ਹੈ। ਲੋਕਾਂ ਦੀਆਂ ਫ਼ਸਲਾਂ ਡੁੱਬ ਚੁੱਕੀਆਂ ਹਨ, ਘਰਾਂ ਵਿੱਚ ਪਾਣੀ ਭਰ ਗਿਆ ਹੈ। ਇਸ ਔਖੀ ਘੜੀ ਸਾਡਾ ਸਭ ਦਾ ਇਹ ਫ਼ਰਜ਼ ਬਣਦਾ ਹੈ ਕਿ ਅਸੀਂ ਮੁਸੀਬਤ ਵਿੱਚ ਫਸੇ ਲੋਕਾਂ ਦੀ ਵੱਧ ਤੋਂ ਵੱਧ ਮਦਦ ਕਰੀਏ।

ਪ੍ਰਿੰਸੀਪਲ ਬੁੱਧ ਰਾਮ ਨੇ ਇਨਹਾਂ ਨਾਜ਼ੁਕ ਹਾਲਾਤਾਂ 'ਚ ਲੋੜਵੰਦਾਂ ਤੱਕ ਭੋਜਨ, ਕੱਪੜਾ, ਚਾਰਾ ਆਦਿ ਹਰ ਤਰ੍ਹਾਂ ਦੀ ਮਦਦ ਲਈ ਅੱਗੇ ਆਉਣ ਲਈ ਪ੍ਰੇਰਿਤ ਕੀਤਾ ਅਤੇ ਕਿਹਾ ਕਿ ਇਹ ਸਮਾਂ ਇਨਸਾਨੀਅਤ ਦੀ ਸੇਵਾ ਦਾ ਹੈ ਤੇ ਆਪਾਂ ਸਭ ਨੇ ਇਸ ਸੇਵਾ ਵਿਚ ਆਪਣਾ ਵੱਧ ਤੋਂ ਵੱਧ ਯੋਗਦਾਨ ਪਾਉਣਾ ਹੈ।

### ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਮਦਦ ਦਾ ਦਿੱਤਾ ਭਰੋਸਾ

ਪੰਜਾਬ ਤੇ ਹਰਿਆਣਾ 'ਚ ਪੈਦਾ ਹੋਈ ਹੜ੍ਹਾਂ ਦੀ ਸਥਿਤੀ 'ਤੇ ਤਿੱਖੀ ਨਜ਼ਰ ਰੱਖ ਰਹੀ ਹੈ ਅਤੇ ਇਸੇ ਕਾਰਨ ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਪੰਜਾਬ ਦੇ ਸੀ. ਐੱਮ. ਭਗਵੰਤ ਮਾਨ ਤੇ ਹਿਮਾਚਲ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨਾਲ ਗੱਲ ਕੀਤੀ ਅਤੇ ਸਥਿਤੀ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਦੋਵਾਂ ਰਾਜਾਂ ਦੇ ਮੁੱਖ ਮੰਤਰੀਆਂ ਨੂੰ ਕੇਂਦਰ ਵੱਲੋਂ ਪੂਰੀ ਮਦਦ ਦਾ ਭਰੋਸਾ ਦਿੱਤਾ ਹੈ।

# ਪਾਕਿਸਤਾਨ 'ਚ ਮੀਂਹ ਕਾਰਨ 86 ਲੋਕਾਂ ਦੀ ਮੌਤ, 151 ਜ਼ਖ਼ਮੀ

**ਇਸਲਾਮਾਬਾਦ**–ਪਾਕਿਸਤਾਨ ਸਥਿਤ ਏਆਰਵਾਈ ਨਿਊਜ਼ ਨੇ ਰਾਸ਼ਟਰੀ ਆਫ਼ਤ ਪ੍ਰਬੰਧਨ ਅਥਾਰਟੀ (ਐੱਨ.ਡੀ.ਐੱਮ.ਏ.) ਦੇ ਹਵਾਲੇ ਨਾਲ ਜਾਣਕਾਰੀ ਦਿੰਦੇ ਦੱਸਿਆ ਕੇ ਪਾਕਿਸਤਾਨ ਵਿਚ 25 ਜੂਨ ਤੋਂ ਹੁਣ ਤੱਕ ਪਏ ਮਾਨਸੂਨ ਦੇ ਮੀਂਹ ਕਾਰਨ 86 ਲੋਕਾਂ ਦੀ ਮੌਤ ਹੋ ਗਈ ਹੈ ਅਤੇ 151 ਹੋਰ ਜ਼ਖ਼ਮੀ ਹੋਏ ਹਨ। ਐੱਨ.ਡੀ.ਐੱਮ.ਏ. ਨੇ ਆਪਣੀ ਰਿਪੋਰਟ ਵਿੱਚ ਕਿਹਾ ਹੈ ਕਿ ਪਿਛਲੇ 24 ਘੰਟਿਆਂ ਵਿੱਚ ਪੂਰੇ ਪਾਕਿਸਤਾਨ ਵਿੱਚ ਮੋਹਲੇਧਾਰ ਮੀਂਹ ਕਾਰਨ 6 ਲੋਕਾਂ ਦੀ ਮੌਤ ਹੋ ਗਈ ਅਤੇ 9 ਹੋਰ ਜ਼ਖ਼ਮੀ ਹੋਏ ਹਨ। ਪਾਕਿਸਤਾਨ ਸਥਿਤ ਏਆਰਵਾਈ ਨਿਊਜ਼ ਨੇ ਰਾਸ਼ਟਰੀ ਆਫ਼ਤ ਪ੍ਰਬੰਧਨ ਅਥਾਰਟੀ (ਐੱਨ.ਡੀ.ਐੱਮ.ਏ.) ਦੇ ਹਵਾਲੇ ਨਾਲ ਇਹ ਜਾਣਕਾਰੀ ਦਿੱਤੀ ਹੈ। ਦੇ ਅੰਕੜਿਆਂ ਅਨੁਸਾਰ ਹੁਣ ਤੱਕ 86 ਮੌਤਾਂ ਅਤੇ 151 ਜ਼ਖ਼ਮੀਆਂ ਦੀ ਸੂਚਨਾ ਮਿਲੀ ਹੈ, ਜਿਨ੍ਹਾਂ ਵਿੱਚ 16 ਔਰਤਾਂ ਅਤੇ 37 ਬੱਚੇ ਸ਼ਾਮਲ ਹਨ। ਦੇਸ਼ ਭਰ 'ਚ ਲਗਾਤਾਰ ਪੈ ਰਹੇ ਮੀਂਹ ਕਾਰਨ 97 ਘਰਾਂ ਨੂੰ ਵੀ ਨੁਕਸਾਨ ਪੁੱਜਾ ਹੈ। ਪੰਜਾਬ ਵਿੱਚ ਸਭ ਤੋਂ ਵੱਧ ਮੌਤਾਂ ਹੋਈਆਂ ਹਨ, ਜਿੱਥੇ ਮੋਹਲੇਧਾਰ ਮੀਂਹ ਵਿੱਚ 52 ਲੋਕਾਂ ਦੀ ਮੌਤ ਹੋ ਗਈ ਹੈ। ਉਥੇ ਹੀ ਖੈਬਰ ਪਖਤੂਨਖਵਾ ਵਿੱਚ 20 ਲੋਕਾਂ ਮੌਤਾਂ ਅਤੇ ਬਲੋਚਿਸਤਾਨ ਵਿੱਚ 6 ਲੋਕਾਂ ਦੀ ਮੌਤ ਹੋਈ ਹੈ।

ਇਸ ਸਾਲ ਅਪ੍ਰੈਲ ਵਿੱਚ ਐੱਨ.ਡੀ.ਐੱਮ.ਏ. ਨੇ ਭਵਿੱਖਬਾਣੀ ਕੀਤੀ ਸੀ ਕਿ 2023 ਵਿੱਚ ਪਾਕਿਸਤਾਨ ਵਿੱਚ ਵਿਨਾਸ਼ਕਾਰੀ ਹੜ੍ਹ ਦੀ 72 ਫ਼ੀਸਦੀ ਸੰਭਾਵਨਾ ਹੈ। ਲੋਕ ਲੇਖਾ ਕਮੇਟੀ (ਪੀਏਸੀ) ਨੂੰ ਇੱਕ ਸੰਖੇਪ ਜਾਣਕਾਰੀ ਵਿੱਚ, ਐੱਨ.ਡੀ.ਐੱਮ.ਏ. ਦੇ ਪ੍ਰਧਾਨ ਲੈਫਟੀਨੈਂਟ ਜਨਰਲ ਇਨਾਮ ਹੈਦਰ ਨੇ ਕਿਹਾ ਕਿ ਤਾਪਮਾਨ ਵਿੱਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਹੈਦਰ ਨੇ ਕਿਹਾ ਕਿ ਐੱਨ.ਡੀ.ਐੱਮ.ਏ. ਅਤੇ ਪਾਕਿਸਤਾਨ ਦਾ ਜਲਵਾਯੂ ਪਰਿਵਰਤਨ ਮੰਤਰਾਲਾ 17 ਉਪਗ੍ਰਹਿਆਂ ਦੀ ਨਿਗਰਾਨੀ ਕਰ ਰਿਹਾ ਹੈ ਅਤੇ 36 ਹੜ੍ਹਾਂ ਦੀ ਅਗਾਊਂ ਚਿਤਾਵਨੀ ਸਿਸਟਮ ਲਾਗੂ ਕੀਤੇ ਗਏ ਹਨ। ਰਿਪੋਰਟ 'ਚ ਕਿਹਾ ਗਿਆ ਹੈ ਕਿ ਜੇਕਰ ਪਿਛਲੇ ਸਾਲ ਵਾਂਗ ਹੁਣ ਵੀ ਭਿਆਨਕ ਹੜ੍ਹ ਆਏ ਤਾਂ ਪਾਕਿਸਤਾਨ ਇਕ ਵੱਡੇ ਆਰਥਿਕ ਸੰਕਟ 'ਚ ਘਿਰ ਜਾਵੇਗਾ।

# ਜਮੀਨ 'ਤੇ ਡਿੱਗਣ ਉਪਰੰਤ ਇਕ ਛੋਟੇ ਜਹਾਜ਼ ਨੂੰ ਲੱਗੀ ਅੱਗ, ਜਹਾਜ਼ ਵਿੱਚ ਸਵਾਰ ਸਾਰੇ 6 ਵਿਅਕਤੀਆਂ ਦੀ ਮੌਤ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**– ਅਮਰੀਕਾ ਦੇ ਕੈਲੀਫੋਰਨੀਆ ਰਾਜ ਵਿਚ ਇਕ ਛੋਟੇ ਨਿੱਜੀ ਜੈੱਟ ਜਹਾਜ਼ ਦੇ ਤਬਾਹ ਹੋਣ ਤੇ ਉਸ ਵਿਚ ਸਵਾਰ 6 ਵਿਅਕਤੀਆਂ ਦੇ ਮਾਰੇ ਜਾਣ ਦੀ ਖਬਰ ਹੈ। ਫੈਡਰਲ ਐਵੀਏਸ਼ਨ ਐਡਮਨਿਸਟ੍ਰੇਸ਼ਨ (ਐਫ ਏ ਏ) ਅਨੁਸਾਰ



ਇਹ ਘਟਨਾ ਮੁਰੀਏਟਾ, ਕੈਲੀਫੋਰਨੀਆ ਵਿਚ ਫਰੈਂਚ ਵੈਲੀ ਏਅਰਪੋਰਟ ਨੇੜੇ ਵਾਪਰੀ। ਐਫ ਏ ਏ ਨੇ ਜਾਣਕਾਰੀ ਦਿੱਤੀ ਹੈ ਕਿ ਜਹਾਜ਼ ਨੇ ਹੈਰੀ ਰੀਡ ਇੰਟਰਨੈਸ਼ਨਲ ਏਅਰਪੋਰਟ ਲਾਸ ਵੇਗਾਸ ਤੋਂ ਉਡਾਣ ਭਰੀ ਸੀ ਤੇ ਜਹਾਜ਼ ਸੈਨ ਡਇਏਗੋ ਦੇ ਉੱਤਰ ਵਿਚ ਤਕਰੀਬਨ 65 ਮੀਲ ਦੂਰ ਜਮੀਨ ਉਪਰ ਡਿੱਗ ਗਿਆ। ਕੈਲੀਫੋਰਨੀਆ ਫਾਇਰ ਵਿਭਾਗ ਅਨੁਸਾਰ ਜਹਾਜ਼ ਖੇਤ ਵਿਚ ਡਿੱਗਾ ਤੇ ਡਿੱਗਣ ਉਪਰੰਤ ਉਸ ਨੂੰ ਅੱਗ ਲੱਗ ਗਈ। ਅੱਗ ਏਨੀ ਭਿਆਨਕ ਸੀ ਕਿ ਤਕਰੀਬਨ ਇਕ ਏਕੜ ਵਿਚ ਖੜੀ ਸਬਜ਼ੀ ਦੀ ਫਸਲ ਵੀ ਸੜ ਕੇ ਸਵਾਹ ਹੋ ਗਈ। ਹਾਦਸੇ ਦੇ ਕਾਰਨ ਦਾ ਅਜੇ ਪਤਾ ਨਹੀਂ ਲੱਗ ਸਕਿਆ। ਐਫ ਏ ਏ ਤੇ ਨੈਸ਼ਨਲ ਟਰਾਂਸਪੋਰਟੇਸ਼ਨ ਸੇਫਟੀ ਬੋਰਡ ਘਟਨਾ ਦੀ ਜਾਂਚ ਕਰਨਗੇ ਤੇ ਹਾਦਸੇ ਦੇ ਕਾਰਨਾਂ ਦਾ ਪਤਾ ਲਾਉਣ ਦੀ ਕੋਸ਼ਿਸ਼ ਕਰਨਗੇ। ਰਿਵਰਸਾਈਰਡ ਕਾਊਂਟੀ ਸ਼ੈਰਿਫ ਦਫਤਰ ਅਨੁਸਾਰ ਜਹਾਜ਼ ਵਿਚ ਸਵਾਰ ਸਾਰੇ 6 ਜਣਿਆਂ ਦੀ ਮੌਕੇ ਉਪਰ ਹੀ ਮੌਤ ਹੋ ਗਈ ਜਿਨਾਂ ਦੀ ਪਛਾਣ ਐਬੀਗਲੀ ਟੇਲੇਜ਼ ਵਰਗਾਸ (33), ਰੀਸੇ ਲੈਂਡਰਜ (25), ਮੈਨੁਏਲ ਵਰਗਾਸ-ਰੀਗਲਾਡੋ (32), ਲਿੰਡਸੇ ਗਲੀਚ (31), ਆਲਮਾ ਰਜ਼ਿਕ (51) ਤੇ ਇਬਰਾਹਿਮ ਰਜ਼ਿਕ (46) ਵਜੋਂ ਹੋਈ ਹੈ।

# ਕੈਲੀਫੋਰਨੀਆ ਵਿਚ ਪੁਲਿਸ ਹਿਰਾਸਤ ਵਿਚੋਂ ਫਰਾਰ ਹੋਏ ਹੱਤਿਆ ਦੇ ਸ਼ੱਕੀ ਦੋਸ਼ੀ ਨੂੰ ਕੀਤਾ ਕਾਬੂ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**– ਸੈਕਰਾਮੈਂਟੋ ਖੇਤਰ ਵਿਚ ਪੁਲਿਸ ਹਿਰਾਸਤ ਵਿਚੋਂ ਫਰਾਰ ਹੋਏ ਹੱਤਿਆ ਦੇ ਮਾਮਲੇ ਵਿਚ ਸ਼ੱਕੀ ਦੋਸ਼ੀ ਏਰਿਕ ਜੇ ਐਬਰਿਲ ਨੂੰ ਕਾਬੂ ਕਰ ਲੈਣ ਦੀ ਖਬਰ ਹੈ। ਪਲੇਸਰ ਕਾਊਂਟੀ ਸ਼ੈਰਿਫ ਵੇਨੇ ਵੂ ਨੇ ਸੋਸ਼ਲ ਮੀਡੀਆ ਰਾਹੀਂ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਹੈ ਕਿ ਇਕ ਘਰ ਦਾ ਮਾਲਕ ਆਪਣੇ ਕੁੱਤੇ ਨਾਲ ਸੈਰ ਕਰ ਰਿਹਾ ਸੀ । ਕੁੱਤੇ ਨੇ ਝਾੜੀਆਂ ਵਿਚ ਹਿਲਜੁਲ ਹੋਣ 'ਤੇ ਭੌਂਕਣਾ ਸ਼ੁਰੂ ਕਰ ਦਿੱਤਾ। ਮਾਲਕ ਨੇ ਤੁਰੰਤ ਪੁਲਿਸ ਨੂੰ ਸੂਚਿਤ ਕੀਤਾ ਜਿਸ 'ਤੇ ਪੁਲਿਸ ਅਫਸਰਾਂ ਨੇ ਮੌਕੇ 'ਤੇ ਪਹੁੰਚ ਕੇ ਐਬਰਿਲ ਨੂੰ ਕਾਬੂ ਕਰ ਲਿਆ। ਵੂ ਅਨੁਸਾਰ ਜਦੋਂ ਐਬਰਿਲ ਨੂੰ ਕਾਬੂ ਕੀਤਾ ਗਿਆ ਤਾਂ ਉਸ ਨੇ ਜੇਲ ਵਾਲੀ ਹੀ ਸੰਤਰੀ ਰੰਗ ਦੀ ਪੈਂਟ ਪਾਈ ਹੋਈ ਸੀ ਤੇ ਉਸ ਦੇ ਹੱਥਕੜੀ ਲੱਗੀ ਹੋਈ ਸੀ। ਐਬਰਿਲ ਐਤਵਾਰ ਤੜਕਸਾਰ ਸੁਟਰ ਰੋਜਵਿਲੇ ਮੈਡੀਕਲ ਸੈਂਟਰ ਪਲੇਸਰ ਕਾਊਂਟੀ ਵਿਚੋਂ ਫਰਾਰ ਹੋ ਗਿਆ ਸੀ। ਪੁਲਿਸ ਨੇ ਉਸ ਨੂੰ ਕਾਬੂ ਕਰਨ ਲਈ ਵੱਡੀ ਪੱਧਰ ਉਪਰ ਤਲਾਸ਼ੀ ਮੁਹਿੰਮ ਸ਼ੁਰੂ ਕੀਤੀ ਸੀ ਤੇ ਆਮ ਲੋਕਾਂ ਨੂੰ ਵੀ ਉਸ ਦੀ ਗ੍ਰਿਫਤਾਰੀ ਲਈ ਸਹਿਯੋਗ ਕਰਨ ਦੀ ਅਪੀਲ ਕੀਤੀ।







# ਸਮੁੱਚੇ ਸਮਾਜ ਦੇ ਲੋਕ ਬਹੁਜਨ ਸਮਾਜ ਪਾਰਟੀ ਨੂੰ ਸਰਕਾਰ ਬਣਾਉਣ ਦਾ ਮੌਕਾ ਦੇਣ - ਮਾਇਆਵਤੀ

**ਫਗਵਾੜਾ 8 ਜੁਲਾਈ (ਬੀ.ਕੇ.ਰੱਤੂ)** ਬਹੁਜਨ ਸਮਾਜ ਪਾਰਟੀ (ਬਸਪਾ) ਦੇ ਰਾਸ਼ਟਰੀ ਪ੍ਰਧਾਨ, ਉੱਤਰ ਪ੍ਰਦੇਸ਼ ਦੀ ਸਾਬਕਾ ਮੁੱਖ ਮੰਤਰੀ ਅਤੇ ਸਾਬਕਾ ਸੰਸਦ ਮੈਂਬਰ ਕੁਮਾਰੀ ਮਾਇਆਵਤੀ ਜੀ ਨੇ ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਅਤੇ ਹਰਿਆਣਾ ਅਤੇ ਪੰਜਾਬ ਰਾਜਾਂ ਤੋਂ ਅੱਜ ਇੱਥੇ ਵਿਧਾਨ ਸਭਾ ਪੱਧਰ ਤੱਕ ਦੇ ਸੀਨੀਅਰ ਅਧਿਕਾਰੀਆਂ ਦੀ ਇੱਕ ਅਹਿਮ ਮੀਟਿੰਗ ਦੌਰਾਨ ਤਾਜ਼ਾ ਸਿਆਸੀ ਸਥਿਤੀ, ਨਵੇਂ ਬਦਲ ਰਹੇ ਸਮੀਕਰਨਾਂ ਅਤੇ ਇਸ ਨਾਲ ਸਬੰਧਤ ਘਟਨਾਕ੍ਰਮ ਦੀ ਡੂੰਘਾਈ ਨਾਲ ਸਮੀਖਿਆ ਕੀਤੀ ਗਈ ਅਤੇ ਪਾਰਟੀ ਨੂੰ ਮਜ਼ਬੂਤ ਕਰਨ ਲਈ ਲਗਾਤਾਰ ਕੀਤੇ ਜਾ ਰਹੇ ਯਤਨਾਂ ਦਾ ਵੀ ਜਾਇਜ਼ਾ ਲਿਆ ਗਿਆ। ਇਹਨ੍ਹਾਂ ਰਾਜਾਂ ਵਿੱਚ ਪਿੰਡ ਪੱਧਰ ਤੱਕ ਸੰਗਠਨ ਬਣਾਉਣਾ ਅਤੇ ਸਮਾਜ ਵਿਚ ਪਾਰਟੀ ਦਾ ਜਨ-ਆਧਾਰ ਵਧਾਉਣ ਆਦਿ ਬਾਰੇ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕਰਨ ਦੇ ਨਾਲ-ਨਾਲ ਵਿਸ਼ੇਸ਼ ਤੌਰ 'ਤੇ ਹਰਿਆਣਾ ਰਾਜ ਸੰਗਠਨ ਵਿੱਚ ਤੇਜ਼ੀ ਨਾਲ ਬਦਲ ਰਹੇ ਬਦਲਾਅ ਦੇ ਮੱਦੇਨਜ਼ਰ ਜ਼ਿਕਰ ਕੀਤੀਆਂ ਕਮੀਆਂ ਨੂੰ ਦੂਰ ਕਰਨ ਦੇ ਨਿਰਦੇਸ਼ ਦਿੱਤੇ। ਅਗਲੇ ਸਾਲ ਦੇ ਸ਼ੁਰੂ ਵਿੱਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਸਿਆਸੀ ਸਥਿਤੀ, ਪਾਰਟੀ ਪੂਰੀ ਤਰ੍ਹਾਂ ਤਿਆਰ ਹੈ, ਮਿਹਨਤੀ ਅਤੇ ਮਿਸ਼ਨਰੀ ਲੋਕਾਂ ਨੂੰ ਅੱਗੇ ਲਿਆਉਣ ਲਈ ਜ਼ਰੂਰੀ ਦਿਸ਼ਾ-ਨਿਰਦੇਸ਼ ਦਿੱਤੇ ਹਨ ਜੋ ਤਨ, ਮਨ, ਧਨ ਨਾਲ ਸਮਰਪਿਤ ਹਨ ਅਤੇ ਚੋਣਾਂ ਵਿੱਚ ਚੰਗੇ ਨਤੀਜੇ ਲਿਆਉਣ ਲਈ ਹੁਣ ਤੋਂ ਪੂਰੀ ਕੋਸ਼ਿਸ਼ ਕਰਨੀ ਸ਼ੁਰੂ ਕਰ ਦਿੱਤੀ ਹੈ।

ਖਾਸ ਕਰਕੇ ਹਰਿਆਣਾ ਰਾਜ ਵਿੱਚ ਭਾਜਪਾ ਗੱਠਜੋੜ ਸਰਕਾਰ ਵਿੱਚ ਵੱਧ ਰਹੇ ਮਤਭੇਦਾਂ ਅਤੇ ਆਪਸੀ ਝਗੜਿਆਂ ਆਦਿ ਕਾਰਨ ਸਿਆਸੀ ਅਸਥਿਰਤਾ ਅਤੇ ਚੋਣ ਵਾਅਦਿਆਂ ਦੀ ਲੋਕਾਂ ਵਿੱਚ ਕਾਫੀ ਚਰਚਾ ਹੈ। ਇਸ ਕਾਰਨ ਵਿਕਾਸ ਵਿੱਚ ਰੁਕਾਵਟ ਆ ਰਹੀ ਹੈ ਅਤੇ ਆਮ ਲੋਕ ਪ੍ਰੇਸ਼ਾਨ ਹਨ। ਗਰੀਬਾਂ, ਮਜ਼ਦੂਰਾਂ ਅਤੇ ਅਣਗੌਲੇ ਆਦਿ ਦੀ ਹਾਲਤ ਬਹੁਤ ਮਾੜੀ ਹੈ। ਮਹਿਲਾ ਪਹਿਲਵਾਨਾਂ ਦੇ ਸ਼ੋਸ਼ਣ ਵਿਰੁੱਧ ਅੰਦੋਲਨ ਕਰਨ ਲਈ ਮਜਬੂਰ ਹੋਣ ਦੇ ਬਾਵਜੂਦ, ਹਰਿਆਣਾ ਦੇ ਲੋਕ ਭਾਜਪਾ ਅਤੇ ਉਨ੍ਹਾਂ ਦੀਆਂ ਸਰਕਾਰਾਂ ਦੇ ਉਨ੍ਹਾਂ ਪ੍ਰਤੀ ਉਦਾਸੀਨ ਰਵੱਈਏ ਤੋਂ ਨਾਰਾਜ਼ ਹਨ।

ਇਸੇ ਤਰ੍ਹਾਂ ਦੇ ਹੋਰ ਗਰੀਬ ਵਿਰੋਧੀ ਅਤੇ ਧੰਨਾ ਸੇਠ ਪੱਖੀ ਮਾਮਲਿਆਂ ਵਿੱਚ ਮਿਲੇ ਫੀਡਬੈਕ ਤੋਂ ਇਸ ਗੱਲ ਦੀ ਸੰਭਾਵਨਾ ਹੈ ਕਿ ਹਰਿਆਣਾ ਵਿੱਚ ਵੀ ਇਸ ਮੁੱਦੇ ਤੋਂ ਪਹਿਲਾਂ ਲੋਕ ਸਭਾ ਦੀਆਂ ਆਮ ਚੋਣਾਂ ਦੇ ਨਾਲ-ਨਾਲ ਵਿਧਾਨ ਸਭਾ ਦੀਆਂ ਆਮ ਚੋਣਾਂ ਵੀ ਹੋਣਗੀਆਂ। ਇਸੇ ਲਈ ਬੀ.ਐਸ.ਪੀ. ਨੂੰ ਹਰ ਪੱਧਰ 'ਤੇ ਆਪਣੀਆਂ ਤਿਆਰੀਆਂ ਪੂਰੀਆਂ ਕਰਨੀਆਂ ਪੈਣਗੀਆਂ, ਤਾਂ ਜੋ ਹਰਿਆਣਾ ਦੇ ਲੋਕ ਪੂਰੀ ਮੁਸਤੈਦੀ ਨਾਲ ਚੋਣਾਂ ਲੜ ਕੇ "ਸਰਵਜਨ ਹਿੱਤਾਏ ਅਤੇ ਸਰਵਜਨ ਸੁਖਾਏ" ਦੀ ਸਰਕਾਰ ਪ੍ਰਾਪਤ ਕਰਨ ਦੀ ਆਪਣੀ ਅਧੂਰੀ ਇੱਛਾ ਪੂਰੀ ਕਰ ਸਕਣ।

ਵੈਸੇ ਵੀ ਹਰਿਆਣਾ ਵਿਚ ਬੀ. ਐੱਸ.ਪੀ. ਦਾ ਪਹਿਲਾਂ ਹੀ ਆਪਣਾ ਜਨ-ਆਧਾਰ ਹੈ, ਜਿਸ ਨੂੰ ਕੇਡਰ ਦੇ ਉਤਸ਼ਾਹਿਤ ਕਰਨ ਲਈ ਉਪਰਾਲੇ ਕਰਨ। ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਡਕਰ ਦੇ ਕਾਫ਼ਲੇ ਨੂੰ ਹਰਿਆਣੇ ਵਿੱਚ ਕਿਸੇ ਵੀ ਕੀਮਤ 'ਤੇ ਰੁਕਣ ਅਤੇ ਡਿੱਗਣ ਨਹੀਂ ਦਿੱਤਾ ਜਾਣਾ ਚਾਹੀਦਾ।

ਕੁਮਾਰੀ ਮਾਇਆਵਤੀ ਜੀ ਨੇ ਕਿਹਾ ਕਿ ਇੰਨੇ ਸਾਲਾਂ ਦੇ ਲੰਬੇ ਸ਼ਾਸਨ ਦੇ ਬਾਅਦ ਵੀ ਵੱਡੀ ਆਬਾਦੀ ਵਾਲੇ ਭਾਰਤ ਦੇ ਲੋਕਾਂ ਦੀਆਂ ਦਿਨੋ-ਦਿਨ ਭਖਦੀਆਂ ਸਮੱਸਿਆਵਾਂ ਨੂੰ ਹੱਲ ਨਾ ਕਰਨ ਦੀਆਂ ਅਸਫਲਤਾਵਾਂ ਪ੍ਰਤੀ ਜਨਤਾ ਹੁਣ ਸੁਚੇਤ ਹੋ ਗਈ ਹੈ ਅਤੇ ਲੱਗਦਾ ਹੈ ਕਿ ਭਾਜਪਾ ਅਤੇ ਉਨ੍ਹਾਂ ਦੀਆਂ ਸਰਕਾਰਾਂ ਹੁਣ ਨਿਰਾਸ਼ਾ ਦਾ ਸ਼ਿਕਾਰ ਹੋ ਰਹੀਆਂ ਹਨ ਅਤੇ ਆਪਣੀਆਂ ਕਮੀਆਂ ਨੂੰ ਲੁਕਾਉਣ ਲਈ ਆਮ ਜਨਤਾ ਅਤੇ ਦੇਸ਼ ਦੀ ਭਲਾਈ ਦੀ ਕੋਈ ਪਰਵਾਹ ਕੀਤੇ ਬਿਨਾਂ ਆਪਣੀਆਂ ਜਾਤੀਵਾਦੀ, ਫਿਰਕੂ ਅਤੇ ਫੁੱਟ ਪਾਊ ਨੀਤੀਆਂ ਨੂੰ ਹੋਰ ਤੇਜ਼ ਕਰ ਰਹੀਆਂ ਹਨ।

ਦੇਸ਼ ਦੇ ਸਾਰੇ ਲੋਕਾਂ 'ਤੇ ਯੂਨੀਫਾਰਮ ਸਿਵਲ ਕੋਡ ਭਾਵ ਯੂਸੀਸੀ ਨੂੰ ਜ਼ਬਰਦਸਤੀ ਥੋਪਣਾ ਵੀ ਉਨ੍ਹਾਂ ਦਾ ਤਾਜ਼ਾ ਕਦਮ ਹੈ, ਜਿਸ ਦੀ ਦੇਸ਼ ਦੀ ਮੌਜੂਦਾ ਸਥਿਤੀ ਦੇ ਮੱਦੇਨਜ਼ਰ ਨਾ ਤਾਂ ਲੋੜ ਹੈ ਅਤੇ ਨਾ ਹੀ ਉਪਯੋਗੀ, ਜਿਵੇਂ ਕਿ ਪਿਛਲੇ ਕਾਨੂੰਨ ਕਮਿਸ਼ਨ ਨੇ ਵੀ ਕਿਹਾ ਹੈ। ਸਰਕਾਰ ਦੀ ਸ਼ਕਤੀ ਅਤੇ ਸਾਧਨਾਂ ਨੂੰ ਯੂ ਸੀ ਸੀ ਵਰਗੇ ਗੈਰ-ਜ਼ਰੂਰੀ ਕੰਮਾਂ 'ਤੇ ਖਰਚ ਕਰਨ ਦੀ ਬਜਾਏ ਸਰਕਾਰਾਂ ਜੇਕਰ ਮਹਿੰਗਾਈ, ਗਰੀਬੀ, ਬੇਰੁਜ਼ਗਾਰੀ ਅਤੇ ਸਿੱਖਿਆ ਨੂੰ ਰੋਕਣ ਤੋਂ ਇਲਾਵਾ ਜੇਕਰ ਅਸੀਂ ਸਿਹਤਪ੍ਰਣਾਲੀ ਨਾਲ ਜੁੜੀਆਂ ਬੁਨਿਆਦੀ ਸਮੱਸਿਆਵਾਂ ਨੂੰ ਦੂਰ ਕਰਨ 'ਤੇ ਧਿਆਨ ਦੇਵਾਂਗੇ, ਤਾਂ ਇਹ ਸੱਚਮੁੱਚ ਜਨਤਕ ਹਿੱਤ ਅਤੇ ਇਹ ਰਾਸ਼ਟਰੀ ਹਿੱਤ ਦਾ ਮਾਮਲਾ ਹੋਵੇਗਾ। ਹਰਿਆਣਾ ਵਿੱਚ ਵੀ ਗਰੀਬੀ ਅਤੇ ਬੇਰੁਜ਼ਗਾਰੀ ਦਾ ਬੋਲਬਾਲਾ ਹੈ, ਜਿਸ ਦੀ ਕੇਂਦਰ ਅਤੇ ਸੂਬੇ ਵਿੱਚ ਚਰਚਾ ਹੋ ਰਹੀ ਹੈ।

ਭਾਜਪਾ ਸਰਕਾਰ ਨੂੰ ਇਨ੍ਹਾਂ ਵੱਲ ਉਚਿਤ ਧਿਆਨ ਦੇਣਾ ਚਾਹੀਦਾ ਹੈ। ਇੱਥੇ ਹੀ ਬੱਸ ਨਹੀਂ ਹਰਿਆਣਾ ਵਾਂਗ ਆਪਣੇ ਗੁਆਂਢੀ ਅਤੇ ਸਰਹੱਦੀ ਸੂਬੇ ਪੰਜਾਬ ਵਿੱਚ ਵਸਦੇ ਗਰੀਬਾਂ, ਦਲਿਤਾਂ, ਕਿਸਾਨਾਂ ਅਤੇ ਹੋਰ ਅਣਗੌਲੇ ਲੋਕਾਂ ਦੀ ਰਾਜਨੀਤਿਕ, ਸਮਾਜਿਕ ਅਤੇ ਆਰਥਿਕ ਹਾਲਤ ਵਿੱਚ ਵੀ ਸਹੀ ਢੰਗ ਨਾਲ ਸੁਧਾਰ ਨਹੀਂ ਹੋ ਰਿਹਾ, ਜਿਸ ਨੂੰ ਪਰਮਪੂਜਯ ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਡਕਰ ਸ. ਬਹੁਜਨ ਨਾਇਕ ਮਾਨਯੋਗ ਸ਼੍ਰੀ ਕਾਂਸ਼ੀ ਰਾਮ ਦੀ ਜਨਮ ਭੂਮੀ ਮਹਾਰਾਸ਼ਟਰ ਦੇ ਲੋਕਾਂ ਵਾਂਗ ਪੰਜਾਬ ਰਾਜ ਦੇ ਲੋਕਾਂ ਲਈ ਵੀ ਚਿੰਤਾ ਦਾ ਵਿਸ਼ਾ ਹੋਣਾ ਚਾਹੀਦਾ ਹੈ। ਉਨ੍ਹਾਂ ਦੇ ਜੀਵਨ ਸੰਘਰਸ਼ਾਂ ਤੋਂ ਪ੍ਰੇਰਨਾ ਲੈ ਕੇ ਅਤੇ ਸ਼ਕਤੀ ਦੀ ਮੁੱਖ ਕੁੰਜੀ ਪ੍ਰਾਪਤ ਕਰਕੇ ਆਤਮ-ਮੁਕਤੀ ਲਈ ਯਤਨ ਪੂਰੇ ਤਨ, ਮਨ ਅਤੇ ਧਨ ਨਾਲ ਜਾਰੀ ਰੱਖਣੇ ਚਾਹੀਦੇ ਹਨ। ਦੂਸਰੀਆਂ ਧਿਰਾਂ ਦੀ ਮਦਦ ਨਾਲ ਆਪਣੇ ਹਿੱਤ, ਕਲਿਆਣ ਅਤੇ ਉੱਨਤੀ ਦੀ ਭਾਲ ਕਰਨਾ ਮਾਰੂਥਲ ਵਿੱਚ ਪਾਣੀ ਲੱਭਣ ਦੇ ਬਰਾਬਰ ਹੈ। ਪੰਜਾਬ ਬੀ.ਐੱਸ.ਪੀ ਦੇ ਲੋਕਾਂ ਨੂੰ ਵੀ ਆਪਣੇ ਮਹਾਪੁਰਖਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਤਨ-ਮਨ ਨਾਲ ਜੁਟਣਾ ਹੋਵੇਗਾ। ਇਸ ਤੋਂ ਇਲਾਵਾ ਚੰਡੀਗੜ੍ਹ ਵਿੱਚ ਵੀ ਬੀ.ਐਸ.ਪੀ. ਇਸਦੀ ਆਪਣੀ ਤਾਕਤ ਹੈ, ਜਿਸ 'ਤੇ ਵਧੇਰੇ ਧਿਆਨ ਦੇਣ ਦੀ ਲੋੜ ਹੈ। ਜਿਸ ਲਈ ਜ਼ਰੂਰੀ ਦਿਸ਼ਾ-ਨਿਰਦੇਸ਼ ਦਿੱਤੇ ਗਏ।

ਮੱਧ ਪ੍ਰਦੇਸ਼, ਗੁਜਰਾਤ ਅਤੇ ਰਾਜਸਥਾਨ ਆਦਿ ਰਾਜਾਂ ਜਿਵੇਂ ਕਿ ਦਲਿਤਾਂ ਅਤੇ ਹੋਰ ਅਣਗੌਲੇ ਲੋਕਾਂ 'ਤੇ ਜ਼ੁਲਮ-ਅੱਤਿਆਚਾਰ ਅਤੇ ਅਨਿਆਂ-ਅੱਤਿਆਚਾਰ ਦੀਆਂ ਦਰਦਨਾਕ ਘਟਨਾਵਾਂ ਦਾ ਨੋਟਿਸ ਲੈਂਦਿਆਂ ਬੀ.ਐਸ.ਪੀ. ਪ੍ਰਧਾਨ ਸੁਸ਼੍ਰੀ ਮਾਇਆਵਤੀ ਜੀ ਨੇ ਕਿਹਾ ਕਿ ਅਜਿਹੇ ਜ਼ਾਲਮ ਜਾਤੀਵਾਦੀ ਅਣਮਨੁੱਖੀ ਕਾਰਿਆਂ ਦੀ ਰੋਕਥਾਮ ਤਾਂ ਹੀ ਸੰਭਵ ਹੈ ਜਦੋਂ ਉਹ ਸਾਰੇ ਲੋਕ ਪਰਮਪੂਜਯ ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਡਕਰ ਦੁਆਰਾ ਸੰਵਿਧਾਨ ਵਿੱਚ ਦਿੱਤੀ ਗਈ ਆਪਣੀ ਵੋਟ ਦੀ ਸ਼ਕਤੀ ਨੂੰ ਪਛਾਣਨ ਅਤੇ ਬਾਹਰ ਆ ਕੇ ਆਪਣੀ ਸਿਆਸੀ ਤਾਕਤ ਬਣ ਕੇ ਸੱਤਾ ਸੰਭਾਲ ਲੈਣ।

ਗੁਲਾਮੀ ਦੀ ਮਾਨਸਿਕਤਾ, ਜਿਸ ਲਈ ਬਸਪਾ ਤਬਦੀਲੀ ਦਾ ਸਭ ਤੋਂ ਵੱਡਾ ਮਾਧਿਅਮ ਹੈ। ਉਹ ਪ੍ਰਾਪਤ ਹੁੰਦੇ ਹਨ। ਬਸਪਾ ਵੋਟ ਅਤੇ ਸਰਕਾਰ ਦਾ ਅਰਥ ਹੈ ਹਰ ਤਰ੍ਹਾਂ ਦੇ ਨਿਆਂ ਅਤੇ ਸ਼ੋਸ਼ਣ, ਅਨਿਆਂ, ਜ਼ੁਲਮ ਤੋਂ ਆਜ਼ਾਦੀ। ਇਹ ਸਭ ਬੀ. ਐੱਸ.ਪੀ. ਨੇ ਯੂਪੀ ਵਿੱਚ ਚਾਰ ਵਾਰ ਸ਼ਾਸਨ ਦੌਰਾਨ ਸਾਬਤ ਕਰ ਦਿੱਤਾ ਹੈ।

ਆਧਾਰ 'ਤੇ ਹੋਰ ਮਜ਼ਬੂਤ ਕਰਨਾ ਹੋਵੇਗਾ ਅਤੇ ਆਪਣੇ ਆਪ ਨੂੰ "ਸਰਵਜਨ ਹਿੱਤਾਏ ਅਤੇ ਸਰਵਜਨ ਸੁਖਾਏ" ਦੀ ਆਦਰਸ਼ ਅੰਬੇਡਕਰੀ ਪਾਰਟੀ ਸਾਬਤ ਕਰਨਾ ਹੋਵੇਗਾ, ਜਿਵੇਂ ਕਿ ਉੱਤਰ ਪ੍ਰਦੇਸ਼ ਵਰਗੇ ਵੱਡੀ ਆਬਾਦੀ ਵਾਲੇ ਰਾਜ ਵਿੱਚ ਬਸਪਾ ਨੇ ਕੀਤਾ ਹੈ, ਉੱਤਰ ਪ੍ਰਦੇਸ਼ ਵਿੱਚ ਚਾਰ ਵਾਰ ਸਰਕਾਰ ਬਣਾਕੇ ਸਾਬਤ ਕਰ ਦਿੱਤਾ ਹੈ।

ਹਰਿਆਣਾ ਨੇ ਦੂਜੀਆਂ ਪਾਰਟੀਆਂ ਦੀ ਜਾਤੀਵਾਦੀ ਖੇਡ ਨੂੰ ਬਹੁਤ ਦੇਖਿਆ ਅਤੇ ਬਰਦਾਸ਼ਤ ਕੀਤਾ ਹੈ ਅਤੇ ਹੁਣ ਸਮੁੱਚੇ ਸਮਾਜ ਦੇ ਲੋਕਾਂ ਨੂੰ ਚਾਹੀਦਾ ਹੈ ਕਿ ਉਹ ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਡਕਰ ਦੀ ਪੈਰੋਕਾਰ ਪਾਰਟੀ ਨੂੰ ਸਰਕਾਰ ਬਣਾਉਣ ਦਾ ਮੌਕਾ ਦੇਵੇ, ਤਾਂ ਗਰੀਬ ਮਜ਼ਦੂਰ ਅਤੇ ਕਿਸਾਨ ਅਤੇ ਅਣਗੌਲੇ ਸਮਾਜ ਨੂੰ ਉਨ੍ਹਾਂ ਦੇ ਕਾਨੂੰਨੀ ਹੱਕ ਸਹੀ ਢੰਗ ਨਾਲ ਮਿਲਣੇ ਚਾਹੀਦੇ ਹਨ ਅਤੇ ਉਹ ਆਪਣੇ ਪੈਰਾਂ 'ਤੇ ਖੜ੍ਹੇ ਹੋ ਸਕਦੇ ਹਨ। ਇਹ ਸੁਨੇਹਾ ਹਰਿਆਣਾ ਦੇ ਹਰ ਪਿੰਡ ਤੱਕ ਪਹੁੰਚਾਉਣਾ ਹੈ, ਜਿਸ ਦੀ ਜ਼ਿੰਮੇਵਾਰੀ ਸੰਸਥਾ ਦੀ ਨਵੀਂ ਟੀਮ ਨੂੰ ਲੋੜੀਂਦੀਆਂ ਤਬਦੀਲੀਆਂ ਕਰਕੇ ਸੌਂਪੀ ਗਈ ਹੈ। ਇਸ ਦੇ ਨਾਲ ਹੀ ਹਰਿਆਣਾ ਪ੍ਰਦੇਸ਼ ਪਾਰਟੀ ਇਕਾਈ ਨੂੰ ਹਦਾਇਤ ਕੀਤੀ ਗਈ ਕਿ ਉਹ ਮਿਹਨਤੀ ਅਤੇ ਲੜਾਕੂ ਨੌਜਵਾਨਾਂ ਨੂੰ ਯੂਪੀ ਦੀ ਤਰਜ਼ 'ਤੇ ਮਿਸ਼ਨਰੀ ਬਣਾ ਕੇ ਪਾਰਟੀ ਸੰਗਠਨ ਵਿਚ



# ਸ਼ਹੀਦ ਤੇਲੂ ਰਾਮ ਨੂੰ ਨਮ ਅੱਖਾਂ ਅਤੇ ਫੌਜੀ ਸਨਮਾਨਾਂ ਨਾਲ ਕੀਤਾ ਅੰਤਿਮ ਸੰਸਕਾਰ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਬੀਤੇ ਦਿਨੀ ਜੰਮੂ-ਕਸ਼ਮੀਰ ਦੇ ਪੁਛ ਸੈਕਟਰ ਵਿੱਚ ਪੈਂਦੇ ਡੋਗਰਾ ਨਾਲੇ ਵਿੱਚ ਆਏ ਹੜ੍ਹ ਦੀ ਲਪੇਟ ਵਿੱਚ ਆ ਕੇ ਨਾਲਾ ਕਰਾਸ ਕਰਦਿਆਂ ਸ਼ਹੀਦੀ ਦਾ ਜਾਮ ਪੀਣ ਵਾਲੇ ਬੀਤ ਇਲਾਕੇ ਦੇ ਪਿੰਡ ਸ਼੍ਰੀ ਖੁਰਾਲਗੜ੍ਹ ਸਾਹਿਬ (ਖੁਰਾਲੀ) ਦੇ ਨੌਜਵਾਨ ਤੇਲੂ ਰਾਮ 16 ਆਰ ਆਰ (ਸਿੱਖ) ਰੈਜਿਮੈਂਟ ਦਾ ਸੈਕੜੇ ਲੋਕਾਂ ਦੀ ਹਾਜਰੀ ਵਿੱਚ ਨਮ ਅੱਖਾਂ ਨਾਲ ਫੌਜੀ ਸਨਮਾਨਾ ਨਾਲ ਅੰਤਿਮ ਸੰਸਕਾਰ ਸ਼੍ਰੀ ਖੁਰ-






ਾਲਗੜ੍ਹ ਸਾਹਿਬ ਦੇ ਸ਼ਮਸਾਨ ਘਾਟ ਵਿੱਚ ਕਰ ਦਿੱਤਾ ਗਿਆ। ਚਿਤਾ ਨੂੰ ਅਗਨੀ ਸ਼ਹੀਦ ਦੇ ਛੋਟੇ ਭਰਾ ਕਰਨ ਨੇ ਦਿੱਤੀ। ਇਸ ਤੋਂ ਪਹਿਲਾ ਫੁੱਲਾਂ ਨਾਲ ਸਜਾਈ ਫੌਜ ਦੀ ਗੱਡੀ ਵਿੱਚ ਬਕਸੇ ਵਿੱਚ ਬੰਦ ਸ਼ਹੀਦ ਦੀ ਮ੍ਰਿਤਕ ਦੇਹ ਨੂੰ ਉਹਨਾਂ ਦੇ ਜੱਦੀ ਘਰ ਲਿਜਾਇਆ ਗਿਆ ਤਾਂ ਮਾਹੌਲ ਬਹੁਤ ਭਾਵੁਕ ਹੋ ਗਿਆ ਮੌਕੇ ਤੇ ਹਾਜਰ ਵੱਡੀ ਗਿਣਤੀ ਵਿੱਚ ਨੌਜਵਾਨਾਂ ਨੇ ਸ਼ਹੀਦ ਤੇਲੂ ਰਾਮ ਅਮਰ ਰਹੇ ਦੇ ਨਾਅਰੇ ਲਗਾਏ। ਇਸ ਮੌਕੇ ਡਿਪਟੀ ਸਪੀਕਰ ਜੈ ਕਿਸ਼ਨ ਸਿੰਘ ਰੋੜੀ, ਲਵ ਕੁਮਾਰ ਗੋਲਡੀ ਸਾਬਕਾ ਵਿਧਾਇਕ, ਦਲਜੀਤ ਸਿੰਘ ਖੱਖ ਡੀ ਐਸ ਪੀ ਗੜ੍ਹਸ਼ੰਕਰ, ਭਾਈ ਕੇਵਲ ਸਿੰਘ ਪ੍ਰਧਾਨ ਸ਼੍ਰੀ ਗੁਰੂ ਰਵਿਦਾਸ ਤਪ ਅਸਥਾਨ ਕਮੇਟੀ ਖੁਰਾਲਗੜ ਸਾਹਿਬ, ਸੰਤ ਸਤਵਿੰਦਰ ਸਿੰਘ ਹੀਰਾ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ, ਸੰਤ ਸੁਰਿੰਦਰ ਦਾਸ ਪ੍ਰਧਾਨ ਸ਼੍ਰੀ ਚਰਨ ਛੋਹ ਗੰਗਾ, ਜਿਲ੍ਹਾ ਸੈਨਿਕ ਵੈਲਫੇਅਰ ਸੁਸਾਇਟੀ ਵਲੋਂ ਬੀ ਐਸ ਵਿਸਾਕ, ਕੈਪਟਨ ਬਲਦੇਵ ਸਿੰਘ, ਕੈਪਟਨ ਨਰੇਸ਼ ਕੁਮਾਰ ਅਤੇ ਫੌਜ ਦੇ 16 ਆਰ ਆਰ (ਸਿੱਖ) ਰੈਜਿਮੈਂਟ ਦੇ ਅਧਿਕਾਰੀ, ਜਵਾਨ ਤੇ ਵੱਡੀ ਗਿਣਤੀ ਵਿੱਚ ਪਿੰਡ ਤੇ ਇਲਾਕੇ ਦੇ ਲੋਕ ਖਾਸ ਕਰਕੇ ਨੌਜਵਾਨ ਹਾਜਰ ਸਨ। ਤੇਲੂ ਰਾਮ ਅਮਰ ਰਹੇ ਦੇ ਨਾਅਰਿਆਂ ਦੀ ਗੂੰਜ ਵਿੱਚ ਸ਼ਹੀਦ ਦੀ ਮ੍ਰਿਤਕ ਦੇਹ ਸਮਸਾਨ ਘਾਟ ਲਿਆਂਦਾ ਗਿਆ, ਜਿੱਥੇ ਪਹਿਲਾਂ ਫੌਜ ਦੇ ਅਧਿਕਾਰੀਆਂ ਨੇ ਸ਼ਹੀਦ ਮ੍ਰਿਤਕ ਦੇਹ ਤੇ ਰੀਤ ਚੜ੍ਹਾ ਕੇ ਸ਼ਹੀਦ ਤੇਲੂ ਰਾਮ ਨੂੰ ਸ਼ਰਧਾਂਜਲੀ ਭੇਟ ਕੀਤੀ। ਉਪਰੰਤ ਫੌਜ ਦੀ ਟੁਕੜੀ ਨੇ ਹਵਾ ਵਿੱਚ ਫਾਇਰ ਕਰਕੇ ਸ਼ਹੀਦ ਤੇਲੂ ਰਾਮ ਨੂੰ ਸ਼ਰਧਾਂਜਲੀ ਭੇਂਟ ਕੀਤੀ। ਇਸ ਮੌਕੇ ਸੰਜੇ ਪਿਪਲੀਵਾਲ, ਚਰਨਜੀਤ ਚੰਨੀ, ਬੀਤ ਭਲਾਈ ਕਮੇਟੀ ਦੇ ਜਰਨਲ ਸਕੱਤਰ ਸੋਨੀ ਦਿਆਲ, ਸਾਬਕਾ ਸਰਪੰਚ ਰਣਜੀਤ ਸੂਦ, ਜਸਵਿੰਦਰ ਵਿੱਕੀ, ਨਰੇਸ਼ ਸਿੰਘ, ਸੁਖਦੇਵ ਸਿੰਘ, ਭਾਗ ਸਿੰਘ ਅਟਵਾਲ, ਸਰਪੰਚ ਵਿਨੋਦ ਕੁਮਾਰ, ਡਾ ਜਸਵੀਰ ਰਾਣਾ, ਮਾਸਟਰ ਅਮਰੀਕ ਦਿਆਲ ਆਦਿ ਤੋਂ ਇਲਾਵਾ ਵੱਡੀ ਗਿਣਤੀ ਚ ਵੱਖ ਵੱਖ ਪਿੰਡਾਂ ਦੇ ਨੌਜਵਾਨ ਹਾਜਰ ਸਨ।

# ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਕੀਤੀ ਹਿੰਦੂ ਕੋਪਰੇਟਿਵ ਬੈਂਕ ਡਲਹੋਜੀ ਰੋਡ ਦੀ ਵਿਜਟ

**ਪਠਾਨਕੋਟ, (ਰਾਜਿੰਦਰ ਸਿੰਘ ਰਾਜਨ)** ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ , ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਅੱਜ ਸਿਟੀ ਪਠਾਨਕੋਟ ਦੇ ਡਲਹੋਜੀ ਰੋਡ ਵਿਖੇ ਸਥਿਤ ਹਿੰਦੂ ਕੋਪਰੇਟਿਵ ਬੈਂਕ ਵਿਖੇ ਵਿਸੇਸ ਤੋਰ ਤੇ ਵਿਜਟ



ਕੀਤੀ। ਇਸ ਮੋਕੇ ਤੇ ਉਨ੍ਹਾਂ ਨਾਲ ਸਰਵ ਸ੍ਰੀ ਚੇਅਰਮੈਨ ਸੁਨੀਲ ਗੁਪਤਾ, ਨਰੇਸ ਸੈਣੀ ਬੀ.ਸੀ. ਵਿੰਗ ਦੇ ਜਿਲ੍ਹਾ ਪ੍ਰਧਾਨ, ਪਵਨ ਕੁਮਾਰ ਬਲਾਕ ਪ੍ਰਧਾਨ , ਵਿਜੈ ਕੁਮਾਰ ਕਟਾਰੂਚੱਕ ਜਿਲ੍ਹਾ ਮੀਡਿਆ ਇੰਚਾਰਜ ਪਠਾਨਕੋਟ, ਤਰਸੇਮ ਤਾਰਾਗੜ੍ਹ, ਬੈਂਕ ਤੋਂ ਵਿਕਾਸ ਮਹਿੰਦਰੂ,ਰਾਜੂ ਮਾਨਕੋਟੀਆ, ਵਪਾਰ ਮੰਲਡ ਵੱਲੋਂ ਸ. ਮਨਿੰਦਰ ਸਿੰਘ ਲੱਕੀ, ਅਨਿਲ ਮਹਾਜਨ , ਠਾਕੁਰ ਮਿਹਰ ਸਿੰਘ ਅਤੇ ਹੋਰ ਪਾਰਟੀ ਆਹੁਦੇਦਾਰ ਵੀ ਹਾਜਰ ਸਨ।

ਜਿਕਰਯੋਗ ਹੈ ਕਿ ਅੱਜ ਕੈਬਨਿਟ ਮੰਤਰੀ ਪੰਜਾਬ ਹਿੰਦੂ ਕੋਪਰੇਟਿਵ ਬੈਂਕ ਵਿਖੇ ਪਹੁੰਚੇ ਜਿੱਥੇ ਉਨ੍ਹਾਂ ਦਾ ਸਵਾਗਤ ਬੈਂਕ ਮੈਨੇਜਰ ਰਾਜੀਵ ਸਿੰਘ ਅਤੇ ਹਿੰਦੂ ਕੋਪਰੇਟਿਵ ਬੈਂਕ ਦੇ ਬੋਰਡ ਡਾਇਰੈਕਟਰ ਸ. ਐਸ.ਐਸ. ਬਾਵਾ, ਵੱਲੋਂ ਉਨ੍ਹਾਂ ਨੂੰ ਫੁੱਲਾਂ ਦੇ ਗੁਲਦਸਤੇ ਭੇਂਟ ਕਰਕੇ ਸਨਮਾਨਤ ਕੀਤਾ ਗਿਆ। ਇਸ ਮੋਕੇ ਤੇ ਉਨ੍ਹਾਂ ਬੈਂਕ ਦੀ ਵਿੱਤੀ ਸਾਲ ਦੋਰਾਨ ਦੀ ਕਾਰਗੁਜਾਰੀ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਉਨ੍ਹਾਂ ਬੈਂਕ ਅਧਿਕਾਰੀਆਂ ਨੂੰ ਅਤੇ ਹੋਰ ਆਹੁਦੇਦਾਰਾਂ ਨੂੰ ਭਰੋਸਾ ਦਵਾਇਆ ਕਿ ਅਗਰ ਬੈਂਕ ਦੀ ਕਿਸੇ ਵੀ ਤਰ੍ਹਾਂ ਦੀ ਕੋਈ ਸਮੱਸਿਆ ਹੈ ਤਾਂ ਪੰਜਾਬ ਸਰਕਾਰ ਉਨ੍ਹਾਂ ਦੀ ਹਰ ਸਮੱਸਿਆ ਹੱਲ ਕਰਨ ਲਈ ਉਨ੍ਹਾਂ ਦਾ ਸਹਿਯੋਗ ਕਰੇਗੀ।

ਦੇਸ਼ ਦੁਆਬਾ

# ਬਰਸਾਤ ਤੋਂ ਬਾਅਦ ਬਿਮਾਰੀਆਂ ਦਾ ਡਰ

ਉਤਰੀ ਭਾਰਤ ਸਮੇਤ ਪੰਜਾਬ, ਹਰਿਆਣਾ, ਹਿਮਾਚਲ ਵਿਚ ਬਰਸਾਤ ਕਾਰਨ ਹਾਲਾਤ ਕਾਫੀ ਖਰਾਬ ਹੋਏ ਪਏ ਹਨ। ਹਾਲਾਂਕਿ ਪੰਜਾਬ ਦੇ ਦੁਆਬਾ ਇਲਾਕੇ ਵਿਚ ਦਰਿਆਵਾਂ ਦੇ ਚੜ੍ਹ ਜਾਣ ਕਾਰਨ ਹੜ੍ਹਾਂ ਦੀ ਸਥਿਤੀ ਪਹਿਲਾਂ ਵੀ ਖਰਾਬ ਹੁੰਦੀ ਰਹੀ ਹੈ ਪਰ ਬਰਸਾਤੀ ਪਾਣੀ ਜੋ ਨੁਕਸਾਨ ਕਰਦਾ ਹੈ ਉਹ ਤਾਂ ਵੱਖਰਾ ਹੈ, ਪਰ ਇਸ ਤੋਂ ਬਾਅਦ ਇਹੀ ਪਾਣੀ ਬਿਮਾਰੀਆਂ ਦਾ ਵੱਡਾ ਕਾਰਨ ਬਣਦਾ ਹੈ, ਜਿਸ ਕਰਕੇ ਚਿੰਤਾ ਜ਼ਿਆਦਾ ਵੱਧ ਜਾਂਦੀ ਹੈ। ਪੰਜਾਬ, ਹਰਿਆਣਾ ਅਤੇ ਹਿਮਾਚਲ ਸਣੇ ਉੱਤਰ ਭਾਰਤ ਦੇ ਕਈ ਸੂਬਿਆਂ 'ਚ ਮੀਂਹ ਨੇ ਹਾਲੇ ਵੀ ਹਾਲ-ਬੇਹਾਲ ਕਰ ਰੱਖਿਆ ਹੈ। ਕਈ ਮੁੱਖ ਸੜਕਾਂ 'ਤੇ ਆਵਾਜਾਈ ਠੱਪ ਹੈ, ਟ੍ਰੇਨਾਂ ਰੱਦ ਹਨ, ਸਕੂਲਾਂ 'ਚ ਛੁੱਟੀਆਂ ਦਾ ਐਲਾਨ ਕਰ ਦਿੱਤਾ ਗਿਆ ਹੈ ਤੇ ਕਈ ਇਲਾਕਿਆਂ ਨੂੰ ਖਾਲੀ ਕਰਵਾਇਆ ਜਾ ਰਿਹਾ ਹੈ। ਪੰਜਾਬ ਤੇ ਹਰਿਆਣਾ ਦੇ ਕਈ ਸ਼ਹਿਰ ਮੀਂਹ ਦੇ ਪਾਣੀ 'ਚ ਡੁੱਬੇ ਪਏ ਹਨ ਅਤੇ ਇਹ ਪਾਣੀ ਲੋਕਾਂ ਦੇ ਘਰਾਂ ਤੱਕ ਵੜ ਆਇਆ ਹੈ। ਨਦੀਆਂ-ਨਾਲਿਆਂ 'ਚ ਆਏ ਗੰਦੇ ਪਾਣੀ ਨੇ ਕਈ ਪਿੰਡਾਂ ਤੇ ਸ਼ਹਿਰਾਂ 'ਚ ਹੜ੍ਹ ਵਰਗੇ ਹਾਲਾਤ ਬਣਾ ਦਿੱਤੇ ਹਨ ਅਤੇ ਉਨ੍ਹਾਂ ਨੂੰ ਖਾਲੀ ਕਰਵਾਇਆ ਜਾ ਰਿਹਾ ਹੈ। ਇਸੇ ਤਰ੍ਹਾਂ, ਹਿਮਾਚਲ 'ਚ ਵੀ ਜਾਨ-ਮਾਲ ਦਾ ਭਾਰੀ ਨੁਕਸਾਨ ਹੋਣ ਦੀਆਂ ਖਬਰਾਂ ਹਨ। ਸੋਸ਼ਲ ਮੀਡੀਆ 'ਤੇ ਵਾਇਰਲ ਕਈ ਵੀਡੀਓਜ਼ 'ਚ ਦੇਖਿਆ ਜਾ ਸਕਦਾ ਹੈ ਕਿ ਕਿਵੇਂ ਪਾਣੀ ਦਾ ਤੇਜ਼ ਵਹਾਅ ਆਪਣੇ ਨਾਲ ਘਰਾਂ ਤੇ ਪੁੱਲਾਂ ਨੂੰ ਵੀ ਰੋੜ੍ਹ ਲੈ ਜਾ ਰਿਹਾ ਹੈ। ਭਾਵੇਂ ਆਉਂਦੇ ਦਿਨਾਂ ਵਿੱਚ ਮੀਂਹ ਤੋਂ ਰਾਹਤ ਮਿਲਣ ਦੀ ਉਮੀਦ ਹੈ ਤੇ ਇਸ ਨਾਲ ਜੀਵਨ ਮੁੜ ਪਟੜੀ 'ਤੇ ਆਉਣਾ ਸ਼ੁਰੂ ਹੋ ਜਾਵੇਗਾ ਪਰ ਜਿਨ੍ਹਾਂ ਲੋਕਾਂ ਦੇ ਘਰ ਇਸ ਆਫ਼ਤ 'ਚ ਨੁਕਸਾਨੇ ਗਏ ਹਨ ਉਨ੍ਹਾਂ ਲਈ ਇਹ ਸਭ ਇੰਨਾ ਸੌਖਾ ਨਹੀਂ ਹੋਵੇਗਾ। ਘਰਾਂ 'ਚ ਵੜਿਆ ਪਾਣੀ ਨਾ ਸਿਰਫ਼ ਚੀਜ਼ਾਂ ਦਾ ਨੁਕਸਾਨ ਕਰਦਾ ਹੈ ਸਗੋਂ ਆਪਣੇ ਪਿੱਛੇ ਗੰਦੀ ਬਦਬੂ ਤੇ ਕਈ ਬਿਮਾਰੀਆਂ ਵੀ ਛੱਡ ਜਾਂਦਾ ਹੈ। ਡਾਕਟਰਾਂ ਦਾ ਕਹਿਣਾ ਹੈ ਕਿ ਮੀਂਹ ਕਾਰਨ ਕਈ ਥਾਵਾਂ 'ਤੇ ਪਾਣੀ ਭਰਨ ਅਤੇ ਗੰਦਗੀ ਕਾਰਨ ਮੱਛਰ ਅਤੇ ਖਤਰਨਾਕ ਬੈਕਟੀਰੀਆ ਜਨਮ ਲੈਂਦੇ ਹਨ, ਜੋ ਪਾਣੀ ਤੇ ਹਵਾ ਰਾਹੀਂ ਸਾਡੇ ਭੋਜਨ ਤੇ ਸਰੀਰ ਤੱਕ ਪਹੁੰਚਦੇ ਹਨ ਅਤੇ ਅਸੀਂ ਬੁਖਾਰ ਤੇ ਫਲੂ ਵਰਗੀਆਂ ਬਿਮਾਰੀਆਂ ਦੀ ਚਪੇਟ ਵਿੱਚ ਆ ਜਾਂਦੇ ਹਾਂ। ਪਰ ਜੇਕਰ ਥੋੜ੍ਹਾ ਧਿਆਨ ਰੱਖਿਆ ਜਾਵੇ ਤਾਂ ਇਨ੍ਹਾਂ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ। ਮੌਸਮ ਦੀ ਤਬਦੀਲੀ ਨਾਲ ਵਾਤਾਵਰਣ ਵਿੱਚ ਕੀਟਾਣੂਆਂ ਕਾਰਨ ਹੋਣ ਵਾਲੇ ਬੁਖਾਰ ਨੂੰ ਵਾਇਰਲ ਬੁਖਾਰ ਕਿਹਾ ਜਾਂਦਾ ਹੈ। ਇਹ ਹਵਾ ਅਤੇ ਪਾਣੀ ਰਾਹੀਂ ਫੈਲਦੇ ਹਨ। ਆਮ ਬੁਖ਼ਾਰ ਦੀ ਕਿਸਮ ਵਾਇਰਸ ਦੀ ਕਿਸਮ 'ਤੇ ਨਿਰਭਰ ਕਰਦੀ ਹੈ। ਇੰਨੇ ਸਾਰੇ ਵੱਖ-ਵੱਖ ਵਾਇਰਸਾਂ ਦੀ ਜਾਂਚ ਕਰਨ ਲਈ ਬਹੁਤ ਸਾਰੇ ਟੈਸਟ ਉਪਲੱਬਧ ਨਹੀਂ ਹਨ। ਹਾਲਾਂਕਿ ਇਸ 'ਚ ਸਿਰਫ ਬੁਖਾਰ ਹੀ ਆਉਂਦਾ ਹੈ ਪਰ ਕਈਆਂ ਨੂੰ ਖੰਘ ਅਤੇ ਜੋੜਾਂ ਦਾ ਦਰਦ ਵੀ ਹੋ ਸਕਦਾ ਹੈ। ਪਰ ਇਹ ਫਲੂ, ਡੇਂਗੂ ਜਾਂ ਚਿਕਨਗੁਨੀਆ ਨਹੀਂ ਹਨ।

ਬਰਸਾਤੀ ਪਾਣੀ ਖੜ ਜਾਣ ਕਾਰਨ ਸਵਾਈਨ ਫਲੂ ਵੀ ਫੈ.ਲਣ ਦਾ ਡਰ ਰਹਿੰਦਾ ਹੈ। ਇਹ ਫਲੂ ਦੀ ਇੱਕ ਕਿਸਮ ਹੈ ਪਰ ਇਹ ਜ਼ਿਆਦਾ ਘਾਤਕ ਹੈ। ਇਸ ਨਾਲ ਜ਼ੁਕਾਮ, ਖੰਘ, ਤੇਜ਼ ਬੁਖਾਰ ਅਤੇ ਜੋੜਾਂ ਦਾ ਦਰਦ ਹੁੰਦਾ ਹੈ। ਇਸ ਵਿੱਚ ਸਾਹ ਲੈਣ ਵਾਲੀਆਂ ਮਸ਼ੀਨਾਂ ਦੀ ਵੀ ਲੋੜ ਵੀ ਪੈ ਸਕਦੀ ਹੈ। ਜ਼ਿਆਦਾਤਰ ਲੋਕ ਜ਼ੁਕਾਮ ਅਤੇ ਗਲੇ ਦੀਆਂ ਸਮੱਸਿਆਵਾਂ ਨਾਲ ਆਉਂਦੇ ਹਨ, ਜੋ ਕਿ ਆਮ ਫਲੂ ਦੇ ਵੀ ਲੱਛਣ ਹਨ। ਆਮ ਫਲੂ ਪੰਜ ਤੋਂ ਸੱਤ ਦਿਨਾਂ ਤੱਕ ਰਹਿੰਦਾ ਹੈ। ਦਵਾਈ ਲੈਣ ਤੋਂ ਬਾਅਦ ਵੀ ਠੀਕ ਹੋਣ ਵਿੱਚ ਇੰਨਾ ਸਮਾਂ ਲੱਗ ਜਾਂਦਾ ਹੈ। ਜ਼ੁਕਾਮ ਅਤੇ ਖਾਂਸੀ ਨੂੰ ਠੀਕ ਕਰਨ ਵਿੱਚ ਵੀ 10 ਤੋਂ 15 ਦਿਨ ਲੱਗ ਜਾਂਦੇ ਹਨ। ਸਵਾਈਨ ਫਲੂ ਦਾ ਬੁਖਾਰ ਵੀ ਕਈ ਦਿਨਾਂ ਤੱਕ ਰਹਿੰਦਾ ਹੈ ਪਰ ਇਸ ਦੇ ਨਿਮੋਨੀਆ ਹੋਣ ਦਾ ਖਤਰਾ ਬਣਿਆ ਰਹਿੰਦਾ ਹੈ। ਇਨ੍ਹਾਂ ਦੌਰਾਨ ਜੋੜਾਂ ਦੇ ਦਰਦ ਦੇ ਨਾਲ ਤੇਜ਼ ਬੁਖਾਰ ਹੁੰਦਾ ਹੈ ਅਤੇ ਉਲਟੀ ਤੇ ਸਿਰ ਦਰਦ ਹੁੰਦਾ ਹੈ। ਡੇਂਗੂ ਵਿੱਚ ਸ਼ੁਰੂ ਵਿੱਚ ਤੇਜ਼ ਬੁਖਾਰ ਹੁੰਦਾ ਹੈ। ਅੱਖਾਂ ਦੇ ਪਿੱਛੇ ਦਰਦ ਅਤੇ ਸਿਰ ਦਰਦ ਮਹਿਸੂਸ ਹੁੰਦਾ ਹੈ। ਚਿਕਨਗੁਨੀਆ ਵਿੱਚ ਜੋੜਾਂ ਵਿੱਚ ਦਰਦ ਜ਼ਿਆਦਾ ਹੁੰਦਾ ਹੈ, ਪਰ ਦੋਵਾਂ ਵਿੱਚ ਪਹਿਲੇ ਦੋ-ਤਿੰਨ ਦਿਨ ਬਹੁਤ ਤੇਜ਼ ਬੁਖਾਰ ਰਹਿੰਦਾ ਹੈ। ਡੇਂਗੂ 'ਚ ਪਲੇਟਲੈਟਸ ਘੱਟ ਹੋਣ ਕਾਰਨ ਸਰੀਰ 'ਤੇ ਧੱਫੜ ਪੈ ਜਾਂਦੇ ਹਨ, ਜਿਨ੍ਹਾਂ ਨੂੰ ਰੈਸ਼ਜ਼ ਕਿਹਾ ਜਾਂਦਾ ਹੈ। ਹੁਣ ਪੰਜਾਬੀਆਂ ਨੂੰ ਹੋਰ ਵੀ ਚੌਕੰਨਾ ਰਹਿਣ ਦੀ ਲੋੜ ਹੈ।

# ਵਿਰੋਧੀ ਧਿਰ ਦਾ ਖਿੰਡਾਅ ਤੇ ਸਾਂਝਾ ਸਿਵਲ ਕੋਡ

**ਰਾਜੇਸ਼ ਰਾਮਚੰਦਰਨ**

ਲੋਕ ਸਭਾ ਚੋਣਾਂ ਨੂੰ ਹੁਣ ਜਦੋਂ ਮਹਿਜ਼ ਨੌਂ ਮਹੀਨੇ ਬਾਕੀ ਰਹਿੰਦੇ ਹਨ ਤਾਂ ਸਾਨੂੰ ਵਿਰੋਧੀ ਧਿਰ ਵਿਚ ਏਕਤਾ ਦੇ ਕਿਸੇ ਵੀ ਸੰਕੇਤ ਤੋਂ ਪਹਿਲਾਂ ਖਿੰਡਾਅ ਅਤੇ ਮਤਭੇਦ ਹੀ ਦਿਖਾਈ ਦੇ ਰਹੇ ਹਨ। ਦੋਹਰੇ ਮਿਆਰ ਤੇ ਦੋਗਲੀਆਂ ਗੱਲਾਂ ਸਿਆਸਤ ਦੀ ਪਛਾਣ ਹੁੰਦੀ ਹੈ ਅਤੇ ਪਟਨਾ ਵਿਚ ਅਸਲ ਸਿਆਸਤ ਕਰਨ ਵਾਲਿਆਂ ਦੇ ਮਾਮਲੇ ਵਿਚ ਵੀ ਕੁਝ ਅਜਿਹਾ ਹੀ ਸੀ। ਇਕ ਪਾਸੇ ਜਿਥੇ 23 ਜੂਨ ਨੂੰ ਪਟਨਾ ਵਿਚ ਵਿਰੋਧੀ ਧਿਰ ਦੇ ਹੋਏ ਮਹਾਂ ਸੰਮੇਲਨ ਦੌਰਾਨ ਸੀਪੀਐਮ ਦੇ ਜਨਰਲ ਸਕੱਤਰ ਸੀਤਾ ਰਾਮ ਯੇਚੁਰੀ ਨੇ ਬੜੀ ਗਰਮਜੋਸ਼ੀ ਨਾਲ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਅਤੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨਾਲ ਮੰਚ ਸਾਂਝਾ ਕੀਤਾ ਤਾਂ ਦੂਜੇ ਪਾਸੇ ਉਸੇ ਦਨਿ ਸੀਪੀਐਮ ਦੀ ਕੇਰਲ ਵਿਚਲੀ ਇਕੋ ਇਕ ਸੂਬਾਈ ਸਰਕਾਰ ਨੇ ਕਾਂਗਰਸ ਦੀ ਕੇਰਲ ਇਕਾਈ ਦੇ ਪ੍ਰਧਾਨ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਉਸ ਨੂੰ ਅਦਾਲਤ ਦੇ ਹੁਕਮਾਂ ਤੋਂ ਬਾਅਦ ਹੀ ਰਿਹਾਅ ਕੀਤਾ। ਇਹ ਤਾਂ ਕੁਝ ਅਜਿਹਾ ਸੀ ਜਿਵੇਂ ਘਪਲਿਆਂ ਵਿਚ ਘਿਰੀ ਕੇਰਲ ਸੀਪੀਐਮ ਵੱਲੋਂ ਭਾਜਪਾ ਦੀ ਸਿਖਰਲੀ ਲੀਡਰਸ਼ਿਪ ਨੂੰ ਵਿਰੋਧੀ ਏਕਤਾ ਨੂੰ ਲੀਹੋਂ ਲਾਹੁਣ ਦੇ ਆਪਣੇ ਇਰਾਦੇ ਦਾ ਸੰਕੇਤ ਦਿੱਤਾ ਜਾ ਰਿਹਾ ਹੋਵੇ। ਇਸ ਦੌਰਾਨ ਆਮ ਆਦਮੀ ਪਾਰਟੀ (ਆਪ) ਅਤੇ ਕਾਂਗਰਸ ਦੀ ਦਿੱਲੀ ਆਰਡੀਨੈਂਸ ਕਾਰਨ ਲੜਾਈ ਚੱਲ ਰਹੀ ਹੈ। ਦੂਜੇ ਪਾਸੇ ਕਾਂਗਰਸ ਦੀ ਪੰਜਾਬ ਇਕਾਈ ਨੇ 'ਆਪ' ਨੂੰ ਆਰਐਸਐਸ ਦੀ 'ਬੀ' ਟੀਮ ਕਰਾਰ ਦਿੱਤਾ ਹੈ।




ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਥਾਪਤੀ-ਪੱਖੀ ਜਨਤਕ ਅਪੀਲ ਬੀਤੇ ਨੌਂ ਸਾਲਾਂ ਦੌਰਾਨ ਕਾਫ਼ੀ ਕਮਜ਼ੋਰ ਹੋਈ ਹੈ। ਇਥੋਂ ਤੱਕ ਕਿ ਜੇ ਭਾਜਪਾ ਦੀ ਕਰਨਾਟਕ ਵਿਚ ਹੋਈ ਹਾਰ ਨੂੰ ਪਾਰਟੀ ਦੀ 2018 ਵਿਚ ਮੱਧ ਪ੍ਰਦੇਸ਼, ਰਾਜਸਥਾਨ ਅਤੇ ਛੱਤੀਸਗੜ੍ਹ ਵਿਚ ਸਥਾਨਕ ਕਾਰਕਾਂ ਕਰ ਕੇ ਹੋਈ ਹਾਰ ਦੇ ਤੁੱਲ ਮੰਨ ਵੀ ਲਿਆ ਜਾਵੇ, ਤਾਂ ਵੀ ਹਕੀਕਤ ਇਹ ਹੈ ਕਿ ਮੁਲਕ ਦੇ ਕਈ ਹਿੱਸਿਆਂ ਵਿਚ ਕੇਂਦਰ ਅਤੇ ਸੂਬਾਈ ਸਰਕਾਰਾਂ ਖ਼ਿਲਾਫ਼ ਰਉਂ ਬਣਨਾ ਸ਼ੁਰੂ ਹੋ ਗਿਆ ਹੈ। ਮੋਦੀ ਲਈ ਵਧਦੀ ਮਹਿੰਗਾਈ ਤੇ ਬੇਰੁਜ਼ਗਾਰੀ ਦੇ ਇਕ ਦਹਾਕੇ ਬਾਅਦ ਤੱਕ ਵੋਟਰਾਂ ਦਾ ਸਥਾਪਤੀ-ਪੱਖੀ ਰੁਝਾਨ ਜਾਰੀ ਰੱਖਣਾ ਸੌਖਾ ਨਹੀਂ ਹੋਵੇਗਾ। ਪੱਛਮ ਵੱਲੋਂ ਭਾਰਤੀਆਂ ਨੂੰ ਫ਼ਿਰਕੂ ਹੋਣ ਵਜੋਂ ਪੇਸ਼ ਕਰਨ ਦੀਆਂ ਪੂਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਹਿੰਦੂਤਵ ਕਦੇ ਵੀ ਜ਼ਿੰਦਗੀ ਜਿਉਣ ਦੇ ਮਾੜੇ ਮਿਆਰਾਂ ਖ਼ਿਲਾਫ਼ ਉੱਠ ਰਹੇ ਰੋਹ ਨੂੰ ਠੱਲ੍ਹ ਪਾਉਣ ਦੀ ਦਵਾਈ ਨਹੀਂ ਬਣ ਸਕਦਾ। ਇਹੋ ਉਹ ਜ਼ਰਖ਼ੇਜ਼ ਜ਼ਮੀਨ ਹੈ ਜਿਸ ਉਤੇ ਵਿਰੋਧੀ ਪਾਰਟੀਆਂ ਨੂੰ ਸੱਤਾ ਪ੍ਰਾਪਤ ਕਰਨ ਦੀ ਖੇਤੀ ਕਰਨੀ ਚਾਹੀਦੀ ਹੈ।

ਉਂਝ, ਦੇਸ਼ ਦੀ ਮੌਜੂਦਾ ਵਿਰੋਧੀ ਧਿਰ ਦੀਆਂ ਕੁਝ ਢਾਂਚਾਗਤ ਸਮੱਸਿਆਵਾਂ ਹਨ ਜਿਹੜੀਆਂ ਵੱਖੋ-ਵੱਖ ਪਾਰਟੀਆਂ ਨੂੰ ਇਕਮੁੱਠ ਹੋਣ ਤੋਂ ਰੋਕਦੀਆਂ ਹਨ। ਕਾਂਗਰਸ ਦੀ ਇਕ-ਪਾਰਟੀ ਹਕੂਮਤ ਵਾਲੀ ਚੜ੍ਹਤ ਦੇ ਦਨਿਾਂ ਦੌਰਾਨ ਉਸ ਦਾ ਮੁਕਾਬਲਾ ਕਰਨਾ ਆਸਾਨ ਸੀ, ਜਿਵੇਂ 1989 ਦੀਆਂ ਆਮ ਚੋਣਾਂ। ਉਦੋਂ ਕਾਂਗਰਸ ਕਸ਼ਮੀਰ ਤੋਂ ਕੰਨਿਆ ਕੁਮਾਰੀ ਤੱਕ ਇਕੋ ਇਕ ਵਿਵਾਦ ਰਹਿਤ ਹਾਕਮ ਪਾਰਟੀ ਵਜੋਂ ਮੌਜੂਦ ਸੀ। ਦੂਜੇ ਪਾਸੇ ਕਾਂਗਰਸ ਵਿਰੋਧੀ ਹਰ ਸਮੂਹ ਦੇਸ਼ ਭਰ ਵਿਚ ਵੱਖੋ-ਵੱਖ ਹਿੱਸਿਆਂ 'ਚ ਖਿੰਡਿਆ ਹੋਇਆ ਸੀ ਤੇ ਇਸ ਕਾਰਨ ਉਨ੍ਹਾਂ ਲਈ ਇਕ ਮੰਚ ਉਤੇ ਇਕਮੁੱਠ ਹੋਣਾ ਸੌਖਾ ਸੀ। ਮਿਸਾਲ ਵਜੋਂ ਉਦੋਂ ਪੱਛਮੀ ਬੰਗਾਲ, ਕੇਰਲ ਤੇ ਤ੍ਰਿਪੁਰਾ ਜਨ੍ਹਿਾਂ ਦੀਆਂ ਕੁੱਲ 64 ਲੋਕ ਸਭਾ ਸੀਟਾਂ ਬਣਦੀਆਂ ਹਨ, ਵਿਚ ਕਾਂਗਰਸ ਦੀ ਇਕੋ ਇਕ ਵਿਰੋਧੀ ਧਿਰ ਖੱਬਾ ਮੋਰਚਾ ਹੀ ਸੀ। ਇਸੇ ਤਰ੍ਹਾਂ ਅਣਵੰਡੇ ਆਂਧਰਾ ਪ੍ਰਦੇਸ਼ ਜਿਸ ਦੀਆਂ 42 ਲੋਕ ਸਭਾ ਸੀਟਾਂ ਸਨ, ਵਿਚ ਇਸ ਦੀ ਇਕੋ ਇਕ ਵਿਰੋਧੀ ਪਾਰਟੀ ਤੈਲਗੂ ਦੇਸਮ ਸੀ ਅਤੇ 48 ਸੀਟਾਂ ਵਾਲੇ ਮਹਾਰਾਸ਼ਟਰ ਵਿਚ ਕਾਂਗਰਸ ਦੀ ਇਕੋ ਇਕ ਵਿਰੋਧੀ ਧਿਰ ਭਾਜਪਾ-ਸ਼ਿਵ ਸੈਨਾ ਗੱਠਜੋੜ ਸੀ। ਦੂਜੇ ਪਾਸੇ ਹਿੰਦੀ ਭਾਸ਼ੀ ਖ਼ਿੱਤੇ ਵਿਚ ਭਾਵੇਂ ਲੋਹੀਆਵਾਦੀ ਜਨਤਾ ਪਰਿਵਾਰ ਅਕਸਰ ਲੜਦਾ ਰਹਿੰਦਾ ਸੀ ਪਰ ਅਖ਼ੀਰ ਇਹ ਕਾਂਗਰਸ ਖ਼ਿਲਾਫ਼ ਇਕਮੁੱਠ ਵਿਰੋਧੀ ਧਿਰ ਉਭਾਰਨ ਲਈ ਸੰਘ ਪਰਿਵਾਰ ਨਾਲ ਹੱਥ ਮਿਲਾ ਲੈਂਦਾ ਸੀ।

ਐਪਰ ਭਾਜਪਾ ਵਿਰੋਧੀ ਪਾਰਟੀਆਂ ਦੇ ਮਾਮਲੇ ਵਿਚ ਅਜਿਹਾ ਨਹੀਂ ਹੈ ਕਿਉਂਕਿ ਇਹ ਪਾਰਟੀਆਂ ਦੇਸ਼ ਭਰ ਵਿਚ ਸਿਆਸੀ ਜ਼ਮੀਨ ਦੇ ਇਕ ਇਕ ਇੰਚ ਲਈ ਆਪਸ ਵਿਚ ਲੜਦੀਆਂ ਹਨ। ਮਿਸਾਲ ਵਜੋਂ ਪੱਛਮੀ ਬੰਗਾਲ ਨੂੰ ਲੈ ਲਵੋ: ਤ੍ਰਿਣਮੂਲ ਕਾਂਗਰਸ ਲਈ ਸੱਤਾ ਹਥਿਆਉਣ ਵਾਸਤੇ ਸੀਪੀਐਮ ਨੂੰ ਖ਼ਤਮ ਕਰਨ ਤੋਂ ਪਹਿਲਾਂ ਖ਼ੁਦ ਨੂੰ ਮੁੱਢਲੀ ਵਿਰੋਧੀ ਪਾਰਟੀ ਵਜੋਂ ਸਥਾਪਤ ਕਰਨ ਲਈ ਕਾਂਗਰਸ ਨੂੰ ਖ਼ਤਮ ਕਰਨਾ ਜ਼ਰੂਰੀ ਹੈ। ਹੁਣ ਤੱਕ ਵੀ ਮਮਤਾ ਬੈਨਰਜੀ ਨਾਲ ਖੱਬੀ ਧਿਰ ਤੇ ਕਾਂਗਰਸ ਅੱਖ ਮਿਲਾ ਕੇ ਗੱਲ ਨਹੀਂ ਕਰਦੇ। ਇਸ ਲਈ ਮਮਤਾ ਕੋਲ ਰਾਹੁਲ ਗਾਂਧੀ ਨੂੰ ਅਗਲੇ ਪ੍ਰਧਾਨ ਮੰਤਰੀ ਵਜੋਂ ਪੇਸ਼ ਕਰਨ ਦਾ ਕੋਈ ਸਿਆਸੀ ਕਾਰਨ ਨਹੀਂ ਬਣਦਾ। ਕੇਰਲ ਵਿਚ ਖੱਬੀ ਧਿਰ ਲਈ ਵੀ ਹਾਲਾਤ ਕੁਝ ਅਜਿਹੇ ਹੀ ਹਨ। ਸੀਪੀਐਮ ਨਾਲ ਸਬੰਧਿਤ ਸੂਬੇ ਦੇ ਮੁੱਖ ਮੰਤਰੀ ਪਨਿਰਾਇ ਵਿਜਿਅਨ ਖ਼ਿਲਾਫ਼ ਬਹੁਤ ਸਾਰੇ ਦੋਸ਼ਾਂ ਦੇ ਬਾਵਜੂਦ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਉਨ੍ਹਾਂ ਨਾਲ ਕਾਫ਼ੀ ਨਰਮਾਈ ਵਰਤ ਰਹੀ ਹੈ। ਬੀਤੇ ਅਪਰੈਲ ਵਿਚ ਉਨ੍ਹਾਂ ਖ਼ਿਲਾਫ਼ ਸੀਬੀਆਈ ਦੇ ਇਕ ਕੇਸ ਉਤੇ ਸੁਪਰੀਮ ਕੋਰਟ ਨੇ 33ਵੀਂ ਵਾਰ ਸੁਣਵਾਈ ਟਾਲ ਦਿੱਤੀ। ਜ਼ਰਾ ਸੋਚੋ ਕਿ ਸੀਬੀਆਈ ਵੱਲੋਂ ਹੋਰ ਕਿਸੇ ਵਿਰੋਧੀ ਆਗੂ ਨੂੰ ਵੀ ਕਦੇ ਇਸ ਤਰ੍ਹਾਂ ਬਖ਼ਸ਼ਿਆ ਗਿਆ ਹੋਵੇ। ਤਰਕ ਬੜਾ ਸਿੱਧਾ ਹੈ, ਕੇਰਲ ਵਿਚ ਭਾਜਪਾ ਤੇ ਸੀਪੀਐਮ ਲਈ ਇਕੋ ਇਕ ਸਾਂਝਾ ਦੁਸ਼ਮਣ ਕਾਂਗਰਸ ਹੀ ਹੈ।

ਇਸੇ ਪ੍ਰਸੰਗ ਵਿਚ ਭਾਜਪਾ ਨੇ 2024 ਦੀਆਂ ਆਮ ਚੋਣਾਂ ਲਈ ਸਾਂਝੇ ਸਿਵਲ ਕੋਡ (ਯੂਸੀਸੀ) ਨੂੰ ਆਪਣਾ ਮੁੱਖ ਚੋਣ ਮੁੱਦਾ ਐਲਾਨਿਆ ਹੈ। ਸੰਘ ਪਰਿਵਾਰ ਦੇ ਏਜੰਡੇ ਉਤਲੇ ਹੋਰਨਾਂ ਮੁੱਖ ਮੁੱਦਿਆਂ ਦੇ ਉਲਟ ਸਾਂਝਾ ਸਿਵਲ ਕੋਡ ਸੰਵਿਧਾਨਕ ਜ਼ਰੂਰਤ ਹੈ ਜਿਸ ਨੂੰ ਸੰਵਿਧਾਨ ਸਭਾ ਨੇ ਵਿਚਾਰ-ਵਟਾਂਦਰੇ ਤੋਂ ਬਾਅਦ ਅਖ਼ੀਰ ਨੀਤੀ ਨਿਰਦੇਸ਼ਕ ਸਿਧਾਂਤਾਂ ਵਿਚ ਸ਼ਾਮਲ ਕੀਤਾ ਸੀ।

ਕਾਂਗਰਸ ਜਾਂ ਕੋਈ ਵੀ ਵਿਰੋਧੀ ਪਾਰਟੀ 2024 ਵਿਚ ਭਾਜਪਾ ਨੂੰ ਹਾਕਮ ਧਿਰ ਦੇ ਔਗੁਣਾਂ ਦੇ ਆਧਾਰ ਉਤੇ ਹਰਾਉਣ ਦੀ ਉਮੀਦ ਕਰ ਸਕਦੀ ਹੈ। ਇਸ ਲਈ ਵਿਰੋਧੀ ਧਿਰ ਦੀ ਮੁਹਿੰਮ ਭਾਜਪਾ ਖ਼ਿਲਾਫ਼ ਨਾਂਹ-ਪੱਖੀ ਵੋਟਾਂ ਹਾਸਲ ਕਰਨ ਲਈ ਹੈ। ਸਾਂਝਾ ਸਿਵਲ ਕੋਡ ਭਾਜਪਾ ਲਈ ਵਿਰੋਧੀ ਧਿਰ ਖ਼ਿਲਾਫ਼ ਉਹੋ ਚਾਲ ਹੈ। ਯੂਸੀਸੀ ਕਿਸੇ ਅਗਾਂਹਵਧੂ ਸਮਾਜ ਲਈ ਸੱਭਿਅਤਾ-ਮੁਖੀ ਜ਼ਰੂਰਤ ਹੈ। ਕੋਈ ਵੀ ਮੁਲਕ ਸਮਾਜ ਵਿਚਲੇ ਸਭ ਤੋਂ ਪਿਛਾਂਹਖਿਚੂ ਮਰਦਾਂ ਨੂੰ ਇਹ ਇਜਾਜ਼ਤ ਨਹੀਂ ਦੇ ਸਕਦਾ ਕਿ ਉਹ ਹੋਰਨਾਂ ਨੂੰ ਧਰਮ ਦੇ ਨਾਂ ਉਤੇ ਫ਼ਿਰੌਤੀ ਲਈ ਬੰਧਕ ਬਣਾਉਣ। ਸੁਪਰੀਮ ਕੋਰਟ ਪੰਜ ਵੱਖੋ-ਵੱਖ ਹੁਕਮਾਂ ਵਿਚ ਯੂਸੀਸੀ ਨੂੰ ਲਾਗੂ ਕਰਨ ਉਤੇ ਜ਼ੋਰ ਦੇ ਚੁੱਕੀ ਹੈ ਅਤੇ ਅਸਲ ਵਿਚ ਇਹੋ ਸਮਾਜ ਨੂੰ ਧਾਰਮਿਕ ਆਗੂਆਂ ਦੇ ਚੁੰਗਲ ਵਿਚੋਂ ਛੁਡਵਾਉਣ ਦੀ ਦਿਸ਼ਾ ਵਿਚ ਪਹਿਲਾ ਕਦਮ ਹੋ ਸਕਦਾ ਹੈ। ਜੇ ਵਿਰੋਧੀ ਪਾਰਟੀਆਂ ਯੂਸੀਸੀ ਨੂੰ ਮਨਜ਼ੂਰ ਕਰਨ ਤੋਂ ਇਨਕਾਰੀ ਹੁੰਦੀਆਂ ਹਨ ਤਾਂ ਇਹ ਸਿਰਫ਼ ਆਪਣੇ ਵੋਟ ਠੇਕੇਦਾਰਾਂ ਨੂੰ ਖ਼ੁਸ਼ ਕਰ ਕੇ ਰੂੜੀਵਾਦੀ ਮੁਸਲਿਮ ਵੋਟਾਂ ਨੂੰ ਹੀ ਸਾਂਭਣ ਵਾਲੀ ਗੱਲ ਹੋਵੇਗੀ।

ਯੂਸੀਸੀ ਉਤੇ ਬਹਿਸ ਹੋਰ ਕਿਸੇ ਚੀਜ਼ ਤੋਂ ਵਧ ਕੇ ਵਿਰੋਧੀ ਧਿਰ ਦੀ ਧਰਮ ਨਿਰਪੱਖ ਤੇ ਅਗਾਂਹਵਧੂ ਸਾਖ਼ ਨੂੰ ਨਾਵਾਜਬ ਠਹਿਰਾਵੇਗੀ। ਇਸ ਮੁੱਦੇ ਦਾ ਸਿਆਸੀਕਰਨ ਕਰਨ ਦਾ ਵਿਰੋਧੀ ਧਿਰ ਦਾ ਤਰਕ ਵਾਜਬ ਨਹੀਂ ਕਿਉਂਕਿ ਮਹਿਜ਼ ਪਿਛਾਂਹਖਿਚੂ ਮੁਸਲਿਮ ਮੌਲਾਣਿਆਂ ਦੀ ਖ਼ਾਤਰ ਯੂਸੀਸੀ ਦਾ ਵਿਰੋਧ ਕਰਨਾ ਅਜਿਹੀ ਸਭ ਤੋਂ ਭਿਆਨਕ ਸਿਆਸੀ ਤੇ ਚੁਣਾਵੀ ਰਣਨੀਤੀ ਹੈ ਜਿਸ ਦੀ ਕਿਸੇ ਸਿਆਸੀ ਧਿਰ ਤੋਂ ਤਵੱਕੋ ਕੀਤੀ ਜਾ ਸਕਦੀ ਹੈ। ਆਖ਼ਰ ਇਹ ਸ਼ਾਹ ਬਾਨੋ ਫ਼ੈਸਲੇ ਨੂੰ ਉਲਟਾਉਣ ਤੇ ਸਲਮਾਨ ਰਸ਼ਦੀ ਦੀ ਕਿਤਾਬ 'ਦਿ ਸੈਟੇਨਿਕ ਵਰਸਿਜ਼' ਉਤੇ ਪਾਬੰਦੀ ਲਾਉਣ ਵਰਗੇ ਹੀ ਕਦਮ ਸਨ, ਜਨ੍ਹਿਾਂ ਕਾਂਗਰਸ ਤੋਂ ਇਸ ਦੀ ਸਿਆਸੀ ਵਾਜਬੀਅਤ ਖੋਹ ਲਈ। ਯਕੀਨਨ ਭਾਜਪਾ ਲਈ ਯੂਸੀਸੀ ਹੋਰ ਕੁਝ ਨਹੀਂ, ਮਹਿਜ਼ ਇਸ ਦੇ ਹਿੰਦੂਤਵ ਏਜੰਡੇ ਦਾ ਹੀ ਇਕ ਹਿੱਸਾ ਹੈ ਜਿਸ ਦਾ ਇਸਤੇਮਾਲ ਇਸ ਵੱਲੋਂ ਲਾਹੇਵੰਦ ਸਿਆਸੀ ਹਥਿਆਰ ਵਜੋਂ ਕੀਤਾ ਜਾਵੇਗਾ ਪਰ ਇਸ ਵਿਚ ਗ਼ਲਤੀ ਵਿਰੋਧੀ ਧਿਰ ਦੀ ਹੀ ਹੈ ਜਿਸ ਨੇ ਭਾਜਪਾ ਨੂੰ ਇਸ ਦਾ ਧਿਆਨ ਭਟਕਾਊ ਰਣਨੀਤੀ ਵਜੋਂ ਇਸਤੇਮਾਲ ਕਰਨ ਦਿੱਤਾ। ਵਿਰੋਧੀ ਧਿਰ, ਖ਼ਾਸਕਰ ਖੱਬੀ ਧਿਰ ਜਦੋਂ ਕਾਂਗਰਸ ਦੀਆਂ ਮੁਸਲਿਮ ਵੋਟਾਂ ਨੂੰ ਵੰਡਾਉਣ ਦੀ ਜ਼ੋਰਦਾਰ ਕੋਸ਼ਿਸ਼ ਕਰਦੀ ਹੋਈ ਯੂਸੀਸੀ ਦਾ ਵਿਰੋਧ ਕਰਦੀ ਹੈ ਤਾਂ ਇਹ ਹਮੇਸ਼ਾ ਲਈ ਆਪਣੀ ਇਖ਼ਲਾਕੀ ਪਹੁੰਚ ਗੁਆ ਬੈਠੇਗੀ।

# ਸਿਹਤ ਸੰਸਥਾਵਾਂ 'ਚ ਮਰੀਜ਼ਾਂ ਨਾਲ ਨਿਮਰਤਾ ਨਾਲ ਪੇਸ਼ ਆਇਆ ਜਾਵੇ

**ਦਿੜ੍ਹਬਾ/ਸੰਗਰੂਰ, (ਦਲਜੀਤ ਕੌਰ)-** ਸਿਵਲ ਸਰਜਨ ਡਾ. ਪਰਮਿੰਦਰ ਕੌਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸੀਨੀਅਰ ਮੈਡੀਕਲ ਅਫਸਰ ਸੀ ਐਚ ਸੀ ਕੌਹਰੀਆਂ ਡਾ. ਕਰਮਜੀਤ ਸਿੰਘ ਨੇ ਅੱਜ ਹੈਲਥ ਐਂਡ ਵੈੱਲਨੈਸ ਕੇਂਦਰਾਂ ਲਾਡਬੰਜਾਰਾ ਕਲਾਂ ਅਤੇ ਖੇਤਲਾ ਵਿਖੇ ਆਮ ਲੋਕਾਂ ਨੂੰ ਮੁਹੱਈਆ ਕਰਵਾਈਆਂ ਜਾ ਰਹੀਆਂ ਸਿਹਤ ਸਹੂਲਤਾਂ ਦਾ ਨਿਰੀਖਣ ਕੀਤਾ। ਇਸ ਮੌਕੇ ਉਨ੍ਹਾਂ ਸਮੁੱਚੇ ਕੰਮਕਾਜ ਦਾ ਜਾਇਜ਼ਾ ਲਿਆ।



ਡਾ. ਕਰਮਜੀਤ ਸਿੰਘ ਨੇ ਸਿਹਤ ਕਰਮਚਾਰੀਆਂ ਨੂੰ ਹਦਾਇਤ ਕਰਦੇ ਹੋਏ ਜੱਚਾ-ਬੱਚਾ ਸਿਹਤ ਸੇਵਾਵਾਂ 'ਤੇ ਖਾਸ ਧਿਆਨ ਦੇਣ ਲਈ ਕਿਹਾ। ਉਨ੍ਹਾਂ ਕਿਹਾ ਕਿ ਸਰਕਾਰੀ ਸੰਸਥਾਗਤ ਜਣੇਪਿਆਂ ਦੀ ਗਿਣਤੀ ਨੂੰ ਵਧਾਇਆ ਜਾਵੇ। ਗਰਭਵਤੀ ਔਰਤਾਂ ਨੂੰ ਸਰਕਾਰੀ ਸੰਸਥਾਗਤ ਜਣੇਪਾ ਕਰਵਾਉਣ ਲਈ ਪ੍ਰੇਰਿਤ ਕੀਤਾ ਜਾਵੇ। ਉਨ੍ਹਾਂ ਇਹ ਵੀ ਯਕੀਨੀ ਬਣਾਉਣ ਲਈ ਕਿਹਾ ਕਿ ਗਰਭਵਤੀ ਔਰਤਾਂ ਦੀ ਜਲਦ ਤੋਂ ਜਲਦ ਰਜਿਸਟ੍ਰੇਸ਼ਨ ਕਰਨੀ ਯਕੀਨੀ ਬਣਾਈ ਜਾਵੇ ਤਾਂ ਜੋ ਉਨ੍ਹਾਂ ਦੇ ਸਾਰੇ ਏ.ਐਨ.ਸੀ. ਚੈਕਅੱਪ ਸਮੇਂ ਸਿਰ ਸਰਕਾਰੀ ਹਸਪਤਾਲ ਵਿਚ ਮਾਹਰ ਡਾਕਟਰਾਂ ਕੋਲੋਂ ਕਰਵਾਏ ਜਾਣ। ਉਨ੍ਹਾਂ ਕਿਹਾ ਕਿ ਜੱਚਾ-ਬੱਚਾ ਦੀ ਸੁਰੱਖਿਆ ਲਈ ਗਰਭਵਤੀ ਔਰਤਾਂ ਦੀ ਡਲਿਵਰੀ ਸਰਕਾਰੀ ਹਸਪਤਾਲ ਵਿਚ ਹੀ ਯਕੀਨੀ ਬਣਾਈ ਜਾਵੇ। ਉਨ੍ਹਾਂ ਇਹ ਵੀ ਕਿਹਾ ਕਿ ਹਾਈਰਿਸਕ ਔਰਤਾਂ ਦੀ ਲਾਈਨ ਲਿਸਟ ਤਿਆਰ ਕਰਕੇ ਉਨ੍ਹਾਂ ਦੇ ਇਲਾਜ ਪ੍ਰਬੰਧਨ 'ਤੇ ਧਿਆਨ ਕੇਂਦਰਿਤ ਕੀਤਾ ਜਾਵੇ। ਉਨ੍ਹਾਂ ਇਹ ਵੀ ਕਿਹਾ ਕਿ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਮਰੀਜ਼ਾਂ ਨਾਲ ਨਿਮਰਤਾ ਨਾਲ ਪੇਸ਼ ਆਇਆ ਜਾਵੇ। ਕੋਈ ਵੀ ਮਰੀਜ਼ ਖੱਜਲ-ਖੁਆਰ ਨਹੀਂ ਹੋਣਾ ਚਾਹੀਦਾ। ਲੋਕਾਂ ਨੂੰ ਸਮੇਂ ਸਿਰ ਮਿਆਰੀ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਨੂੰ ਤਰਜ਼ੀਹ ਦਿੱਤੀ ਜਾਵੇ ਤਾਂ ਜੋ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੀ ਮੁਸ਼ਕਿਲ ਪੇਸ਼ ਨਾ ਆਵੇ।ਉਨ੍ਹਾਂ ਬਰਸਾਤਾਂ ਦੇ ਮੌਸਮ ਦੌਰਾਨ ਹੋਣ ਵਾਲੀਆਂ ਸਿਹਤ ਸਮੱਸਿਆਵਾਂ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਲਈ ਸਟਾਫ ਨੂੰ ਪ੍ਰੇਰਿਤ ਕੀਤਾ। ਇਸ ਮੌਕੇ ਨਰਿੰਦਰ ਪਾਲ ਸਿੰਘ ਬੀ ਈ ਈ ਤੋਂ ਇਲਾਵਾ ਸਮੂਹ ਸਟਾਫ ਹਾਜ਼ਰ ਸੀ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਲੰਡਨ ਦੇ ਸਾਹਿਤ ਅਦੀਬਾਂ ਤੇ ਲੇਖਕਾਂ ਵੱਲੋਂ ਉਸਤਾਦ ਗ਼ਜ਼ਲਗੋ ਗੁਰਦਿਆਲ ਰੌਸ਼ਨ ਦਾ ਸਨਮਾਨ

## ਨਾਵਲਕਾਰ ਗੁਰਚਰਨ ਸੱਗੂ ਦਾ ਉਪਰਾਲੇ ਨਾਲ ਕਵੀ ਦਰਬਾਰ ਵੀ ਹੋਇਆ





**ਲੰਡਨ (ਮਨਦੀਪ ਖੁਰਮੀ ਹਿੰਮਤਪੁਰਾ)** ਲੰਡਨ ਵਸਦੇ ਲੇਖਕ ਭਾਈਚਾਰੇ ਵੱਲੋਂ ਆਏ ਦਿਨ ਕੋਈ ਨਾ ਕੋਈ ਸਮਾਗਮ ਅਕਸਰ ਹੀ ਰਚਾਇਆ ਜਾਂਦਾ ਹੈ। ਪਰ ਕੁਝ ਸਮਾਗਮਾਂ ਦਾ ਕਰਵਾਇਆ ਜਾਣਾ ਸੁਖਦ ਯਾਦ ਬਣ ਜਾਂਦਾ ਹੈ ਜਦੋਂ ਚਿਰਾਂ ਪਿੱਛੋਂ ਉਡੀਕਿਆ ਜਾਂਦਾ ਮਹਿਬੂਬ ਲੇਖਕ ਉਸ ਸਮਾਗਮ ਦਾ ਮੁੱਖ ਮਹਿਮਾਨ ਹੋਵੇ। ਅਜਿਹਾ ਹੀ ਵਿਲੱਖਣ ਤੇ ਵਿਸ਼ੇਸ਼ ਸਮਾਗਮ ਹੌਰਨਚਰਚ ਸਥਿਤ ਨਾਵਲਕਾਰ/ਕਵੀ ਗੁਰਚਰਨ ਸੱਗੂ ਤੇ ਰਾਣੀ ਸੱਗੂ ਦੇ ਵਿਹੜੇ ਵਿੱਚ ਕਰਵਾਇਆ ਗਿਆ ਜਿਸ ਵਿੱਚ ਉਸਤਾਦ ਗ਼ਜ਼ਲਗੋ ਗੁਰਦਿਆਲ ਰੌਸ਼ਨ ਜੀ ਨੂੰ ਲੰਡਨ ਦੀਆਂ ਕਵਿੱਤਰੀਆਂ, ਕਵੀਆਂ ਤੇ ਸੰਗੀਤਕਾਰਾਂ ਦੀ ਮਹਿਫ਼ਲ ਵਿੱਚ ਸਨਮਾਨਿਤ ਕੀਤਾ ਗਿਆ। ਸਮਾਗਮ ਦੌਰਾਨ ਚੱਲਿਆ ਸਵਾਲਾਂ ਜਵਾਬਾਂ ਦਾ ਦੌਰ ਬਹੁਤ ਰੌਚਕ ਹੋ ਨਿੱਬੜਿਆ। ਗੁਰਦਿਆਲ ਰੌਸ਼ਨ ਜੀ ਨੇ ਗ਼ਜ਼ਲ ਦੀ ਖ਼ੂਬਸੂਰਤੀ ਬਾਰੇ ਪੁੱਛੇ ਗਏ ਅਨੇਕਾਂ ਸਵਾਲਾਂ ਦੀ ਬਹੁਤ ਹੀ ਸਾਦਾ ਪਰ ਪ੍ਰਭਾਵਿਤ ਤਰੀਕੇ ਨਾਲ ਵਿਆਖਿਆ ਕੀਤੀ। ਗੁਰਦਿਆਲ ਰੌਸ਼ਨ ਜੀ ਨੇ ਨਵੀਂ ਪੀੜ੍ਹੀ ਦੇ ਪੁੱਛੇ ਗਏ ਸਵਾਲਾਂ ਨੂੰ ਉਤਸ਼ਾਹਿਤ ਕਰਦਿਆਂ ਕਿਹਾ ਕਿ "ਤੁਸੀਂ ਗ਼ਜ਼ਲ ਦੇ ਮੀਟਰ ਤੋਂ ਬਿਲਕੁਲ ਨਾ ਘਬਰਾਓ, ਜੇ ਤੁਸੀਂ ਗੁਣਗਣਾ ਕੇ ਕੋਈ ਸ਼ੇਅਰ ਲਿਖੋ ਤਾਂ ਗ਼ਜ਼ਲ ਦੀ ਖ਼ੂਬਸੂਰਤੀ ਆਪਣੇ ਆਪ ਬਣ ਜਾਏਗੀ, ਹਾਂ ਗ਼ਜ਼ਲ ਦੀ ਵਿਧਾ ਦੀ ਥੋੜੀ ਬਹੁਤ ਜਾਣਕਾਰੀ ਜ਼ਰੂਰ ਹੋਣੀ ਚਾਹੀਦੀ ਹੈ।" ਗ਼ਜ਼ਲ ਦੀ ਮੁੱਢਲੀ ਜਾਣਕਾਰੀ ਬਾਰੇ ਸ਼ਾਇਦ ਹੀ ਪਹਿਲੇ ਕਿਸੇ ਨੇ ਇੰਨੀ ਅੱਛੀ ਤਰ੍ਹਾਂ ਵਿਆਖਿਆ ਤੇ ਜਾਣਕਾਰੀ ਦਿੱਤੀ ਹੋਵੇ। ਇਸ ਮੌਕੇ ਸਭ ਤੋਂ ਪਹਿਲਾਂ ਗੁਰਚਰਨ ਸੱਗੂ, ਰਾਣੀ ਸੱਗੂ, ਧੀਆਂ ਸੀਮਾ ਤੇ ਹਨੀ ਵੱਲੋਂ ਗੁਰਦਿਆਲ ਰੌਸ਼ਨ ਜੀ ਨੂੰ ਫੁੱਲਾਂ ਦਾ ਗੁਲਦਸਤਾ ਤੇ ਫੁਲਕਾਰੀ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਉਪਰੰਤ ਆਏ ਮਹਿਮਾਨਾਂ ਵਲੋਂ ਕਵਿਤਾ ਪਾਠ ਤੇ ਗੀਤ ਸੰਗੀਤ ਪੇਸ਼ ਕੀਤਾ ਗਿਆ ਜਿਸ ਵਿੱਚ ਸ਼ਾਇਰਾ ਕੁਲਵੰਤ ਢਿੱਲੋਂ, ਨਾਵਲਕਾਰ ਤੇ ਕਵੀ ਪ੍ਰਕਾਸ਼ ਸੋਹਲ, ਟੀਵੀ ਪੇਸ਼ਕਾਰਾ ਰੂਪ ਦਵਿੰਦਰ, ਸ਼ਾਇਰਾ ਮਨਜੀਤ ਪੱਡਾ, ਸ਼ਾਇਰ ਅਜ਼ੀਮ ਸ਼ੇਖਰ, ਨਾਵਲਕਾਰ ਤੇ ਸ਼ਾਇਰ ਦਰਸ਼ਨ ਬੁਲੰਦਵੀ, ਰੇਡੀਓ ਪੇਸ਼ਕਾਰਾ ਰਾਜਿੰਦਰ ਕੌਰ, ਕਵਿੱਤਰੀ ਨਰਿੰਦਰ, ਪਰਵੀਨ ਠੇਠੀ, ਗੀਤਕਾਰਾ ਗੁਰਮੇਲ ਕੌਰ ਸੰਘਾ, ਸ਼ਗੁਫਤਾ ਲੋਧੀ, ਸ਼ਹਿਜ਼ਾਦ ਲੋਧੀ, ਹੀਨਾ ਸਮਨ, ਹਮਜ਼ਾ ਗਿੰਮੀ ਲੋਧੀ, ਬਲਵਿੰਦਰ ਸਿੰਘ ਸਹੋਤਾ, ਰਾਏ ਬਰਿੰਦਰ ਅਦੀਮ, ਸਤਨਾਮ ਸਿੰਘ ਛੋਕਰ, ਦਵਿੰਦਰ ਕੌਰ ਛੋਕਰ ਤੇ ਹੋਣ-ਹਾਰ ਗਾਇਕ ਤੇ ਸੰਗੀਤਕਾਰ ਡਾ. ਸੁਨੀਲ ਸਾਜਲ ਹਾਜ਼ਰ ਸਨ। ਕਵਿਤਾਵਾਂ ਦਾ ਦੌਰ ਬਹੁਤ ਹੀ ਖ਼ੂਬਸੂਰਤ ਸੀ ਜਿਸ ਵਿੱਚ ਮੌਜੂਦ ਕਵੀ/ ਕਵਿੱਤਰੀਆਂ ਵੱਲੋਂ ਨਵੇਂ ਪੰਜਾਬੀ ਗੀਤ ਤੇ ਪੁਰਾਣੀਆਂ ਬੋਲੀਆਂ ਨਾਲ ਇਹ ਮਹਿਫ਼ਲ ਯਾਦਗਾਰੀ ਬਣਾ ਦਿੱਤੀ। ਇੱਥੇ ਇਹ ਵੀ ਵਰਨਣ ਯੋਗ ਹੈ ਕਿ ਗੁਰਦਿਆਲ ਰੌਸ਼ਨ ਜੀ ਵੱਲੋਂ ਪਿਛਲੇ ਸਾਲ ਸਰੀ ਕੈਨੇਡਾ ਵਿਖੇ ਹੋਏ ਬਹੁਤ ਹੀ ਯਾਦਗਾਰੀ ਇਕੱਠ ਦੀ ਇੱਕ ਖ਼ੂਬਸੂਰਤ ਫੋਟੋ ਸੱਗੂ ਜੀ ਦੇ ਇੱਕ ਖ਼ੂਬਸੂਰਤ ਸ਼ੇਅਰ ਨਾਲ ਭੇਂਟ ਕੀਤੀ ਗਈ। ਇਸ ਮਿਲਣੀ ਦੇ ਅੰਤ ਵਿੱਚ ਸਾਰੇ ਆਏ ਮਹਿਮਾਨਾਂ ਨੇ ਗਿੱਧੇ, ਬੋਲੀਆਂ ਤੇ ਭੰਗੜੇ ਨੇ ਐਸੀ ਬੀਟ ਲਾਈ ਕਿ ਇਹ ਮਹਿਫ਼ਲ ਯਾਦਗਾਰੀ ਹੋ ਨਿੱਬੜੀ।

# 2021 ਰੈਜੀਡੈਂਟ ਵੀਜ਼ੇ ਰਾਹੀਂ 202,882 ਤੋਂ ਵੱਧ ਲੋਕ ਹੋ ਚੁੱਕੇ ਹਨ ਪੱਕੇ




**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਨਿਊਜ਼ੀਲੈਂਡ ਇਮੀਗ੍ਰੇਸ਼ਨ ਵਾਲਿਆਂ ਨੇ '2021 ਰੈਜ਼ੀਡੈਂਟ ਵੀਜ਼ਾ' ਅਰਜ਼ੀਆਂ ਦੇ ਵੱਡੇ ਪਹਾੜ ਨੂੰ ਇਕ-ਇਕ ਕਰਕੇ ਹੇਠਾਂ ਖਿਸਕਾ, ਆਪਣੇ ਕੰਪਿਊਟਰਾਂ ਦੇ ਵਿਚ ਠੀਕੇ-ਠੀਕੇ ਲਾ ਕੇ ਬੰਦ ਕਰ ਲਿਆ ਹੈ। ਜਿਵੇਂ ਕਹਿੰਦੇ ਨੇ ਹਾਥੀ ਨਿਕਲ ਗਿਆ ਅਤੇ ਪੂਛ ਹੀ ਨਿਕਲਣੀ ਬਾਕੀ ਹੈ। 08 ਜੁਲਾਈ 2023 ਤੱਕ ਪ੍ਰਾਪਤ ਹੋਏ ਅੰਕੜੇ ਦਸਦੇ ਹਨ ਕਿ ਇਸ ਵੀਜ਼ਾ ਸ਼੍ਰੇਣੀ ਤਹਿਤ ਕੁੱਲ 106,508 ਅਰਜ਼ੀਆਂ (ਅੱਪਡੇਟਿਡ) ਪ੍ਰਾਪਤ ਹੋਈਆਂ ਹਨ। ਇਨ੍ਹਾਂ ਅਰਜ਼ੀਆਂ ਦੇ ਵਿਚ ਪੱਕੇ ਹੋਣ ਵਾਲਿਆਂ ਦੀ ਅੱਪਡੇਟ ਗਿਣਤੀ 217,714 ਬਣਦੀ ਹੈ। ਉਪਰੋਕਤ ਅਰਜ਼ੀਆਂ ਦੇ ਵਿਚੋਂ ਇਮੀਗ੍ਰੇਸ਼ਨ ਵਿਭਾਗ ਵਾਲਿਆਂ ਨੇ ਬਹੁਤਾ ਕੰਮ ਖਿਚਦਿਆਂ 100,355 ਅਰਜ਼ੀਆਂ ਦਾ ਨਿਬੇੜਾ ਕਰ ਦਿੱਤਾ ਹੈ ਅਤੇ 202,882 ਲੋਕਾਂ ਨੂੰ ਰੈਜ਼ੀਡੈਂਟ ਵੀਜ਼ਾ ਦੇ ਕੇ ਉਨ੍ਹਾਂ ਦਾ ਚਾਅ ਪੂਰਾ ਕਰ ਦਿੱਤਾ ਹੈ। ਇਸ ਦੌਰਾਨ 444 ਅਰਜ਼ੀਆਂ ਅਯੋਗ ਵੀ ਪਾਈਆਂ ਗਈਆਂ ਹਨ।

ਕਿੰਨੇ ਕੁ ਰਹਿ ਗਏ? ਲਗਪਗ 14,832 ਲੋਕਾਂ ਦੀ ਕਿਸਮਤ ਦਾ ਫੈਸਲਾ 6,153 ਬਚੀਆਂ ਅਰਜ਼ੀਆਂ ਦੇ ਵਿਚ ਲਪੇਟਿਆ ਪਿਆ ਹੈ, ਇਨ੍ਹਾਂ ਨੂੰ 'ਅਪਰੂਵਲ' ਵਾਲੀ ਈਮੇਲ ਆਉਣ ਦੀ ਹਮੇਸ਼ਾਂ ਬਿੜਕ ਬਣੀ ਰਹਿੰਦੀ ਹੈ, ਲਗਦਾ ਹੈ ਇਹ ਸਾਰਾ ਕਾਰਜ ਜੂਨ ਮਹੀਨੇ ਤੱਕ ਹੋ ਜਾਵੇਗਾ। ਪਹਿਲੇ ਗੇੜ ਦੀਆਂ ਅਰਜ਼ੀਆਂ 1 ਦਸੰਬਰ 2021 ਨੂੰ ਸ਼ੁਰੂ ਹੋਈਆਂ ਸਨ ਅਤੇ ਦੂਜੇ ਗੇੜ ਦੀਆਂ 1 ਮਾਰਚ 2022 ਨੂੰ ਸ਼ੁਰੂ ਹੋਈਆਂ ਸਨ ਤੇ 31 ਜੁਲਾਈ 2022 ਨੂੰ ਬੰਦ ਕਰ ਦਿੱਤੀਆਂ ਗਈਆਂ ਸਨ। ਪ੍ਰਤੀ ਅਰਜ਼ੀ ਫੀਸ 2160 ਡਾਲਰ ਰੱਖੀ ਗਈ ਸੀ।

ਭਾਰਤੀਆਂ ਦੀ ਸੰਖਿਆ: ਇਸ ਵੀਜ਼ਾ ਸ਼੍ਰੇਣੀ ਅਧੀਨ 55,500 ਅਰਜ਼ੀਆਂ ਭਾਰਤੀਆਂ ਦੀਆਂ ਹਨ। ਆਸ ਹੈ ਕਿ 55,500 ਦੇ ਕਰੀਬ ਪੱਕੇ ਹੋ ਜਾਣਗੇ।

# ਵਿਦੇਸ਼ਾਂ 'ਚ ਪੰਜਾਬੀਆਂ ਦੀ ਮਹਿਬੂਬ ਖੇਡ ਕਬੱਡੀ ਦੀ ਪ੍ਰਫੁਲੱਤਾ ਹਿਤ ਉਪਰਾਲਾ ਸ਼ਲਾਘਾਯੋਗ

**ਇਟਲੀ, (ਟੇਕਚੰਦ ਜਗਤਪੁਰ, ਦਲਵੀਰ ਕੈਂਥ)-** ਜਿਥੇ ਪੰਜਾਬੀ ਵਿਦੇਸ਼ਾਂ ਚ ਆ ਕੇ ਆਰਥਿਕ ਪੱਖੋ ਖੁਸ਼ਹਾਲ ਹੋਏ ਹਨ ਉਥੇ ਉਨ੍ਹਾਂ ਸਭਿਆਚਾਰਕ ਦੇ ਨਾਲ ਨਾਲ ਖੇਡ ਖੇਤਰ ਨੂੰ ਵੀ ਉਤਸ਼ਾਹਿਤ ਕੀਤਾ ਹੈ।ਕਬੱਡੀ ਦੀ ਪ੍ਰਫੁਲਿੱਤਾ ਹਿਤ ਕੀਤਾ ਗਿਆ ਉਪਰਾਲਾ ਸ਼ਲਾਘਾਯੋਗ ਹੈ। ਉਪਰੋਕਤ ਵਿਚਾਰਾਂ ਦਾ ਪ੍ਰਗਟਾਵਾ ਦਾਦਰਾ ਟਰੈਵਲ ਦੇ ਐਮ ਡੀ ਸ੍ਰੀ ਪ੍ਰਸ਼ੋਤਮ ਲਾਲ ਦਾਦਰਾ ਨੇ ਬੈਰਗਾਮੋ ਵਿਖੇ ਹੋਏ ਕਬੱਡੀ ਕੱਪ ਚ ਖੇਡ ਪ੍ਰੇਮੀਆ ਨੂੰ ਸੰਬੋਧਨ ਕਰਦਿਆ ਕੀਤਾ। ਸ੍ਰੀ ਪ੍ਰਸ਼ੋਤਮ ਲਾਲ ਦਾਦਰਾ ਮਹਿਮਾਨ ਵਜੋ ਸ਼ਿਰਕਤ ਕਰਨ ਲਈ ਉਚੇਚੇ ਤੌਰ ਤੇ ਪੰਜਾਬ ਤੋ ਆਏ ਸਨ ਸ੍ਰੀ ਪ੍ਰਸ਼ੋਤਮ ਦਾਦਰਾ ਦਾ ਇਟਲੀ ਪਹੁੰਚਣ ਤੇ ਨਿੱਘਾ ਸਵਾਗਤ ਕੀਤਾ ਜਾਵੇਗਾ। ਸ੍ਰੀ ਪ੍ਰਸ਼ੋਤਮ ਦਾਦਰਾ ਪਹਿਲਾ ਵੀ ਯੂਰਪ ਚ ਦੋਰੇ ਤੇ ਆ ਚੁੱਕੇ ਹਨ। ਪ੍ਰਸ਼ੋਤਮ ਦਾਦਰਾ ਦਾ ਕਬੱਡੀ ਐਸੋਸੀਏਸ਼ਨ ਵੱਲੋ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਖੇਡ ਪ੍ਰਮੋਟਰ



ਸੁਖਵਿੰਦਰ ਸਿੰਘ ਗੋਬਿੰਦਪੁਰੀ, ਸੁਰਜੀਤ ਸਿੰਘ ਜੌਹਲ ਅਤੇ ਪਰਮਜੀਤ ਦੋਸਾਂਝ, ਸਮੇਤ ਹੋਰ ਸ਼ਖਸੀਅਤਾਂ ਮੌਜੂਦ ਸਨ।

# ਘੱਗਰ ਦਰਿਆ 'ਚ ਪਾਣੀ ਖ਼ਤਰੇ ਦੇ ਨਿਸ਼ਾਨ ਤੋਂ ਪਾਰ, ਅਗਲੇ 48 ਘੰਟੇ ਦਾ ਸਮਾਂ ਬਹੁਤ ਨਾਜ਼ੁਕ

**ਮੂਨਕ/ਸੰਗਰੂਰ, (ਦਲਜੀਤ ਕੌਰ)-** ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਅਤੇ ਐਸ.ਐਸ.ਪੀ. ਸੁਰੇਂਦਰ ਲਾਂਬਾ ਨੇ ਹੋਰਨਾਂ ਅਧਿਕਾਰੀਆਂ ਸਮੇਤ ਅੱਜ ਸੰਗਰੂਰ ਜ਼ਿਲ੍ਹੇ ਦੇ ਖਨੌਰੀ ਤੇ ਮੂਨਕ ਇਲਾਕਿਆਂ 'ਚ ਪੈਂਦੇ ਘੱਗਰ ਦਰਿਆ ਦੇ ਆਲੇ-ਦੁਆਲੇ ਸੰਵੇਦਨਸ਼ੀਲ ਥਾਂਵਾਂ ਦਾ ਦੌਰਾ ਕੀਤਾ ਗਿਆ। ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਦੱਸਿਆ ਇਸ ਵਾਰ ਮੁੱਖ ਮੰਤਰੀ ਭਗਵੰਤ ਮਾਨ ਦੇ ਦਿਸ਼ਾ-ਨਿਰਦੇਸ਼ਾਂ ਤੇ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਤੇ ਡਰੇਨੇਜ ਵਿਭਾਗ ਵੱਲੋਂ ਸਫ਼ਾਈ ਤੇ ਮਜ਼ਬੂਤੀ ਦਾ ਮਿਆਰੀ ਪੱਧਰ ਦਾ ਕੰਮ ਪਿਛਲੇ ਸਾਲ ਵਾਂਗ ਬਰਸਾਤਾਂ ਦੇ ਸੀਜ਼ਨ ਤੋਂ ਪਹਿਲਾਂ ਹੀ ਕਰਵਾਇਆ ਗਿਆ ਹੈ ਜਿਸ ਸਦਕਾ ਹੁਣ ਘੱਗਰ ਦਾ ਪਾਣੀ ਖ਼ਤਰੇ ਦੇ ਪੱਧਰ ਤੋਂ ਵੀ ਡੇਢ ਫੁੱਟ ਉੱਚਾ ਭਾਵ 749.2 ਫੁੱਟ 'ਤੇ ਚੱਲ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪਿਛਲੀ ਵਾਰ ਆਏ ਹੜ੍ਹਾਂ ਦੌਰਾਨ ਜਦੋਂ ਘੱਗਰ ਦਰਿਆ ਵਿੱਚ ਪਾੜ ਪਿਆ ਸੀ ਤਾਂ ਉਸ ਸਮੇਂ ਪਾਣੀ ਦਾ ਪੱਧਰ ਖਨੌਰੀ ਗੇਜ਼ ਤੇ ਲਗਭਗ 748 ਫੁੱਟ ਸੀ।



ਡਿਪਟੀ ਕਮਿਸ਼ਨਰ ਨੇ ਕਿਹਾ ਕਿ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਮਜ਼ਬੂਤੀ ਦਾ ਕੰਮ ਹੁਣ ਕਰਵਾਏ ਜਾਣ ਦੀ ਅਫ਼ਵਾਹ ਫੈਲਾਈ ਜਾ ਰਹੀ ਹੈ ਜੋ ਕਿ ਸਰਾਸਰ ਗਲਤ ਹੈ ਤੇ ਜ਼ਿਲ੍ਹਾ ਵਾਸੀਆਂ ਨੂੰ ਅਜਿਹੀਆਂ ਅਫ਼ਵਾਹਾਂ ਤੋਂ ਸੁਚੇਤ ਰਹਿਣ ਦੀ ਲੋੜ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਾਣੀ ਦੇ ਤੇਜ਼ ਵਹਾਅ ਦੇ ਮੱਦੇਨਜ਼ਰ ਪੂਰੀਆਂ ਤਿਆਰੀਆਂ ਕੀਤੀਆਂ ਗਈਆਂ ਹਨ ਅਤੇ ਲੋੜ ਪੈਣ ਤੇ ਸਮੇਂ ਸਿਰ ਬਚਾਅ ਕਾਰਜ ਸ਼ੁਰੂ ਕਰਨ ਲਈ ਬਠਿੰਡਾ ਤੋਂ ਐਨ.ਡੀ.ਆਰ.ਐਫ਼. ਦੀ ਟੀਮ ਨੂੰ ਵੀ ਮੂਨਕ ਵਿਖੇ ਠਹਿਰਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਘੱਗਰ ਦੁਆਲੇ ਬੰਨ੍ਹ ਤੇ ਲਗਾਤਾਰ ਨਜ਼ਰ ਰੱਖੀ ਜਾ ਰਹੀ ਹੈ ਅਤੇ ਕਮਜ਼ੋਰ ਥਾਵਾਂ ਤੇ ਬੰਨ੍ਹ ਨੂੰ ਲਗਾਤਾਰ ਮਜ਼ਬੂਤ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਨਾਜ਼ੁਕ ਸਥਿਤੀ ਦੇ ਮੱਦੇਨਜ਼ਰ ਵੱਖ-ਵੱਖ ਥਾਵਾਂ ਤੇ ਰੇਤ ਦੇ ਖਾਲੀ ਅਤੇ ਭਰੇ ਥੈਲੇ ਅਹਿਤਿਆਤੀ ਕਦਮਾਂ ਵਜੋਂ ਰੱਖੇ ਗਏ ਹਨ ਤੇ ਲੋੜੀਂਦੀ ਮਸ਼ੀਨਰੀ ਵੀ ਰਾਹਤ ਕਾਰਜਾਂ ਲਈ ਦਿਨ-ਰਾਤ ਵਰਤੀ ਜਾ ਰਹੀ ਹੈ।

ਰਾਹਤ ਕਾਰਜਾਂ ਲਈ ਕੀਤੇ ਜਾ ਰਹੇ ਕੰਮਾਂ ਦੀ ਸਮੀਖਿਆ ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਅਗਲੇ 48 ਘੰਟੇ ਦਾ ਸਮਾਂ ਬਹੁਤ ਨਾਜ਼ੁਕ ਹੈ ਪਰ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ 'ਤੇ ਜ਼ਿਲ੍ਹਾ ਪ੍ਰਸ਼ਾਸਨ ਸੰਗਰੂਰ ਸਥਿਤੀ ਨੂੰ ਕਾਬੂ 'ਚ ਰੱਖਣ ਲਈ ਦਿਨ-ਰਾਤ ਜੀਅਤੋੜ ਮਿਹਨਤ ਕਰ ਰਿਹਾ ਹੈ। ਉਨ੍ਹਾਂ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਫੌਰੀ ਤੌਰ ਤੇ ਪਿੰਡਾਂ ਵਿੱਚ ਮੈਡੀਕਲ ਕੈਂਪ ਲਾਏ ਜਾਣ ਅਤੇ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਨੂੰ ਐਮਰਜੈਂਸੀ ਦੌਰਾਨ ਰਾਸ਼ਨ ਦੀ ਉਪਲਬਧਤਾ ਯਕੀਨੀ ਬਣਾਉਣ ਦੀ ਹਦਾਇਤ ਕੀਤੀ। ਉਨ੍ਹਾਂ ਲੋਕ ਨਿਰਮਾਣ ਵਿਭਾਗ ਤੇ ਮੰਡੀ ਬੋਰਡ ਨੂੰ ਇਲਾਕੇ ਦੀਆਂ ਸਾਰੀਆਂ ਸੜਕਾਂ ਦੀ ਹਾਲਤ ਸਹੀ ਕਰਵਾਉਣ ਦੇ ਨਿਰਦੇਸ਼ ਦਿੱਤੇ ਤਾਂ ਜੋ ਲੋੜ ਪੈਣ ਤੇ ਵਾਹਨਾਂ ਦੀ ਆਵਾਜਾਈ ਵਿੱਚ ਕੋਈ ਦਿੱਕਤ ਨਾ ਆਵੇ।

ਇਸ ਮੌਕੇ ਐਸ ਐਸ ਪੀ ਸੁਰੇਂਦਰ ਲਾਂਬਾ ਨੇ ਦੱਸਿਆ ਕਿ ਪੁਲਿਸ ਵਿਭਾਗ ਵੱਲੋਂ ਹਰ ਤਰ੍ਹਾਂ ਦੀ ਸਥਿਤੀ ਨਾਲ ਨਜਿੱਠਣ ਲਈ ਜ਼ਿਲ੍ਹਾ ਪ੍ਰਸ਼ਾਸਨ ਦਾ ਪੂਰਾ ਸਾਥ ਦਿੱਤਾ ਜਾ ਰਿਹਾ ਹੈ ਅਤੇ ਫੌਰੀ ਰਾਹਤ ਕਾਰਵਾਈ ਯਕੀਨੀ ਬਣਾਉਣ ਲਈ 24 ਘੰਟੇ ਘੱਗਰ ਦਰਿਆ ਦੇ ਕੰਢਿਆਂ ਤੇ ਗਸ਼ਤ ਕੀਤੀ ਜਾ ਰਹੀ ਹੈ।


ਇਸ ਮੌਕੇ ਹੋਰਨਾਂ ਤੋਂ ਇਲਾਵਾ ਵਧੀਕ ਡਿਪਟੀ ਕਮਿਸ਼ਨਰ ਅਨਮੋਲ ਸਿੰਘ ਧਾਲੀਵਾਲ, ਵਧੀਕ ਡਿਪਟੀ ਕਮਿਸ਼ਨਰ ਵਿਕਾਸ ਵਰਜੀਤ ਵਾਲੀਆ, ਸਹਾਇਕ ਕਮਿਸ਼ਨਰ ਨਿਤੇਸ਼ ਜੈਨ, ਐਸਡੀਐਮ ਸੂਬਾ ਸਿੰਘ, ਐਸਡੀਐਮ ਨਵਰੀਤ ਕੌਰ ਸੇਖੋਂ, ਸਿਵਲ ਸਰਜਨ ਡਾ. ਪਰਮਿੰਦਰ ਕੌਰ ਅਤੇ ਐਨ.ਡੀ.ਆਰ.ਐਫ਼. ਦੇ ਅਧਿਕਾਰੀ ਵੀ ਹਾਜ਼ਰ ਸਨ।

## ਕੈਲੀਫੋਰਨੀਆ ਤੋਂ ਹੁਸਨ ਲੜੋਆ ਬੰਗਾ

### ਨਸਲੀ ਹੱਤਿਆਵਾਂ ਦਾ ਮਾਮਲਾ

# ਅਮਰੀਕਾ ਦੇ ਟੈਕਸਾਸ ਰਾਜ ਵਿਚ 23 ਹੱਤਿਆਵਾਂ ਕਰਨ ਵਾਲੇ ਗੋਰੇ ਨੂੰ 90 ਉਮਰ ਕੈਦਾਂ

**ਸੈਕਰਾਮੈਂਟੋ, ਕੈਲੀਫੋਰਨੀਆ –** ਅਮਰੀਕਾ ਦੇ ਟੈਕਸਾਸ ਰਾਜ ਦੇ ਸ਼ਹਿਰ ਐਲ ਪਾਸੋ ਵਿਖੇ 3 ਅਗਸਤ 2019 ਨੂੰ ਵਾਲਮਾਰਟ ਸਟੋਰ ਵਿਚ ਨਸਲੀ ਹਮਲੇ ਵਿੱਚ 23 ਹੱਤਿਆਵਾਂ ਕਰਨ ਵਾਲੇ ਗੋਰੇ ਨੂੰ 90 ਉਮਰ ਕੈਦਾਂ ਦੀ ਸਜਾ ਸੁਣਾਉਣ ਦੀ ਖਬਰ ਹੈ ਜਿਸ ਦਾ ਅਰਥ ਹੈ ਕਿ ਉਸ ਦੀ ਬਾਕੀ ਦੀ ਜਿੰਦਗੀ ਜੇਲ ਵਿਚ ਹੀ ਕਟੇਗੀ। ਅਜੇ ਵੀ ਉਸ ਨੂੰ ਮੌਤ ਦੀ ਸਜਾ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਅਲਬਰਟ ਆਰਮਨਡੇਰਿਜ਼ ਸੀਨੀਅਰ ਫੈਡਰਲ ਕੋਰਟ ਹਾਊਸ ਡਾਊਨ ਟਾਊਨ ਐਲ ਪਾਸੋ ਵਿਖੇ ਸੀਨੀਅਰ ਯੂ ਐਸ ਡਿਸਟ੍ਰਿਕਟ ਜੱਜ ਡੇਵਿਡ ਸੀ ਗੁਆਡਰਮਾ ਨੇ ਸਜਾ ਲਈ ਤਿੰਨ ਦਿਨ ਚੱਲੀ ਸੁਣਵਾਈ ਉਪਰੰਤ ਪੈਟਰਿਕ ਕਰੂਸਿਸ (24) ਨੂੰ ਉਸ ਵਿਰੁੱਧ ਲੱਗੇ 90 ਸੰਘੀ ਦੋਸ਼ਾਂ ਵਿਚੋਂ ਹਰੇਕ ਦੋਸ਼ ਲਈ ਉਮਰ ਕੈਦ ਦੀ ਸਜਾ ਸੁਣਾਈ ਜਿਨਾਂ ਦੋਸ਼ਾਂ ਨੂੰ ਕਰੂਸਿਸ ਨੇ ਇਸ ਸਾਲ ਦੇ ਸ਼ੁਰੂ ਵਿਚ ਮੰਨ ਲਿਆ ਸੀ। ਵਾਲਮਾਰਟ ਵਿਚ ਮਾਰੇ ਗਏ ਲੋਕਾਂ ਵਿਚ ਐਲ ਪਾਸੋ, ਜੁਆਰੇਜ਼, ਮੈਕਸੀਕੋ ਤੇ ਜਰਮਨੀ ਦੇ ਲੋਕ ਸ਼ਾਮਿਲ ਸਨ। ਸੁਣਵਾਈ ਸਮੇ ਅਦਾਲਤ ਦਾ ਕਮਰਾ ਖਚਾ ਖਚ ਭਰਿਆ ਹੋਇਆ ਸੀ। ਮੌਜੂਦ ਲੋਕਾਂ ਵਿਚ ਪੀੜਤ ਤੇ ਹੋਰ ਲੋਕ ਸ਼ਾਮਿਲ ਸਨ। ਸੁਣਵਾਈ ਦੌਰਾਨ ਕਰੂਸਿਸ ਨੂੰ ਅਦਾਲਤ ਵਿਚ ਬੋਲਣ ਦਾ ਮੌਕਾ ਦਿੱਤਾ ਗਿਆ ਪਰ ਉਸ ਨੇ ਕੁਝ ਵੀ ਕਹਿਣ ਤੋਂ ਇਨਕਾਰ ਕਰ ਦਿੱਤਾ। ਅਦਾਲਤ ਦੇ ਦਸਤਾਵੇਜਾਂ ਅਨੁਸਾਰ ਹਮਲਾਵਰ ਕਰੂਸਿਸ ਐਲਨ, ਟੈਕਸਾਸ ਤੋਂ 700 ਮੀਲ ਦਾ ਪੈਂਡਾ ਕਰਕੇ 3 ਅਗਸਤ 2019 ਦੀ ਸਵੇਰ ਨੂੰ ਐਲ ਪਾਸੋ ਪੁੱਜਾ ਸੀ। ਉਸ ਨੇ ਆਪਣਾ ਵਾਹਣ ਐਲ ਪਾਸੋ ਵਾਲਮਾਰਟ ਦੇ ਸਾਹਮਣੇ ਖੜਾ ਕੀਤਾ। ਬਾਅਦ ਵਿਚ ਉਹ ਆਪਣੇ ਵਾਹਣ ਵਿਚੋਂ ਸੈਮੀਆਟੋਮੈਟਿਕ ਰਾਈਫਲ ਤੇ ਏ ਕੇ 47 ਅਸਾਲਟ ਰਾਈਫਲ ਵਰਗੇ ਹਥਿਆਰ ਲੈ ਕੇ ਨਿਕਲਿਆ ਤੇ ਪਾਰਕਿੰਗ ਵਿਚ ਨਿਰਦੋਸ਼ ਲੋਕਾਂ ਨੂੰ ਗੋਲੀਆਂ ਮਾਰਨ ਉਪਰੰਤ ਉਹ ਸਟੋਰ ਵਿਚ ਵੜ ਗਿਆ ਜਿਥੇ ਉਸ ਨੇ ਹੋਰ ਲੋਕਾਂ ਨੂੰ ਗੋਲੀਆਂ ਨਾਲ ਭੁੰਨਿਆ। ਇਸ ਹਮਲੇ ਵਿਚ 23 ਲੋਕ ਮਾਰੇ ਗਏ ਸਨ ਤੇ ਦਰਜਨਾਂ ਹੋਰ ਜਖਮੀ ਹੋਏ ਸਨ। ਬਾਅਦ ਵਿਚ ਉਹ ਉਥੋਂ ਫਰਾਰ ਹੋ ਗਿਆ ਸੀ। ਕੁਝ ਮਿੰਟਾਂ ਬਾਅਦ ਹੀ ਉਸ ਨੇ ਇਕ ਇੰਟਰਸੈਕਸ਼ਨ ਨੇੜੇ ਪੁਲਿਸ ਅਗੇ ਆਤਮ ਸਮਰਪਣ ਕਰ ਦਿੱਤਾ ਸੀ। ਆਤਮ ਸਮਰਪਣ ਵੇਲੇ ਉਸ ਨੇ ਕਿਹਾ ਸੀ ਹਾਂ ਮੈ ਹਾਂ ਸ਼ੂਟਰ। ਉਸ ਨੇ ਲਾਅ ਇਨਫੋਰਸਮੈਂਟ ਅਧਿਕਾਰੀਆਂ ਅੱਗੇ ਮੰਨਿਆ ਕਿ ਉਸ ਨੇ ਹਿਸਪੈਨਿਕ ਲੋਕਾਂ ਨੂੰ ਨਿਸ਼ਾਨਾ ਬਣਾਇਆ ਹੈ ਤਾਂ ਜੋ ਮੈਕਸੀਕਨਾਂ ਤੇ ਹੋਰ ਹਿਸਪੈਨਿਕ ਲੋਕਾਂ ਨੂੰ ਅਮਰੀਕਾ ਆਉਣ ਤੋਂ ਰੋਕਿਆ ਜਾ ਸਕੇ।



# ਅਮਰੀਕਾ-ਮੈਕਸੀਕੋ ਸਰਹੱਦ ਨੇੜੇ ਵਹਿੰਦੇ ਦਰਿਆ ਵਿਚ ਇਕ ਬੱਚੇ ਸਮੇਤ 4 ਪ੍ਰਵਾਸੀ ਡੁੱਬ ਕੇ ਮਰੇ, ਲਾਸ਼ਾਂ ਬਰਾਮਦ


**ਸੈਕਰਾਮੈਂਟੋ, ਕੈਲੀਫੋਰਨੀਆ–** ਪਿਛਲੇ 3 ਦਿਨਾਂ ਦੌਰਾਨ ਅਮਰੀਕਾ - ਮੈਕਸੀਕੋ ਸਰਹੱਦ ਗੈਰ ਕਾਨੂੰਨੀ ਢੰਗ ਨਾਲ ਪਾਰ ਕਰਨ ਦੀ ਕੋਸ਼ਿਸ਼ ਦੌਰਾਨ ਸਰਹੱਦ ਨੇੜੇ ਵਹਿੰਦੇ ਦਰਿਆ ਵਿਚ ਇਕ ਬੱਚੇ ਸਮੇਤ 4 ਪ੍ਰਵਾਸੀਆਂ ਦੇ ਡੁੱਬ ਕੇ ਮਾਰੇ ਜਾਣ ਦੀ ਰਿਪੋਰਟ ਹੈ। ਲਾਅ ਇਨਫੋਰਸਮੈਂਟ ਅਧਿਕਾਰੀਆਂ ਵੱਲੋਂ ਟੈਕਸਾਸ ਵਿਚ ਅਮਰੀਕਾ ਮੈਕਸੀਕੋ ਸਰਹੱਦ ਨਾਲ ਵਹਿੰਦੇ ਰੀਓ ਗਰੈਂਡ ਦਰਿਆ ਵਿਚੋਂ ਇਕ ਬੱਚੇ ਸਮੇਤ 4 ਪ੍ਰਵਾਸੀਆਂ ਦੀਆਂ ਲਾਸ਼ਾਂ ਬਰਾਮਦ ਕੀਤੀਆਂ ਗਈਆਂ ਹਨ। ਇਹ ਜਾਣਕਾਰੀ ਇਕ ਅਧਿਕਾਰੀ ਨੇ ਦਿੱਤੀ ਹੈ। ਜਨਤਿਕ ਸੁਰੱਖਿਆ ਬਾਰੇ ਟੈਕਸਾਸ ਵਿਭਾਗ ਦੇ ਬੁਲਾਰੇ ਲੈਫਟੀਨੈਂਟ ਕ੍ਰਿਸਟੋਫਰ ਓਲੀਵਰੇਜ਼ ਵੱਲੋਂ ਕੀਤੀ ਟਵੀਟ ਅਨੁਸਾਰ ਇਕ ਅਣਪਛਾਤੀ ਔਰਤ ਤੇ ਬੱਚੀ ਦੀ ਲਾਸ਼ ਬੀਤੇ ਐਤਵਾਰ ਬਰਾਮਦ ਹੋਈ ਤੇ ਇਸ ਤੋਂ ਅਗਲੇ ਦੋ ਦਿਨਾਂ ਦੌਰਾਨ ਇਕ ਮਰਦ ਤੇ ਔਰਤ ਦੀਆਂ ਦੋ ਹੋਰ ਲਾਸ਼ਾਂ ਬਰਾਮਦ ਹੋਈਆਂ। ਮ੍ਰਿਤਕਾਂ ਕੋਲੋਂ ਕੋਈ ਵੀ ਅਜਿਹਾ ਦਸਤਾਵੇਜ ਨਹੀਂ ਮਿਲਿਆ ਹੈ ਜਿਸ ਤੋਂ ਇਨਾਂ ਪ੍ਰਵਾਸੀਆਂ ਜਾਂ ਇਨਾਂ ਦੇ ਦੇਸ਼ ਦੀ ਪਛਾਣ ਕੀਤੀ ਜਾ ਸਕੇ।

ਟੈਕਸਾਸ ਅਧਿਕਾਰੀਆਂ ਵੱਲੋਂ ਪ੍ਰਵਾਸੀਆਂ ਦੁਆਰਾ ਗੈਰ ਕਾਨੂੰਨੀ ਢੰਗ ਨਾਲ ਸਰਹੱਦ ਪਾਰ ਕਰਨ ਨੂੰ ਰੋਕਣ ਦੀ ਕੋਸ਼ਿਸ਼ ਵਜੋਂ ਰੀਓ ਗਰੈਂਡ ਦਰਿਆ ਵਿਚ 'ਫਲੋਟਿੰਗ ਵਾਟਰ ਬੈਰੀਅਰ' ਸਥਾਪਿਤ ਕਰਨ ਤੋਂ ਕੁਝ ਦਿਨ ਪਹਿਲਾਂ ਲਾਸ਼ਾਂ ਬਰਾਮਦ ਕੀਤੀਆਂ ਗਈਆਂ ਹਨ। ਗਵਰਨਰ ਗਰੇਗ ਅਬੋਟ ਵੱਲੋਂ ਕੀਤੇ ਐਲਾਨ ਅਨੁਸਾਰ ਦਰਿਆ ਵਿਚ ਪਹਿਲਾ 1000 ਫੁੱਟ ਦਾ ਬੈਰੀਅਰ 7 ਜੁਲਾਈ ਤੋਂ ਲੱਗਣਾ ਸ਼ੁਰੂ ਹੋ ਜਾਵੇਗਾ।




# ਫਰਾਰ ਹੋਏ ਹੱਤਿਆ ਤੇ ਹੋਰ ਦੋਸ਼ਾਂ ਦਾ ਸਾਹਮਣਾ ਕਰ ਰਹੇ ਦੋਸ਼ੀ ਦੀ ਵੱਡੀ ਪੱਧਰ ਉਪਰ ਭਾਲ

**ਸੈਕਰਾਮੈਂਟੋ, ਕੈਲੀਫੋਰਨੀਆ–** ਹੱਤਿਆ ਤੇ ਹੋਰ ਦੋਸ਼ਾਂ ਦਾ ਸਾਹਮਣਾ ਕਰ ਰਹੇ ਅਮਰੀਕਾ ਦੇ ਕੈਲੀਫੋਰਨੀਆ ਰਾਜ ਦੇ ਇਕ ਮੈਡੀਕਲ ਸੈਂਟਰ ਵਿਚੋਂ ਫਰਾਰ ਹੋਏ ਐਰਿਕ ਜੇ ਐਬਰਿਲ ਨਾਮੀ ਦੋਸ਼ੀ ਦੀ ਪੁਲਿਸ ਵੱਡੀ ਪੱਧਰ ਉਪਰ ਭਾਲ ਕਰ ਰਹੀ ਹੈ। ਰੋਜਵਿਲੇ ਪੁਲਿਸ ਨੇ ਆਮ ਲੋਕਾਂ ਨੂੰ ਕਿਹਾ ਹੈ ਕਿ ਜੇਕਰ ਉਹ 35 ਸਾਲਾ ਐਰਿਕ ਜੇ ਐਬਰਿਲ ਨੂੰ ਵੇਖਣ ਤਾਂ ਉਹ ਬੇਹੱਦ ਚੌਕਸੀ ਵਰਤਣ ਤੇ ਪੁਲਿਸ ਨੂੰ ਸੂਚਿਤ ਕਰਨ। ਪੁਲਿਸ ਅਨੁਸਾਰ ਉਸ ਦਾ ਵਿਸ਼ਵਾਸ਼ ਹੈ ਕਿ ਜਦੋਂ ਐਬਰਿਲ ਸੂਟਰ ਮੈਡੀਕਲ ਸੈਂਟਰ ਤੋਂ ਫਰਾਰ ਹੋਇਆ ਸੀ ਤਾਂ ਉਸ ਨੇ ਕੇਵਲ ਸੰਤਰੀ ਰੰਗ ਦੀ ਜੇਲ ਵਾਲੀ ਪੈਂਟ ਪਾਈ ਹੋਈ ਸੀ । ਸ਼ੈਰਿਫ ਦਫਤਰ ਤੇ ਰੋਜਵਿਲੇ ਪੁਲਿਸ ਨੇ ਕਿਹਾ ਹੈ ਕਿ ਐਬਰਿਲ ਵਿਰੁੱਧ ਹੱਤਿਆ, ਹੱਤਿਆ ਦੀ ਕੋਸ਼ਿਸ਼ ਤੇ ਅਗਵਾ ਕਰਨ ਸਬੰਧੀ ਦੋਸ਼ ਹਨ। ਐਬਰਿਲ ਵਿਰੁੱਧ ਦੋਸ਼ ਹੈ ਕਿ ਉਸ ਨੇ ਇਸ ਸਾਲ 6 ਅਪ੍ਰੈਲ ਨੂੰ ਸਥਾਨਕ ਰੋਜਵਿਲੇ ਪਾਰਕ ਵਿਚ ਗੋਲੀਬਾਰੀ ਕਰਕੇ ਇਕ ਪੁਲਿਸ ਅਫਸਰ ਨੂੰ ਮਾਰਨ ਦੀ ਕੋਸ਼ਿਸ਼ ਕੀਤੀ । ਗੋਲੀਬਾਰੀ ਵਿਚ ਪੁਲਿਸ ਅਫਸਰ ਗੰਭੀਰ ਜਖਮੀ ਹੋ ਗਿਆ ਸੀ ਜਦ ਕਿ ਇਕ ਵਿਅਕਤੀ ਦੀ ਮੌਤ ਹੋ ਗਈ ਸੀ।



# ਅਮਰੀਕਾ ਵਿਚ ਭਾਰਤੀ ਮੂਲ ਦੇ ਨੌਜਵਾਨ ਦੀ ਲੁਟੇਰਿਆਂ ਵੱਲੋਂ ਗੋਲੀਆਂ ਮਾਰ ਕੇ ਹੱਤਿਆ

**ਸੈਕਰਾਮੈਂਟੋ, ਕੈਲੀਫੋਰਨੀਆ–**ਅਮਰੀਕਾ ਦੇ ਜਾਰਜੀਆ ਰਾਜ ਵਿਚ ਵਾਪਰੀ ਇਕ ਦੁੱਖਦਾਈ ਘਟਨਾ ਵਿਚ ਭਾਰਤੀ ਮੂਲ ਦੇ 36 ਸਾਲਾ ਨੌਜਵਾਨ ਮਨਦੀਪ ਸਿੰਘ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦੇਣ ਦੀ ਖਬਰ ਹੈ। ਇਹ ਘਟਨਾ ਜਾਰਜੀਆ ਦੇ ਵਰੇਨਸ ਸ਼ਹਿਰ ਦੇ ਇਕ ਸਟੋਰ ਵਿਚ ਵਾਪਰੀ ਜਿਥੇ ਮਨਦੀਪ ਸਿੰਘ ਕਲਰਕ ਵਜੋਂ ਕੰਮ ਕਰਦਾ ਸੀ। ਉਸ ਦੇ ਦੋ ਗੋਲੀਆਂ ਮਾਰੀਆਂ ਗਈਆਂ ਜਿਸ ਉਪਰੰਤ ਉਹ ਮੌਕੇ 'ਤੇ ਹੀ ਦਮ ਤੋੜ ਗਿਆ। ਵਰੇਨਸ ਦੇ ਪੁਲਿਸ ਮੁੱਖੀ ਜੌਹਨ ਮੇਨਾਰਡ ਨੇ ਘਟਨਾ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਮਨਦੀਪ ਸਿੰਘ ਅਗਸਟਾ ਸ਼ਹਿਰ ਦਾ ਵਸਨੀਕ ਹੈ ਤੇ ਉਹ ਇਕ ਮਹੀਨਾ ਪਹਿਲਾਂ ਹੀ ਵਰੇਨਸ ਫੂਡ ਮਾਰਟ ਸਟੋਰ ਵਿਚ ਕੰਮ 'ਤੇ ਲੱਗਾ ਸੀ। ਉਨਾਂ ਕਿਹਾ ਕਿ ਅਜਿਹਾ ਲੱਗਦਾ ਹੈ ਕਿ ਇਹ ਲੁੱਟਮਾਰ ਕਰਨ ਦੀ ਨੀਅਤ ਨਾਲ ਹੱਤਿਆ ਕੀਤੀ ਗਈ ਹੈ। ਮੇਨਾਰਡ ਅਨੁਸਾਰ 15 ਸਾਲਾਂ ਦੇ 2 ਨਬਾਲਗਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ । ਉਨਾਂ ਕਿਹਾ ਕਿ ਨਬਾਲਗਾਂ ਨੇ ਮਾਸਕ ਨਹੀਂ ਪਾਏ ਹੋਏ ਸਨ ਜਿਸ ਕਾਰਨ ਪੁਲਿਸ ਲਈ ਉਨਾਂ ਦੀ ਪਛਾਣ ਕਰਨਾ ਤੇ ਉਨਾਂ ਨੂੰ ਗ੍ਰਿਫਤਾਰ ਕਰਨਾ ਸੌਖਾ ਹੋ ਗਿਆ।



# ਅਮਰੀਕਾ ਵਿਚ 7 ਕਾਲੇ ਪ੍ਰਿੰਸੀਪਲਾਂ ਨੂੰ ਬਰਖਾਸਤ ਕਰਨ ਦਾ ਮਾਮਲਾ ਗਰਮਾਇਆ

**ਸੈਕਰਾਮੈਂਟੋ, ਕੈਲੀਫੋਰਨੀਆ–** ਸ਼ਿਕਾਗੋ ਪਬਲਿਕ ਸਕੂਲਜ ਵੱਲੋਂ 2022-2023 ਵਿਦਿਅਕ ਸਾਲ ਦੌਰਾਨ 7 ਕਾਲੇ ਪ੍ਰਿੰਸੀਪਲਾਂ ਨੂੰ ਬਰਖਾਸਤ ਕਰਨ ਦਾ ਮਾਮਲਾ ਗਰਮਾ ਗਿਆ ਹੈ ਤੇ ਕਾਲਿਆਂ ਨਾਲ ਭੇਦਭਾਵ ਕਰਨ ਦੇ ਦੋਸ਼ ਲਾ ਏ ਜਾ ਰਹੇ ਹਨ। ਪ੍ਰਿੰਸੀਪਲ ਅਬਦੁਲ ਮੁਹੰਮਦ, ਪ੍ਰਿੰਸੀਪਲ ਗੇਰਾਲਡ ਮੋਰੋ ਤੇ ਪ੍ਰਿੰਸੀਪਲ ਕਿੰਬਰਲੀ ਗਿਬਸਨ ਨੇ ਕਿਹਾ ਹੈ ਕਿ ਉਨਾਂ ਨੂੰ ਗਲਤ ਤਰੀਕੇ ਨਾਲ ਹਟਾਇਆ ਗਿਆ ਹੈ। ਪ੍ਰਿੰਸੀਪਲਾਂ ਦੇ ਮਨੁੱਖੀ ਹੱਕਾਂ ਬਾਰੇ ਵਕੀਲ ਬੈਂਜਾਮਿਨ ਕਰੰਪ ਨੇ ਇਕ ਪ੍ਰੈਸ ਕਾਨਫਰੰਸ ਦੌਰਾਨ ਦੋਸ਼ ਲਾਇਆ ਕਿ ਇਹ ਕਾਲਿਆਂ ਨਾਲ ਭੇਦਭਾਵ ਕਰਨ ਦਾ ਮਾਮਲਾ ਹੈ। ਉਨਾਂ ਕਿਹਾ ਕਿ ਜੇਕਰ ਇਕ ਵਾਰ ਕੋਈ ਗੱਲ ਹੋਵੇ ਤਾਂ ਉਸ ਨੂੰ ਘਟਨਾ ਕਿਹਾ ਜਾਂਦਾ ਹੈ, ਜੇਕਰ ਦੂਸਰੀ ਵਾਰ ਵਾਪਰੇ ਤਾਂ ਸੰਜੋਗਵੱਸ ਵਾਪਰੀ ਘਟਨਾ ਹੋ ਸਕਦੀ ਹੈ ਪਰੰਤੂ ਜੇਕਰ ਉਹ ਹੀ ਗੱਲ ਤਿੰਨ, ਚਾਰ,ਪੰਜ,ਛੇ ਤੇ ਸੱਤ ਵਾਰ ਵਾਪਰੇ ਤਾਂ ਉਸ ਨੂੰ ਕਾਲਿਆਂ ਵਿਰੁੱਧ ਭੇਦਭਾਵ ਦਾ ਰੁਝਾਨ ਤੇ ਅਮਲ ਹੀ ਕਿਹਾ ਜਾਵੇਗਾ। ਕਰੰਪ ਨੇ ਚੁਣੇ ਹੋਏ ਪ੍ਰਤੀਨਿੱਧੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਦਖਲ ਦੇ ਕੇ ਪ੍ਰਿੰਸਪਲਾਂ ਨੂੰ ਨਿਆਂ ਦਿਵਾਉਣ। ਸ਼ਿਕਾਗੋ ਪ੍ਰਿੰਸੀਪਲਜ ਐਂਡ ਐਡਮਨਿਸਟ੍ਰੇਟਰਜ ਐਸੋਸੀਏਸ਼ਨ ਦੇ ਪ੍ਰਧਾਨ ਟੋਰੀ ਲਾਰਾਵੀਰ ਨੇ ਸਕੂਲ ਡਿਸਟ੍ਰਿਕਟ ਤੋਂ ਸਰਕਾਰੀ ਤੌਰ 'ਤੇ ਮੁਆਫੀ ਮੰਗਣ ਤੇ ਪ੍ਰਿੰਸੀਪਲਾਂ ਨੂੰ ਬਹਾਲ ਕਰਨ ਦੀ ਮੰਗ ਕੀਤੀ ਹੈ। ਐਸੋਸੀਏਸ਼ਨ ਨੇ ਯੂ ਐਸ ਡਿਪਾਰਟਮੈਂਟ ਆਫ ਜਸਟਿਸ ਸਿਵਲ ਰਾਈਟਸ ਡਵੀਜਨ ਤੇ ਮੇਅਰ ਦੇ ਦਫਤਰ ਤੋਂ ਮਾਮਲੇ ਦੀ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ।

# ਅਮਰੀਕਾ ਦੇ ਵਰਮੌਂਟ ਰਾਜ ਵਿਚ ਸ਼ੱਕੀ ਚੋਰ ਨੇ ਪੁਲਿਸ ਅਫਸਰਾਂ ਵਿਚ ਮਾਰਿਆ ਟਰੱਕ, ਇਕ ਦੀ ਮੌਤ ਤੇ 2 ਜਖਮੀ

**ਸੈਕਰਾਮੈਂਟੋ, ਕੈਲੀਫੋਰਨੀਆ–**ਅਮਰੀਕਾ ਦੇ ਵਰਮੌਂਟ ਰਾਜ ਦੇ ਸ਼ਹਿਰ ਰੁਟਲੈਂਡ ਵਿਚ ਇਕ ਪੁਲਿਸ ਅਫਸਰ ਉਸ ਵੇਲੇ ਮਾਰਿਆ ਗਿਆ ਤੇ 2 ਹੋਰ ਜਖਮੀ ਹੋ ਗਏ ਜਦੋਂ ਸ਼ੱਕੀ ਚੋਰ ਜਿਸ ਦਾ ਪੁਲਿਸ ਅਫਸਰ ਪਿੱਛਾ ਕਰ ਰਹੇ ਸਨ, ਨੇ ਆਪਣਾ ਟਰੱਕ ਕਰੂਜਰ ਬਾਈਕਾਂ 'ਤੇ ਸਵਾਰ ਪੁਲਿਸ ਅਫਸਰਾਂ ਉਪਰ ਚੜਾ ਦਿੱਤਾ। ਵਰਮੌਂਟ ਸਟੇਟ ਪੁਲਿਸ ਨੇ ਜਾਰੀ ਇਕ ਬਿਆਨ ਵਿਚ ਇਹ ਜਾਣਕਾਰੀ ਦਿੱਤੀ ਹੈ। ਪੁਲਿਸ ਨੇ ਕਿਹਾ ਹੈ ਕਿ ਇਹ ਘਟਨਾ ਉਸ ਸਮੇ ਹੋਈ ਜਦੋਂ ਪੁਲਿਸ ਅਫਸਰ ਟੇਟ ਰੀਯੂਮ (20) ਨਾਮੀ ਸ਼ੱਕੀ ਚੋਰ ਦੇ ਟਰੱਕ ਦਾ ਪਿੱਛਾ ਕਰ ਰਹੇ ਸਨ। ਪੁਲਿਸ ਅਨੁਸਾਰ ਸਬੂਤਾਂ ਤੋਂ ਪਤਾ ਲੱਗਦਾ ਹੈ ਕਿ ਰੀਯੂਮ ਦਾ ਟਰੱਕ ਸੈਂਟਰ ਲਾਈਨ ਪਾਰ ਕਰਕੇ ਰੁਟਲੈਂਡ ਸਿਟੀ ਪੁਲਿਸ ਅਫਸਰਾਂ ਦੀਆਂ ਕਰੂਜਰ ਬਾਈਕਾਂ ਨਾਲ ਟਕਰਾ ਗਿਆ ਜਿਸ ਨਾਲ ਪੁਲਿਸ ਅਫਸਰ ਜੈਸੀਕਾ ਐਬੀਘੌਸਨ (19) ਦੀ ਮੌਤ ਹੋ ਗਈ ਤੇ 2 ਹੋਰ ਪੁਲਿਸ ਅਫਸਰ ਜਖਮੀ ਹੋ ਗਏ। ਜੈਸੀਕਾ ਐਬੀਘੌਸਨ ਨੂੰ ਮੌਕੇ ਉਪਰ ਹੀ ਮ੍ਰਿਤਕ ਐਲਾਨ ਦਿੱਤਾ ਗਿਆ ਜਦ ਕਿ ਜਖਮੀ ਪੁਲਿਸ ਅਫਸਰਾਂ ਨੂੰ ਰੁਟਲੈਂਡ ਰੀਜਨਲ ਮੈਡੀਕਲ ਸੈਂਟਰ ਵਿਚ ਦਾਖਲ ਕਰਵਾਇਆ ਗਿਆ ਹੈ ਜਿਥੇ ਉਨਾਂ ਦੀ ਹਾਲਤ ਸਥਿਰ ਦੱਸੀ ਜਾਂਦੀ ਹੈ। ਜਖਮੀ ਰੀਯੂਮ ਜਿਸ ਉਪਰ ਸ਼ੱਕ ਹੈ ਕਿ ਉਸ ਨੇ ਇਕ ਘਰ ਵਿਚ ਚੋਰੀ ਕਰਨ ਦੀ ਕੋਸ਼ਿਸ਼ ਕੀਤੀ ਹੈ, ਨੂੰ ਵੀ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਪੁਲਿਸ ਨੇ ਕਿਹਾ ਹੈ ਕਿ ਉਹ ਘਟਨਾ ਦੀ ਜਾਂਚ ਕਰ ਰਹੀ ਹੈ ਤੇ ਸੰਭਾਵੀ ਦੋਸ਼ ਆਇਦ ਕਰਨ ਲਈ ਰੁਟਲੈਂਡ ਕਾਊਂਟੀ ਸਟੇਟ ਦੇ ਅਟਾਰਨੀ ਜਨਰਲ ਨਾਲ ਮਿਲ ਕੇ ਕੰਮ ਕਰ ਰਹੀ ਹੈ।

# ਅਮਰੀਕਾ ਦੇ ਟੈਕਸਾਸ ਰਾਜ ਵਿਚ ਪਟਾਕਾ ਫੈਕਟਰੀ ਵਿਚ ਧਮਾਕਾ, 1 ਮੌਤ 4 ਜ਼ਖਮੀ

**ਸੈਕਰਾਮੈਂਟੋ, ਕੈਲੀਫੋਰਨੀਆ–**ਉੱਤਰ ਪੂਰਬੀ ਟੈਕਸਾਸ ਵਿਚ ਆਤਸ਼ਬਾਜ਼ੀ ਬਣਾਉਣ ਵਾਲੀ ਇਕ ਫੈਕਟਰੀ ਵਿਚ ਹੋਏ ਜਬਰਦਸਤ ਧਮਾਕੇ ਵਿਚ ਇਕ ਵਿਅਕਤੀ ਦੇ ਮਾਰੇ ਜਾਣ ਤੇ 4 ਹੋਰਨਾਂ ਦੇ ਜ਼ਖਮੀ ਹੋ ਜਾਣ ਦੀ ਖਬਰ ਹੈ। ਅਪਸ਼ੁਰ ਕਾਊਂਟੀ ਸ਼ੈਰਿਫ ਦਫਤਰ ਵੱਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ ਸਵੇਰੇ 10.30 ਵਜੇ ਦੇ ਆਸ ਪਾਸ ਗਲਿਮਰ ਸ਼ਹਿਰ ਦੀ ਇਕ ਪਟਾਕਾ ਫੈਕਟਰੀ ਵਿਚ ਵੱਡੀ ਪੱਧਰ 'ਤੇ ਅੱਗ ਲੱਗਣ ਦੀ ਸੂਚਨੀ ਮਿਲੀ। ਪ੍ਰੈਸ ਬਿਆਨ ਅਨੁਸਾਰ ਅੱਗ ਅਚਾਨਕ ਹੋਏ ਧਮਾਕੇ ਕਾਰਨ ਲੱਗੀ। ਇਕ ਵਿਅਕਤੀ ਦੀ ਮੌਤ ਘਟਨਾ ਸਥਾਨ 'ਤੇ ਹੀ ਹੋ ਗਈ ਜਦ ਕਿ 4 ਜ਼ਖਮੀਆਂ ਨੂੰ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਪੁਲਿਸ ਨੇ ਮਾਰੇ ਗਏ ਤੇ ਜਖਮੀ ਹੋਏ ਵਿਅਕਤੀਆਂ ਦੇ ਨਾਂ ਜਾਰੀ ਨਹੀਂ ਕੀਤੇ ਹਨ। ਪੁਲਿਸ ਨੇ ਕਿਹਾ ਹੈ ਕਿ ਘਟਨਾ ਪਿੱਛੇ ਕੋਈ ਸਾਜਿਸ਼ ਨਜਰ ਨਹੀਂ ਆ ਰਹੀ ਤੇ ਮੁੱਢਲੀਆਂ ਰਿਪੋਰਟਾਂ ਅਨੁਸਾਰ ਪਟਾਕੇ ਬਣਾਉਣ ਦਾ ਕੰਮ ਚੱਲ ਰਿਹਾ ਸੀ ਜਦੋਂ ਅਚਾਨਕ ਹੋਏ ਧਮਾਕੇ ਉਪਰੰਤ ਅੱਗ ਲੱਗ ਗਈ। ਟੈਕਸਾਸ ਸਟੇਟ ਫਾਇਰ ਮਾਰਸ਼ਲ ਦਫਤਰ ਤੇ ਬਿਊਰੋ ਆਫ ਅਲਕੋਹਲ, ਫਾਇਰਆਰਮਜ਼ ਐਂਡ ਐਕਸਪਲੋਸਿਵਜ ਘਟਨਾ ਦੀ ਜਾਂਚ ਕਰ ਰਹੇ ਹਨ।

# ਅਮਰੀਕਾ ਦੇ ਵਾਈਟ ਹਾਊਸ ਵਿਚੋਂ ਕੁਕੀਨ ਬਰਾਮਦ

**ਸੈਕਰਾਮੈਂਟੋ, ਕੈਲੀਫੋਰਨੀਆ–**ਅਮਰੀਕਾ ਦੇ ਸੀਕਰਟ ਸਰਵਿਸ ਏਜੰਟਾਂ ਵੱਲੋਂ ਵਾਈਟ ਹਾਊਸ ਵਿਚੋਂ ਕੁਕੀਨ ਬਰਾਮਦ ਕਰਨ ਦੀ ਖਬਰ ਹੈ। ਸੀਕਰਟ ਸਰਵਿਸ ਅਨੁਸਾਰ ਕੁਕੀਨ ਵਾਈਟ ਹਾਊਸ ਦੀ ਵੈਸਟ ਵਿੰਗ ਲਾਬੀ ਵਿਚੋਂ ਬਰਾਮਦ ਹੋਈ ਹੈ ਜਿਥੇ ਸੈਲਾਨੀ ਵਾਈਟ ਹਾਊਸ ਦਾ ਨਿੱਜੀ ਦੌਰਾ ਸ਼ੁਰੂ ਕਰਨ ਤੋਂ ਪਹਿਲਾਂ ਦਾਖਲ ਹੁੰਦੇ ਹਨ। ਵਾਈਟ ਹਾਊਸ ਵਿਚ ਕੁਕੀਨ ਕਿਸ ਤਰਾਂ ਆਈ ਜਾਂ ਕੌਣ ਲੈ ਕੇ ਆਇਆ ਹੈ, ਇਸ ਬਾਰੇ ਸੀਕਰਟ ਸਰਵਿਸ ਦੇ ਅਧਿਕਾਰੀ ਡੂੰਘਾਈ ਨਾਲ ਜਾਂਚ ਕਰ ਰਹੇ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਸੰਦੇਹ ਪੂਰਨ ਚਿੱਟਾ ਪਾਊਡਰ ਮਿਲਣ ਉਪਰੰਤ ਟੈਸਟ ਕੀਤਾ ਗਿਆ ਜਿਸ ਵਿਚ ਪਤਾ ਲੱਗਾ ਕਿ ਇਹ ਕੁਕੀਨ ਹੈ। ਕੁਕੀਨ ਮਿਲਣ ਉਪਰੰਤ ਵਾਈਟ ਹਾਊਸ ਨੂੰ ਇਹਤਿਆਤ ਵਜੋਂ ਖਾਲੀ ਕਰਵਾ ਲਿਆ ਗਿਆ। ਸੀਕਰਟ ਸਰਵਿਸ ਦੇ ਬੁਲਾਰੇ ਐਨਥਨੀ ਗੁਗਲੀਮੀ ਨੇ ਵੈਸਟ ਵਿੰਗ ਲਾਬੀ ਜੋ ਸੈਲਾਨੀਆਂ ਲਈ ਰੀਸੈਪਸ਼ਨ ਕਮਰੇ ਦਾ ਕੰਮ ਕਰਦੀ ਹੈ, ਵਿਚੋਂ ਕੁਕੀਨ ਮਿਲਣ ਦੀ ਪੁਸ਼ਟੀ ਕੀਤੀ ਹੈ। ਜਿਸ ਸਮੇ ਇਹ ਕੁਕੀਨ ਮਿਲੀ ਉਸ ਸਮੇ ਰਾਸ਼ਟਰਪਤੀ ਜੋ ਬਾਈਡਨ ਵਾਈਟ ਹਾਊਸ ਵਿਚ ਨਹੀਂ ਸਨ। ਬਾਅਦ ਵਿਚ ਇਕ ਮੀਟਿੰਗ ਤੋਂ ਪਹਿਲਾਂ ਰਾਸ਼ਟਰਪਤੀ ਕੋਲੋਂ ਇਕ ਪੱਤਰਕਾਰ ਵੱਲੋਂ ਕੁਕੀਨ ਬਰਾਮਦ ਹੋਣ ਬਾਰੇ ਪੁੱਛੇ ਗਏ ਸਵਾਲ ਦਾ ਉਨਾਂ ਨੇ ਕੋਈ ਜਵਾਬ ਨਹੀਂ ਦਿੱਤਾ।

# ਟੈਸਲਾ ਕਾਰਾਂ ਨੂੰ ਹੀ ਅੱਗਾਂ ਕਿਉਂ ਲੱਗਦੀਆਂ ਨੇ..?

ਟੈਸਲਾ ਕਾਰ ਜਿਹੜੀ ਕਿ ਇੱਕ ਬੈਟਰੀਆਂ ਤੇ ਚੱਲਣ ਵਾਲੀ ਬੜੀ ਹਰਮਨ ਪਿਆਰੀ ਕਾਰ ਹੈ। ਪਰ ਜਿਸ ਤਰੀਕੇ ਨਾਲ ਪਿਛਲੇ ਕੁਝ ਸਮੇਂ ਦੌਰਾਨ ਇਹ ਕਾਰਾ ਅੱਗ ਦੇ ਗੋਲੇ ਬਣ ਰਹੀਆਂ ਹਨ, ਇਹ ਸਾਰੇ ਇਲੈਕਟ੍ਰਕ ਕਾਰ ਲਵਰਜ਼ ਲਈ ਇੱਕ ਚਿੰਤਾ ਦਾ ਵਿਸ਼ਾ ਜ਼ਰੂਰ ਬਣਿਆ ਹੋਇਆ ਹੈ। ਪਿਛਲੇ ਦਿਨੀਂ ਬੇਏਰੀਏ ਦੇ ਸ਼ਹਿਰ ਸੈਂਟਾਕਲਾਰਾ ਵਿਖੇ ਇੱਕ ਸੜਕ ਤੇ ਜਾ ਰਹੀ ਟੈਸਲਾ ਕਾਰ ਨੂੰ ਅਚਾਨਕ ਅੱਗ ਲੱਗ ਗਈ, ਜਿਸ ਵਿੱਚੋਂ ਬਾਰਾਂ ਸਾਲ ਦੀ ਬੱਚੀ ਤੇ ਉਸਦੀ ਮਾਤਾ ਮਸਾਂ ਹੀ ਬਚਕੇ ਬਾਹਰ ਨਿਕਲੀਆ। ਜਾਣਕਾਰੀ ਮੁਤਾਬਕ ਜਦੋਂ ਕਾਰ ਸੜਕ ਤੇ ਜਾ ਰਹੀ ਸੀ ਤਾਂ ਅਚਾਨਕ ਕਾਰ ਵਿੱਚੋਂ ਅਜੀਬ ਜਿਹੀ ਅਵਾਜ ਆਉਣ ਲੱਗੀ, ਅਤੇ ਕਾਰ ਵਿੱਚੋਂ ਇੱਕ ਵੱਖਰੀ ਜਿਹੀ ਸਮਿੱਲ ਆਉਣ ਲੱਗੀ। ਮਾਂਵਾਂ ਧੀਆਂ ਨੇ ਗੱਡੀ ਰੋਕੀ ਅਤੇ ਗੱਡੀ ਵਿੱਚੋਂ ਬਾਹਰ ਉੱਤਰਕੇ ਗੱਡੀ ਚਿੱਕ ਕਰਨ ਲਗੀਆਂ, ਜਲਦੀ ਹੀ ਗੱਡੀ ਨੂੰ ਅੱਗ ਲੱਗ ਗਈ ਅਤੇ ਸਕਿੰਟਾਂ ਵਿੱਚ ਟੈਸਲਾ ਕਾਰ ਸੜਕੇ ਸਵਾਹ ਹੋ ਗਈ। ਇਸੇ ਤਰਾਂ ਦੀ ਇੱਕ ਘਟਨਾ ਸੈਕਰਮੈਂਟੋ ਦੇ ਭੈਣ-ਭਰਾ ਨਾਲ ਹਾਈਵੇਅ 99 ਤੇ ਵਾਪਰੀ, ਤੇ ਓਹ ਵੀ ਵਾਲ ਵਾਲ ਬਚ ਗਏ, ਉਸ ਕਾਰ ਦੀਆਂ ਬੈਟਰੀਆਂ ਵਿੱਚ ਪੈਂਦੇ ਧਮਾਕਿਆਂ ਅਤੇ ਅੱਗ ਦੀਆਂ ਲਪਟਾਂ ਵਿੱਚ ਘਿਰੀ ਕਾਰ ਦੀ ਵੀਡੀਓ ਸ਼ੋਸ਼ਲ ਮੀਡੀਏ ਤੇ ਬੜੀ ਵਾਇਰਲ ਹੋਈ ਸੀ। ਇਸੇ ਤਰੀਕੇ ਪਿੱਛੇ ਜਿਹੇ ਇੱਕ ਘਟਨਾਂ ਟੈਕਸਾਸ ਦੇ ਆਸਟਿਨ ਸ਼ਹਿਰ ਵਿੱਚ ਵਾਪਰੀ ਜਿੱਥੇ ਇੱਕ ਟੈਸਲਾ ਕਾਰ ਇੱਕ ਖੰਭੇ ਨਾਲ ਟਕਰਾਉਣ ਤੋਂ ਬਾਅਦ ਸੜਕੇ ਸਵਾਹ ਹੋ ਗਈ, ਲੱਕਲੀ ਟੀਨਏਜਰ ਬੁਆਏ ਬਚ ਗਿਆ ਸੀ। ਇਸ ਕਾਰ ਦੀ ਅੱਗ ਬਚਾਉਣ ਲਈ ਚਾਰ ਫਾਇਰ ਇੰਜਣਾਂ ਨੇ ਤਕਰੀਬਨ 45 ਮਿੰਟ ਜਦੋ ਜਹਿਦ ਕੀਤੀ। ਪਰ ਟੈਸਲਾ ਕਾਰਾਂ ਨੂੰ ਅੱਗ ਲੱਗਣ ਦਾ ਕਿੱਸਾ ਏਥੇ ਖਤਮ ਨਹੀ ਹੋਇਆ, ਕੁਝ ਦਿਨ ਪਹਿਲਾ ਕੈਲੀਫੋਰਨੀਆ ਦੇ ਟਰੇਸੀ ਸ਼ਹਿਰ ਵਿੱਚ ਇੱਕ ਟੈਸਲਾ ਕਾਰ ਦੁਰਘਟਨਾਂ ਉਪਰੰਤ ਅੱਗ ਫੜ ਗਈ, ਅਤੇ ਇਸ ਵਿੱਚ ਸਵਾਰ ਅਰਵਿੰਦ ਰਾਮ ਅਤੇ ਅਮਰੀਕ ਸਿੰਘ ਪਹਿਲਾਂ ਵਾਲੇ ਪੀੜਤਾਂ ਜਿੰਨੇ ਲੱਕੀ ਨਹੀ ਸਨ, ਅਤੇ ਟੈਸਲਾ ਕਾਰ ਦੀ ਅੱਗ ਵਿੱਚ ਸੜਕੇ ਦੋਵੇਂ ਨੌਜਵਾਨ ਮੌਤ ਦੇ ਮੂੰਹ ਜਾ ਪਏ। ਸਵ. ਅਮਰੀਕ ਸਿੰਘ ਜਿਹੜਾ ਕਿ ਪੰਜਾਬ ਦੇ ਜ਼ਿਲ੍ਹੇ ਮੁਕਤਸਰ ਸਹਿਬ ਦੇ ਪਿੰਡ ਵਾਂਦਰ ਜਟਾਣਾ ਨੂੰ ਬਲੌਂਗ ਕਰਦਾ ਸੀ। ਇਹ ਪੈਂਤੀ ਸਾਲਾ ਚੋਬਰ ਮਾਪਿਆ ਦਾ ਹੋਰਹਾਰ ਇਕਲੌਤਾ ਪੁੱਤ ਸੀ 'ਤੇ ਕਿੱਤੇ ਦੇ ਤੌਰ ਤੇ ਇੰਜਨੀਅਰ ਸੀ। ਪੰਜਾਬ ਤੋਂ ਇਸ ਨੌਜਵਾਨ ਨੇ ਭਾਈ ਮਹਾਂ ਸਿੰਘ ਕਾਲਜ ਮੁਕਤਸਰ ਸਹਿਬ ਤੋਂ ਇੰਜਨੀਅਰਿੰਗ ਕੀਤੀ ਹੋਈ ਸੀ, ਅਤੇ ਅਮਰੀਕਾ ਵਿੱਚ ਨਾਮੀ ਬੈਂਕ ਵੈਲਸਫਾਰਗੋ ਵਿੱਚ ਬਤੌਰ ਸੀਨੀਅਰ ਵਿਬ-ਡਵੈਲਪਰ ਸੇਵਾਵਾ ਨਿਭਾ ਰਿਹਾ ਸੀ। ਇਹ ਨੌਜਵਾਨ ਸਿਟੀ ਆਫ ਟਰੇਸੀ ਦੀ ਰਾਜਨੀਤੀ ਵਿੱਚ ਵੀ ਕਾਫੀ ਸਰਗਰਮ ਰਹਿੰਦਾ ਸੀ। ਹਸਮੁਖ ਸੁਭਾਅ ਦਾ ਮਾਲਕ ਸਵ. ਅਮਰੀਕ ਸਿੰਘ ਹਰ ਵਕਤ ਨਿਸਕਾਮ ਸੇਵਾ ਜ਼ਰੀਏ ਭਾਈਚਾਰੇ ਦੇ ਕੰਮ ਆਉਣ ਨੂੰ ਤੱਤਪਰ ਰਹਿੰਦਾ ਸੀ। ਰੀਅਲ ਸਟੇਟ ਦਾ ਲਾਇਸੰਸ ਹੋਣ ਦੇ ਬਾਵਜੂਦ ਇਹ ਧੰਦਾ ਉਸਨੇ ਇਸ ਲਈ ਨਹੀਂ ਅਪਣਾਇਆ ਕਿ ਕੱਲ ਨੂੰ ਕੋਈ ਉਸਨੂੰ ਇਹ ਨਾ ਕਹਿ ਸਕੇ ਕਿ ਇਸ ਧੰਦੇ ਦਾ ਲਾਹਾ ਇਸਨੇ ਆਪਣੇ ਰਾਜਨੀਤਕ ਜੀਵਨ ਨੂੰ ਸਫਲ ਬਣਾਉਣ ਲਈ ਲਿਆ। ਇਸ ਨੌਜਵਾਨ ਦਾ ਸੁਪਨਾ ਸੀ ਕਿ ਟਰੇਸੀ ਸ਼ਹਿਰ ਵਿੱਚ ਕੈਲ ਸਟੇਟ ਯੂਨੀਵਰਸਿਟੀ ਆਵੇ 'ਤਾਂ ਜੋ ਟਰੇਸੀ ਸ਼ਹਿਰ ਅਤੇ ਆਸ ਪਾਸ ਦੇ ਬੱਚਿਆਂ ਨੂੰ ਹਾਇਅਰ ਐਜੂਕੇਸ਼ਨ ਲਈ ਦੂਰ ਦੁਰਾਡੇ ਨਾ ਜਾਣਾ ਪਵੇ। ਪਰ ਰੱਬ ਨੂੰ ਕੁਝ ਹੋਰ ਹੀ ਮਨਜ਼ੂਰ ਸੀ, ਜਦੋ ਇਹ ਆਪਣੇ ਦੋਸਤ ਅਰਵਿੰਦ ਰਾਮ ਨਾਲ ਉਸਦੀ ਨਵੀ ਖ਼ਰੀਦੀ ਟੈਸਲਾ ਕਾਰ ਵਿੱਚ ਜਾ ਰਿਹਾ ਸੀ ਤਾਂ ਇੱਕ ਦੁਰਘਟਨਾਂ ਤੋਂ ਬਾਅਦ ਕਾਰ ਨੂੰ ਅੱਗ ਲੱਗ ਗਈ ਅਤੇ ਸਕਿੰਟਾਂ ਵਿੱਚ ਹੀ ਕਾਰ ਸੜਕੇ ਸਵਾਹ ਹੋ ਗਈ, ਅਤੇ ਦੋਵੇਂ ਨੌਜਵਾਨ ਕਾਰ ਦੇ ਵਿੱਚੇ ਸੜਕੇ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ।



ਟੈਸਲਾ ਕਾਰ ਬੈਟਰੀਆਂ ਤੇ ਚੱਲਦੀ ਹੈ, ਇਸ ਦੇ ਬੈਟਰੀ ਸਿਸਟਮ ਨੂੰ ਸਮਝਣਾ ਹੋਵੇ ਤਾਂ ਇਉਂ ਕਹਿ ਲਓ ਇੱਕ ਇਲੈਕਟ੍ਰਿਕ ਵਾਹਨ, ਬੈਟਰੀ ਪੈਕ ਹਜ਼ਾਰਾਂ ਛੋਟੇ ਲਿਥੀਅਮ-ਆਇਨ ਸੈੱਲਾਂ ਦਾ ਬਣਿਆ ਹੁੰਦਾ ਹੈ। ਇੱਕ ਸਿੰਗਲ ਸੈੱਲ ਇੱਕ ਥੈਲੀ ਜਾਂ ਸਿਲੰਡਰ ਵਰਗਾ ਦਿਖਾਈ ਦਿੰਦਾ ਹੈ, ਅਤੇ ਉਹ ਰਸਾਇਣਕ ਹਿੱਸਿਆਂ ਨਾਲ ਭਰਿਆ ਹੁੰਦਾ ਹੈ ਜੋ ਬੈਟਰੀ ਨੂੰ ਊਰਜਾ ਸਟੋਰ ਕਰਨ ਦੇ ਯੋਗ ਬਣਾਉਂਦੇ ਹਨ। ਇੱਕ ਐਨੋਡ, ਇੱਕ ਕੈਥੋਡ, ਅਤੇ ਇੱਕ ਤਰਲ ਇਲੈਕਟ੍ਰੋਲਾਈਟ ਸੈੱਲਾਂ ਨੂੰ ਇੱਕ ਬੈਟਰੀ ਪੈਕ ਵਿੱਚ ਇਕੱਠਾ ਕੀਤਾ ਜਾਂਦਾ ਹੈ, ਜੋ ਕਿ ਬਹੁਤ ਮਜ਼ਬੂਤ ਸਮੱਗਰੀ, ਜਿਵੇਂ ਕਿ ਟਾਈਟੇਨੀਅਮ ਵਿੱਚ ਘਿਰਿਆ ਹੁੰਦਾ ਹੈ, ਅਤੇ ਉਸ ਬੈਟਰੀ ਪੈਕ ਨੂੰ ਆਮ ਤੌਰ 'ਤੇ ਵਾਹਨ ਦੇ ਅੰਡਰਕੈਰੇਜ ਨਾਲ ਜੋੜਿਆ ਜਾਂਦਾ ਹੈ। ਇਸ ਤਰਾਂ ਦੀ ਬਣਤਰ ਬੈਟਰੀ ਨੂੰ ਐਕਸੈਸ ਕਰਨਾ ਲਗਭਗ ਅਸੰਭਵ ਕਰ ਦਿੰਦੀ ਹੈ, ਅਤੇ ਇਸ ਦੀ ਬਣਤਰ ਬੜੀ ਮਜ਼ਬੂਤ ਬਣਾਈ ਜਾਂਦੀ ਹੈ ਤਾਂ ਜੋ ਭਿਆਨਕ ਐਕਸੀਡੈਂਟਾ ਦੌਰਾਨ ਵੀ ਬੈਟਰੀਆਂ ਸੁਰੱਖਿਅਤ ਰਹਿਣ, ਪਰ ਐਨੀ ਮਜ਼ਬੂਤੀ ਦੇ ਬਾਵਜੂਦ ਵਾਰ ਵਾਰ ਅੱਗ ਲੱਗਣ ਦੀਆਂ ਘਟਨਾਵਾਂ ਟੈਸਲਾ ਦੇ ਡਿਜ਼ਾਈਨ ਤੇ ਸਵਾਲੀਆ ਚਿੰਨ ਜ਼ਰੂਰ ਲਾਉਂਦੀਆਂ ਨੇ..? ਟਰੇਸੀ ਵਾਲੇ ਐਕਸੀਡੈਂਟ ਦੌਰਾਨ ਜਿੱਥੇ ਮਾਪਿਆ ਨੇ ਆਪਣੇ ਲਾਡਲੇ ਬੇਟੇ ਅਮਰੀਕ ਸਿੰਘ ਨੂੰ ਖੋਇਆ, ਓਥੇ ਕਮਿਊਨਟੀ ਇੱਕ ਚੰਗੀ ਸੋਚ ਰੱਖਣ ਵਾਲੇ ਲੀਡਰ ਤੋਂ ਸੱਖਣੀ ਹੋ ਗਈ। ਪ੍ਰਮਾਤਮਾ ਸਵ. ਅਮਰੀਕ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ।

**ਪੱਤਰਕਾਰ-**

**ਗੁਰਿੰਦਰਜੀਤ ਸਿੰਘ ਨੀਟਾ ਮਾਛੀਕੇ**

# ਸਾਹਿਲ ਜਾਡਲਾ ਨੇ ਕਨੇਡਾ ਵਿੱਚ ਪੰਜਾਬ ਦਾ ਨਾਮ ਰੌਸ਼ਨ ਕੀਤਾ

## ਓਪਨ ਵੈਨਕੋਵਰ ਬਾਡੀਬਿਲਡਿੰਗ ਮੁਕਾਬਲੇ 'ਚ ਸਿਲਵਰ ਅਤੇ ਕਾਂਸੇ ਦੇ ਮੈਡਲ ਜਿੱਤੇ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)-** ਕਨੇਡਾ ਦੇ ਸ਼ਹਿਰ ਐਬਟਸਫੋਰਡ ਵਿਚ ਸੀ. ਪੀ. ਏ. ਵੈਨਕੋਵਰ ਓਪਨ ਬਾਡੀਬਿਲਡਿੰਗ ਚੈਂਪੀਅਨਸ਼ਿਪ ਐਨ. ਪੀ. ਸੀ. ਵਰਲਡ ਵਾਈਡ, ਕਨੇਡੀਅਨ ਫਾਜਿਕ ਅਲਾਇੰਸ ਅਤੇ ਆਈ. ਐਫ. ਬੀ. ਬੀ. ਦੇ ਸਹਿਯੋਗ ਨਾਲ ਕਰਵਾਈ ਗਈ। ਜਿਸ ਵਿੱਚ ਪੂਰੇ ਕਨੇਡਾ ਤੋਂ ਲੱਗਭਗ 300 ਦੇ ਕਰੀਬ ਬਾਡੀਬਿਲਡਰ ਖਿਡਾਰੀਆ ਨੇ ਹਿੱਸਾ ਲਿਆ। ਸਖ਼ਤ ਮੁਕਾਬਲੇ ਦੌਰਾਨ ਪੰਜਾਬ ਦੇ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਜਾਡਲਾ ਦੇ ਜੰਮਪਲ 20 ਸਾਲਾ ਸਾਹਿਲ ਜਾਡਲਾ ਨੇ ਇਸ ਮੁਕਾਬਲੇ ਦੌਰਾਨ ਬਾਡੀਬਿਲਡਿੰਗ ਮੈਨਫਜਿਕ ਕੈਟਾਗਰੀ ਵਿੱਚੋ ਦੂਸਰਾ ਸਥਾਨ ਹਾਸਲ ਕਰਕੇ ਚਾਂਦੀ ਦਾ ਮੈਡਲ ਅਤੇ ਕਲਾਸਿਕ ਫਜਿਕ ਵਿੱਚੋ ਤੀਸਰਾ ਸਥਾਨ ਹਾਸਲ ਕਰਕੇ ਕਾਂਸੇ ਦੇ ਮੈਡਲ ਤੇ ਕਬਜਾ ਕਰਕੇ ਕਨੇਡਾ ਵਿਚ ਪੰਜਾਬ ਦਾ ਨਾਮ ਰੌਸ਼ਨ ਕੀਤਾ।

ਸਾਹਿਲ ਜਾਡਲਾ ਪੰਜਾਬ ਦਾ ਪਹਿਲਾ ਖਿਡਾਰੀ ਹੈ ਜਿਸ ਨੇ ਇਸ ਕੈਟਾਗਰੀ ਵਿਚ ਜਿੱਤ ਹਾਸਿਲ ਕੀਤੀ ਹੈ। ਸਾਹਿਲ ਜਾਡਲਾ ਨੇ ਗੱਲਬਾਤ ਦੌਰਾਨ ਦੱਸਿਆ ਕਿ ਇਸ ਜਿੱਤ ਦਾ ਸਿਹਰਾ ਸਖ਼ਤ ਮਿਹਨਤ ਉਸਤਾਦ ਦੀ ਮਿਹਨਤ ਅਤੇ ਮਾਪਿਆ ਦੇ ਸਹਿਯੋਗ ਨੂੰ ਜਾਂਦਾ ਹੈ।



ਜਾਡਲਾ ਨੇ ਦਸਿਆ ਕਿ 2022 ਵਿੱਚ ਕਨੇਡਾ ਆਪਣੀ ਪੜਾਈ ਪੂਰੀ ਕਰਨ ਆਇਆ ਹੈ। ਸਾਹਿਲ ਜਾਡਲਾ ਦੀ ਇਸ ਜਿੱਤ ਨਾਲ ਇਲਾਕੇ ਵਿੱਚ ਖੁਸ਼ੀ ਦੀ ਲਹਿਰ ਹੈ। ਇਸ ਮੌਕੇ ਤੇ ਸਾਹਿਲ ਦੇ ਪਿਤਾ ਭਲਵਾਨ ਭੁਪਿੰਦਰ ਪਾਲ ਸਿੰਘ ਜਾਡਲਾ ਅਤੇ ਮਾਤਾ ਜੈਸਮੀਨ ਕੌਰ ਨੂੰ ਇਲਾਕੇ ਦੀਆ ਪ੍ਰਮੁੱਖ ਸ਼ਖਸ਼ੀਅਤਾ ਜਿਨਾ ਵਿੱਚ ਸਾਬਕਾ ਮੰਤਰੀ ਹੀਰਾ ਸਿੰਘ ਗਾਬੜੀਆ, ਸਾਬਕਾ ਮੰਤਰੀ ਸੋਹਣ ਸਿੰਘ ਠੰਡਲ, ਚੇਅਰਮੈਨ ਜਿਲਾ ਯੋਜਨਾ ਬੋਰਡ ਸਤਨਾਮ ਸਿੰਘ ਜਲਾਲਪੁਰ, ਐਸ ਪੀ ਗੁਰਮੀਤ ਕੌਰ ਚਾਹਲ, ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਜਰਨੈਲ ਸਿੰਘ ਵਾਹਿਦ, ਐਮ ਐਲ ਏ ਡਾ ਸੁਖਵਿੰਦਰ ਕੁਮਾਰ ਸੁੱਖੀ, ਐਮ ਐਲ ਏ ਨਛੱਤਰ ਪਾਲ ਰਾਹੋਂ, ਸਾਬਕਾ ਐਮ ਐਲ ਏ ਅੰਗਦ ਸਿੰਘ ਸੈਣੀ, ਸਾਬਕਾ ਐਸ ਐਸ ਪੀ ਅਸ਼ੋਕ ਕੁਮਾਰ ਬਾਠ, ਸੁਨੀਤਾ ਚੌਧਰੀ, ਚੇਅਰਮੈਨ ਸਤਨਾਮ ਸਿੰਘ ਜਲਵਾਹਾ, ਕੁਲਵਿੰਦਰ ਪਾਲ ਸਿੰਗਲਾ, ਐਸ ਜੀ ਪੀ ਸੀ ਮੈਂਬਰ ਗੁਰਬਖਸ਼ ਸਿੰਘ ਖਾਲਸਾ, ਜੋਬਨ ਸਿੰਘ ਮੀਰਪੁਰ , ਰਾਣਾ ਕੁਲਦੀਪ ਸਿੰਘ ਜਾਡਲਾ, ਸਰਪੰਚ ਰਾਜਿੰਦਰ ਸਿੰਘ ਜਾਡਲਾ, ਰਾਣਾ ਸਤੀਸ਼ ਕੁਮਾਰ ਜਾਡਲਾ, ਕਾਮਰੇਡ ਬਲਬੀਰ ਸਿੰਘ ਜਾਡਲਾ, ਸ਼ਮਸ਼ੇਰ ਸਿੰਘ ਜਾਡਲਾ ਨੇ ਵਧਾਈਆ ਦੇ ਕੇ ਖੁਸ਼ੀ ਜ਼ਾਹਿਰ ਕੀਤੀ।

## ਕਰਜ਼ਾ ਮੁਆਫੀ

ਪਿਛਲੇ ਸਮਿਆਂ 'ਚ ਅਕਸਰ ਸਰਕਾਰਾਂ ਕਿਸਾਨਾਂ ਦੇ ਕਰਜ਼ੇ ਮੁਆਫ ਕਰਦੀਆਂ ਰਹੀਆਂ ਹਨ । ਸੁਖਦੇਵ ਸਿੰਘ ਸਰਕਾਰੀ ਨੌਕਰੀ ਤੋਂ ਸੇਵਾ ਮੁਕਤ ਹੋ ਚੁਕਿਆ ਸੀ । ਉਸ ਕੋਲ ਪਿੰਡ ਹਿੱਸੇ ਆਈ ਜਮੀਨ ਵੀ ਕੋਈ ਬਹੁਤੀ ਜ਼ਿਆਦਾ ਨਹੀਂ ਸੀ । ਉਸ ਦੇ ਦੋ ਬੇਟੇ ਸਨ। ਉਹ ਵਾਹਵਾ ਖਰਚੀਲੇ ਸਨ ਜਿਨ੍ਹਾਂ ਨੂੰ ਉਨ੍ਹਾਂ ਦੀ ਮੰਮੀ ਦੀ ਸਪੋਟ ਸੀ। ਹੁਣ ਮੰਮੀ ਉਨ੍ਹਾਂ ਨੂੰ ਕਰਜ਼ਾ ਦਿਵਾਉਣਾ ਚਾਹੁੰਦੀ ਸੀ ਕਿਉਂ ਕਿ ਸਰੀਕੇ ਵਾਲਿਆਂ ਦਾ ਲਿਆ ਕਰਜ਼ਾ ਮੁਆਫ ਹੋ ਗਿਆ ਸੀ। ਉਸ ਨੇ ਆਪਣੇ ਪਤੀ ਨੂੰ ਆਪਣੇ ਮਨ ਦੀ ਬਾਤ ਦੱਸੀ ਅਤੇ ਬੜੀ ਉਸਾਰੂ ਸੋਚ ਨਾਲ ਬੇਟਿਆਂ ਦੇ ਨਾਂ ਜ਼ਮੀਨ ਲਗਵਾਉਣ ਦੀ ਰਟ ਲਗਾਉਣੀ ਸ਼ੁਰੂ ਕਰ ਦਿੱਤੀ ਤਾਂ ਕਿ ਉਹ ਆਪਣਾ ਕਰਜ਼ਾ ਲੈ ਕੇ ਸਰਕਾਰ ਪਾਸੋਂ ਮੁਆਫ ਕਰਵਾ ਸਕਣ।

ਕਰਜ਼ੇ ਮੁਆਫ ਦੀ ਆਸ ਨਾਲ ਇਸੇ ਤਰ੍ਹਾਂ ਦੀਆਂ ਸਰਕਾਰ ਦੀਆਂ ਹੋਰ ਕਈ ਸਕੀਮਾਂ ਹਨ ਜੋ ਲੋਕਾਂ ਅੰਦਰ ਨਵੀਂ ਗਲਤ ਸੋਚ ਪੈਦਾ ਕਰ ਰਹੀਆਂ ਹਨ ।ਮਾਂ ਨੇ ਆਪਣੇ ਬੇਟਿਆਂ ਨੂੰ ਕੋਈ ਕੰਮ ਕਰਨ ਲਈ ਉਤਸਾਹਿਤ ਕਰਨ ਦੀ ਬਜਾਇ ਉਨ੍ਹਾਂ ਨੂੰ ਮੁਫਤਖੋਰ ਬਣਾਉਣਾ ਚੰਗਾ ਸਮਝਿਆ ।ਇਹੋ ਜਿਹੀ ਨਵੀਂ ਸੋਚ ਨੂੰ ਹੁਣ ਕੀ ਕਹੀਏ।

**- ਮੇਜਰ ਸਿੰਘ ਨਾਭਾ, 91-94635-53962**



# ਫਰਿਜ਼ਨੋ ਕੈਲੀਫੋਰਨੀਆ ਯੂਐਸਏ ਸਪੋਰਟਸ ਕਲੱਬ ਵੱਲੋਂ ਕਰਵਾਇਆ ਪਹਿਲਾ ਖੇਡ ਮੇਲਾ ਯਾਦਗਾਰੀ ਹੋ ਨਿਬੜਿਆ


**ਫਰਿਜਨੋ (ਕੈਲੀਫੋਰਨੀਆਂ) (ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ)-** ਲੰਘੇ ਐਂਤਵਾਰ ਫਰਿਜਨੋ ਦੇ ਸ਼ਹੀਦ ਜਸਵੰਤ ਸਿੰਘ ਖਾਲੜਾ ਪਾਰਕ ਵਿੱਚ ਸਥਾਨਿਕ ਫਰਿਜਨੋ ਕੈਲੀਫੋਰਨੀਆ ਯੂਐਸਏ ਸਪੋਰਟਸ ਕਲੱਬ ਵੱਲੋਂ ਪਹਿਲਾ ਕਬੱਡੀ ਕੱਪ ਸ਼ਾਨੋ ਸ਼ੌਕਤ ਨਾਲ ਕਰਵਾਇਆ ਗਿਆ। ਇਸ ਟੂਰਨਾਮੈਂਟ ਵਿੱਚ ਚੋਟੀ ਦੇ ਖਿਡਾਰੀ ਪਹੁੰਚੇ ਹੋਏ ਸਨ। ਇਹਨਾਂ ਮੁਕਾਬਲਿਆਂ ਵਿੱਚ ਜਿੱਥੇ ਚਾਰ ਓਪਨ ਕਬੱਡੀ ਦੀਆਂ ਟੀਮਾਂ ਨੇ ਭਾਗ ਲਿਆ, ਓਥੇ ਹੀ 2 ਅੰਡਰ ਟਵੱਟੀਵੰਨ ਦੀਆਂ ਟੀਮਾਂ ਪਹੁੰਚੀਆਂ ਹੋਈਆ ਸਨ। ਕਬੱਡੀ ਮੁਕਾਬਲਿਆਂ ਤੋਂ ਬਿਨਾਂ ਰੱਸਾਕਸ਼ੀ ਦੇ ਦਿਲਕਸ਼ ਮੁਕਾਬਲੇ ਵੀ ਵੇਖਣ ਨੂੰ ਮਿਲੇ। ਰੱਸਾਕਸ਼ੀ ਵਿੱਚ ਫਰਿਜਨੋ ਦੀ ਟੀਮ ਸਿਲਮਾਂ ਦੀ ਟੀਮ ਨੂੰ ਹਰਾਕੇ ਜੇਤੂ ਰਹੀ। ਅੰਡਰ 21 ਕਬੱਡੀ ਮੈਚਾ ਦੌਰਾਨ, ਫ਼ਾਈਨਲ ਮੈਚ ਬਹੁਤ ਫਸਵਾਂ ਰਿਹਾ ਅਤੇ ਫਰਿਜ਼ਨੋ ਨੇ ਸੈਕਰਾਮੈਂਟੋ ਦੀ ਕਲੱਬ ਨੂੰ 43-30 ਦੇ ਸਕੋਰ ਨਾਲ ਹਰਾਕੇ ਇਹ ਮੈਚ ਜਿੱਤਿਆ। ਕਬੱਡੀ ਓਪਨ ਦੇ ਮੈਚ ਵੇਖਣ ਲਈ ਦਰਸ਼ਕ ਦੂਰ ਦੁਰਾਡੇ ਤੋਂ ਵੱਡੀ ਗਿਣਤੀ ਵਿੱਚ ਪਹੁੰਚੇ ਹੋਏ ਸਨ। ਇਹਨਾਂ ਰੁਮਾਂਚਕ ਮੁਕਾਬਲਿਆਂ ਦੌਰਾਨ ਮੈਨਟੀਕਾ ਦੀ ਟੀਮ ਨੇ ਫਰਿਜਨੋ ਨੂੰ ਮਾਤ ਦਿੰਦਿਆਂ ਫ਼ਾਈਨਲ ਮੈਚ ਸਾਢੇ ਠਾਈ ਦੇ ਮੁਕਾਬਲੇ ਸਤਾਈ ਪੁਆਇੰਟਾਂ ਨਾਲ ਜਿੱਤਕੇ ਕੱਪ ਆਪਣੇ ਨਾਮ ਕੀਤਾ।ਪ੍ਰਬੰਧਕਾਂ ਵੱਲੋਂ ਸਮੂਹ ਟੀਮਾਂ, ਸਪਾਂਸਰ, ਰੈਫਰੀ ਸਹਿਬਾਨ, ਕੁਮੈਂਟੇਟਰਾ ਅਤੇ ਵਲੰਟੀਅਰ ਵੀਰਾ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਗਰਮੀ ਦੀ ਪ੍ਰਵਾਹ ਕੀਤੇ ਬਿਨਾਂ ਟੂਰਨਾਮੈਂਟ ਨੂੰ ਰੌਚਿਕ ਬਣਾਉਣ ਲਈ ਕੁਮੈਂਟੇਟਰ ਸਵਰਨ ਮੱਲਾ ਅਤੇ ਗੁਰਪ੍ਰੀਤ ਪੱਡਾ ਨੇ ਆਪਣੇ ਟੋਟਕਿਆਂ



ਨਾਲ ਖ਼ੂਬ ਰੰਗ ਬੰਨਿਆ। ਪਰਾਈਮ ਟਰੱਕ ਡ੍ਰਾਈਵਿੰਗ ਸਕੂਲ ਵਾਲੇ ਰਛਪਾਲ ਸਿੰਘ ਸਹੋਤਾ ਵੱਲੋਂ ਚਾਹ ਪਕੌੜਿਆ ਦਾ ਲੰਗਰ ਅਤੁੱਟ ਵਰਤਿਆ। ਖਾਲੜਾ ਪਾਰਕ ਵਾਲੇ ਬਾਬਿਆਂ ਦੀ ਕਮੇਟੀ ਨੇ ਗਰਮੀ ਤੋਂ ਰਾਹਤ ਦੇਣ ਲਈ ਸਕੰਦਰ ਸਿੰਘ ਚੀਮਾ ਦੀ ਅਗਵਾਈ ਵਿੱਚ, ਲਾਈ ਰੂਅਫ਼ਜਾ ਅਤੇ ਆਈਸ ਕਰੀਮ ਦੀ ਛਬੀਲ ਖਾਸ ਖਿੱਚ ਦਾ ਕੇਂਦਰ ਰਹੀ। ਗਰੀਨ ਪਾਰਕ ਵਾਲੇ ਹਰਚੰਦ ਦਿਉਲ ਅਤੇ ਤਰਲੋਚਨ ਸਿੰਘ ਨੇ ਲੰਗਰ ਦੀ ਸੇਵਾ ਕੀਤੀ। ਪ੍ਰਬੰਧਕਾਂ ਵੱਲੋਂ ਟੂਰਨਾਮੈਂਟ ਨੂੰ ਅੱਛੇ ਤਰੀਕੇ ਨਾਲ ਨੇਪਰੇ ਚਾੜਨ ਲਈ ਪੁੱਖਤਾ ਪ੍ਰਬੰਧ ਕੀਤੇ ਗਏ। ਟੂਰਨਾਮੈਂਟ ਨੂੰ ਕਾਮਯਾਬ ਬਣਾਉਣ ਦਾ ਸਿਹਰਾ ਸਮੂਹ ਦਰਸ਼ਕ, ਪ੍ਰਬੰਧਕ ਅਤੇ ਸਪਾਂਸਰ ਵੀਰਾ ਸਿਰ ਜਾਂਦਾ ਹੈ। ਇਸ ਟੂਰਨਾਮੈਂਟ ਨੂੰ ਸਿਰੇ ਚਾੜਨ ਲਈ ਕਬੱਡੀ ਪ੍ਰਮੋਟਰ ਨਾਜਰ ਸਿੰਘ ਸਹੋਤਾ, ਖੇਡ ਲੇਖਕ ਅਮਰਜੀਤ ਸਿੰਘ ਦੌਧਰ, ਜੀਤਾ ਜੰਗੀਆਣਾ ਅਤੇ ਕਾਲਾ ਡੋਡ ਨੇ ਅਹਿਮ ਰੋਲ ਅਦਾ ਕੀਤਾ। ਨਾਜਰ ਸਿੰਘ ਸਹੋਤਾ ਨੇ ਟੀਮਾਂ ਨੂੰ ਇੱਕਸਾਰ ਕਰਨ ਬਹੁਤ ਮਿਹਨਤ ਕੀਤੀ। ਕਬੱਡੀ ਓਪਨ ਦਾ ਪਹਿਲਾ ਇਨਾਮ ਜੇ. ਐਸ. ਟੀ. ਟਰੱਰ ਪਰਮਿੰਟਸ ਅਤੇ ਜੇ ਐਸ ਇੰਸੋਰੈਂਸ ਵਾਲੇ ਜਗਦੀਪ ਸਿੰਘ ਨੇ ਦਿੱਤਾ। ਦੂਸਰਾ ਇਨਾਮ ਜੀਡੀ ਟਰੱਕਿੰਗ ਵੱਲੋ ਦਿੱਤਾ ਗਿਆ। ਤੀਸਰਾ ਇਨਾਮ ਜੇ ਐਨ ਟ੍ਰਾਂਸਪੋਰਟ ਵਾਲੇ ਜਸਪਾਲ ਸਿੰਘ ਧਾਲੀਵਾਲ, ਖੁਸ਼ ਧਾਲੀਵਾਲ, ਬਲਪ੍ਰੀਤ ਸਿੰਘ ਅਤੇ ਵੱਲੋ ਦਿੱਤਾ ਗਿਆ। ਅੰਡਰ ਟਵੱਟੀ ਵੰਨ ਦਾ ਪਹਿਲਾ ਇਨਾਮ ਪੀਸੀਏ ਫਰਿਜਨੋ ਵੱਲੋ ਦਿੱਤਾ ਗਿਆ। ਰੱਸਾਕਸ਼ੀ ਦਾ ਪਹਿਲਾ ਇਨਾਮ ਜੱਸੀ ਸਟੋਨ ਟਰੱਕਿੰਗ ਵੱਲੋ ਦਿੱਤਾ ਗਿਆ। ਇਸ ਮੌਕੇ ਸਾਬਕਾ ਕਬੱਡੀ ਖਿਡਾਰੀਆਂ ਬੱਲੀ ਮਹੇੜੂ, ਬਲਵਿੰਦਰ ਭਲਵਾਨ, ਜਰਨੈਲ ਜੈਲਾ ਸਿਲਮਾ, ਰਾਮਾ ਸਮਰਾਲਾ, ਗੀਤਾ ਸੁਖਦੌਲਤ, ਗੁਰਪ੍ਰੀਤ ਬੈਂਸ, ਜੱਸਾ ਭਲਵਾਨ ਮੌਲਾ ਕਦੋਲਾ ਜੱਟਾਂ ਆਦਿ ਪਲੇਅਰਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਰੈਫ਼ਰੀਆਂ ਵਿੱਚ ਦਲਵੀਰ ਚੌਧਰੀ, ਮੰਦਰ ਲੰਡੇਕੇ, ਵੀਰੂ ਵੱਡਾ ਘਰ, ਮੇਸ਼ੀ ਭਲਵਾਨ ਅਤੇ ਕਬੱਡੀ ਕੋਚ ਬਾਬਾ ਨੇ ਸੇਵਾਵਾਂ ਬਾਖ਼ੂਬੀ ਨਿਭਾਈਆਂ। ਵਰਲਡ ਕੱਪ ਦੀਆਂ ਖਿਡਾਰਨਾਂ ਰਾਮ ਬਤੇਰੀ (ਸਮੈਣ ਹਰਿਆਣਾ), ਮੀਨੂੰ (ਜੀਂਦ ਹਰਿਆਣਾ) ਅਤੇ ਸੁੱਖੀ ਲਿੱਦੜਾ ਨੂੰ ਪ੍ਰਬੰਧਕਾਂ ਵੱਲੋਂ ਸਨਮਾਨਤ ਕੀਤਾ ਗਿਆ। ਬਾਕੀ ਮੁਕਾਬਲਿਆ ਦੌਰਾਨ ਓਪਨ ਕਬੱਡੀ ਦਾ ਮੈਚ ਫਰਿਜਨੋ ਅਤੇ ਬੇਕਰਸਫੀਲਡ ਦੀਆਂ ਟੀਮਾਂ ਦਰਮਿਆਨ ਹੋਇਆ ਜਿਹੜਾ ਫਰਿਜਨੋ ਨੇ 35-31 ਦੇ ਫਰਕ ਨਾਲ ਜਿੱਤਿਆ। ਦੂਸਰਾ ਮੈਚ ਮੈਨਟੀਕਾ ਅਤੇ ਯੂਬਾ ਸਿਟੀ ਦਰਮਿਆਨ ਖੇਡਿਆ ਗਿਆ ਜਿਹੜਾ ਮੈਨਟੀਕਾ ਨੇ ਸਾਢੇ ਪੈਂਤੀ ਅਤੇ ਪੈਂਤੀ ਦੇ ਸਕੋਰ ਨਾਲ ਅੱਧੇ ਪੁਆਇੰਟ ਤੇ ਜਿੱਤਿਆ। ਤੀਸਰਾ ਮੈਚ ਫਰਿਜਨੋ ਤੇ ਮੈਨਟੀਕਾ ਦਰਮਿਆਨ ਹੋਇਆ ਜਿਹੜਾ ਫਰਿਜਨੋ ਨੇ 36-30 ਨਾਲ ਜਿੱਤਿਆ। ਚੌਥਾ ਮੈਚ ਬੇਕਰਸਫੀਲ ਅਤੇ ਯੂਬਾ ਸਿਟੀ ਦਰਮਿਆਨ ਖੜਕਿਆ ਤੇ ਜਿਹੜਾ ਯੂਬਾ ਸਿਟੀ ਨੇ 44-34 ਨਾਲ ਜਿੱਤਿਆ ਅਤੇ ਪੰਜਵਾਂ ਤੇ ਫਾਇਨਲ ਮੈਚ ਫਰਿਜਨੋ ਅਤੇ ਮੈਨਟੀਕਾ ਦਰਮਿਆਨ ਹੋਇਆ ਜਿਹੜਾ ਮੈਨਟੀਕਾ ਨੇ ਡੇਢ ਪੁਆਇੰਟ ਤੇ ਜਿੱਤਕੇ ਕੱਪ ਆਪਣੇ ਨਾਮ ਕੀਤਾ। ਇਸ ਟੂਰਨਾਮੈਂਟ ਵਿੱਚ ਜਲੰਧਰ ਦੇ ਸਾਬਕਾ ਐਸ ਐਸਪੀ ਕੁਲਵੰਤ ਸਿੰਘ ਲੰਬੜ ਨੇ ਵਿਸ਼ੇਸ਼ ਸ਼ਿਰਕਕ ਕੀਤੀ।

ਇਸ ਟੂਰਨਾਮੈਂਟ ਲਈ ਜਿਹੜੇ ਸੱਜਣਾਂ ਦਾ ਵਿਸ਼ੇਸ਼ ਯੋਗਦਾਨ ਰਿਹਾ ਉਹਨਾਂ ਦੇ ਨਾਮ ਇਸ ਪ੍ਰਕਾਰ ਹਨ- ਕਮਲ ਭਿੰਡਰ, ਪੀਸੀਏ, ਵਿਸਟ ਕੋਸਟ ਟਰੱਕ ਡ੍ਰਾਈਵਿੰਗ ਸਕੂਲ, ਕਰਮ ਸੰਘਾ, ਸਾਧੂ ਸੰਘਾ, ਮਾਸਟਰ ਪ੍ਰੀਤਮ ਸਿੰਘ ਗਿੱਲ, ਰੂਬੀ ਨਾਮੋਲੀਆ, ਪਾਲੀ ਥਾਂਦੀ, ਜੈਲਾ ਧੂੜਕੋਟ,ਜੁਗਰਾਜ ਸਿੰਘ ਦੌਧਰ, ਖਹਿਰਾ ਟਰੱਕਿੰਗ, ਹਾਕਮ ਸਿੰਘ ਢਿੱਲੋ, ਨਿਰਮਲ ਧਨੌਲਾ, ਪਾਲ ਮਾਹਲ, ਬੌਬੀ ਬਰਾੜ ਤੇ ਸੋਖਾ ਭੰਡਾਲ, ਕਾਲਾ ਚੰਨਣਵਾਲ, ਭਰਪੂਰ ਬਰਾੜ, ਸੁੱਖਾ ਗਿੱਲ, ਮਨਜੀਤ ਕੁਲਾਰ, ਗੁਰਦੇਵ ਸਿੰਘ, ਦਲਕਰਨ ਸੋਢੀ, ਲੱਖੀ ਧਨੋਆ,ਰਾਜਾ ਮੱਲੀ, ਲਵ ਲੁਬਾਣਾ, ਇੰਦੀ ਗਹਿਲਾ, ਨਿੱਕਾ ਡੋਡ, ਗਰਮੀਤ ਵਧਾਤੇ, ਸੁੱਖਾ ਔਗੜ, ਜੱਸੂ ਜੰਗੀਆਣਾ , ਮਨਿੰਦਰ ਜੰਗੀਆਣਾ, ਸੱਤਾ ਫਤਿਹਪੁਰੀਆ, ਗੁਰਿੰਦਰ ਗਹਿਲਾ, ਤਰਨ ਢਿੱਲੋ, ਛਿੰਦਾ ਗਹਿਲਾ, ਦਿਲਬਾਲ ਰਾਊਕੇ, ਦੀਪਾ ਚੰਦ ਪੁਰਾਣੇ, ਚੰਨਾ ਫਰਿਜਨੋ, ਹਰਜੋਤ ਹੇਅਰ ਆਦਿ। ਕਬੱਡੀ ਪ੍ਰੋਮੋਟਰ ਨਾਜਰ ਸਿੰਘ ਸਹੋਤਾ ਅਤੇ ਫਰਿਜਨੋ ਕੈਲੀਫੋਰਨੀਆ ਯੂਐਸਏ ਸਪੋਰਟਸ ਕਲੱਬ ਨੇ ਮੈਕ-ਸੀਕਨ ਮੂਲ ਦੇ ਅਮੈਰਕਿਨ ਕਬੱਡੀ ਖਿਡਾਰੀ ਹਾਸੂਸ ਚਾਵੇਜ ਦੀ ਮੌਤ ਤੇ ਡਾਢੇ ਦੁੱਖ ਦਾ ਪ੍ਰਗਟ ਕੀਤਾ ਤੇ ਕਿਹਾ, ਕਿ ਚਾਵੇਜ ਦੇ ਬੇਵਕਤ ਤੁਰ ਜਾਣ ਨਾਲ ਮਾਂ ਖੇਡ ਕਬੱਡੀ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ, ਅਤੇ ਕਬੱਡੀ ਗਰਾਊਂਡਾਂ ਵਿੱਚ ਉਸਦੀ ਘਾਟ ਹਮੇਸ਼ਾਂ ਰੜਕਦੀ ਰਹੇਗੀ। ਜਿਕਰਯੋਗ ਹੈ ਕਿ ਫਰਿਜਨੋ ਵਾਲੇ ਟੂਰਨਾਮੈਂਟ ਤੇ ਹਾਸੂਸ ਚਾਵੇਜ ਨੇ ਬਹੁਤ ਸੋਹਣੀ ਖੇਡ ਵਿਖਾਈ ਸੀ, ਅਤੇ ਰੱਬ ਨੂੰ ਕੁਝ ਹੋਰ ਹੀ ਮਨਜ਼ੂਰ ਸੀ 'ਤੇ ਇਹ ਟੂਰਨਾਮੈਂਟ ਉਸਦੀ ਜ਼ਿੰਦਗੀ ਦਾ ਆਖਰੀ ਟੂਰਨਾਮੈਂਟ ਹੋ ਨਿੱਬੜਿਆ।

# ਅਮਰੀਕਾ ਦੇ ਕਲੈਵਲੈਂਡ ਸ਼ਹਿਰ ਵਿਚ ਹੋਈ ਗੋਲੀਬਾਰੀ ਵਿੱਚ 9 ਲੋਕ ਜਖਮੀ, ਸ਼ੱਕੀ ਦੋਸ਼ੀ ਫਰਾਰ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**–ਅਮਰੀਕਾ ਦੇ ਉਹੀਓ ਰਾਜ ਦੇ ਸ਼ਹਿਰ ਕਲੈਵਲੈਂਡ ਵਿਚ ਹੋਈ ਗੋਲੀਬਾਰੀ ਵਿਚ 9 ਲੋਕਾਂ ਦੇ ਜਖਮੀ ਹੋਣ ਦੀ ਖਬਰ ਹੈ। ਸਥਾਨਕ ਪੁਲਿਸ ਅਨੁਸਾਰ ਉਸ ਦਾ ਵਿਸ਼ਵਾਸ਼ ਹੈ ਕਿ ਇਕ ਵਿਅਕਤੀ ਨੇ ਲੋਕਾਂ ਦੇ ਸਮੂੰਹ ਉਪਰ ਗੋਲੀਬਾਰੀ ਕੀਤੀ ਹੈ ਤੇ ਉਹ ਗੋਲੀਬਾਰੀ ਕਰਕੇ ਮੌਕੇ ਤੋਂ ਫਰਾਰ ਹੋ ਗਿਆ। ਕਲੈਵਲੈਂਡ ਪੁਲਿਸ ਮੁੱਖੀ ਵੇਨੇ ਡਰੂਮੌਂਡ ਨੇ ਕਿਹਾ ਹੈ ਕਿ ਸ਼ਹਿਰ ਦੇ ਵੇਅਰਹਾਊਸ ਡਿਸਟ੍ਰਿਕਟ ਵਿਚ ਇਕ ਅਣਪਛਾਤੇ ਵਿਅਕਤੀ ਵੱਲੋਂ ਕੀਤੀ ਗੋਲੀਬਾਰੀ ਵਿਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਹੈ ਹਾਲਾਂ ਕਿ ਕੁਝ ਲੋਕ ਗੋਲੀਆਂ ਵੱਜਣ ਕਾਰਨ ਜਖਮੀ ਜਰੂਰ ਹੋਏ ਹਨ। ਪੁਲਿਸ ਮੁੱਖੀ ਅਨੁਸਾਰ ਪੁਲਿਸ ਅਫਸਰ ਪਹਿਲਾਂ ਹੀ ਖੇਤਰ ਵਿਚ ਆਮ ਵਾਂਗ ਗਸ਼ਤ 'ਤੇ ਸਨ ਤੇ ਸੂਚਨਾ ਮਿਲਣ 'ਤੇ ਉਹ ਤੁਰੰਤ ਘਟਨਾ ਸਥਾਨ 'ਤੇ ਪੁੱਜੇ ਤੇ ਉਨਾਂ ਨੇ ਪੀੜਤਾਂ ਨੂੰ ਡਾਕਟਰੀ ਸਹਾਇਤਾ ਦਿੱਤੀ। ਡਰੂਮੌਂਡ ਅਨੁਸਾਰ ਜਖਮੀਆਂ ਵਿਚ 7 ਮਰਦ ਤੇ 2 ਔਰਤਾਂ ਸ਼ਾਮਿਲ ਹਨ ਜਿਨਾਂ ਦੀ ਉਮਰ 23 ਤੋਂ 38 ਸਾਲ ਦੇ ਦਰਮਿਆਨ ਹੈ। ਪੁਲਿਸ ਮੁੱਖੀ ਵੱਲੋਂ ਜਾਰੀ ਬਿਆਨ ਅਨੁਸਾਰ ਪੀੜਤਾਂ ਦੇ ਪੈਰਾਂ ਤੋਂ ਗੋਡਿਆਂ ਤਕ ਤੇ ਬਾਹਾਂ ਉਪਰ ਗੋਲੀਆਂ ਵੱਜੀਆਂ ਹਨ। ਸਾਰੇ ਜਖਮੀਆਂ ਦੀ ਹਾਲਤ ਸਥਿੱਰ ਹੈ।

# ਧਾਰ ਖੇਤਰ ਅੰਦਰ ਬਿਜਨੈਸ ਸਥਾਪਤ ਕਰਨ ਲਈ ਕੈਬਨਿਟ ਮੰਤਰੀ ਪੰਜਾਬ ਨੇ ਵਪਾਰੀ ਵਰਗ ਨੂੰ ਦਿੱਤਾ ਖੁੱਲਾ ਸੱਦਾ

**ਪਠਾਨਕੋਟ, ਜੁਲਾਈ (ਰਾਜਿੰਦਰ ਸਿੰਘ ਰਾਜਨ)** ਸਾਡੇ ਲਈ ਇਹ ਬਹੁਤ ਵੱਡੀ ਸੋਗਾਤ ਹੈ ਕਿ ਸਾਡਾ ਜਿਲ੍ਹਾ ਪਠਾਨਕੋਟ ਪੰਜਾਬ ਅੰਦਰ ਉਸ ਸਥਾਨ ਤੇ ਸਥਿਤ ਹੈ ਜਿੱਥੇ ਕੁਦਰਤ ਨੇ ਅਪਣੇ ਪੈਰ ਪਸਾਰੇ ਹੋਏ ਹਨ ਅਤੇ ਪੰਜਾਬ ਸਰਕਾਰ ਵੱਲੋਂ ਸ. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਜੀ ਦੇ ਮਾਰਗ ਦਰਸਨ ਦੇ ਚਲਦਿਆਂ ਜਿਲ੍ਹਾ ਪਠਾਨਕੋਟ ਨੂੰ ਟੂਰਿਜਮ ਹੱਬ ਵੱਜੋਂ ਪਰਮੋਟ ਕੀਤਾ ਜਾ ਰਿਹਾ ਹੈ ਜਿਲ੍ਹੇ ਅੰਦਰ ਬਾਹਰ ਤੋਂ ਆ ਕੇ ਵੀ ਲੋਕ ਬਿਜਨਸ ਨੂੰ ਪ੍ਰਫੂਲਿਤ ਕਰ ਰਹੇ ਹਨ ਅਤੇ ਮੇਰਾ ਸੱਦਾ ਜਿਲ੍ਹਾ ਪਠਾਨਕੋਟ ਦੇ ਵਪਾਰੀ ਵਰਗ ਨੂੰ ਵੀ ਹੈ ਕਿ ਉਹ ਵੀ ਧਾਰ ਖੇਤਰ ਅੰਦਰ (ਮਿੰਨੀ ਗੋਆ ਅਤੇ ਫੰਗੋਤਾ) ਬਿਜਨਸ ਨੂੰ ਵਧਾਉਂਣ ਤਾਂ ਜੋ ਜਿਲ੍ਹਾ ਪਠਾਨਕੋਟ ਪੂਰੇ ਪੰਜਾਬ ਹੀ ਨਹੀਂ ਪੂਰੇ ਹਿੰਦੋਸਤਾਨ ਅੰਦਰ ਵੀ ਅਪਣੀ ਵੱਖਰੀ ਪਹਿਚਾਣ ਬਣਾ ਸਕੇ। ਇਹ ਪ੍ਰਗਟਾਵਾ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਸਿਟੀ ਪਠਾਨਕੋਟ ਨਜਦੀਕ ਸਿੰਬਲ ਚੋਕ ਇੱਕ ਵਿਸੇਸ ਸਮਾਰੋਹ ਦੋਰਾਨ ਸੰਬੋਧਤ ਕਰਦਿਆਂ ਕੀਤਾ। ਜਿਕਰਯੋਗ ਹੈ ਕਿ ਅੱਜ ਜਿਲ੍ਹਾ ਪਠਾਨਕੋਟ ਦੇ ਲਾਈਨਜ ਕਲੱਬ, ਵਪਾਰੀ ਵਰਗ ਅਤੇ ਹੋਰ ਵਿਸੇਸ ਸਖਸੀਅਤਾਂ ਵੱਲੋਂ ਪੰਜਾਬ ਸਰਕਾਰ ਦੇ ਸੰਲਾਘਾਯੋਗ ਕੰਮਾਂ ਨੂੰ ਵੇਖਦਿਆਂ ਜਿਲ੍ਹਾ ਪਠਾਨਕੋਟ ਨੂੰ ਤਰੱਕੀ ਦੀਆਂ ਰਾਹਾਂ ਦੇ ਲੈ ਕੇ ਜਾਣ ਲਈ ਅਤੇ ਵੱਖ ਵੱਖ ਵਿਕਾਸ ਮੁੱਦਿਆਂ ਤੇ ਚਰਚਾ ਕਰਨ ਲਈ ਇੱਕ ਵਿਸੇਸ ਸਮਾਰੋਹ ਕਰਵਾਇਆ ਗਿਆ। ਜਿਸ ਵਿੱਚ ਸ੍ਰੀ ਲਾਲ ਚੰਦ ਕਟਾਰੂਚੱਕ ਮੰਤਰੀ ਪੰਜਾਬ ਵਿਸੇਸ ਤੋਰ ਤੇ ਹਾਜ਼ਰ ਹੋਏ। ਸਮਾਰੋਹ ਦੇ ਅਰੰਭ ਵਿੱਚ ਜਿਲ੍ਹਾ ਪਠਾਨਕੋਟ ਦੀਆਂ ਵਿਸੇਸ ਸਖਸੀਅਤਾਂ ਵੱਲੋਂ ਕੈਬਨਿਟ ਮੰਤਰੀ ਪੰਜਾਬ ਦਾ ਸਵਾਗਤ ਵਿਸੇਸ ਤੋਰ ਤੇ ਕੀਤਾ ਗਿਆ ।



ਇਸ ਮੋਕੇ ਤੇ ਸੰਬੋਧਤ ਕਰਦਿਆਂ ਮੰਤਰੀ ਪੰਜਾਬ ਨੇ ਕਿਹਾ ਕਿ ਇਹ ਬਹੁਤ ਹੀ ਮਾਨ ਦੀ ਗੱਲ ਹੈ ਕਿ ਜਿਲ੍ਹਾ ਪਠਾਨਕੋਟ ਨੂੰ ਵਿਸੇਸ ਮਹੱਤਤਾ ਦਿੰਦਿਆਂ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਨੂੰ ਕੈਬਨਿਟ ਅੰਦਰ ਵਿਸੇਸ ਸਥਾਨ ਦਿੱਤਾ। ਉਨ੍ਹਾਂ ਕਿਹਾ ਕਿ ਪੂਰੇ ਪੰਜਾਬ ਦੇ ਨਾਲ ਨਾਲ ਉਹ ਜਿਲ੍ਹਾ ਪਠਾਨਕੋਟ ਦੇ ਵਿਕਾਸ ਲਈ ਬਚਨਬੱਧ ਹਨ। ਉਨ੍ਹਾਂ ਜਿਲ੍ਹਾ ਪਠਾਨਕੋਟ ਦੇ ਵੱਖ ਵੱਖ ਵਰਗ ਨਾਲ ਸਬੰਧਤ ਵਿਸੇਸ ਸਖਸੀਅਤਾਂ ਨੂੰ ਸੰਬੋਧਤ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਜਨ ਭਲਾਈ ਲਈ ਹਰੇਕ ਉਹ ਕੰਮ ਜੋ ਪਹਿਲਾ ਕਦੇ ਹੋਇਆ ਹੀ ਨਹੀਂ ਉਨ੍ਹਾਂ ਕਾਰਜਾਂ ਨੂੰ ਪਹਿਲ ਦੇ ਅਧਾਰ ਤੇ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪਠਾਨਕੋਟ ਨੂੰ ਟੂਰਿਜਮ ਹੱਬ ਵੱਜੋਂ ਵਿਕਸਿਤ ਕਰਨ ਲਈ ਵਿਸੇਸ ਉਪਰਾਲੇ ਕੀਤੇ ਜਾ ਰਹੇ ਹਨ ਜਿਸ ਨਾਲ ਜਿਲ੍ਹਾ ਪਠਾਨਕੋਟ ਅੰਦਰ ਵੀ ਰੁਜਗਾਰ ਦੇ ਮੋਕੇ ਵੱਧਣਗੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਵੀ ਆਪ ਨੂੰ ਖੁੱਲੇ ਤੋਰ ਤੇ ਸੱਦਾ ਹੈ ਕਿ ਧਾਰ ਬਲਾਕ ਨੂੰ ਹੋਰ ਖੁਬਸੂਰਤ ਬਣਾਉਂਣ ਲਈ ਅਤੇ ਪੂਰੀ ਦੁਨੀਆਂ ਅੰਦਰ ਵਿਸੇਸ ਸਥਾਨ ਦਿਲਾਉਂਣ ਲਈ ਉਹ ਵੀ ਅਪਣਾ ਬਿਜਨੇਸ ਸੁਰੂ ਕਰਨ। ਉਨ੍ਹਾਂ ਕਿਹਾ ਕਿ ਜਿਲ੍ਹਾ ਪਠਾਨਕੋਟ ਦੀ ਬਿਹਤਰੀ ਦੇ ਲਈ ਉਨ੍ਹਾਂ ਵੱਲੋਂ ਜੋ ਵੀ ਯੋਜਨਾ ਬਣਾਈ ਜਾਂਦੀ ਹੈ ਉਹ ਉਨ੍ਹਾਂ ਦਾ ਸਾਥ ਦੇਣ ਲਈ ਹਮੇਸਾ ਤਿਆਰ ਰਹਿਣਗੇ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਲਾਈਨ ਸਤੀਸ ਮਹਿੰਦਰੂ, ਐਡਵੋਕੇਟ ਰਮੇਸ ਚੋਧਰੀ, ਐਸ.ਕੇ. ਪੂੰਜ, ਡਾ. ਕੇ.ਡੀ. ਸਿੰਘ, ਕੈਪਟਨ ਸੁਨੀਲ ਗੁਪਤਾ, ਵਿਜੈ ਪਾਸੀ, ਵਿਨੋਦ ਮਹਾਜਨ, ਆਰ.ਕੇ. ਖੰਨਾ, ਨਰੇਸ ਅਰੋੜਾ, ਰਵਿੰਦਰ ਮਹਾਜਨ, ਸੁਰਿੰਦਰ ਚੋਪੜਾ, ਸੀ.ਐਸ. ਲਾਇਲਪੁਰੀ, ਕਰਨਲ ਬਖਸੀ, ਰੋਮੀ ਵਡੈਹਰਾ, ਡਾ. ਤਰਸੇਮ ਸਿੰਘ, ਡਾ. ਮੋਹਣ ਲਾਲ ਅੱਤਰੀ , ਵਿਜੈ ਕੁਮਾਰ ਕਟਾਰੂਚੱਕ ਜਿਲ੍ਹਾ ਮੀਡਿਆ ਕੋਆਰਡੀਨੇਟਰ, ਨਰੇਸ ਸੈਣੀ ਬੀ.ਸੀ. ਵਿੰਗ ਜਿਲ੍ਹਾ ਪ੍ਰਧਾਨ, ਅਤੇ ਹੋਰ ਵਿਸੇਸ ਸਖਸੀਅਤਾਂ ਹਾਜਰ ਸਨ।

# ਸਰਕਾਰੀ ਦਫਤਰਾਂ ਅੰਦਰ ਸੀਨੀਅਰ ਸਿਟੀਜਨ ਨੂੰ ਵਿਸੇਸ ਤੌਰ 'ਤੇ ਦਿੱਤਾ ਜਾਵੇ ਮਾਨ ਸਨਮਾਨ: ਡਿਪਟੀ ਕਮਿਸਨਰ

**ਪਠਾਨਕੋਟ, ਜੁਲਾਈ (ਰਾਜਿੰਦਰ ਸਿੰਘ ਰਾਜਨ)**– ਦੇਖਣ ਵਿੱਚ ਆਇਆ ਹੈ ਕਿ ਜਦੋਂ ਕੋਈ ਸੀਨੀਅਰ ਸਿਟੀਜਨ ਸਰਕਾਰੀ ਦਫਤਰਾਂ ਵਿੱਚ ਆਪਣੇ ਕੰਮਕਾਜ ਕਰਵਾਉਣ ਲਈ ਆਉਂਦੇ ਹਨ ਤਾਂ ਉਹਨਾਂ ਨਾਲ ਵਤੀਰਾ ਸ਼ਲਾਘਾਯੋਗ ਨਹੀਂ ਹੁੰਦਾ ਇਸ ਨਾਲ ਜਿੱਥੇ ਸਰਕਾਰ ਦੇ ਅਕਸ ਤੇ ਬੁਰਾ ਪ੍ਰਭਾਵ ਪੈਂਦਾ ਹੈ ਉੱਥੇ ਸਬੰਧਤ ਦਫਤਰ ਅਤੇ ਅਧਿਕਾਰੀ/ਕਰਮਚਾਰੀ ਦੀ ਵੀ ਸਮਾਜ ਵਿੱਚ ਕਦਰ/ਮਾਨ ਸਨਮਾਨ ਘੱਟਦਾ ਹੈ, ਇਸ ਲਈ ਹਰੇਕ ਦਫਤਰ ਅੰਦਰ ਸੀਨੀਅਰ ਸਿਟੀਜਨ ਨੂੰ ਵਿਸੇਸ ਤੋਰ ਤੇ ਮਾਨ ਸਨਮਾਨ ਦਿੱਤਾ ਜਾਵੈ। ਇਹ ਪ੍ਰਗਟਾਵਾ ਸ. ਹਰਬੀਰ ਸਿੰਘ ਡਿਪਟੀ ਕਮਿਸਨਰ ਪਠਾਨਕੋਟ ਨੇ ਇੱਕ ਹੁਕਮ ਜਾਰੀ ਕਰਦਿਆਂ ਕੀਤਾ।



ਉਨ੍ਹਾਂ ਹੁਕਮ ਜਾਰੀ ਕਰਦਿਆਂ ਸਮੂਹ ਵਿਭਾਗਾਂ ਦੇ ਮੁਖੀਆਂ ਨੂੰ ਹਦਾਇਤ ਕੀਤੀ ਹੈ ਕਿ ਜਦੋਂ 'ਥ ਕੋਈ ਸੀਨੀਅਰ ਸਿਟੀਜਨ ਸਰਕਾਰੀ ਦਫਤਰਾਂ/ਸੇਵਾ ਕੇਂਦਰਾਂ/ਥਾਣਿਆਂ/ਸਾਂਝ ਕੇਂਦਰ/ਪਟਵਾਰ ਖਾਨੇ ਵਿੱਚ ਕੰਮਕਾਜ ਕਰਵਾਉਣ ਲਈ ਆਉਂਦੇ ਹਨ ਤਾਂ ਉਹਨਾਂ ਪ੍ਰਤੀ ਨਰਮੀ ਅਤੇ ਅਦਬ ਸਤਿਕਾਰ ਨਾਲ ਪੇਸ਼ ਆਉਣਾ ਚਾਹੀਦਾ ਹੈ । ਉਹਨਾਂ ਦਾ ਕੰਮ ਪਹਿਲ ਦੇ ਆਧਾਰ ਤੇ ਕਰਨ ਲਈ ਅਧੀਨ ਸਟਾਫ ਨੂੰ ਉਤਸ਼ਾਹਿਤ ਕੀਤਾ ਜਾਵੇ। ਜਿਥੋਂ ਤੱਕ ਸੰਭਵ ਹੋ ਸਕੇ ਸੀਨੀਅਰ ਸਿਟੀਜਨ ਲਈ ਵੱਖਰੇ ਕਾਉਂਟਰ ਦਾ ਉਚੇਚਾ ਪ੍ਰਬੰਧ ਕੀਤਾ ਜਾਵੇ, ਉਹਨਾਂ ਦੇ ਬੈਠਣ ਲਈ ਢੁਕਵਾਂ ਪ੍ਰਬੰਧ ਅਤੇ ਪੀਣਯੋਗ ਪਾਣੀ ਦਾ ਵੀ ਪ੍ਰਬੰਧ ਕਰਨਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਇਹ ਸਾਡਾ ਸਭ ਦਾ ਫਰਜ ਬਣਦਾ ਹੈ ਕਿ ਬਜ਼ੁਰਗ ਜਦੋਂ ਵੀ ਦਫਤਰ ਵਿੱਚ ਆਪਣਾ ਕੰਮ ਕਰਵਾਉਣ ਆਉਣ ਤਾਂ ਉਹ ਸਮਾਜ ਵਿੱਚ ਇੱਕ ਚੰਗਾ ਸੁਨੇਹਾ ਲੈ ਕੇ ਜਾਣ ਕਿ ਸਰਕਾਰੀ ਦਫਤਰਾਂ ਦੇ ਵਿੱਚ ਉਨ੍ਹਾਂ ਨੂੰ ਮਹੌਲ ਪਹਿਲਾਂ ਨਾਲੋਂ ਕਾਫੀ ਮਿੱਤਰਤਾ ਪੂਰਵਕ ਮਹਿਸੂਸ ਹੋ ਰਿਹਾ ਹੈ। ਇਸ ਨਾਲ ਸਰਕਾਰ ਅਤੇ ਵਿਭਾਗ ਪ੍ਰਤੀ ਅਕਸ ਵਿੱਚ ਵੀ ਕਾਫੀ ਹੱਦ ਤੱਕ ਸੁਧਾਰ ਹੁੰਦਾ ਹੈ।

## ਪਿੰਡ ਛਾਜਲੇ ਦੇ ਆਤਮਾ ਸਿੰਘ ਦੇ ਪਿੰਡ ਖੀਵੇ ਦੁਬਾਰਾ ਜਨਮ ਲੈਣ ਦਾ ਕੱਚ-ਸੱਚ

# ਤਰਕਸ਼ੀਲ ਸੁਸਾਇਟੀ ਪੰਜਾਬ ਦੇ ਆਗੂਆਂ ਵੱਲੋਂ ਪੁਨਰ ਜਨਮ ਦੀ ਕਹਾਣੀ ਮਨਘੜ੍ਹਤ ਹੋਣ ਦੀ ਪੁਸ਼ਟੀ

**ਸੁਨਾਮ ਊਧਮ ਸਿੰਘ ਵਾਲਾ, (ਦਲਜੀਤ ਕੌਰ)**– ਤਰਕਸ਼ੀਲ ਸੁਸਾਇਟੀ ਪੰਜਾਬ ਜੋਨ ਬਰਨਾਲਾ-ਸੰਗਰੂਰ ਤੇ ਮਾਨਸਾ ਜੋਨ ਵੱਲੋਂ ਰਜੇਸ਼ ਅਕਲੀਆ, ਮਾਸਟਰ ਪਰਮਵੇਦ, ਸੀਤਾ ਰਾਮ, ਅਮਰਿਤ ਰਿਸ਼ੀ, ਭੁਪਿੰਦਰ ਫ਼ੌਜੀ, ਬੂਟਾ ਬੀਰ, ਸੁਖਵਿੰਦਰ ਬੀਰ, ਬਲਜੀਤ ਸਿੰਘ ਆਧਾਰਤ ਤਰਕਸ਼ੀਲ ਟੀਮ ਵਲੋਂ ਹੋਡਲਾ ਕਲਾਂ ਵਿਖੇ ਛਾਜਲੇ ਦੇ ਵਿਅਕਤੀ ਆਤਮਾ ਸਿੰਘ ਪੁੱਤਰ ਛੱਜੂ ਸਿੰਘ ਦੇ ਮਾਨਸਾ ਜ਼ਿਲ੍ਹੇ ਦੇ ਪਿੰਡ ਖੀਵਾ ਮੀਂਹਾਂ ਸਿੰਘ ਵਾਲਾ ਵਿਖੇ ਅੰਗਰੇਜ਼ ਸਿੰਘ ਤੇ ਮਾਤਾ ਪਰਮਜੀਤ ਕੌਰ ਦੇ ਘਰ (ਪ੍ਰਤੀਕ ਹੁਣ ਨਾਮ) ਦੁਬਾਰਾ ਜਨਮ ਦੀ ਪੜਤਾਲ ਕਰਨ ਪਹੁੰਚੇ। ਹੁਣ ਇਨ੍ਹਾਂ ਆਪਣੀ ਰਿਹਾਇਸ਼ ਖੀਵੇ ਤੋਂ ਹੋਡਲੇ ਕਲਾਂ ਕਰ ਲਈ ਹੈ। ਸਭ ਤੋਂ ਪਹਿਲਾਂ ਅਸੀਂ ਹੋਡਲਾ ਕਲਾਂ ਦੇ ਸਰਪੰਚ ਸਰਦਾਰ ਦੇਵਿੰਦਰ ਸਿੰਘ ਨੂੰ ਮਿਲੇ ਤੇ ਆਪਣੀ ਜਾਣ-ਪਛਾਣ ਕਰਵਾਉਣ ਉਪਰੰਤ ਅਸੀਂ ਪ੍ਰਤੀਕ ਪੁੱਤਰ ਅੰਗਰੇਜ਼ ਸਿੰਘ ਜਿਸਨੇ ਆਤਮਾ ਸਿੰਘ ਛਾਜਲੇ ਦਾ ਕਿਹਾ ਜਾਂਦਾ ਦੁਬਾਰਾ ਜਨਮ ਲੈ ਲਿਆ ਹੈ ਜਾਣ ਤੇ ਲੜਕੇ ਪਰਤੀਕ ਨਾਲ ਗੱਲਬਾਤ ਕਰਨ ਦੀ ਇਜਾਜ਼ਤ ਬਾਰੇ ਕਿਹਾ। ਸਰਪੰਚ ਦੁਆਰਾ ਪ੍ਰਤੀਕ ਦੇ ਘਰੇ ਫੋਨ ਕਰਕੇ ਉਸ ਨਾਲ ਗਲਬਾਤ ਕਰਨ ਬਾਰੇ ਕਿਹਾ। ਆਗਿਆ ਮਿਲਣ ਉਪਰੰਤ ਸਰਪੰਚ ਦੇਵਿੰਦਰ ਸਿੰਘ ਸਮੇਤ ਅਸੀਂ ਸਾਰੇ ਸੰਬੰਧਤ ਘਰੇ ਪਹੁੰਚੇ। ਪ੍ਰਤੀਕ ਦੇ ਘਰੇ ਉਸਦੀ ਮਾਂ ਪਰਮਜੀਤ ਕੌਰ, ਉਸਦੀ ਦਾਦੀ, ਨੌਵੀਂ ਜਮਾਤ ਵਿੱਚ ਪੜ੍ਹਦੀ ਪ੍ਰਤੀਕ ਦੀ ਭੈਣ ਹਾਜ਼ਰ ਸਨ। ਅਸੀਂ ਜਾ ਕੇ ਆਤਮੇ ਤੋਂ ਪ੍ਰਤੀਕ ਬਣੇਂ ਲੜਕੇ ਨਾਲ ਗਲਬਾਤ ਕਰਨ ਬਾਰੇ ਕਿਹਾ, ਮਾਂ ਤੇ ਦਾਦੀ ਨੇ ਕਿਹਾ ਕਿ ਇਹ ਤਾਂ ਗੱਲਬਾਤ ਲਈ ਹਮੇਸ਼ਾ ਤਿਆਰ ਹੀ ਰਹਿੰਦਾ ਹੈ। ਮਾਸਟਰ ਪਰਮਵੇਦ ਤੇ ਅਮਰਿਤ ਰਿਸ਼ੀ ਨੇ ਗਲਬਾਤ ਸ਼ੁਰੂ ਕੀਤੀ। ਸਭ ਤੋਂ ਪਹਿਲਾਂ ਉਨ੍ਹਾਂ ਪ੍ਰਤੀਕ ਬਾਰੇ ਜਾਣਕਾਰੀ ਲਈ, ਉਸਨੇ ਦੱਸਿਆ ਕਿ ਉਸਦੇ ਪਿਤਾ ਦਾ ਨਾਮ ਅੰਗਰੇਜ਼ ਸਿੰਘ, ਦਾਦੇ ਦਾ ਨਾਮ ਗੱਜਣ ਸਿੰਘ, ਮਾਤਾ ਦਾ ਨਾਮ ਪਰਮਜੀਤ ਕੌਰ ਹੈ, ਉਹ ਆਪ ਤੀਸਰੀ ਜਮਾਤ ਵਿੱਚ ਪੜ੍ਹਦਾ ਹੈ, ਭੈਣ ਨੌਵੀਂ ਵਿਚ ਪੜ੍ਹਦੀ ਹੈ। ਅਸੀਂ ਉਸ ਨਾਲ ਪੂਰੀ ਅਪਣੱਤ ਤੇ ਪਿਆਰ ਜਤਾਉਂਦੇ ਹੋਏ ਕਿਹਾ ਕਿ ਹੁਣ ਅਸੀਂ ਤੇਰੇ ਤੋਂ ਤੇਰੇ ਪਹਿਲੇ ਜਨਮ ਦੇ ਆਤਮਾ ਸਿੰਘ ਬਾਰੇ ਜਾਣਕਾਰੀ ਲੈਣਾ ਚਾਹੁੰਦੇ ਹਾਂ। ਅਸੀਂ ਪਹਿਲਾਂ ਆਤਮਾ ਸਿੰਘ ਬਾਰੇ ਤਰਕਸ਼ੀਲ ਆਗੂ ਲਾਭ ਸਿੰਘ ਛਾਜਲਾ, ਨਛੱਤਰ ਸਿੰਘ ਛਾਜਲਾ, ਸੀਤਾ ਰਾਮ ਤੇ ਮਾਸਟਰ ਪਰਮਵੇਦ ਆਧਾਰਤ ਤਰਕਸ਼ੀਲ ਟੀਮ ਛਾਜਲੇ ਪਿੰਡ ਜਾ ਕੇ ਸਾਰੀ ਜਾਣਕਾਰੀ ਇਕੱਠੀ ਕਰ ਚੁੱਕੇ ਸੀ। ਆਤਮਾ ਸਿੰਘ ਦੇ ਮਾਪਿਆਂ, ਬੱਚਿਆਂ, ਚਾਚੇ, ਚਾਚੀਆਂ, ਮਾਸੀਆਂ, ਨਾਨਕਿਆਂ, ਆਤਮਾ ਦੇ ਸਹੁਰੇ ਪਰਿਵਾਰ, ਸਾਲੇ, ਸਾਲੀਆਂ, ਭਰਾਵਾਂ ਦੇ ਸਹੁਰੇ ਪਰਿਵਾਰ, ਪਿੰਡ ਦੀ ਉਸਦੇ ਸਮੇਂ ਦੀ ਪੰਚਾਇਤ, ਵਾਪਰੇ ਐਕਸੀਡੈਂਟ ਬਾਰੇ ਪੂਰੀ ਜਾਣਕਾਰੀ ਪ੍ਰਾਪਤ ਕਰ ਲਈ ਸੀ। ਵੀਡੀਓ ਵਿੱਚ ਦਿੱਤੀ ਜਾਣਕਾਰੀ ਤੋਂ ਹਟ ਕੇ ਅਸੀਂ ਸਵਾਲ ਕੀਤੇ। ਅਸੀਂ ਪੁੱਛਿਆ ਤੂੰ ਅਕਸਰ ਛਾਜਲੇ ਤੋਂ ਸੁਨਾਮ ਆਉਂਦਾ ਸੀ, ਰਸਤੇ ਵਿੱਚ ਕਿਹੜੇ-ਕਿਹੜੇ ਪਿੰਡ ਆਉਂਦੇ ਹਨ- (ਜਵਾਬ) ਪਤਾ ਨਹੀਂ ਤੇਰਾ ਜਨਮ ਕਦੋਂ ਹੋਇਆ- ਪਤਾ ਨਹੀਂ, ਤੇਰੇ ਦੋ ਲੜਕੇ ਹਨ, ਉਹ ਕਿਹੜੇ ਸਕੂਲ ਵਿੱਚ ਪੜ੍ਹਦੇ ਸਨ- (ਜਵਾਬ) ਪਤਾ ਨਹੀਂ, ਪਿਤਾ ਛੱਜੂ ਸਿੰਘ ਦੇ ਸਹੁਰੇ ਭਾਵ ਆਤਮਾ ਸਿੰਘ (ਤੇਰੇ ) ਨਾਨਕੇ ਕਿੱਥੇ ਹਨ - ਪਤਾ ਨਹੀਂ, ਨਾਨੇ ਦਾ ਨਾਮ- ਪਤਾ ਨਹੀਂ, ਨਾਨੀ ਦਾ ਨਾਮ- ਪਤਾ ਨਹੀਂ, ਮਾਮਿਆਂ ਦਾ ਨਾਮ -ਪਤਾ ਨਹੀਂ, ਮਾਮੀਆਂ ਦਾ ਨਾਮ -ਪਤਾ ਨਹੀਂ, ਸਾਲੇ ਦਾ ਨਾਮ - ਪਤਾ ਨਹੀਂ, ਸਾਲੇਹਾਰ ਦਾ ਨਾਮ- ਪਤਾ ਨਹੀਂ, ਤਰਸੇਮ ਸਿੰਘ (ਕਿਹਾ ਜਾਂਦਾ ਹੈ ਇਸਨੂੰ ਆਤਮਾ ਸਿੰਘ ਨੇ ਆਪਣੇ ਪੁਨਰਜਨਮ ਬਾਰੇ ਦੱਸਿਆ ਸੀ, ਜੋ ਖੀਵੇ ਤੋਂ ਨੇੜੇ ਹੀਰੋ ਖੁਰਦ ਵਿਆਹਿਆਂ ਹੋਇਆ ਹੈ) ਦੀ ਘਰਵਾਲੀ ਦਾ ਨਾਮ- ਪਤਾ ਨਹੀਂ, ਤਰਸੇਮ ਦੇ ਭਰਾ ਦਾ ਨਾਮ- ਪਤਾ ਨਹੀਂ, ਪੰਜਵੀਂ ਜਮਾਤ ਕਿਹੜੇ ਸਕੂਲ ਤੋਂ ਕੀਤੀ -ਪਤਾ ਨਹੀਂ, ਆਤਮਾ ਸਿੰਘ (ਤੇਰੇ) ਤੇ ਤੇਰੀ ਮਾਸੀ ਦੇ ਲੜਕੇ ਬਾਦਲ ਦੀ ਉਮਰ ਵਿੱਚ ਕਿੰਨਾ ਅੰਤਰ ਹੈ -ਪਤਾ ਨਹੀਂ, ਬਾਦਲ ਵੱਡਾ ਹੈ ਜਾਂ ਤੂੰ-ਜਵਾਬ ਮੈਂ (ਆਤਮਾ ਸਿੰਘ) ਜਦੋਂ ਕਿ ਆਤਮਾ ਸਿੰਘ ਬਾਦਲ ਤੋਂ ਇੱਕ ਮਹੀਨਾ ਛੋਟਾ ਸੀ। ਅਸੀਂ ਪੁੱਛਿਆ ਐਕਸੀਡੈਂਟ ਸਮੇਂ ਕਿਧਰੋਂ ਆ ਰਿਹਾ ਸੀ - (ਜਵਾਬ) ਛਾਜਲੇ ਤੋਂ ਸੁਨਾਮ, ਜਦੋਂ ਕਿ ਉਹ ਸੁਨਾਮ ਤੋਂ ਛਾਜਲੇ ਜਾ ਰਿਹਾ ਸੀ। ਕਿੰਨੇ ਸਾਲੇ ਹਨ- (ਜਵਾਬ) ਦੋ, ਅਸਲ ਵਿੱਚ ਇੱਕ ਸਾਲਾ ਹੈ ਪ੍ਰਕਾਸ਼ ਸਿੰਘ। ਸਾਲੇ ਦੀ ਘਰਵਾਲੀ ਕੀ ਲਗਦੀ ਹੈ- ਸਾਲੀ, ਰਿਸ਼ਤਿਆਂ ਦੀ ਜਾਣਕਾਰੀ ਨਹੀਂ। ਆਤਮਾ ਸਿੰਘ (ਤੂੰ) ਕਿੰਨਾ ਪੜ੍ਹਿਆ ਸੀ- ਬਾਰਾਂ, ਜਦ ਕਿ ਉਹ ਅੱਠ ਕੁਝ ਪੜ੍ਹਿਆ ਸੀ। ਬਾਕੀ ਭਰਾ ਕਿੰਨੇ ਪੜ੍ਹੇ ਹੋਏ ਹਨ- ਸਾਰੇ ਬਾਰਾਂ, ਜਾਣਕਾਰੀ ਗਲਤ। ਤੇਰੀ ਭੈਣ ਰਾਣੀ ਤੇ ਤੇਰਾ ਵਿਆਹ ਕਦੋਂ ਹੋਇਆ,- ਪਤਾ ਨਹੀਂ। ਰਾਣੀ ਦਾ ਵਿਆਹ ਤੇਰੇ ਵਿਆਹ ਤੋਂ ਕਿੰਨੇ ਸਮੇਂ ਬਾਅਦ ਹੋਇਆ- ਪਤਾ ਨਹੀਂ, ਜਦ ਕਿ ਰਾਣੀ ਦਾ ਵਿਆਹ ਆਤਮੇ ਦੇ ਵਿਆਹ ਤੋਂ ਅਗਲੇ ਦਿਨ ਹੋਇਆ। ਆਪਣੇ ਸਮੇਂ ਦੀ ਪੰਚਾਇਤ ਦੇ ਸਰਪੰਚ ਦਾ ਨਾਮ ਦੱਸਿਆ, ਪੰਚਾਇਤ ਮੈਂਬਰਾਂ ਦੇ ਨਾਮ ਪੁੱਛਣ ਤੇ ਕਿਹਾ, ਪਤਾ ਨਹੀਂ। ਕਿੰਨੇ ਟਰੈਕਟਰ ਸਨ -ਚਾਰ, ਸਾਰੇ ਸੋਨਾਲੀਕਾ, ਜਦਕਿ ਦੋ ਟਰੈਕਟਰ ਹਨ ਇਕ ਸੋਨਾਲੀਕਾ ਦੂਜਾ, ਆਈਸ਼ਰ 368 ਜਾਣਕਾਰੀ ਮੁਤਾਬਕ ਆਤਮਾ ਸਿੰਘ ਦਾ ਆਪਣਾ 368 ਹੀ ਸੀ ਦੂਜਾ ਸਾਂਝਾ ਸੀ। ਉਪਰੋਕਤ ਪ੍ਰਤੀਕ ਨਾਲ ਹੋਈ ਗੱਲ ਤੋਂ ਸਪੱਸ਼ਟ ਹੈ ਕਿ ਇਹ ਪੁਨਰਜਨਮ ਦੀ ਕਹਾਣੀ ਮਨਘੜਤ ਤੇ ਝੂਠੀ ਹੈ ।





**ਪੁਨਰਜਨਮ ਦੀ ਕਹਾਣੀ ਦੀ ਸ਼ੁਰੂਆਤ**

ਇਸ ਦੀ ਕਹਾਣੀ ਅਜੀਬ ਹੈ, ਆਤਮਾ ਸਿੰਘ ਦੇ ਚਾਚੇ ਭਾਨਾ ਸਿੰਘ ਦਾ ਲੜਕਾ ਤਰਸੇਮ ਸਿੰਘ ਜੋ ਮਿਸਤਰੀ ਦਾ ਕੰਮ ਕਰਦਾ ਹੈ ਖੀਵੇ ਤੋਂ ਦੋ ਕਿਲੋਮੀਟਰ ਦੂਰ ਹੀਰੋ ਖੁਰਦ ਵਿਆਹਿਆਂ ਹੋਇਆ ਤੇ ਤਰਸੇਮ ਦਾ ਜਾਣੂ ਇਕ ਵਿਅਕਤੀ ਖੀਵੇ ਮੀਹਾਂ ਸਿੰਘ ਵਾਲੇ ਪਿੰਡ ਵਿੱਚ ਸੀਰੀ ਹੈ, ਜਦ ਅੰਗਰੇਜ਼ ਸਿੰਘ ਖੀਵੇ ਮੀਹਾਂਸਿੰਘ ਵਾਲੇ ਦੇ ਘਰ ਲੜਕੇ ਨੇ ਜਨਮ ਲਿਆ ਤਾਂ ਇਸ ਸੀਰੀ ਵਿਅਕਤੀ ਨੇ ਪਹਿਲਾਂ ਤਰਸੇਮ ਨੂੰ ਲੜਕੇ ਦੇ ਜਨਮ ਬਾਰੇ ਦੱਸਿਆ ਤੇ ਫਿਰ ਤਰਸੇਮ ਸਿੰਘ ਦੇ ਕਹਿਣ ਤੇ ਅੰਗਰੇਜ਼ ਸਿੰਘ ਦੇ ਘਰ ਆ ਕੇ ਕਿਹਾ ਕਿ ਮਿਰਤਕ ਆਤਮਾ ਸਿੰਘ ਛਾਜਲੇ ਨੇ ਤੁਹਾਡੇ ਘਰ ਜਨਮ ਲਿਆ ਹੈ।

ਮ੍ਰਿਤਕ ਆਤਮਾ ਸਿੰਘ ਆਪਣੇ ਚਾਚੇ ਦੇ ਲੜਕੇ ਤਰਸੇਮ ਦੇ ਸੁਪਨੇ ਵਿੱਚ ਆ ਕੇ ਦੱਸ ਗਿਆ ਸੀ ਕਿ ਮੈਂ ਖੀਵੇ ਮੀਹਾਂ ਸਿੰਘ ਵਾਲੇ 13/11/14 ਨੂੰ ਦੁਬਾਰਾ ਜਨਮ ਲਵਾਂਗਾ। ਸੋ ਉਹ ਪਰਿਵਾਰ ਕਹਿੰਦਾ ਹੈ ਸਾਡੇ ਆਤਮਾ ਸਿੰਘ ਨੇ ਸਾਨੂੰ ਮਰਨ ਤੋਂ ਕੁਝ ਦਿਨ ਬਾਅਦ ਦੱਸਿਆ ਸੀ ਕਿ ਮੈਂ ਖੀਵੇ ਮਹਾਂ ਸਿੰਘ ਵਾਲੇ ਜਨਮ ਲਵਾਂਗਾ, ਆਤਮਾ ਸਿੰਘ ਛਾਜਲੇ ਨੇ ਤੁਹਾਡੇ ਘਰ ਦੁਬਾਰਾ ਜਨਮ ਲਿਆ ਹੈ ਉਹ ਇਸਨੂੰ ਦੇਖਣਾ ਚਾਹੁੰਦੇ ਹਨ। ਇਥੋਂ ਕਹਾਣੀ ਸ਼ੁਰੂ ਹੁੰਦੀ ਹੈ। ਜਨਮ ਤੋਂ ਪਹਿਲਾਂ ਨਾ ਦੱਸ ਕਿ ਜਨਮ ਤੋਂ ਬਾਅਦ ਹੀ ਦੱਸਿਆ ਗਿਆ ਕਿ ਸਾਡੇ ਆਤਮਾ ਸਿੰਘ ਨੇ ਸੁਪਨੇ ਵਿੱਚ ਦੱਸਿਆ ਸੀ ਕਿ ਮੈਂ ਖੀਵੇ ਮੀਂਹਾਂ ਸਿੰਘ ਵਾਲੇ ਦੁਬਾਰਾ ਜਨਮ ਲਵਾਂਗਾ। ਘੜੀ ਘੜੀ ਕਹਿਣ ਤੇ ਘਰ ਆਉਣ ਤੋਂ ਬਾਅਦ ਅੰਗਰੇਜ਼ ਸਿੰਘ ਦੇ ਪਰਿਵਾਰ ਨੇ ਮੰਨ ਲਿਆ ਕਿ ਦੋ ਮਹੀਨੇ ਪਹਿਲਾਂ ਦੁਰਘਟਨਾ ਵਿੱਚ ਮਰੇ ਆਤਮਾ ਸਿੰਘ ਛਾਜਲੇ ਨੇ ਹੀ ਸਾਡੇ ਘਰ ਦੁਬਾਰਾ ਜਨਮ ਲਿਆ ਹੈ। ਜਨਮ ਤੋਂ ਕੁਝ ਮਹੀਨੇ ਬਾਅਦ ਦੋਨਾਂ ਪਰਿਵਾਰਾਂ ਦਾ ਆਉਣ ਜਾਣ ਸ਼ੁਰੂ ਹੋ ਜਾਂਦਾ ਹੈ। ਜਨਮ ਤੋਂ ਬਾਅਦ ਹੀ ਸਾਰੀ ਕਹਾਣੀ ਦੀ ਸ਼ੁਰੂਆਤ ਹੁੰਦੀ ਹੈ। ਬੱਚਾ ਤਾਂ 7 ਮਹੀਨੇਂ ਪਹਿਲਾਂ ਹੀ ਮਾਂ ਦੇ ਪੇਟ ਵਿਚ ਆ ਚੁੱਕਿਆ ਸੀ।

18 ਸਤੰਬਰ 2014 ਨੂੰ ਆਤਮਾ ਸਿੰਘ ਦੀ ਮੌਤ ਹੁੰਦੀ ਹੈ ਤੇ ਇਸ ਨੇ 13 ਨਵੰਬਰ 2014 ਨੂੰ ਦੁਬਾਰਾ ਜਨਮ ਲੈ ਲਿਆ। ਮਰਨ ਤੋਂ ਸਿਰਫ਼ ਦੋ ਕੁ ਮਹੀਨੇ ਬਾਅਦ। ਇਹ ਪੁਨਰਜਨਮ ਦੀ ਕਹਾਣੀ ਵੀ ਪਹਿਲੀਆਂ ਪੁਨਰਜਨਮ ਦੀਆਂ ਕਹਾਣੀਆਂ ਦੀ ਤਰ੍ਹਾਂ ਝੂਠੀ ਤੇ ਮਨਘੜਤ ਹੈ।

# ਫਰਿਜਨੋ ਕੈਲੀਫੋਰਨੀਆ ਯੂਐਸਏ ਸਪੋਰਟਸ ਕਲੱਬ ਵੱਲੋਂ ਕਰਵਾਏ ਖੇਡ ਮੇਲੇ 'ਚ ਕਬੱਡੀ ਤੇ ਰੱਸਾਕੱਸ਼ੀ 'ਚ ਫਰਿਜਨੋ ਪਹਿਲੇ ਸਥਾਨ ਤੇ ਰਿਹਾ

**ਸੈਕਰਾਮੈਂਟੋ , ਕੈਲੀਫੋਰਨੀਆਂ (ਹੁਸਨ ਲੜੋਆ ਬੰਗਾ)–** ਫਰਿਜਨੋ ਦੇ ਸ਼ਹੀਦ ਜਸਵੰਤ ਸਿੰਘ ਖਾਲੜਾ ਪਾਰਕ ਵਿੱਚ ਸਥਾਨਿਕ ਫਰਿਜਨੋ ਕੈਲੀਫੋਰਨੀਆ ਯੂਐਸਏ ਸਪੋਰਟਸ ਕਲੱਬ ਵੱਲੋਂ ਪਹਿਲਾ ਕਬੱਡੀ ਕੱਪ ਸ਼ਾਨੋ ਸ਼ੌਕਤ ਨਾਲ ਕਰਵਾਇਆ ਗਿਆ। ਇਸ ਟੂਰਨਾਮੈਂਟ ਵਿੱਚ ਚੋਟੀ ਦੇ ਖਿਡਾਰੀ ਪਹੁੰਚੇ ਹੋਏ ਸਨ। ਇਹਨਾਂ ਮੁਕਾਬਲਿਆਂ ਵਿੱਚ ਜਿੱਥੇ ਚਾਰ ਓਪਨ ਕਬੱਡੀ ਦੀਆਂ ਟੀਮਾਂ ਨੇ ਭਾਗ ਲਿਆ, ਓਥੇ ਹੀ 2 ਅੰਡਰ ਟਵੱਟੀਵੰਨ ਦੀਆਂ ਟੀਮਾਂ ਪਹੁੰਚੀਆਂ ਹੋਈਆ ਸਨ। ਕਬੱਡੀ ਮੁਕਾਬਲਿਆਂ ਤੋਂ ਬਿਨਾਂ ਰੱਸਾਕਸ਼ੀ ਦੇ ਦਿਲਕਸ਼ ਮੁਕਾਬਲੇ ਵੀ ਵੇਖਣ ਨੂੰ ਮਿਲੇ। ਰੱਸਾਕਸ਼ੀ ਵਿੱਚ ਫਰਿਜਨੋ ਦੀ ਟੀਮ ਸਿਲਮਾਂ ਦੀ ਟੀਮ ਨੂੰ ਹਰਾਕੇ ਜੇਤੂ ਰਹੀ। ਅੰਡਰ 21 ਕਬੱਡੀ ਮੈਚਾ ਦੌਰਾਨ, ਫ਼ਾਈਨਲ ਮੈਚ ਬਹੁਤ ਫਸਵਾਂ ਰਿਹਾ ਅਤੇ ਫਰਿਜ਼ਨੋ ਨੇ ਸੈਕਰਾਮੈਂਟੋ ਦੀ ਕਲੱਬ ਨੂੰ 43-30 ਦੇ ਸਕੋਰ ਨਾਲ ਹਰਾਕੇ ਇਹ ਮੈਚ ਜਿੱਤਿਆ। ਕਬੱਡੀ ਓਪਨ ਦੇ ਮੈਚ ਵੇਖਣ ਲਈ ਦਰਸ਼ਕ ਦੂਰ ਦੁਰਾਡੇ ਤੋਂ ਵੱਡੀ ਗਿਣਤੀ ਵਿੱਚ ਪਹੁੰਚੇ ਹੋਏ ਸਨ। ਇਹਨਾਂ ਰੁਮਾਂਚਕ ਮੁਕਾਬਲਿਆਂ ਦੌਰਾਨ ਮੈਨਟੀਕਾ ਦੀ ਟੀਮ ਨੇ ਫਰਿਜਨੋ ਨੂੰ ਮਾਤ ਦਿੰਦਿਆਂ ਫ਼ਾਈਨਲ ਮੈਚ ਸਾਢੇ ਠਾਈ ਦੇ ਮੁਕਾਬਲੇ ਸਤਾਈ ਪੁਆਇੰਟਾਂ ਨਾਲ ਜਿੱਤਕੇ ਕੱਪ ਆਪਣੇ ਨਾਮ ਕੀਤਾ।ਪ੍ਰਬੰਧਕਾਂ ਵੱਲੋਂ ਸਮੂਹ ਟੀਮਾਂ, ਸਪਾਂਸਰ, ਰੈਫਰੀ ਸਹਿਬਾਨ, ਕੁਮੈਂਟੇਟਰਾ ਅਤੇ ਵਲੰਟੀਅਰ ਵੀਰਾ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਗਰਮੀ ਦੀ ਪ੍ਰਵਾਹ ਕੀਤੇ ਬਿਨਾਂ ਟੂਰਨਾਂਮੈਂਟ ਨੂੰ ਰੌਚਿਕ ਬਣਾਉਣ ਲਈ ਕੁਮੈਂਟੇਟਰ ਸਵਰਨ ਮੱਲਾ ਅਤੇ ਗੁਰਪ੍ਰੀਤ ਪੱਡਾ ਨੇ ਆਪਣੇ ਟੋਟਕਿਆਂ ਨਾਲ ਖ਼ੂਬ ਰੰਗ ਬੰਨਿਆ। ਪਰਾਈਮ ਟਰੱਕ ਡ੍ਰਾਈਵਿੰਗ ਸਕੂਲ ਵਾਲੇ ਰਛਪਾਲ ਸਿੰਘ ਸਹੋਤਾ ਵੱਲੋਂ ਚਾਹ ਪਕੌੜਿਆ ਦਾ ਲੰਗਰ ਅਤੁੱਟ ਵਰਤਿਆ। ਖਾਲੜਾ ਪਾਰਕ ਵਾਲੇ ਬਾਬਿਆਂ ਦੀ ਕਮੇਟੀ ਨੇ ਗਰਮੀ ਤੋਂ ਰਾਹਤ ਦੇਣ ਲਈ ਸਕੰਦਰ ਸਿੰਘ ਚੀਮਾ ਦੀ ਅਗਵਾਈ ਵਿੱਚ, ਲਾਈ ਰੂਅਫ਼ਜਾ ਅਤੇ ਆਈਸ ਕਰੀਮ ਦੀ ਛਬੀਲ ਖਾਸ ਖਿੱਚ ਦਾ ਕੇਂਦਰ ਰਹੀ। ਗਰੀਨ ਪਾਰਕ ਵਾਲੇ ਹਰਚੰਦ ਦਿਊਲ ਅਤੇ ਤਰਲੋਚਨ ਸਿੰਘ



ਨੇ ਲੰਗਰ ਦੀ ਸੇਵਾ ਕੀਤੀ। ਇਸ ਟੂਰਨਾਮੈਂਟ ਨੂੰ ਸਿਰੇ ਚਾੜਨ ਲਈ ਕਬੱਡੀ ਪ੍ਰਮੋਟਰ ਨਾਜਰ ਸਿੰਘ ਸਹੋਤਾ, ਖੇਡ ਲੇਖਕ ਅਮਰਜੀਤ ਸਿੰਘ ਦੌਧਰ, ਜੀਤਾ ਜੰਗੀਆਣਾ ਅਤੇ ਕਾਲਾ ਡੋਡ ਨੇ ਅਹਿਮ ਰੋਲ ਅਦਾ ਕੀਤਾ। ਕਬੱਡੀ ਓਪਨ ਦਾ ਪਹਿਲਾ ਇਨਾਮ ਜੇ. ਐਸ. ਟੀ. ਟਰੱਰ ਪਰਮਿੰਟਸ ਅਤੇ ਜੇ ਐਸ ਇੰ-ਸੋਰੈਂਸ ਵਾਲੇ ਜਗਦੀਪ ਸਿੰਘ ਨੇ ਦਿੱਤਾ। ਦੂਸਰਾ ਇਨਾਮ ਜੀਡੀ ਟਰੱਕਿੰਗ ਵੱਲੋ ਦਿੱਤਾ ਗਿਆ। ਤੀਸਰਾ ਇਨਾਮ ਜੇ ਐਨ ਟ੍ਰਾਂਸਪੋਰਟ ਵਾਲੇ ਜਸਪਾਲ ਸਿੰਘ ਧਾਲੀਵਾਲ, ਖੁਸ਼ ਧਾਲੀਵਾਲ, ਬਲਪ੍ਰੀਤ ਸਿੰਘ ਅਤੇ ਵੱਲੋ ਦਿੱਤਾ ਗਿਆ। ਅੰਡਰ ਟਵੱਟੀ ਵੰਨ ਦਾ ਪਹਿਲਾ ਇਨਾਮ ਪੀਸੀਏ ਫਰਿਜਨੋ ਵੱਲੋ ਦਿੱਤਾ ਗਿਆ। ਰੱਸਾਕਸ਼ੀ ਦਾ ਪਹਿਲਾ ਇਨਾਮ ਜੱਸੀ ਸਟੋਨ ਟਰੱਕਿੰਗ ਵੱਲੋ ਦਿੱਤਾ ਗਿਆ। ਇਸ ਮੌਕੇ ਸਾਬਕਾ ਕਬੱਡੀ ਖਿਡਾਰੀਆਂ ਬੱਲੀ ਮਹੇੜੂ, ਬਲਵਿੰਦਰ ਭਲਵਾਨ, ਜਰਨੈਲ ਜੈਲਾ ਸਿਲਮਾ, ਰਾਮਾ ਸਮਰਾਲਾ, ਗੀਤਾ ਸੁਖਦੌਲਤ, ਗੁਰਪ੍ਰੀਤ ਬੈਂਸ, ਜੱਸਾ ਭਲਵਾਨ ਮੌਲਾ ਕਦੋਲਾ ਜੱਟਾਂ ਆਦਿ ਪਲੇਅਰਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਰੈਫ਼ਰੀਆਂ ਵਿੱਚ ਦਲਵੀਰ ਚੌਧਰੀ, ਮੰਦਰ ਲੰਡੇਕੇ, ਵੀਰੂ ਵੱਡਾ ਘਰ, ਮੇਸ਼ੀ ਭਲਵਾਨ ਅਤੇ ਕਬੱਡੀ ਕੋਚ ਬਾਬਾ ਨੇ ਸੇਵਾਵਾਂ ਬਾਖੂਬੀ ਨਿਭਾਈਆਂ। ਵਰਲਡ ਕੱਪ ਦੀਆਂ ਖਿਡਾਰਨਾਂ ਰਾਮ ਬਤੇਰੀ (ਸਮੈਣ ਹਰਿਆਣਾ), ਮੀਨੂੰ (ਜੀਂਦ ਹਰਿਆਣਾ) ਅਤੇ ਸੁੱਖੀ ਲਿੱਦੜਾ ਨੂੰ ਪ੍ਰਬੰਧਕਾਂ ਵੱਲੋਂ ਸਨਮਾਨਤ ਕੀਤਾ ਗਿਆ। ਬਾਕੀ ਮੁਕਾਬਲਿਆ ਦੌਰਾਨ ਓਪਨ ਕਬੱਡੀ ਦਾ ਮੈਚ ਫਰਿਜਨੋ ਅਤੇ ਬੇਕਰਸਫੀਲਡ ਦੀਆਂ ਟੀਮਾਂ ਦਰਮਿਆਨ ਹੋਇਆ ਜਿਹੜਾ ਫਰਿਜਨੋ ਨੇ 35-31 ਦੇ ਫਰਕ ਨਾਲ ਜਿੱਤਿਆ। ਦੂਸਰਾ ਮੈਚ ਮੈਨਟੀਕਾ ਅਤੇ ਯੂਬਾ ਸਿਟੀ ਦਰਮਿਆਨ ਖੇਡਿਆ ਗਿਆ ਜਿਹੜਾ ਮੈਨਟੀਕਾ ਨੇ ਸਾਢੇ ਪੈਂਤੀ ਅਤੇ ਪੈਂਤੀ ਦੇ ਸਕੋਰ ਨਾਲ ਅੱਧੇ ਪੁਆਇੰਟ ਤੇ ਜਿੱਤਿਆ। ਤੀਸਰਾ ਮੈਚ ਫਰਿਜਨੋ ਤੇ ਮੈਨਟੀਕਾ ਦਰਮਿਆਨ ਹੋਇਆ ਜਿਹੜਾ ਫਰਿਜਨੋ ਨੇ 36-30 ਨਾਲ ਜਿੱਤਿਆ।

ਚੌਥਾ ਮੈਚ ਬੇਕਰਸਫੀਲ ਅਤੇ ਯੂਬਾ ਸਿਟੀ ਦਰਮਿਆਨ ਖੜਕਿਆ ਤੇ ਜਿਹੜਾ ਯੂਬਾ ਸਿਟੀ ਨੇ 44-34 ਨਾਲ ਜਿੱਤਿਆ ਅਤੇ ਪੰਜਵਾਂ ਤੇ ਫਾਇਨਲ ਮੈਚ ਫਰਿਜਨੋ ਅਤੇ ਮੈਨਟੀਕਾ ਦਰਮਿਆਨ ਹੋਇਆ ਜਿਹੜਾ ਮੈਨਟੀਕਾ ਨੇ ਡੇਢ ਪੁਆਇੰਟ ਤੇ ਜਿੱਤਕੇ ਕੱਪ ਆਪਣੇ ਨਾਮ ਕੀਤਾ। ਇਸ ਟੂਰਨਾਮੈਂਟ ਵਿੱਚ ਜਲੰਧਰ ਦੇ ਸਾਬਕਾ ਐਸ ਐਸਪੀ ਕੁਲਵੰਤ ਸਿੰਘ ਲੰਬੜ ਨੇ ਵਿਸ਼ੇਸ਼ ਸ਼ਿਰਕਤ ਕੀਤੀ। ਕਬੱਡੀ ਪ੍ਰੋਮੋਟਰ ਨਾਜਰ ਸਿੰਘ ਸਹੋਤਾ ਅਤੇ ਫਰਿਜਨੋ ਕੈਲੀਫੋਰਨੀਆ ਯੂਐਸਏ ਸਪੋਰਟਸ ਕਲੱਬ ਨੇ ਮੈਕਸੀਕਨ ਮੂਲ ਦੇ ਅਮੈਰਕਿਨ ਕਬੱਡੀ ਖਿਡਾਰੀ ਹਾਸੂਸ ਚਾਵੇਜ ਦੀ ਮੌਤ ਤੇ ਡਾਢੇ ਦੁੱਖ ਦਾ ਪ੍ਰਗਟ ਕੀਤਾ।

# ਮਜਦੂਰਾਂ ਨੂੰ 1000 ਰੁਪਏ ਪ੍ਰਤੀ ਦਿਨ ਮਿਲੇ ਮਿਹਨਤਾਨਾ- ਕਲਾਰ, ਸਹੂੰਗੜਾ

**ਸੜੋਆ (ਸਤਨਾਮ ਸਿੰਘ ਸਹੂੰਗੜਾ)–** ਅੱਜ ਸੜੋਆ ਵਿਖੇ ਸਰਗਰਮ ਵਰਕਰਾਂ ਦੀ ਵਿਸ਼ੇਸ਼ ਮੀਟਿੰਗ ਕੀਤੀ ਗਈ। ਸੰਬੋਧਨ ਕਰਦਿਆਂ ਤਹਿਸੀਲ ਪ੍ਰਧਾਨ ਅਸ਼ੋਕ ਕਲਾਰ ਤੇ ਸਕੱਤਰ ਬਗੀਚਾ ਸਿੰਘ ਸਹੂੰਗੜਾ ਨੇ ਕਿਹਾ ਕਿ ਕੇਂਦਰ ਸਰਕਾਰ ਵਲੋਂ 100 ਦਿਨ ਰੁਜਗਾਰ ਦੇ ਨਾਂ ਤੇ ਮਜਦੂਰਾਂ ਨਾਲ ਕੀਤਾ ਜਾਂਦਾ ਹੈ ਕੋਝਾ ਮਜ਼ਾਕ । ਉਨ੍ਹਾਂ ਕਿਹਾ ਮਹਿੰਗਾਈ ਦੇ ਇਸ ਯੁੱਗ ਵਿੱਚ ਮਜਦੂਰਾਂ ਨੂੰ ਪੂਰਾ ਸਾਲ ਕੰਮ ਤੇ 1962 ਦੇ ਐਕਟ ਤਹਿਤ ਮਜਦੂਰਾਂ ਨੂੰ ਮਿਹਨਤਾਨੇ ਵਜੋਂ 1000 ਰੁਪਏ ਮਿਲਣੇ ਚਾਹੀਦੇ ਹਨ । ਜਿਸਦੀ ਜਿੰਮੇਵਾਰੀ ਸੂਬਾ ਸਰਕਾਰ ਦੀ ਬਣਦੀ ਹੈ। ਉਨ੍ਹਾਂ ਕਿਹਾ ਕਿ ਪਿੰਡਾਂ ਵਿੱਚ ਘੜੰਮ ਚੌਧਰੀ ਮਨਰੇਗਾ ਦੇ ਕੰਮ ਤੇ ਰਾਜਨੀਤੀ ਕਰਦੇ ਹਨ ਜਿਹੜੇ ਲੋਕ ਉਨ੍ਹਾਂ ਦੀਆਂ ਬੁੱਤੀਆਂ ਕਰਦੇ ਹਨ ਜਾਂ ਜਿਨਾ ਨੇ ਉਨ੍ਹਾਂ ਦੇ ਕਹਿਣ ਤੇ ਵੋਟਾਂ ਪਾਈਆਂ ਹੁੰਦੀਆਂ ਉਨ੍ਹਾਂ ਨੂੰ ਕੰਮ ਦੁਆ ਦਿੰਦੇ ਹਨ ਤੇ ਬਾਕੀ ਮਜ਼ਦੂਰ ਕੰਮ ਤੋਂ ਵਾਂਝੇ ਰਹਿ ਜਾਂਦੇ ਹਨ। ਉਨ੍ਹਾਂ ਕਿਹਾ ਪਿੰਡਾਂ ਵਿਚ ਲਾਲ ਲਕੀਰ ਵਿੱਚ ਰਹਿ ਰਹੇ ਪਰਿਵਾਰਾਂ ਨੂੰ ਮਾਲਕੀ ਹੱਕ ਦਿੱਤੇ ਜਾਣੇ ਸਨ ਪਰ ਲੋਕਲ ਪ੍ਰਸ਼ਾਸ਼ਨ ਕੁੰਭ ਕਰਨੀ ਨੀਂਦ ਸੁੱਤਾ ਪਿਆ ਹੈ। ਪਿੰਡਾਂ ਵਿੱਚ ਆਮ ਅਜਲਾਸ ਹੋਣੇ ਸਨ।




ਉਹ ਵੀ ਕਾਗਜ਼ੀ ਕਾਰਵਾਈ ਵਿੱਚ ਤਾਂ ਹੋ ਜਾਂਦੇ ਹਨ ਪਰ ਪਿੰਡਾਂ ਦੇ ਲੋਕਾਂ ਵਿੱਚ ਨਹੀਂ ਹੋ ਰਹੇ ਹਨ। ਉਨ੍ਹਾਂ ਕਿਹਾ ਮਜਦੂਰਾਂ ਨੂੰ ਪੂਰਾ ਸਾਲ ਕੰਮ ਤੇ ਮਿਹਨਤਾਨੇ ਵਜੋਂ 1000 ਰਪਏ ਲਾਲ ਲਕੀਰ ਵਿੱਚ ਰਹਿ ਰਹੇ ਪਰਿਵਾਰਾਂ ਨੂੰ ਮਾਲਕੀ ਹੱਕ ਅਤੇ ਜਾਤੀ ਦਾਬੇ ਨੂੰ ਤੋੜਨ ਲਈ 21 ਨੂੰ ਡੀ ਸੀ ਦਫ਼ਤਰ ਨਵਾਂਸ਼ਹਿਰ ਦਾ ਘਿਰਾਓ ਕੀਤਾ ਜਾਵੇਗਾ । ਇਫਟੂ ਦੇ ਗੁਰਦਿਆਲ ਰੱਕੜ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਗੁਰਦਿਆਲ ਸਿੰਘ ਪੈਲੀ, ਨਿਰਮਲ ਪੈਲੀ, ਜਸਵਿੰਦਰ ਸਿੰਘ, ਦਰਬਾਰਾ ਸਿੰਘ, ਜਗੀਰ ਚੰਦ, ਬਲਵਿੰਦਰ ਸਿੰਘ, ਰਾਮ ਪਾਲ ਮੌਜੋਵਾਲ, ਮਦਨ ਅਟਾਲ ਮਜ਼ਰਾ, ਜਗਦੀਸ਼ ਸੜੋਆ, ਕਰਨੈਲ ਸਿੰਘ, ਅਮਰਜੀਤ ਸਿੰਘ ਛਦੋੜੀ, ਜਗੀਰ ਕੌਰ, ਪੂਜਾ, ਪਿੰਦਰਜੀਤ ਕੌਰ, ਕਮਲੇਸ਼ ਰਾਣੀ ਆਦਿ ਸਰਗਰਮ ਵਰਕਰ ਹਾਜ਼ਰ ਸਨ।

# ਜਵਾਹਰ ਨਵੋਦਿਆ ਵਿਦਿਆਲਿਆ 'ਚ ਛੇਵੀਂ ਜਮਾਤ ਦੇ ਦਾਖਲੇ ਲਈ 10 ਅਗਸਤ ਤੱਕ ਭਰੇ ਜਾ ਸਕਦੇ ਹਨ ਫਾਰਮ - ਡਿਪਟੀ ਕਮਿਸ਼ਨਰ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਦੱਸਿਆ ਕਿ ਜਵਾਹਰ ਨਵੋਦਿਆ ਵਿਦਿਆਲਿਆ ਦਾਖਲਾ ਪ੍ਰੀਖਿਆ 2024-25 ਜਮਾਤ ਛੇਵੀਂ, ਜਿਸ ਦੀ ਪ੍ਰੀਖਿਆ 20 ਜਨਵਰੀ 2024 ਨੂੰ ਹੋਣੀ ਹੈ, ਲਈ ਫਾਰਮ ਨਵੋਦਿਆ ਵਿਦਿਆਲਿਆ ਦੀ ਵੈਬਸਾਈਟ www.navo-daya.govi.n 'ਤੇ 10 ਅਗਸਤ ਤੱਕ ਭੇਜੇ ਜਾ ਸਕਦੇ ਹਨ। ਉਨ੍ਹਾਂ ਕਿਹਾ ਕਿ ਉਹ



ਵਿਦਿਆਰਥੀ ਜਿਹੜੇ 2023-24 ਵਿਚ ਸਰਕਾਰੀ ਸਕੂਲ ਵਿਚ ਜਾਂ ਮਾਨਤਾ ਪ੍ਰਾਪਤ ਸਕੂਲਾਂ ਵਿਚ ਪੰਜਵੀਂ ਜਮਾਤ ਵਿਚ ਪੜ੍ਹ ਰਹੇ ਹਨ ਅਤੇ ਜ਼ਿਲ੍ਹੇ ਦੇ ਬੋਨਾਫਾਈਡ ਨਿਵਾਸੀ ਹਨ, ਉਹ ਫਾਰਮ ਭਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਵਿਦਿਆਰਥੀਆਂ ਦੀ ਜਨਮ ਮਿਤੀ 1 ਮਈ 2012 ਤੋਂ 31 ਜੁਲਾਈ 2014 ਦੇ ਦਰਮਿਆਨ ਹੋਣੀ ਚਾਹੀਦੀ ਹੈ। ਜੇਕਰ ਕਿਸੇ ਨੂੰ ਫਾਰਮ ਭਰਨ ਵਿਚ ਦਿੱਕਤ ਆਉਂਦੀ ਹੈ, ਤਾਂ ਉਹ ਕੰਮਕਾਜ ਵਾਲੇ ਦਿਨ ਨਵੋਦਿਆ ਵਿਦਿਆਲਿਆ ਸਕੂਲ ਫਲਾਹੀ, ਜ਼ਿਲ੍ਹਾ ਹੁਸ਼ਿਆਰਪੁਰ ਵਿਚ ਦਫ਼ਤਰ ਨਾਲ ਸੰਪਰਕ ਕਰ ਸਕਦੇ ਹਨ। ਵਧੇਰੇ ਜਾਣਕਾਰੀ ਲਈ 01882-289393, 94636-46719 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਵਿਦਿਆ ਲਿਆ ਵਿਚ ਬੱਚਿਆਂ ਨੂੰ ਆਧੁਨਿਕ ਸਿੱਖਿਆ, ਖਾਣ-ਪੀਣ, ਰਹਿਣ-ਸਹਿਣ, ਵਰਦੀਆਂ, ਕਾਪੀਆਂ ਅਤੇ ਸਿਹਤ ਸੇਵਾਵਾਂ ਦਾ ਸਾਰਾ ਪ੍ਰਬੰਧ ਮੁਫਤ ਹੈ। ਇਥੇ ਬੱਚਿਆਂ ਦੇ ਆਚਰਣ ਨਿਰਮਾਣ ਅਤੇ ਸਰਬਪੱਖੀ ਵਿਕਾਸ 'ਤੇ ਵਿਸ਼ੇਸ਼ ਜੋਰ ਦਿੱਤਾ ਜਾਂਦਾ ਹੈ।


# "ਦੇਸ਼ ਦੁਆਬਾ"

## ਹਫਤਾਵਾਰੀ ਅਖਬਾਰ

**ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?**

**ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?**

**ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।**

## ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**E-mail : deshdoaba@yahoo.com**

**(ਸੰਪਰਕ) 1-916-947-8920, (ਫੈਕਸ) 1-916-238-1393**

**www.deshdoaba.com www.ambedkartimes.com**


ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਭਾਜਪਾ ਦਾ ਦਲਿਤ ਵਿਰੋਧੀ ਚੇਹਰਾ ਹੋਇਆ ਬੇਨਕਾਬ - ਵਿਕਾਸ ਹੰਸ

**ਸੜੋਆ (ਸਤਨਾਮ ਸਿੰਘ ਸਹੂੰਗੜਾ)–** ਜਦੋਂ ਦੀ ਕੇਂਦਰ ਵਿੱਚ ਭਾਜਪਾ ਸਰਕਾਰ ਬਣੀ ਹੈ ਉਦੋਂ ਤੋਂ ਲੈ ਕੇ ਹੁਣ ਤੱਕ ਭਾਜਪਾ ਸਰਕਾਰ ਵੱਲੋਂ ਦਲਿਤ ਵਿਰੋਧੀ ਫੈਸਲੇ ਲਗਾਤਾਰ ਲਏ ਜਾ ਰਹੇ ਹਨ, ਜਿਸ ਨਾਲ ਦਲਿਤ ਸਮਾਜ ਵਿੱਚ ਇੱਕ ਸੋਗ ਦੀ ਲਹਿਰ ਪੈਦਾ ਹੋ ਰਹੀ ਹੈ, ਜਿਸ ਨਾਲ ਭਾਜਪਾ ਨੂੰ ਵੱਡੇ ਪੱਧਰ ਤੇ ਦਲਿਤ ਸਮਾਜ ਦਾ ਵਿਰੋਧ ਝੱਲਣਾ ਪੈ ਸਕਦਾ ਹੈ।

ਭਗਵਾਨ ਵਾਲਮੀਕਿ ਧਰਮ ਰੱਖਿਆ ਸੰਮਤੀ ਪੰਜਾਬ ਪ੍ਰਧਾਨ ਵਿਕਾਸ ਹੰਸ ਨੇ ਭਾਜਪਾ ਤੇ ਜੋਰਦਾਰ ਹਮਲਾ ਕਰਦਿਆਂ ਕਿਹਾ ਕਿ ਸੁਨੀਲ ਜਾਖੜ ਦੀ ਪੰਜਾਬ ਇਕਾਈ ਦੇ ਪ੍ਰਧਾਨ ਵਜੋਂ ਨਿਯੁਕਤੀ ਹੋਣ ਨਾਲ ਦਲਿਤ ਵਿਰੋਧੀ ਚੇਹਰਾ ਬੇਨਕਾਬ ਹੋਇਆ ਹੈ। ਸੁਨੀਲ ਜਾਖੜ ਦੀ ਦਲਿਤ ਸਮਾਜ ਵਿਰੋਧੀ ਟਿੱਪਣੀ ਅਜੇ ਤੱਕ ਘਰ ਘਰ ਵਿੱਚ ਚਰਚਾ ਦਾ ਵਿਸ਼ਾ ਬਣੀ ਹੋਈ ਹੈ।



ਵਿਕਾਸ ਹੰਸ ਨੇ ਕਿਹਾ ਕਿ ਕਿ ਦਲਿਤ ਲੀਡਰਾਂ ਵੱਲੋਂ ਵੀ ਆਪਣੀ ਵਾਹ ਵਾਹ ਖੱਟਣ ਲਈ ਇਹੋ ਜਿਹੇ ਲੀਡਰਾਂ ਦਾ ਸੁਆਗਤ ਕੀਤਾ ਜਾ ਰਿਹਾ ਹੈ, ਉਹਨਾਂ ਨੂੰ ਵੀ ਚੇਤਾਵਨੀ ਦਿੰਦਿਆਂ ਕਿਹਾ ਕਿ ਉਹ ਸਮਾਜ ਨੂੰ ਗੁੰਮਰਾਹ ਨਾ ਕਰਨ ਅਤੇ ਆਉਣ ਵਾਲੇ ਸਮੇਂ ਵਿੱਚ ਇਹਨਾਂ ਲੀਡਰਾਂ ਦੇ ਵੀ ਚਿਹਰੇ ਬੇਨਕਾਬ ਕੀਤੇ ਜਾਣਗੇ।

ਇਸ ਮੋਕੇ ਵਿਕਾਸ ਹੰਸ ਨੇ ਕਿਹਾ ਕਿ ਭਾਜਪਾ ਪ੍ਰਧਾਨ ਸੁਨੀਲ ਜਾਖੜ ਜਦੋਂ ਵੀ ਹੁਸ਼ਿਆਰਪੁਰ ਦਾ ਦੌਰਾ ਕਰਨ ਆਉਣਗੇ ਤਾਂ ਭਗਵਾਨ ਵਾਲਮੀਕਿ ਧਰਮ ਰੱਖਿਆ ਸਮਿਤੀ ਵੱਲੋਂ ਪੁਰਜ਼ੋਰ ਸਖਤ ਵਿਰੋਧ ਕਰੇਗੀ।

ਉਹਨਾਂ ਕਿਹਾ ਕਿ ਦਲਿਤ ਸਮਾਜ ਵਿਰੋਧੀ ਭਾਜਪਾ ਨੇ ਦੇਸ਼ ਵਿੱਚ ਇੱਕ ਵੀ ਮੁੱਖ ਮੰਤਰੀ ਦਲਿਤ ਸਮਾਜ ਵਿੱਚੋਂ ਨਹੀਂ ਬਣਾਇਆ ਹੈ, ਜਦੋਂ ਕਿ ਦੇਸ਼ ਵਿੱਚ 11 ਮੁੱਖ ਮੰਤਰੀ ਭਾਜਪਾ ਦੇ ਹਨ। ਸਗੋਂ ਪੰਜਾਬ ਜਿੱਥੇ ਦਲਿਤ ਅਬਾਦੀ ਬਹੁਤਾਤ ਵਿੱਚ ਹੈ, ਉੱਥੇ ਦਲਿਤ ਵਿਰੋਧੀ ਚਿਹਰਾ ਸੂਬਾ ਪ੍ਰਧਾਨ ਵਜੋਂ ਨਿਯੁਕਤ ਕੀਤਾ ਹੈ। ਅੱਜ ਭਾਜਪਾ ਸਾਸ਼ਿਤ ਸੂਬੇ ਮਧ ਪ੍ਰਦੇਸ਼ ਵਿੱਚ ਦਲਿਤ ਦੇ ਸਿਰ ਵਿੱਚ ਭਾਜਪਾ ਲੀਡਰ ਪਿਸ਼ਾਬ ਕਰ ਰਿਹਾ ਹੈ। ਦਲਿਤ ਸ਼ਕਤੀ ਨੂੰ ਕਮਜ਼ੋਰ ਕਰਨ ਵਿੱਚ ਐਸ ਸੀ ਐਕਟ ਨਾਲ ਭਾਜਪਾ ਛੇੜਛਾੜ ਕਰ ਚੁੱਕੀ ਹੈ। ਉਹਨਾਂ ਕਿਹਾ ਕਿ ਦੇਸ਼ ਦੇ ਬਜਟ ਵਿੱਚ ਦਲਿਤ ਵਰਗਾਂ ਦੀ ਭਲਾਈ ਲਈ ਰੱਖੇ ਖਰਚ ਵਿੱਚ ਭਾਜਪਾ ਲਗਾਤਾਰ ਕਟੌਤੀ ਕਰ ਰਹੀ ਹੈ। ਦਲਿਤ ਵਿਦਿਆਰਥੀਆਂ ਦਾ ਭਵਿੱਖ ਖ਼ਤਮ ਕਰਨ ਹਿੱਤ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਦਾ ਕੇਂਦਰੀ ਫੰਡ ਹਰ ਸਾਲ ਘਟਾਇਆ ਜਾ ਰਿਹਾ ਹੈ।

ਇਸ ਮੌਕੇ ਵਿਕਾਸ ਹੰਸ ਨੇ ਕਿਹਾ ਕਿ ਪੰਜਾਬ ਦਾ ਦਲਿਤ ਸਮਾਜ ਭਾਜਪਾ ਦੀਆਂ ਜਮਾਨਤਾਂ ਜਬਤ ਕਰਾਉਣ ਦਾ ਪੁਖਤਾ ਪ੍ਰਬੰਧ ਕਰਕੇ ਅੱਗੇ ਦੀ ਯੋਜਨਾਬੰਦੀ ਕਰੇਗਾ, ਜਿਸ ਤਹਿਤ ਦਲਿਤ ਸ਼ਕਤੀ ਦੀ ਲਾਮਬੰਦੀ ਪਹਿਲ ਦੇ ਅਧਾਰ ਤੇ ਕੀਤੀ ਜਾਵੇਗੀ।

# ਵਿਧਾਨ ਸਭਾ ਹਲਕਾ ਗੜ੍ਹਸ਼ੰਕਰ ਦੇ ਮਨਦੀਪ ਸਿੰਘ ਮੋਇਲਾ ਨੂੰ ਯੂਥ ਕਾਂਗਰਸ ਦਾ ਪ੍ਰਧਾਨ ਚੁਣਿਆ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਭਾਰਤੀ ਯੂਥ ਕਾਂਗਰਸ ਦੀ ਪੰਜਾਬ ਇਕਾਈ ਦੀ ਚੋਣ ਦੇ ਤਿੰਨ ਮਹੀਨੇ ਬਾਅਦ ਐਲਾਨੇ ਗਏ ਨਤੀਜਿਆਂ ਵਿੱਚ ਮਨਦੀਪ ਸਿੰਘ ਮੋਇਲਾ ਗੜ੍ਹਸ਼ੰਕਰ ਵਿਧਾਨ ਸਭਾ ਹਲਕੇ ਦੇ ਯੂਥ ਪ੍ਰਧਾਨ ਚੁਣੇ ਗਏ ਹਨ। ਜਿਸ ਕਾਰਨ ਯੂਥ ਕਾਂਗਰਸ ਦੇ ਕੌਮੀ ਜਨਰਲ ਸਕੱਤਰ ਅਤੇ ਹਲਕਾ ਗੜ੍ਹਸ਼ੰਕਰ ਦੇ ਇੰਚਾਰਜ ਅਮਰਪ੍ਰੀਤ ਸਿੰਘ ਲਾਲੀ ਨੂੰ ਵੱਡਾ ਝਟਕਾ ਲੱਗਾ ਹੈ। ਯੂਥ ਕਾਂਗਰਸ ਵੱਲੋਂ ਐਲਾਨੇ ਗਏ ਨਤੀਜਿਆਂ ਵਿੱਚ ਮਨਦੀਪ ਸਿੰਘ ਮੋਇਲਾ ਗੜ੍ਹਸ਼ੰਕਰ ਵਿਧਾਨ ਸਭਾ ਹਲਕੇ ਤੋਂ 2234 ਵੋਟਾਂ ਹਾਸਲ ਕਰਕੇ ਯੂਥ ਪ੍ਰਧਾਨ ਚੁਣੇ ਗਏ। ਜਿਸ ਤੋਂ ਬਾਅਦ ਚਤਿੰਦਰ ਸਿੰਘ 1913 ਵੋਟਾਂ ਲੈ ਕੇ ਮੀਤ ਪ੍ਰਧਾਨ, ਸਚਿਨ ਨਈਅਰ 102 ਵੋਟਾਂ ਲੈ ਕੇ ਜਨਰਲ ਸਕੱਤਰ, 10 ਵੋਟਾਂ ਲੈ ਕੇ ਗੁਰਪ੍ਰੀਤ ਸਿੰਘ ਜਨਰਲ ਸਕੱਤਰ, ਗੁਰਪ੍ਰੀਤ ਸਿੰਘ ਮਾਨ 5 ਵੋਟਾਂ ਲੈ ਕੇ ਸਕੱਤਰ ਚੁਣੇ ਗਏ। ਗੜ੍ਹਸ਼ੰਕਰ ਵਿਧਾਨ ਸਭਾ ਹਲਕੇ ਲਈ ਕੁੱਲ 4515 ਜਾਇਜ਼ ਵੋਟਾਂ ਪੋਲ ਹੋਈਆਂ।



ਜ਼ਿਕਰਯੋਗ ਹੈ ਕਿ ਮਨਦੀਪ ਸਿੰਘ ਮੋਇਲਾ ਦੀ ਯੋਗਤਾ ਐਮ.ਬੀ.ਏ ਹੈ ਅਤੇ ਉਹ ਆਮ ਘਰਾਣੇ ਨਾਲ ਸਬੰਧਤ ਹੈ। ਪਹਿਲੀ ਵਾਰ ਚੋਣ ਰਾਜਨੀਤੀ ਵਿੱਚ ਹਿੱਸਾ ਲਿਆ ਅਤੇ ਪਹਿਲੀ ਵਾਰ ਵਿਧਾਨ ਸਭਾ ਹਲਕਾ ਗੜ੍ਹਸ਼ੰਕਰ ਦੇ ਯੂਥ ਪ੍ਰਧਾਨ ਚੁਣੇ ਗਏ। ਉਨ੍ਹਾਂ ਨੂੰ ਕਿਸੇ ਵੱਡੇ ਨੇਤਾ ਦਾ ਅਸ਼ੀਰਵਾਦ ਨਹੀਂ ਸੀ। ਜਦਕਿ ਦੂਜੇ ਉਮੀਦਵਾਰ ਨੂੰ ਯੂਥ ਕਾਂਗਰਸ ਦੇ ਕੌਮੀ ਜਨਰਲ ਸਕੱਤਰ ਅਤੇ ਹਲਕਾ ਗੜ੍ਹਸ਼ੰਕਰ ਦੇ ਇੰਚਾਰਜ ਅਮਰਪ੍ਰੀਤ ਸਿੰਘ ਲਾਲੀ ਦਾ ਸਮਰਥਨ ਹਾਸਲ ਸੀ।

ਫਿਰ ਵੀ ਮਨਦੀਪ ਸਿੰਘ ਮੋਇਲਾ ਚੋਣ ਜਿੱਤਣ ਵਿਚ ਕਾਮਯਾਬ ਰਹੇ। ਮਨਦੀਪ ਸਿੰਘ ਮੋਇਲਾ ਨੇ ਕਿਹਾ ਕਿ ਉਹ ਗੜ੍ਹਸ਼ੰਕਰ ਹਲਕੇ ਵਿੱਚ ਯੂਥ ਕਾਂਗਰਸ ਦੀ ਮਜ਼ਬੂਤੀ ਲਈ ਦਿਨ ਰਾਤ ਕੰਮ ਕਰਨਗੇ ਅਤੇ ਕਾਂਗਰਸ ਅਤੇ ਕਾਂਗਰਸ ਦੇ ਕੌਮੀ ਪ੍ਰਧਾਨ ਅਰਜੁਨ ਖੜਗੇ, ਸਾਬਕਾ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਅਤੇ ਯੂਥ ਕਾਂਗਰਸ ਦੇ ਕੌਮੀ ਪ੍ਰਧਾਨ ਵੀ.ਵੀ ਸ਼੍ਰੀਨਿਵਾਸ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸਮੁੱਚੀ ਟੀਮ ਨੂੰ ਨਾਲ ਲੈ ਕੇ ਕੰਮ ਕੀਤਾ ਜਾਵੇਗਾ।

# ਪਰਾਲੀ ਦੀ ਸਾਂਭ ਸੰਭਾਲ ਸਬੰਧੀ ਮਸ਼ੀਨਾਂ ਤੇ ਸਬਸਿਡੀ ਲਈ ਕਿਸਾਨ ਕਰ ਸਕਦੇ ਆਨਲਾਈਨ ਅਪਲਾਈ: ਡਿਪਟੀ ਕਮਿਸ਼ਨਰ

**ਪਠਾਨਕੋਟ, ਜੁਲਾਈ (ਰਾਜਿੰਦਰ ਸਿੰਘ ਰਾਜਨ)** ਖੇਤੀਬਾੜੀ ਨੂੰ ਲਾਹੇਵੰਦ ਧੰਦਾ ਬਣਾਉਂਣ ਲਈ ਸੂਬਾ ਸਰਕਾਰ ਦੀ ਦ੍ਰਿੜ੍ਹ ਵਚਨ ਬੱਧਤਾ ਦੁਹਰਾਉਂਦੇ ਹੋਏ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਨੇ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕਰਨ ਲਈ ਵੱਖ—ਵੱਖ ਸਕੀਮਾਂ ਅਧੀਨ ਕਿਸਾਨ ਹਿੱਤਾਂ ਵਿੱਚ ਉਪਰਾਲੇ ਕੀਤੇ ਜਾ ਰਹੇ ਹਨ। ਇਸ ਮੁਹਿੰਮ ਤਹਿਤ ਰਾਜ ਵਿੱਚ ਖੇਤੀਬਾੜੀ ਮਸ਼ੀਨੀਕਰਨ ਨੂੰ ਉਤਸ਼ਾਹਿਤ ਕਰਨ ਲਈ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਪੰਜਾਬ, ਵੱਲੋਂ ਮਾਨਯੋਗ ਸ੍ਰੀ ਕੇ.ਏ.ਪੀ. ਸਿਨਹਾ (ਆਈ.ਏ.ਐਸ) ਵਧੀਕ ਮੁੱਖ ਸਕੱਤਰ ਕਮ ਵਿੱਤੀ ਕਮਿਸ਼ਨਰ ਦੇ ਦਿਸ਼ਾ ਨਿ-ਰਦੇਸ਼ਾਂ, ਸ.ਹਰਬੀਰ ਸਿੰਘ (ਆਈ.ਏ.ਐਸ.) ਮਾਨਯੋਗ ਡਿਪਟੀ ਕਮਿਸ਼ਨਰ, ਪਠਾਨਕੋਟ ਜੀ ਦੀ ਯੋਗ ਅਗਵਾਈ ਹੇਠ ਕਿਸਾਨਾਂ ਨੂੰ ਪਰਾਲੀ ਦੀ ਸਾਂਭ ਸੰਭਾਲ ਸਬੰਧੀ ਮਸ਼ੀਨਾਂ ਤੇ ਸਬਸਿਡੀ ਲਈ ਬਿਨੈ ਪੱਤਰਾਂ ਦੀ ਮੰਗ ਕੀਤੀ ਗਈ ਹੈ।

ਮੁੱਖ ਖੇਤੀਬਾੜੀ ਅਫ਼ਸਰ ਪਠਾਨਕੋਟ, ਡਾ. ਰਾਜਿੰਦਰ ਕੁਮਾਰ ਨੇ ਜ਼ਿਲ੍ਹੇ ਦੇ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਚਾਹਵਾਨ ਕਿਸਾਨ ਖੇਤੀਬਾੜੀ ਮਸ਼ੀਨਰੀ ਜਿਵੇਂ ਕਿ ਸੁਪਰ ਐਸ. ਐਮ. ਐਸ., ਹੈਪੀ ਸੀਡਰ, ਪੈਡੀ ਸਟਰਾਅ ਚੌਪਰ/ ਸ਼ਰੈਡਰ/ ਮਲਚਰ, ਸਮਾਰਟ ਸੀਡਰ, ਜੀਰੋ ਟਿੱਲ ਡਰਿੱਲ,ਸੁਪਰ ਸੀਡਰ, ਬੇਲਰ, ਰੇਕ, ਸ਼ਰਬ ਮਾਸਟਰ/ ਰੋਟਰੀ ਸਲੈਸਰ, ਕਰਾਪ ਰੀਪਰ, ਉਲਟਾਵੇਂ ਪਲਾਓ, ਸਬਸਿਡੀ ਦੀ ਦਰ ਸਕੀਮ ਦੀਆਂ ਗਾਈਡਲਾਈਨਜ਼ ਅਨੁਸਾਰ ਪੰਜਾਬ ਸਰਕਾਰ ਵੱਲੋਂ ਪਰਾਲੀ ਸਾਂਭ ਸੰਭਾਲ ਲਈ ਆਨਲਾਈਨ ਪੋਰਟਲ agirmacihnerypb.com ਤੇ ਮਿਤੀ:20.07.2023 ਅਪਲਾਈ ਕਰ ਸਕਦੇ ਹਨ। ਐਸ.ਸੀ. ਕਿਸਾਨਾਂ ਲਈ ਸਕੀਮ ਅਧੀਨ ਵੱਖਰੇ ਤੌਰ ਤੇ ਫੰਡ ਉਪਲੱਬਧ ਹਨ। ਸਬਸਿਡੀ ਲੈਣ ਦੇ ਚਾਹਵਾਨ ਕਿਸਾਨ 20 ਜੁਲਾਈ 2023 ਤੱਕ ਆਪਣੀਆਂ ਅਰਜ਼ੀਆਂ ਆਨਲਾਈਨ ਪੋਰਟਲ ਤੇ ਦੇ ਸਕਦੇ ਹਨ। ਵਧੇਰੇ ਜਾਣਕਾਰੀ ਲਈ ਕਿਸਾਨ ਵਿਭਾਗ ਦੇ ਅਧੀਨ ਦਫ਼ਤਰਾਂ ਵਿੱਚ ਤਾਲਮੇਲ ਕਰ ਸਕਦੇ ਹਨ। ਮੁੱਖ ਖੇਤੀਬਾੜੀ ਅਫ਼ਸਰ, ਪਠਾਨਕੋਟ, ਡਾ. ਰਾਜਿੰਦਰ ਕੁਮਾਰ ਵੱਲੋਂ ਕਿਸਾਨਾਂ ਨੂੰ ਅਪੀਲ ਕੀਤੀ ਗਈ ਕਿ ਖੇਤੀਬਾੜੀ ਮਸ਼ੀਨਰੀ ਖਰੀਦਣ ਲਈ ਸਮੇਂ ਸਿਰ ਅਪਲਾਈ ਕੀਤਾ ਜਾਵੇ ਤਾਂ ਕਿ ਧਰਤੀ ਦੀ ਹੋਂਦ ਨੂੰ ਪਰਾਲੀ ਨੂੰ ਅੱਗ ਨਾ ਲਗਾ ਕੇ ਬਚਾਇਆ ਜਾ ਸਕੇ।

# ਡੀ.ਟੀ.ਐੱਫ. ਵੱਲੋਂ ਦਫ਼ਤਰੀ ਕਰਮਚਾਰੀਆਂ ਤੇ ਆਈ.ਈ.ਆਰ.ਟੀ. ਦੇ 'ਕਲਮ ਛੋੜ' ਸੰਘਰਸ਼ ਦੀ ਹਮਾਇਤ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਅਧਿਆਪਕ ਜਥੇਬੰਦੀ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ (ਡੀ.ਟੀ.ਐੱਫ.) ਨੇ 6 ਜੁਲਾਈ ਤੋਂ ਅਣਮਿਥੇ ਸਮੇਂ ਲਈ ਪੰਜਾਬ ਪੱਧਰ 'ਤੇ ਕਲਮ ਛੋੜ ਹੜਤਾਲ ਸਮੱਗਰਾ ਸਿੱਖਿਆ ਅਭਿਆਨ, ਮਿਡ ਡੇ ਮੀਲ ਦਫ਼ਤਰੀ ਕਰਮਚਾਰੀਆਂ, ਇਨ-ਕਲੁਸਿਵ ਐਜੂਕੇਸ਼ਨ ਰਿਸੋਰਸ ਟੀਚਰਜ਼ (ਆਈ.ਈ.ਆਰ.ਟੀ.) ਅਤੇ ਸਪੈਸ਼ਲ ਟੀਚਰਜ਼ (ਐੱਸ.ਟੀ.) ਦੇ ਸੰਘਰਸ਼ ਨਾਲ ਇੱਕਜੁੱਟਤਾ ਪ੍ਰਗਟ ਕਰਦਿਆਂ ਡਟਵੀਂ ਹਮਾਇਤ ਦਾ ਐਲਾਨ ਕਰਦਿਆਂ ਗੜਸ਼ੰਕਰ 1ਅਤੇ 2 ਬਲਾਕਾ ਦੇ ਕਲਮ ਛੋੜ ਹੜਤਾਲੀ ਸਾਥੀਆਂ ਦੇ ਸ਼ੰਘਰਸ਼ ਵਿੱਚ ਸ਼ਮੂਲੀਅਤ ਕੀਤੀ।



ਇਸ ਸਬੰਧੀ ਵਧੇਰੇ ਗੱਲਬਾਤ ਕਰਦਿਆਂ ਡੀ.ਟੀ.ਐੱਫ. ਦੇ ਸੂਬਾ ਜਨਰਲ ਸਕੱਤਰ ਮੁਕੇਸ਼ ਕੁਮਾਰ ਅਤੇ ਜਿਲ੍ਹਾ ਪ੍ਰਧਾਨ ਸੁਖਦੇਵ ਡਾਨਸੀਵਾਲ ਨੇ ਕਿਹਾ ਕੇ ਪਿਛਲੇ ਇੱਕ ਦਹਾਕੇ ਤੋਂ ਠੇਕਾ ਅਧਾਰਿਤ ਨੌਕਰੀਆਂ ਤਹਿਤ ਆਰਥਿਕ ਤੇ ਮਾਨਸਿਕ ਸ਼ੋਸਣ ਦਾ ਸ਼ਿਕਾਰ ਹੋ ਰਹੇ ਕੱਚੇ ਮੁਲਾਜ਼ਮਾਂ ਵੱਲੋਂ ਸੇਵਾਵਾਂ ਰੈਗੂਲਰ ਕਰਵਾਉਣ ਲਈ ਲਗਾਤਾਰ ਸੰਘਰਸ਼ ਕੀਤਾ ਜਾ ਰਿਹਾ ਹੈ। ਪ੍ਰੰਤੂ ਪਹਿਲਾਂ ਰਾਜ ਕਰਦੀਆਂ ਸਿਆਸੀ ਧਿਰਾਂ ਵਾਂਗ, ਮੌਜੂਦਾ 'ਆਪ' ਸਰਕਾਰ ਵੀ ਕੱਚੇ ਕਰਮਚਾਰੀਆਂ ਦੀਆਂ ਸੇਵਾਵਾਂ ਨੂੰ ਰੈਗੂਲਰਾਈਜੇਸ਼ਨ ਰਾਹੀਂ ਸੁਰੱਖੀਅਤ ਕਰਕੇ, ਲੋਕ ਭਲਾਈ ਨਾਲ ਸਬੰਧਿਤ ਸਰਕਾਰੀ ਵਿਭਾਗਾਂ ਨੂੰ ਮਜਬੂਤ ਕਰਨ ਦੀ ਥਾਂ, ਨਿੱਜੀਕਰਨ ਦੀ ਨੀਤੀ 'ਤੇ ਹੀ ਧੜੱਲੇ ਨਾਲ ਅੱਗੇ ਵਧ ਰਹੀ ਹੈ। ਇਸ ਸਮੇ ਕਲਮ ਛੋੜ ਸ਼ੰਘਰਸ਼ੀ ਸਾਥੀਆਂ ਵਿਜੇ ਕੁਮਾਰ, ਰੇਨੂੰ ਬਾਲਾ,ਅਮਰਦੀਪ ਸਿੰਘ,ਰਾਜੇਸ਼ ਕੁਮਾਰ, ਸੁਰਿੰਦਰ ਸਿੰਘ ਅਤੇ ਰਾਕੇਸ਼ ਕੁਮਾਰ ਨਾਲ ਇੱਕਜੁੱਟਤਾ ਪ੍ਰਗਟਾਉਂਦੇ ਹੋਏ ਹੰਸ ਰਾਜ ਗੜਸ਼ੰਕਰ ਤੇ ਰਾਜ ਕੁਮਾਰ ਡੋਗਰਪੁਰ ਨੇ ਕਿਹਾ ਕਿ ਇਹਨਾਂ ਕਰਮਚਾਰੀਆਂ ਨੇ ਪੰਜਾਬ ਸਰਕਾਰ ਦੇ ਕੱਚੇ/ਠੇਕਾ ਅਧਾਰਿਤ ਕਰਚਾਰੀਆਂ ਨੂੰ ਰੈਗੂਲਰ ਕਰਨ ਸੰਬੰਧੀ ਕੀਤੇ ਵਾਅਦਿਆਂ ਨੂੰ ਪੂਰਾ ਕਰਵਾਉਣ ਲਈ ਕਲਮ ਛੋੜ ਹੜਤਾਲ ਅਤੇ ਹੋਰ ਵੱਡੇ ਸੰਘਰਸ਼ਾਂ ਦਾ ਰਾਹ ਅਖਤਿਆਰ ਕੀਤਾ ਗਿਆ ਹੈ, ਜਿਸ ਦੀ ਡੀ.ਟੀ.ਐੱਫ. ਵੱਲੋਂ ਡੱਟਵੀ ਹਮਾਇਤ ਕਰਦੇ ਹੋਏ ਸਰਕਾਰ ਤੋ ਮੰਗ ਕੀਤੀ ਗਈ ਕਿ ਸਰਕਾਰ ਜਲਦੀ ਤੋ ਜਲਦੀ ਸਮੂਹ ਕੱਚੇ ਕਰਮਚਾਰੀਆਂ ਨੂੰ ਰੈਗੂਲਰ ਕਰੇ।

## 'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'

**ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:**

www.deshdoaba.com
www.ambedkartimes.com







# ਐਸ. ਸੀ. ਸਿਖਿਆਰਥੀਆਂ ਲਈ 2 ਹਫਤੇ ਦਾ ਮੁਫਤ ਡੇਅਰੀ ਸਿਖਲਾਈ ਕੋਰਸ 24 ਜੁਲਾਈ 2023 ਤੋ ਸੁਰੂ- ਹਰਵਿੰਦਰ ਸਿੰਘ

**ਪਠਾਨਕੋਟ, (ਰਾਜਿੰਦਰ ਸਿੰਘ ਰਾਜਨ)** ਪੰਜਾਬ ਸਰਕਾਰ ਵੱਲੋਂ ਸੂਬੇ ਦੇ ਖੇਤੀ ਖੇਤਰ ਵਿੱਚ ਵਭਿੰਨਤਾ ਲਿਆਉਣ ਦੇ ਮਕਸਦ ਨਾਲ ਅਨੁਸੂਚਿਤ ਜਾਤੀ ਦੇ ਲਾਭਪਾਤਰੀਆਂ ਨੂੰ ਖੇਤੀਬਾੜੀ ਦੇ ਨਾਲ—ਨਾਲ ਸਹਾਇਕ ਧੰਦੇ ਨਾਲ ਪ੍ਰੇਰਿਤ ਕਰਨ ਲਈ ਸਕੀਮ ਫਾਰ ਪ੍ਰੋਮੋਸ਼ਨ ਆਫ ਡੇਅਰੀ ਫਾਰਮਿੰਗ ਐਂਜ਼ ਲਿਵਲੀ ਹੁੱਡ ਫਾਰ ਐਸ.ਸੀ. ਬੈਨੀਫਿਸਰੀਜ਼ ਦੀ ਸੁਰੂਆਤ ਪੂਰੇ ਪੰਜਾਬ ਵਿੱਚ ਕੀਤੀ ਗਈ ਹੈ । ਇਸ ਤਹਿਤ ਡੇਅਰੀ ਵਿਕਾਸ ਵਿਭਾਗ ਵੱਲੋਂ ਜਿਲ੍ਹਾ ਪਠਾਨਕੋਟ ਵਿਖੇ ਐਸ.ਸੀ. ਸਿਖਿਆਰਥੀਆਂ ਵਾਸਤੇ ਮੁਫਤ ਡੇਅਰੀ ਸਿਖਲਾਈ ਕੋਰਸ 24 ਜੁਲਾਈ 2023 ਤੋ 04 ਅਗਸਤ 2023 ਤੱਕ ਡੇਅਰੀ ਸਿਖਲਾਈ ਕੇਂਦਰ (ਵੇਰਕਾ) ਅੰਮ੍ਰਿਤਸਰ ਵਿਖੇ ਸੁਰੂ ਕੀਤਾ ਜਾ ਰਿਹਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆ ਡਿਪਟੀ ਡਾਇਰੈਕਟਰ ਡੇਅਰੀ ਸ੍: ਹਰਵਿੰਦਰ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਇਸ ਸਕੀਮ ਅਧੀਨ ਅਨੁਸੂਚਿਤ ਜਾਤੀ ਦੇ ਲਾਭਪਾਤਰੀਆਂ ਨੂੰ ਦੋ ਹਫਤੇ ਦੀ



ਮੁਫਤ ਡੇਅਰੀ ਸਿਖਲਾਈ ਦੇ ਨਾਲ—ਨਾਲ 3500/— ਰਪੁਏ ਵਜੀਫਾ ਵੀ ਦਿੱਤਾ ਜਾਵੇਗਾ ਉਨ੍ਹਾ ਨੇ ਕਿਹਾ ਕਿ ਅਨੁਸੂਚਿਤ ਜਾਤੀ ਦੇ ਨਾਲ ਸਬੰਧਿਤ ਲਾਭਪਾਤਰੀ ਦਫਤਰ ਡਿਪਟੀ ਡਾਇਰੈਕਟਰ ਡੇਅਰੀ,ਕਮਰਾ ਨੰ: 345—ਏ , ਜਿਲ੍ਹਾ ਪ੍ਰਬੰਧਕੀ ਕੰਪਲੈਕਸ ਦੂਜੀ ਮੰਜਿਲ ਪਠਾਨਕੋਟ ਵਿਖੇ ਮਿਤੀ 17 ਜੁਲਾਈ 2023 ਤੱਕ ਆਪਣੇ ਫਾਰਮ ਜਮ੍ਹਾਂ ਕਰਵਾ ਸਕਦੇ ਹਨ। ਡੇਅਰੀ ਦਾ ਕਿੱਤਾ ਕਰਨ ਦੇ ਚਾਹਵਾਨ ਅਨੁਸੂਚਿਤ ਜਾਤੀ ਨਾਲ ਸਬੰਧਿਤ ਉਮੀਦਵਾਰ ਜਿਸ ਦੀ ਉਮਰ 18 ਤੋ 50 ਸਾਲ ਅਤੇ ਪੰਜਾਬ ਦੇ ਵਸਨੀਕ ,ਪੈਂਡੂ ਪਛੋਕੜ ਵਾਲੇ ਘੱਟੋ—ਘੱਟ 5 ਵੀ ਪਾਸ ਹੋਣੇ ਚਾਹਿੰਦੇ ਹਨ। ਉਨ੍ਹਾ ਨੇ ਕਿਹਾ ਕਿ ਚਾਹਵਾਨ ਉਮੀਦਵਾਰ ਪੜਾਈ ਸਬੰਧੀ ਸਰਟੀਫਿਕੇਟ ਜਾਤੀ ਸਰਟੀਫਿਕੇਟ, ਅਧਾਰ ਕਾਰਡ, ਅਤੇ ਤਾਜਾ ਪਾਸਪੋਰਟ ਸਾਈਜ਼ ਫੋਟੋ ਸਮੇਤ ਦਫਤਰ ਡਿਪਟੀ ਡਾਇਰੈਕਟਰ ਡੇਅਰੀ ਵਿਖੇ ਸੰਪਰਕ ਕਰ ਸਦਕੇ ਹਨ। ਵਧੇਰੇ ਜਾਣਕਾਰੀ ਲਈ ਦਫਤਰ ਦੇ ਲਾਈਡਲਾਈਨ ਫੋਨ ਨੰ: 0186—2345454 ਅਤੇ ਮੋਬਾਇਲ ਨੰ: (98762—60243) ਉੱਤੇ ਸੰਪਰਕ ਕੀਤਾ ਜਾ ਸਕਦਾ ਹੈ ।

# ਸਰਕਾਰ ਵੱਲੋਂ ਜ਼ਿਲ੍ਹੇ ਵਿੱਚ ਰਾਹਤ ਕਾਰਜਾਂ ਲਈ ਐਡਵਾਂਸ ਦੇ ਤੌਰ ’ਤੇ ਇਕ ਕਰੋੜ ਰੁਪਏ ਦੀ ਰਾਸ਼ੀ ਜਾਰੀ - ਡਿਪਟੀ ਕਮਿਸ਼ਨਰ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਜ਼ਿਲ੍ਹੇ ਵਿੱਚ ਚੱਲ ਰਹੇ ਰਾਹਤ ਕਾਰਜਾਂ ਦੇ ਲਈ ਸਰਕਾਰ ਵੱਲੋਂ ਐਡਵਾਂਸ ਦੇ ਤੌਰ ’ਤੇ ਇੱਕ ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ। ਲੋੜ ਪੈਣ ’ਤੇ ਜ਼ਰੂਰਤ ਅਨੁਸਾਰ ਇਹ ਰਾਸ਼ੀ ਵਧਾਈ ਵੀ ਜਾ ਸਕਦੀ ਹੈ । ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ



ਰੰਧਾਵਾ ਨੇ ਦੱਸਿਆ ਕਿ ਇਹ ਰਾਸ਼ੀ ਨਾਲ ਮੀਂਹ ਨਾਲ ਪ੍ਰਭਾਵਿਤ ਖੇਤਰਾਂ ਦੇ ਰਾਹਤ ਕਾਰਜਾਂ ਲਈ ਵਰਤੀ ਜਾਵੇਗੀ ਅਤੇ ਪ੍ਰਭਾਵਿਤ ਹੋਏ ਲੋਕਾਂ ਦੀ ਸਹਾਇਤਾ ਕੀਤੀ ਜਾਵੇਗੀ।

ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਅਤੇ ਐਸ ਐਸ ਪੀ ਭਾਗੀਰਥ ਮੀਣਾ ਵੱਲੋਂ ਮੰਗਲਵਾਰ ਨੂੰ ਸਤਲੁਜ ਦਰਿਆ ਦੇ ਨਾਲ ਲੱਗਦੇ ਪਿੰਡਾਂ ਲਾਲੇ ਵਾਲ, ਮਿਰਜ਼ਾਪੁਰ, ਸਿਬੂ ਤਲਵੰਡੀ ਅਤੇ ਦਰੀਆਪੁਰ ਦਾ ਦੌਰਾ ਕਰਕੇ ਜਾਇਜ਼ਾ ਲਿਆ ਗਿਆ। ਉਨ੍ਹਾਂ ਨੇ ਕਿਹਾ ਕਿ ਮੀਂਹ ਦੇ ਪਾਣੀ ਦੇ ਨਾਲ ਇਨ੍ਹਾਂ ਪਿੰਡਾਂ ਦੇ ਬਾਹਰ ਪਾਣੀ ਇਕੱਠਾ ਹੋ ਗਿਆ ਹੈ। ਪਿੰਡ ਵਾਸੀਆਂ ਵੱਲੋਂ ਬੰਨ੍ਹ ਬਣਾ ਕੇ ਵੀ ਰਾਹਤ ਕਾਰਜ ਕੀਤੇ ਗਏ ਹਨ। ਇਸ ਪਾਣੀ ਦੇ ਨਿਕਾਸੀ ਦੇ ਲਈ ਸਤਲੁਜ ਦਰਿਆ ਰਾਹੀਂ ਪਾਣੀ ਕੱਢਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪਿੰਡ ਲਾਲੇ ਵਾਲਾ ਵਿਖੇ ਜ਼ਿਆਦਾ ਪਾਣੀ ਹੋਣ ਕਰਕੇ ਇਕ ਬਨ ਵੀ ਟੁੱਟ ਗਿਆ ਸੀ। ਇਸ ਜਗ੍ਹਾਂ ਤੋਂ ਪਾਣੀ ਨੂੰ ਕੱਢਣ ਦੇ ਲਈ ਮਾਈਨਿੰਗ ਵਿਭਾਗ ਵੱਲੋਂ ਸਤਲੁਜ ਦਰਿਆ ਨੂੰ ਜਾਂਦੀਆਂ ਪਾਈਪਾਂ ਜੋ ਕਿ ਕੁਝ ਫ਼ਸਣ ਕਾਰਨ ਬੰਦ ਹੋ ਗਈਆਂ ਸਨ ਨੂੰ ਖੋਲ੍ਹ ਦਿੱਤਾ ਗਿਆ ਹੈ। ਇਸ ਦੇ ਨਾਲ ਛੇਤੀ ਹੀ ਇਸ ਜਗ੍ਹਾਂ ਤੋਂ ਇਕੱਠਾ ਹੋਇਆ ਪਾਣੀ ਦਰਿਆ ਰਾਹੀਂ ਬਾਹਰ ਨਿਕਲ ਜਾਵੇਗਾ। ਉਨ੍ਹਾਂ ਨੇ ਮੌਕੇ ’ਤੇ ਮੌਜੂਦ ਪਿੰਡ ਦੇ ਸਰਪੰਚ ਅਤੇ ਪੰਚਾਇਤ ਮੈਂਬਰਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਉਹ ਸਬੰਧਤ ਵਿਭਾਗ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨਾਲ ਮਿਲ ਕੇ ਜੇਕਰ ਹੋਰ ਕਿਸੇ ਤਰ੍ਹਾਂ ਦੇ ਬੰਨ੍ਹ ਬਣਾਉਣ ਜਾਂ ਮਜਬੂਤ ਕਰਨ ਦੀ ਜ਼ਰੂਰਤ ਹੈ ਤਾਂ ਬਣਾ ਲੈਣ। ਇਸ ਸਬੰਧੀ ਜੋ ਵੀ ਖਰਚ ਆਵੇਗਾ ਉਸਦੀ ਅਦਾਇਗੀ ਸਰਕਾਰ ਵੱਲੋਂ ਕਰ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਨਵਾਂਸ਼ਹਿਰ ਗੜ੍ਹਸ਼ੰਕਰ ਬਾਈਪਾਸ ਚੌਂਕ, ਸਿਵਲ ਹਸਪਤਾਲ ਰੋਡ, ਪਿੰਡ ਕਾਠਗੜ, ਬਲਾਚੌਰ, ਜਾਡਲਾ ਅਤੇ ਸਨਾਵਾ ਦੇ ਨੀਵੇਂ ਇਲਾਕਿਆਂ ਵਿੱਚੋਂ ਵੀ ਪਾਣੀ ਦੀ ਨਿਕਾਸੀ ਹੋਲੀ- ਹੋਲੀ ਹੋ ਰਹੀ ਹੈ। ਜਿਹੜੀਆਂ ਵੀ ਥਾਵਾਂ ’ਤੇ ਪਾਣੀ ਥੱਲੇ ਜਿਆਦਾ ਹੈ ਦੀ ਨਿਕਾਸੀ ਦੇ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ।

# ਪੰਜਾਬ ਭਾਜਪਾ ਨੂੰ ਹੁਣ ਗੱਠਜੋੜ ਦੇ ਸਹਾਰੇ ਦੀ ਲੋੜ ਨਹੀਂ : ਪ੍ਰੋ. ਸਰਚਾਂਦ ਸਿੰਘ

ਚੰਡੀਗੜ੍ਹ-ਭਾਰਤੀ ਜਨਤਾ ਪਾਰਟੀ ਦੇ ਨਵ-ਨਿਯੁਕਤ ਸੂਬਾ ਪ੍ਰਧਾਨ ਸੁਨੀਲ ਜਾਖੜ ਦੇ ਰਗ ਰਗ ਵਿੱਚ ਪੰਜਾਬ ਹੈ, ਉਨ੍ਹਾਂ ਦਾ ਪੰਜਾਬੀਆਂ ਦੀ ਨਬਜ਼ ਨੂੰ ਪਛਾਣਦੇ ਹੋਣ ਅਤੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਪ੍ਰਤੀ ਉਸਾਰੂ ਸੋਚ ਸਦਕਾ ਪੰਜਾਬ ਭਾਜਪਾ ਨੂੰ ਹੁਣ ਸਖ਼ਤ ਮਜ਼ਬੂਤੀ ਮਿਲੇਗੀ ਅਤੇ ਹੁਣ ਪੰਜਾਬ ਭਾਜਪਾ ਨੂੰ ਕਿਸੇ ਗੱਠਜੋੜ ਜਾਂ ਸਹਾਰੇ ਦੀ ਲੋੜ ਨਹੀਂ ਹੈ। ਪਾਰਟੀ ਹੋਰ ਤੇਜ਼ੀ ਨਾਲ ਅੱਗੇ ਵਧੇਗੀ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਭਾਜਪਾ ਦੇ ਚੰਡੀਗੜ੍ਹ ਦਫ਼ਤਰ ਵਿਖੇ ਪੰਜਾਬ ਭਾਜਪਾ ਦੇ ਪ੍ਰਧਾਨ ਵਜੋਂ ਆਪਣੀ ਜ਼ਿੰਮੇਵਾਰੀ ਸੰਭਾਲਣ ਮੌਕੇ ਸੁਨੀਲ ਜਾਖੜ ਨੂੰ ਸ਼ੁੱਭਕਾਮਨਾਵਾਂ ਦੇਣ ਆਏ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਸਲਾਹਕਾਰ ਤੇ ਭਾਜਪਾ ਦੇ ਸਿੱਖ ਆਗੂ ਪ੍ਰੋ. ਸਰਚਾਂਦ ਸਿੰਘ ਖਿਆਲਾ, ਸਾਬਕਾ ਵਿਧਾਇਕ ਮਨਮੋਹਨ ਸਿੰਘ ਸਠਿਆਲਾ, ਆਲਮਬੀਰ ਸਿੰਘ ਸੰਧੂ ਤੇ ਕੁਲਦੀਪ ਸਿੰਘ ਕਾਹਲੋਂ ਨੇ ਕੀਤਾ। ਉਨ੍ਹਾਂ ਕਿਹਾ ਕਿ ਭਾਜਪਾ ਹਾਈ ਕਮਾਨ ਨੇ ਸ੍ਰੀ ਸੁਨੀਲ ਜਾਖੜ 'ਤੇ ਭਰੋਸਾ ਕਰਕੇ ਪੰਜਾਬ ਭਾਜਪਾ ਨੂੰ ਇਕ ਤਜਰਬੇਕਾਰ, ਲਿਆਕਤ ਵਾਲੇ,



ਸੂਝਵਾਨ ਤੇ ਹਲੀਮੀ ਨਾਲ ਭਰਪੂਰ ਆਗੂ ਦਿੱਤਾ ਹੈ। ਜਿਸ ਦੇ ਸੁਭਾਅ ਵਿੱਚ ਸਾਰਿਆਂ ਨੂੰ ਨਾਲ ਲੈ ਕੇ ਚੱਲਣ ਦੀ ਸਮਰੱਥਾ ਹੈ।

ਪ੍ਰੋ. ਸਰਚਾਂਦ ਸਿੰਘ ਨੇ ਕਿਹਾ ਕਿ ਸ੍ਰੀ ਜਾਖੜ ਆਤਮ ਵਿਸ਼ਵਾਸ ਨਾਲ ਭਰਪੂਰ ਹਨ ਅਤੇ ਇਹਨਾਂ ਤੋਂ ਭਾਜਪਾ ਨੂੰ ਬਹੁਤ ਸਾਰੀਆਂ ਉਮੀਦਾਂ ਹਨ। ਪੰਜਾਬ ਭਾਜਪਾ ਸ੍ਰੀ ਜਾਖੜ ਦੀ ਅਗਵਾਈ ’ਚ ਪੰਜਾਬ ਲਈ ਇਕ ਮਜ਼ਬੂਤ ਸਿਆਸੀ ਬਦਲ ਬਣ ਕੇ ਪੰਜਾਬ ਦੀਆਂ 13 ਲੋਕ ਸਭਾ ਅਤੇ 117 ਵਿਧਾਨ ਸਭਾ ਸੀਟਾਂ ਵਿੱਚ ਭਾਜਪਾ ਦੀ ਜਿੱਤ ਦੇ ਝੰਡੇ ਗੱਡਣ ਚ ਕਾਮਯਾਬ ਰਹੇਗੀ। ਉਨ੍ਹਾਂ ਕਿਹਾ ਕਿ ਸੁਨੀਲ ਜਾਖੜ ਸਿੱਖਾਂ ਨਾਲ ਪਿਆਰ ਕਰਨ ਵਾਲੇ ਆਗੂ ਹਨ । ਸਿੱਖ ਮੁੱਦਿਆਂ ਨੂੰ ਨੇੜੇਓ ਜਾਣਦੇ ਅਤੇ ਸਮਝਦੇ ਹੋਣ ਕਾਰਨ ਉਨ੍ਹਾਂ ਦੀ ਅਗਵਾਈ ਸਿੱਖ ਮਸਲਿਆਂ ਨੂੰ ਸੁਲਝਾਉਣ ਵਿੱਚ ਮਦਦ ਮਿਲੇਗੀ। ਉਨ੍ਹਾਂ ਕਿਹਾ ਕਿ ਪੰਜਾਬ ਅੱਜ ਆਰਥਿਕ ਤੇ ਬੋਧਿਕ ਪੱਖੋਂ ਤਬਾਹੀ ਕੰਢੇ ਖੜ੍ਹਾ ਹੈ। ਇਕ ਮਜ਼ਬੂਤ ਲੀਡਰਸ਼ਿਪ ਹੀ ਨਸ਼ਾ, ਲੁੱਟਾਂ ਖੋਹਾਂ ਕਤਲ ਅਤੇ ਗੈਂਗਵਾਰ ਨਾਲ ਤਬਾਹ ਹੋ ਰਹੇ ਪੰਜਾਬ ਨੂੰ ਸਹੀ ਲੀਹ 'ਤੇ ਲਿਆ ਸਕਦਾ ਹੈ। ਪੰਜਾਬ ਨੂੰ ਅਤੇ ਪੰਜਾਬ ਭਾਜਪਾ ਨੂੰ ਇਕ ਗਤੀਸ਼ੀਲ ਲੀਡਰਸ਼ਿਪ ਦੀ ਲੋੜ ਸੀ, ਜੋ ਭਾਜਪਾ ਹਾਈ ਕਮਾਨ ਨੇ ਸੁਨੀਲ ਜਾਖੜ ਦੇ ਰੂਪ ’ਚ ਇਹ ਲੋੜ ਪੂਰੀ ਕਰ ਦਿੱਤੀ ਹੈ। ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਸੁਨੀਲ ਜਾਖੜ ਨੂੰ ਹਰ ਤਰਾਂ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਤੇ ਕਿਹਾ ਕਿ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਪੰਜਾਬ ਭਾਜਪਾ ਪੰਜਾਬ ਦੀਆਂ ਸਾਰੀਆਂ 13 ਸੀਟਾਂ ਜਿੱਤ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮੁੜ ਤੀਜੀ ਵਾਰ ਪ੍ਰਧਾਨ ਮੰਤਰੀ ਬਣਾਉਣ ’ਚ ਯੋਗਦਾਨ ਪਾਵੇਗੀ।



# 'ਸਿੱਖਿਆ ਵੀ ਸੰਸਕਾਰ ਵੀ' ਤਹਿਤ ਸਰਵਹਿੱਤਕਾਰੀ ਵਿੱਦਿਆ ਮੰਦਿਰ ਛੋਕਰਾਂ ਸਕੂਲ ਵਿਖੇ ਲੋੜਵੰਦ ਵਿਦਿਆਰਥੀਆਂ ਨੂੰ ਨਕਦ ਇਨਾਮ ਦਿੱਤੇ





**ਜਲੰਧਰ (ਜੱਸੀ)**–ਸ਼੍ਰੀ ਇਲਮ ਚੰਦ ਸਰਵਹਿੱਤਕਾਰੀ ਵਿੱਦਿਆ ਮੰਦਿਰ ਹਾਈ ਸਕੂਲ ਵਿੱਚ ਗਰੀਬ ਬੱਚਿਆ ਦੀ ਪੜਾਈ ਵਿੱਚ ਸਹਾਇਤਾ ਕੀਤੀ ਗਈ। ਸਕੂਲ ਮੁੱਖੀ ਗੁਰਜੀਤ ਸਿੰਘ ਵਲੋਂ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਕਿ ਸਕੂਲ ਵਲੋਂ ਛੁੱਟੀਆਂ ਦੌਰਾਨ ਇਕ ਟੈਸਟ ਲਿਆ ਗਿਆ ਜਿਸ ਵਿੱਚ ਜੇਤੂ ਬਚਿਆ ਨੂੰ 500 - 500 ਰੁਪਏ ਦੀ ਨਕਦ ਰਾਸ਼ੀ ਨਾਲ ਸਨਮਾਨਿਤ ਕੀਤਾ ਗਿਆ । ਬਹੁਤ ਖੁਸ਼ੀ ਦੀ ਗੱਲ ਹੈ ਕਿ ਜਾਨਵੀ ਮੇਂਗੜਾ ਨੌਵੀਂ ਸ਼੍ਰੇਣੀ ਅਤੇ ਨਿਹਾਰਿਕਾ ਦਸਵੀਂ ਸ਼੍ਰੇਣੀ ਨੇ ਆਪਣੀ ਜਿੱਤੀ ਹੋਈ ਰਾਸ਼ੀ ਸਕੂਲ ਨੂੰ ਵਾਪਸ ਕਰ ਦਿੱਤੀ ਗਈ ਅਤੇ ਕਿਹਾ ਕਿ ਇਸ ਰਾਸ਼ੀ ਨਾਲ ਲੋੜਵੰਦ ਵਿਦਿਆਰਥੀਆਂ ਦੀ ਸਹਾਇਤਾ ਕੀਤੀ ਜਾਵੇ।

ਇਹ ਰਾਸ਼ੀ ਸਕੂਲ ਵਲੋ ਚਲਾਏ ਜਾ ਰਹੇ ਸੰਸਕਾਰ ਕੇਂਦਰ ਦੇ ਬਚਿਆ ਤੇ ਖਰਚ ਕੀਤੀ ਜਾਵੇਗੀ । ਸਕੂਲ ਮੁਖੀ ਵਲੋ ਦੋਨੋ ਵਿਦਿਆਰਥੀਆਂ ਦਾ ਬਹੁਤ ਬਹੁਤ ਧੰਨਵਾਦ ਕੀਤਾ ਗਿਆ । ਆਉਣ ਵਾਲੇ ਸਮੇਂ ਦੌਰਾਨ ਵੀ ਇਸ ਤਰ੍ਹਾਂ ਹੀ ਲੋੜਵੰਦ ਵਿਦਿਆਰਥੀਆਂ ਦੀ ਸਹਾਇਤਾ ਕਰਨ ਲਈ ਪ੍ਰੇਰਿਤ ਕੀਤਾ। ਉਹਨਾਂ ਕਿਹਾ ਕਿ ਪੂਰੇ ਸਕੂਲ ਨੂੰ ਇਹਨਾਂ ਬਚਿਆਂ ਤੇ ਪੂਰਾ ਮਾਣ ਹੈ।

# ਅੱਪਰਾ ਦੀਆਂ ਦੋ ਐੱਨ. ਆਰ. ਆਈ ਧੀਆਂ ਨੇ ਕੀਤੀ ਸਕੂਲ ਦੀ ਵਿੱਤੀ ਸਹਾਇਤਾ

**ਜਲੰਧਰ, ਅੱਪਰਾ (ਜੱਸੀ)**–ਸਰਕਾਰੀ ਹਾਈ ਸਮਾਰਟ ਸਕੂਲ ਅੱਪਰਾ ਦਾ ਇਸੇ ਹੀ ਪਿੰਡ ਦੀਆਂ ਦੋ ਵਸਨੀਕ ਐੱਨ. ਆਰ. ਆਈ ਭੈਣਾਂ ਵਲੋਂ ਦੌਰਾ ਕੀਤਾ ਗਿਆ। ਐੱਨ. ਆਰ. ਆਈ ਭੈਣਾਂ ਵਲੋਂ ਆਪਣੇ ਵੱਡੇ ਵੀਰ ਸ੍ਰੀ ਅਸ਼ੋਕ ਕੁਮਾਰ ਅਰੋੜਾ (ਰਿਟਾਇਰਡ ਹੈੱਡ ਟੀਚਰ) ਤੋਂ ਪ੍ਰੇਰਿਤ ਹੋ ਕੇ ਭੈਣ ਸ੍ਰੀਮਤੀ ਲਰੋਜ ਬਾਲਾ ਪਤਨੀ ਅਸ਼ਵਨੀ ਸੂਦ (ਬਾਵਾ ਜੀ) ਬੈਲਜੀਅਮ ਤੇ ਸ੍ਰੀਮਤੀ ਕਵਿਤਾ ਅਰੋੜਾ ਪਤਨੀ ਸ੍ਰੀ ਅਸ਼ੋਕ ਕੁਮਾਰ (ਯੂ. ਐੱਸ. ਏ) ਵਲੋਂ 41 ਹਜ਼ਾਰ ਰੁਪਏ ਦਾ ਵਿੱਤੀ ਸਹਾਇਤਾ ਸਕੂਲ ਨੂੰ ਭੇਂਟ ਕੀਤੀ ਗਈ। ਸਕੂਲ ਮੁਖੀ ਮਾਸਟਰ ਜਸਪਾਲ ਸੰਧੂ ਤੇ ਸਮੂਹ ਸਟਾਫ਼ ਵਲੋਂ ਇਸ ਨੇਕ ਉਪਰਾਲੇ ਲਈ ਦੋਵਾਂ ਭੈਣਾਂ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਮਾਸਟਰ ਜਸਪਾਲ ਸੰਧੂ ਨੇ ਸਮੂਹ ਐੱਨ. ਆਰ. ਆਈ ਵੀਰਾਂ ਭੈਣਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਆਪਣੇ ਪਿੰਡ, ਨਗਰ ਦੇ ਸਰਕਾਰੀ ਸਕੂਲਾਂ ਨਾਲ ਜੁੜਨ ਤੇ ਉਨਾਂ ਦੀ ਵੱਧ ਤੋਂ ਵੱਧ ਮਾਲੀ ਸਹਾਇਤਾ ਕਰਨ ਤਾਂ ਕਿ ਸਕੂਲਾਂ ਦੇ ਅਧੂਰੇ ਪਏ ਕੰਮ ਨੇਪਰੇ ਚੜ ਸਕਣ। ਇਸ ਮੌਕੇ ਮਾਸਟਰ ਜਸਪਾਲ ਸੰਧੂ, ਕਮਲ ਕੁਮਾਰ ਚੇਅਰਮੈਨ, ਮਨਦੀਪ ਸਿੰਘ, ਹਰਜੀਤ ਸਿੰਘ, ਪ੍ਰਿੰਸ ਭੋਗਲ, ਬਲਜੀਤ ਕੌਰ, ਸੁਖਵਿੰਦਰ ਕੌਰ, ਗੁਰਨਾਮ ਸਿੰਘ ਆਦਿ ਵੀ ਹਾਜ਼ਰ ਸਨ।



# ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਜਾਗਰੂਕਤਾ ਕੈਂਪ ਆਯੋਜਿਤ




**ਫਿਲੌਰ, (ਜੱਸੀ)**– ਜਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੈਅਰਮੈਨ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ਼.ਭ.ਸ ਨਗਰ ਸ਼੍ਰੀ ਕੰਵਲਜੀਤ ਸਿੰਘ ਬਾਜਵਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜਿਲ੍ਹੇ ਭਰ ਵਿੱਚ ਕਾਨੂੰਨੀ ਸੇਵਾਵਾਂ ਸਬੰਧੀ ਲਗਾਏ ਜਾ ਰਹੇ ਜਾਗਰੂਕਤਾ ਕੈਂਪਾਂ ਦੀ ਲੜੀ ਤਹਿਤ ਪਿੰਡ ਸੋਤਾ ਵਿਖੇ ਵਿਸ਼ੇਸ਼ ਕਾਨੂੰਨੀ ਸੇਵਾਵਾਂ ਜਾਗਰੂਕਤਾ ਕੈਂਪ ਗ੍ਰਾਮ ਪੰਚਾਇਤ ਦੇ ਸਹਿਯੋਗ ਨਾਲ ਲਗਾਇਆ ਗਿਆ। ਇਸ ਕੈਂਪ ਦੌਰਾਨ ਵਿਸ਼ੇਸ਼ ਤੌਰ ਤੇ ਪੁੱਜੇ ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ ਸ਼੍ਰੀ ਕਮਲਦੀਪ ਸਿੰਘ ਧਾਲੀਵਾਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਆਰਥਿਕ ਤੌਰ ਤੇ ਗਰੀਬ ਅਤੇ ਪੱਛੜੇ ਵਰਗਾਂ ਦੇ ਲੋਕਾਂ ਨੂੰ ਇਸ ਵਿਚਾਰ ਨਾਲ ਕਾਨੂੰਨੀ ਸਹਾਇਤਾ ਦਿੱਤੀ ਜਾ ਰਹੀ ਹੈ ਕਿ ਨਿਆਂ ਪ੍ਰਣਾਲੀ ਉਨ੍ਹਾਂ ਦੀ ਪਹੁੰਚ ਦੇ ਅੰਦਰ ਹੋਵੇ। ਇਹ ਸੁਨਿਸ਼ਚਿਤ ਕੀਤਾ ਜਾ ਰਿਹਾ ਹੈ ਕਿ ਗਰੀਬੀ ਜਾਂ ਅਜਿਹੀ ਕਿਸੇ ਹੋਰ ਘਾਟ ਦੇ ਕਾਰਨ ਕੋਈ ਨਾਗਰਿਕ ਨਿਆਂ ਪ੍ਰਾਪਤੀ ਤੋਂ ਵਾਂਝਾ ਨਾ ਰਹਿ ਜਾਵੇ। ਇਸ ਲਈ ਅਥਾਰਟੀ ਵਲੋਂ ਸਮਾਜ ਦੇ ਗਰੀਬ ਪੱਛੜੇ ਵਰਗਾਂ ਦੇ ਕਾਨੂੰਨੀ ਹੱਕਾਂ ਦੀ ਰਾਖੀ ਲਈ ਉਹਨਾਂ ਨੂੰ ਮੁਫਤ ਕਾਨੂੰਨੀ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਜਿਸ ਵਿਅਕਤੀ ਦੇ ਪਰਿਵਾਰ ਦੀ ਸਾਲਾਨਾ ਆਮਦਨ 3,00,000/- ਰੁਪਏ ਤੋਂ ਘੱਟ ਹੋਵੇ ਮੁਫਤ ਕਾਨੂੰਨੀ ਸੇਵਾਵਾਂ ਲੈਣ ਦੇ ਹੱਕਦਾਰ ਹਨ। ਮੁਫਤ ਕਾਨੂੰਨੀ ਸਹਾਇਤਾ ਲੈਣ ਲਈ ਅਥਾਰਟੀ ਵੱਲੋਂ ਮੁਫਤ ਜਾਰੀ ਕੀਤਾ ਜਾਂਦਾ ਨਿਰਧਾਰਿਤ ਪ੍ਰੋਫਾਰਮਾ ਭਰ ਕੇ ਸਬੰਧਿਤ ਮਾਣਯੋਗ ਅਦਾਲਤ ਪਾਸ ਪੇਸ਼ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਅਥਾਰਟੀ ਵਲੋਂ ਮੁਫ਼ਤ ਕਾਨੂੰਨੀ ਸਹਾਇਤਾ ਪ੍ਰਦਾਨ ਕਰਨ ਲਈ ਟੋਲ ਫਰੀ ਨੰਬਰ 1968 ਵੀ ਜਾਰੀ ਕੀਤਾ ਗਿਆ ਹੈ। ਮੁਫਤ ਕਾਨੂੰਨੀ ਸਹਾਇਤਾ ਵਿੱਚ ਕੇਸ ਲੜਨ ਜਾਂ ਕਾਨੂੰਨੀ ਸਲਾਹ ਲਈ ਵਕੀਲਾਂ ਦੀਆਂ ਸੇਵਾਵਾਂ ਮੁਫਤ ਪ੍ਰਦਾਨ ਕੀਤੀਆਂ ਜਾਂਦੀਆ ਹਨ। ਇਸ ਕੈਂਪ ਦੌਰਾਨ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਪੈਰਾ ਲੀਗਲ ਵਲੰਟੀਅਰ ਬਲਦੇਵ ਭਾਰਤੀ ਸਟੇਟ ਐਵਾਰਡੀ ਨੇ 'ਉਸਾਰੀ ਮਜ਼ਦੂਰ ਭਲਾਈ ਕਾਨੂੰਨ- 1996' ਤੇ 'ਮਹਾਤਮਾ ਗਾਂਧੀ ਕੌਮੀ ਪੇਂਡੂ ਰੋਜ਼ਗਾਰ ਗ੍ਰੰਟੀ ਕਾਨੂੰਨ-2005' ਤਹਿਤ ਗੈਰ ਸੰਗਠਿਤ ਖੇਤਰ ਦੇ ਮਜ਼ਦੂਰਾਂ ਦੇ ਅਧਿਕਾਰਾਂ ਅਤੇ ਸਮਾਜਿਕ ਸੁਰੱਖਿਆ ਲਈ ਬਣੀਆਂ ਵਡਮੁੱਲੀਆਂ ਭਲਾਈ ਸਕੀਮਾਂ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੰਦਿਆਂ ਕਿਰਤੀਆਂ ਨੂੰ ਬਣਦੇ ਲਾਭ ਲੈਣ ਲਈ ਪ੍ਰਭਾਵਸ਼ਾਲੀ ਢੰਗ ਨਾਲ ਪ੍ਰੇਰਿਤ ਕੀਤਾ।

# ਲੇਖਕ ਤੇ ਸ਼ਾਇਰ ਮਹਿੰਦਰ ਸੂਦ ਵਿਰਕ ਦਾ ਪਹਿਲਾ ਕਾਵਿ ਸੰਗ੍ਰਹਿ ਤਿਆਰ



**ਫਿਲੌਰ, ਅੱਪਰਾ (ਜੱਸੀ)** – ਸੰਪਾਦਕ ਅਮਨਦੀਪ ਬੱਧਣ ਨੇ ਇਲਾਕੇ ਦੇ ਪ੍ਰਸਿੱਧ ਲੇਖਕ ਤੇ ਸ਼ਾਇਰ ਮਹਿੰਦਰ ਸੂਦ ਵਿਰਕ ਨੇ ਆਪਣੇ ਪਹਿਲੇ ਕਾਵਿ ਸੰਗ੍ਰਹਿ "ਸੱਚ ਦਾ ਹੋਕਾ" ਨੂੰ ਈ-ਕਿਤਾਬ ਦੇ ਰੂਪ ਵਿੱਚ ਪੇਸ਼ ਕਰਨ ਦਾ ਮੌਕਾ ਦਿੱਤਾ ਹੈ। ਅਮਨਦੀਪ ਬੱਧਣ ਨੇ ਦੱਸਿਆ ਕਿ ਇਸ ਕਾਵਿ ਸੰਗ੍ਰਹਿ ਵਿੱਚ ਜ਼ਿੰਦਗੀ ਹਰ ਇੱਕ ਰੰਗ ਨੂੰ ਕਵਿਤਾ ਦੇ ਰੂਪ ਵਿੱਚ ਪੇਸ਼ ਕੀਤਾ ਗਿਆ ਹੈ। ਮੇਰੀ ਖੁੱਦ ਦੀ ਕੋਸ਼ਿਸ ਹੈ ਕੇ ਕਾਵਿ ਸੰਗ੍ਰਹਿ "ਸੱਚ ਦਾ ਹੋਕਾ" ਨੂੰ ਜਲਦ ਤੋਂ ਜਲਦ ਈ-ਕਿਤਾਬ ਦੇ ਰੂਪ ਵਿੱਚ ਪੇਸ਼ ਕਰ ਸਕਾ।

## ਬਾਪੂ

ਪਿੰਡ ਅਸੀਂ ਸਾਰੇ ਬਾਹਰ ਪਿੜ ਵਿਚ ਕਣਕ ਕੱਢ ਰਹੇ ਸੀ ਅਤੇ ਸਾਡੇ ਕੋਲ ਤਾਏ ਦਾ ਮੁੰਡਾ ਅਤੇ ਉਸਦਾ ਭਤੀਜਾ ਆਦਿ ਖੜ੍ਹੇ ਸਨ। ਅਸੀਂ ਉਹਨਾਂ ਦੀਆਂ ਗੱਲਾਂ ਸੁਣ-ਸੁਣ ਕੇ ਹੈਰਾਨ ਹੋ ਰਹੇ ਸੀ। ਮੀਤਾ ਕਹਿੰਦਾ, ''ਬਾਪੂ ਹੈਂ ਤਾਂ ਤੂੰ ਬਾਪੂ ਪਰ ਬਾਪੂ ਬੁਪੂ ਕੁਛ ਨੀ''। ਅੱਗੋਂ ਮੀਤੇ ਦੇ ਬਾਪੂ ਨੇ ਉਸਨੂੰ ਕਿਹਾ ''ਕਿਉਂ ਬਈ, ਕਿਉਂ ਨੀ ਬਾਪੂ''। ਤਾਂ ਮੀਤਾ ਕਹਿੰਦਾ, ''ਉਹ ਐਮ. ਐਲ. ਏ. ਦਾ ਦਰਸ਼ਨ ਐਂ, ਜਦੋਂ ਮਰਜ਼ੀ ਪੈਸੇ ਮੰਗੇ, ਉਹਦਾ ਬਾਪੂ ਝੱਟ ਕੱਢ ਕੇ ਦੇ ਦਿੰਦੈ। ਤੂੰ ਤਾਂ ਲੱਖ ਹਾੜੇ ਕੱਢਣ ਤੇ ਵੀ ਕੁਲਫੀ ਜੋਗੇ ਪੈਸੇ ਨੀ ਦਿੰਦਾ। ਕਾਹਦਾ ਬਾਪੂ ਐਂ ਤੂੰ?'' ਉਹਦਾ ਬਾਪੂ ਕਣਕ ਦੀ ਛਾਜਲੀ ਹਿਲਾਉਂਦਾ ਹਿਲਾਉਂਦਾ ਵਿਚੋਂ ਵਿਚ ਝੂਰ ਰਿਹਾ ਸੀ।



– ਸੁਖਚਰਨ ਸਾਹੋਕੇ

# ਜ਼ਿਲ੍ਹੇ ਵਿੱਚ 9 ਸਤੰਬਰ ਨੂੰ ਲੱਗੇਗੀ ਕੌਮੀ ਲੋਕ ਅਦਾਲਤ–ਜ਼ਿਲ੍ਹਾ ਅਤੇ ਸ਼ੈਸਨ ਜੱਜ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)**– ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਕਾਰਜਕਾਰੀ ਚੇਅਰਮੈਨ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐਸ. ਏ. ਐਸ. ਨਗਰ ਦੀਆ ਹਦਾਇਤਾਂ ਅਨੁਸਾਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ਼ਹੀਦ ਭਗਤ ਸਿੰਘ ਨਗਰ ਵੱਲੋਂ 9 ਸਤੰਬਰ, 2023 ਨੂੰ ਜ਼ਿਲ੍ਹੇ ਵਿੱਚ ਕੌਮੀ ਲੋਕ ਅਦਾਲਤ ਲਗਾਈ ਜਾਵੇਗੀ । ਇਹ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ਼ਹੀਦ ਭਗਤ ਸਿੰਘ ਨਗਰ, ਸ. ਕੰਵਲਜੀਤ ਸਿੰਘ ਬਾਜਵਾ ਨੇ ਦੱਸਿਆ ਕਿ ਇਸ ਕੌਮੀ ਲੋਕ ਅਦਾਲਤ ਵਿੱਚ ਅਦਾਲਤਾਂ 'ਚ ਲੰਬਿਤ ਅਤੇ ਪ੍ਰੀ-ਲਿਟੀਗੇਟਿਵ ਮਾਮਲੇ, ਦੀਵਾਨੀ, ਵਸੂਲੀ ਨਾਲ ਸਬੰਧਤ ਮਾਮਲੇ, ਪਾਣੀ ਦੇ ਬਿੱਲ ਦੇ ਕੇਸ, ਚੈੱਕ ਬਾਊਂਸ ਨਾਲ ਸਬੰਧਿਤ ਕੇਸ, ਮੋਟਰ ਐਕਸੀਡੈਂਟ ਕਲੇਮ ਕੇਸ, ਵਿਵਾਹਿਕ ਝਗੜੇ, ਟ੍ਰੈਫਿਕ ਚਲਾਨ, ਲੇਬਰ ਝਗੜੇ, ਬਿਜਲੀ ਦੇ ਬਿੱਲ ਦੇ ਕੇਸ, ਬੈਂਕਾਂ ਦੇ ਕੇਸ, ਬੀ.ਐਸ.ਐਨ.ਐਲ ਕੇਸਾਂ ਨੂੰ ਆਪਸੀ ਸਹਿਮਤੀ ਅਤੇ ਰਜ਼ਾਮੰਦੀ ਨਾਲ ਨਿਪਟਾਉਣ ਲਈ ਸੁਣਿਆ ਜਾਵੇਗਾ।



ਉਨ੍ਹਾਂ ਕਿਹਾ ਕਿ ਅਦਾਲਤਾਂ ਵਿੱਚ ਲੰਬਿਤ ਕੇਸਾਂ ਨੂੰ ਕੌਮੀ ਲੋਕ ਅਦਾਲਤ ਵਿੱਚ ਲਗਾਉਣ ਲਈ ਸਬੰਧਿਤ ਅਦਾਲਤ ਦੇ ਜੱਜ ਸਾਹਿਬਾਨ ਅਤੇ ਜਿਹੜੇ ਝਗੜੇ ਜਾਂ ਵਿਵਾਦ ਅਦਾਲਤਾਂ ਵਿੱਚ ਲੰਬਿਤ ਨਹੀ ਹਨ, ਸਬੰਧੀ ਦਰਖਾਸਤ ਸਾਦੇ ਕਾਗਜ਼ 'ਤੇ ਲਿਖ ਕੇ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੂੰ ਪੇਸ਼ ਕੀਤੀ ਜਾ ਸਕਦੀ ਹੈ। ਉਨ੍ਹਾਂ ਦੱਸਿਆ ਕਿ ਲੋਕ ਅਦਾਲਤ ਦੇ ਫੈਸਲੇ ਨੂੰ ਦੀਵਾਨੀ ਅਦਾਲਤ ਦੀ ਡਿਕਰੀ ਦੀ ਮਾਨਤਾ ਪ੍ਰਾਪਤ ਹੈ ਅਤੇ ਫ਼ੈਸਲੇ ਦੇ ਖਿਲਾਫ ਕੋਈ ਅਪੀਲ ਨਹੀ ਹੋ ਸਕਦੀ। ਇਸ ਦੇ ਫ਼ੈਸਲੇ ਅੰਤਿਮ ਹੁੰਦੇ ਹਨ। ਉਨ੍ਹਾਂ ਦੱਸਿਆ ਕਿ ਲੋਕ ਅਦਾਲਤ ਵਿੱਚ ਫੈਸਲਾ ਹੋਣ ਉਪਰੰਤ ਕੇਸ ਵਿੱਚ ਲੱਗੀ ਸਾਰੀ ਕੋਰਟ ਫੀਸ ਵੀ ਵਾਪਸ ਮਿਲ ਸਕਦੀ।

# ਪੰਜਾਬ ਸਰਕਾਰ ਦੀਆਂ ਲੋਕਾਂ ਨਾਲ ਕੀਤੀਆਂ ਗਰੰਟੀਆਂ ਦੀ ਬੋਲੀ ਠੁੱਸ – ਅਸ਼ੋਕ ਕਲਾਰ

**ਸੜੋਆ (ਸਤਨਾਮ ਸਿੰਘ ਸਹੂੰਗੜਾ)** ਅੱਜ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਵਲੋਂ ਪਿੰਡ ਗ਼ਰਲੇ ਢਾਹਾਂ ਮਨਰੇਗਾ ਮਜ਼ਦੂਰਾਂ ਨਾਲ ਕੀਤੀ ਮੀਟਿੰਗ । ਮਜਦੂਰਾਂ ਨਾ.ਲ ਵਿਚਾਰ ਵਟਾਂਦਰਾ ਕਰਦੇ ਤਹਿਸੀਲ ਪ੍ਰਧਾਨ ਅਸ਼ੋਕ ਕਲਾਰ ਨੇ ਕਿਹਾ ਪੰਜਾਬ ਸਰਕਾਰ ਨੇ ਗਰੰਟੀਆਂ ਕੀਤੀਆਂ ਸਨ ਜਿਨ੍ਹਾਂ ਵਿੱਚੋਂ ਇੱਕ ਵੀ ਪੂਰੀ ਨਹੀਂ ਹੋਈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਨੇ ਦਿੱਲੀ ਮਾਡਲ ਲਾਗੂ ਕਰਨ ਦੀ ਗਰੰਟੀ ਕੀਤੀ ਸੀ ਜਿਸਦੇ ਤਹਿਤ ਮਜਦੂਰਾਂ ਦੀ ਦਿਹਾੜੀ 750 ਰੁਪਏ ਹੋਣੀ ਚਾਹੀਦੀ ਸੀ ਅਫ਼ਸੋਸ ਮਜਦੂਰਾਂ ਨੂੰ ਦਿਹਾੜੀ 303 ਰੁਪਏ ਦੇਕੇ ਕੋਝਾ ਮਜਾਕ ਕੀਤਾ ਜਾ ਰਿਹਾ ਹੈ। ਉਨ੍ਹਾਂ ਮਜਦੂਰਾਂ ਨਾਲ ਵਿਚਾਰ ਵਟਾਂਦਰੇ ਕਰਦਿਆਂ ਕਿਹਾ ਕਿ ਮਜਦੂਰਾਂ ਨੂੰ ਆਪਣੇ ਹੱਕਾਂ ਲਈ ਇਕੱਠੇ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਮਜਦੂਰਾਂ ਨੂੰ ਸਰਕਾਰ 100 ਕੇਂਦਰ ਸਰਕਾਰ ਵਲੋਂ ਤੇ ਪੰਜਾਬ ਸਰਕਾਰ ਆਪਣੇ ਵਲੋਂ ਮਜਦੂਰਾਂ ਨੂੰ 200 ਦਿਨ ਕੰਮ ਦੇਣ ਅਤੇ ਲਾਲ ਲਕੀਰ ਵਿੱਚ ਰਹਿ ਰਹੇ ਪਰਿਵਾਰਾਂ ਨੂੰ ਮਾਲਕੀ ਹੱਕ ਦੇਣ ਅਤੇ 5 5 ਮਰਲੇ ਦੇ ਰਿਹਾਇਸ਼ੀ ਪਲਾਟ ਦੇਣ ਅਤੇ ਉਸਾਰੀ ਲਈ ਮਜਦੂਰਾਂ ਨੂੰ 5 ਲੱਖ ਦੀ ਗ੍ਰਾਂਟ ਦੇਵੇ ਸਰਕਾਰ । ਉਨ੍ਹਾਂ ਮਜਦੂਰਾਂ ਦੀਆਂ ਬਾਜਵ ਮੰਗਾਂ ਨੂੰ ਲੈਕੇ 21 ਜੁਲਾਈ ਨੂੰ ਡੀ ਸੀ ਦਫ਼ਤਰ ਨਵਾਂਸ਼ਹਿਰ ਧਰਨੇ ਵਿੱਚ ਪਹੁੰਚਣ ਦੀ ਅਪੀਲ ਕੀਤੀ। ਇਸ ਮੌਕੇ ਧਰਮਪਾਲ ਗਰਲੇ ਢਾਹਾਂ, ਗੁਰ-ਬਖ਼ਸ਼ ਰਾਮ, ਲੈਂਬਰ ਰਾਮ, ਸ਼ਕੁੰਤਲਾ ਦੇਵੀ, ਸੁਨੀਤਾ, ਸਰਬਜੀਤ ਕੌਰ, ਮਨਜੀਤ ਕੌਰ, ਭਜਨੋ, ਬਲਜੀਤ ਕੌਰ, ਪਰਕਾਸ਼ ਕੌਰ, ਆਦਿ ਹਾਜ਼ਰ ਸਨ।



# ਬਿਨਾਂ ਪੇ ਸਕੇਲ, ਸੀ.ਐਸ.ਆਰ ਅਤੇ ਪੈਨਸ਼ਨਰੀ ਲਾਭ ਦਿੱਤੇ ਰੈਗੂਲਰ ਕਰਨ ਦਾ ਕੀਤਾ ਜਾ ਰਿਹਾ ਝੂਠਾ ਪ੍ਰਚਾਰ: ਮੁਨੀਸ਼ ਗੁਪਤਾ

**ਪਠਾਨਕੋਟ, (ਰਾਜਿੰਦਰ ਸਿੰਘ ਰਾਜਨ)** ਕੱਚੇ ਮੁਲਾਜ਼ਮਾਂ ਵੱਲੋਂ ਸਰਕਾਰ ਖ਼ਿਲਾਫ਼ ਸ਼ੁਰੂ ਕੀਤੀ ਗਈ ਕਲਮ ਛੋੜ ਹੜਤਾਲ ਪੰਜਵੇਂ ਦਿਨ ਵਿੱਚ ਪ੍ਰਵੇਸ਼ ਕਰ ਗਈ ਹੈ। ਕੱਚੇ ਮੁਲਾਜ਼ਮਾਂ ਦੇ ਹੜਤਾਲ ਤੇ ਜਾਣ ਨਾਲ ਸਿੱਖਿਆ ਵਿਭਾਗ ਦਾ ਕੰਮ ਪੰਜਵੇਂ ਦਿਨ ਵੀ ਠੱਪ ਰਿਹਾ।



ਕੱਚੇ ਮੁਲਾਜ਼ਮਾਂ ਵੱਲੋਂ ਸ਼ੁਰੂ ਕੀਤੀ ਗਈ ਕਲਮ ਛੋੜ ਹੜਤਾਲ ਵਿੱਚ ਭਰਾਤਰੀ ਜਥੇਬੰਦੀਆਂ ਵੱਲੋਂ ਭਰਵੀਂ ਸ਼ਮੂਲੀਅਤ ਕਰ ਆਪਣਾ ਸਮਰਥਨ ਦਿੱਤਾ ਗਿਆ। ਕੱਚੇ ਮੁਲਾਜ਼ਮਾਂ ਦੀ ਹੜਤਾਲ ਵਿੱਚ ਸ਼ਮੂਲੀਅਤ ਕਰਦੇ ਹੋਏ ਕੇਵਲ ਕ੍ਰਿਸ਼ਨ ਮੁੱਖ ਅਧਿਆਪਕ ਯੂਨੀਅਨ, ਕੋਸ਼ਲ ਸ਼ਰਮਾ ਲੈਕਚਰਾਰ ਯੂਨੀਅਨ, ਰਮਨ ਕੁਮਾਰ ਮਾਸਟਰ ਕੇਡਰ ਯੂਨੀਅਨ, ਬੋਧ ਰਾਜ ਗੌਰਮਿੰਟ ਟੀਚਰ ਯੂਨੀਅਨ, ਰਵੀ ਦੱਤ ਸ਼ਰਮਾ ਪੰਜਾਬ, ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ, ਰਜਨੀਸ਼ ਪੁਰਾਣੀ ਪੈਨਸ਼ਨ ਬਹਾਲੀ ਯੂਨੀਅਨ, ਰਾਜ ਕੁਮਾਰ ਜ਼ਿਲ੍ਹਾ ਪਰਿਸ਼ਦ ਯੂਨੀਅਨ, ਰਾਜ ਦੀਪਕ ਮਿਨੀਸਟਰੀਅਲ ਸਟਾਫ਼ ਯੂਨੀਅਨ, ਸ਼ਵੇਤਾ ਆਈਸੀਟੀ ਯੂਨੀਅਨ, ਅਮਿਤ ਅਤੇ ਸੁਮਿਤ ਕੁਮਾਰ ਆਊਟਸੋਰਸ ਯੂਨੀਅਨ, ਪਵਨ ਕੁਮਾਰ ਕਲਾਸ ਫੋਰ ਯੂਨੀਅਨ, ਮਨਦੀਪ ਸ਼ਰਮਾ ਆਈਈਆਰਟੀ ਯੂਨੀਅਨ, ਅਤੇ ਹੋਰ ਭਰਾਤਰੀ ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਪਿਛਲੇ 10 ਮਹੀਨੇ ਤੋਂ ਕੱਚੇ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਦਾ ਸਰਕਾਰ ਪ੍ਰਚਾਰ ਕਰ ਰਹੀ ਹੈ ਪਰ ਜੋ ਸੱਚਾਈ ਸਾਹਮਣੇ ਆਈ ਹੈ ਉਹ ਸ਼ਰੇਆਮ ਕੱਚੇ ਮੁਲਾਜ਼ਮਾਂ ਨਾਲ ਸਰਕਾਰ ਵੱਲੋਂ ਕੀਤਾ ਜਾ ਰਿਹਾ ਧੋਖਾ ਹੈ। ਪੰਜਾਬ ਸਰਕਾਰ ਬਿਨਾਂ ਪੇ ਸਕੇਲ, ਸੀ.ਐਸ.ਆਰ ਅਤੇ ਪੈਨਸ਼ਨਰੀ ਲਾਭ ਦਿੱਤੇ ਰੈਗੂਲਰ ਕਰਨ ਦਾ ਪ੍ਰਚਾਰ ਕਰ ਰਹੀ ਹੈ ਜੋ ਕਿ ਕੌਰਾ ਝੂਠ ਹੈ । ਇਸ ਮੌਕੇ ਤੇ ਸਰਵ ਸਿੱਖਿਆ ਅਭਿਆਨ ਦਫ਼ਤਰੀ ਕਰਮਚਾਰੀ ਯੂਨੀਅਨ ਦੇ ਆਗੂ ਮੁਨੀਸ਼ ਗੁਪਤਾ ਨੇ ਉਨ੍ਹਾਂ ਦੀ ਹੜਤਾਲ ਵਿੱਚ ਪਹੁੰਚੇ ਵੱਖ-ਵੱਖ ਭਰਾਤਰੀ ਜਥੇਬੰਦੀਆਂ ਦੇ ਆਗੂਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਆਮ ਜਨਤਾ ਅਤੇ ਭਰਾਤਰੀ ਜਥੇਬੰਦੀਆਂ ਵੱਲੋਂ ਦਿੱਤੇ ਗਏ ਸਹਿਯੋਗ ਤੋਂ ਇਹ ਗੱਲ ਸਪਸ਼ੱਟ ਹੋ ਗਈ ਹੈ ਕਿ ਇਹ ਲੜਾਈ ਇੱਕਲੇ ਕੱਚੇ ਮੁਲਾਜ਼ਮਾਂ ਦੀ ਨਹੀਂ ਸਗੋਂ ਪੂਰੇ ਪੰਜਾਬ ਦੀ ਜਵਾਨੀ ਦਾ ਭਵਿੱਖ ਬਚਾਉਣ ਦੀ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਅਕਾਲੀ ਦਲ ਅਤੇ ਕਾਂਗਰਸ ਦੀ ਸਰਕਾਰ ਨੇ ਕੱਚੇ ਮੁਲਾਜ਼ਮਾਂ ਦੀ ਜਵਾਨੀ ਰੋਲ ਕੇ ਰੱਖ ਦਿੱਤੀ ਅਤੇ ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਕੱਚੇ ਮੁਲਾਜ਼ਮਾਂ ਦੇ ਭਵਿੱਖ ਨੂੰ ਰੋਲਣ ਦੀ ਤਿਆਰੀ ਕਰੀ ਬੈਠੀ ਹੈ। ਦਫ਼ਤਰੀ ਮੁਲਾਜ਼ਮਾਂ ਦੀ ਤਕਰੀਬਨ 5000 ਰੁਪਏ ਮਹੀਨਾ ਤਨਖਾਹ ਕਟੌਤੀ ਕੀਤੀ ਜਾ ਰਹੀ ਹੈ ਜੋ ਕਿ ਬਾਰ ਬਾਰ ਮੰਤਰੀਆ ਵੱਲੋਂ ਵਾਅਦੇ ਕਰਨ ਦੇ ਬਾਵਜੂਦ ਪੂਰੀ ਨਹੀ ਹੋਈ। ਇਸ ਦੇ ਨਾਲ ਹੀ ਮਿਡ ਡੇ ਮੀਲ ਦਫ਼ਤਰੀ ਕਰਮਚਾਰੀਆਂ ਦੀ ਸਾਲ 2019 ਤੋਂ ਤਨਖਾਹ ਵਿੱਚ ਕੀਤਾ ਜਾਣ ਵਾਲਾ ਵਾਧਾ ਰੋਕਿਆ ਹੋਇਆ ਹੈ।

ਆਗੂ ਨੇ ਦੱਸਿਆ ਕਿ ਜਦੋਂ 7 ਅਕਤੂਬਰ 2022 ਨੂੰ ਪਾਲਿਸੀ ਜਾਰੀ ਹੋਈ ਸੀ ਤਾਂ ਮੁਲਾਜ਼ਮਾਂ ਨੂੰ ਕੁਝ ਖਦਸ਼ੇ ਸੀ ਜਿਸ ਸਬੰਧੀ ਸਿੱਖਿਆ ਮੰਤਰੀ ਹਰਜੋਤ ਬੈਂਸ ਵੱਲੋਂ ਪੰਜਾਬ ਭਵਨ ਵਿਖੇ ਕੀਤੀ ਪ੍ਰੈਸ ਕਾਨਫਰੰਸ ਵਿਚ ਸਪੱਸ਼ਟ ਕਿਹਾ ਸੀ ਕਿ ਰੈਗੂਲਰ ਮੁਲਾਜ਼ਮਾਂ ਵਾਂਗ ਇਹਨਾਂ ਕੱਚੇ ਮੁਲਾਜ਼ਮਾਂ ਨੂੰ ਵੀ ਰੈਗੂਲਰ ਹੋਣ ਤੇ ਪੇ ਸਕੇਲ ਭੱਤੇ ਸੀ.ਐਸ.ਆਰ ਰੂਲ ਅਤੇ ਪੈਨਸ਼ਨਰੀ ਲਾਭ ਮਿਲਣਗੇ ਪਰ 9 ਮਹੀਨਿਆ ਬਾਅਦ ਜੋ ਸੱਚਾਈ ਸਾਹਮਣੇ ਆਈ ਹੈ ਉਹ ਹਰ ਇਕ ਕੱਚੇ ਮੁਲਾਜ਼ਮ ਦੇ ਹੋਸ਼ ਉਡਾਉਣ ਵਾਲੀ ਹੈ। ਆਗੂ ਨੇ ਕਿਹਾ ਕਿ ਬਿਨ੍ਹਾਂ ਪੇ ਸਕੇਲ ਤੋਂ ਮੁਲਾਜ਼ਮ ਕਿਵੇਂ ਰੈਗੂਲਰ ਹੋਣਗੇ। ਸਰਕਾਰ ਵੱਲੋਂ ਪ੍ਰਚਾਰ ਐਨਾ ਕੀਤਾ ਜਾ ਰਿਹਾ ਕਿ ਜਿਵੇਂ ਕੱਚੇ ਮੁਲਾਜ਼ਮਾਂ ਨੂੰ ਪਤਾ ਨਹੀ ਕਿੰਨਾ ਵੱਡਾ ਤੋਹਫਾ ਦੇ ਦਿੱਤਾ ਹੋਵੇ। ਆਗੂ ਨੇ ਕਿਹਾ ਕਿ ਬੀਤੇ ਦਿਨ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਵੀਡੀਓ ਸ਼ੰਦੇਸ਼ ਰਾਹੀ ਦੱਸਿਆ ਕਿ ਕੁੱਝ ਕਰਮਚਾਰੀਆਂ ਦੀਆਂ ਤਨਖਾਹਾਂ ਵਿੱਚ ਵਾਧਾ ਕੀਤਾ ਜਾ ਰਿਹਾ ਹੈ ਪਰ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਆਪਣੇ ਸੰਦੇਸ਼ ਵਿਚ ਦਫ਼ਤਰੀ ਕਰਮਚਾਰੀਆਂ ਦਾ ਕੋਈ ਜ਼ਿਕਰ ਨਹੀ ਕੀਤਾ। ਸਰਕਾਰ ਨੇ ਕੱਚੇ ਮੁਲਾਜ਼ਮਾਂ ਨਾਲ ਪੱਕਾ ਕਰਨ ਦਾ ਵਾਅਦਾ ਕੀਤਾ ਸੀ ਜਿਸ ਤੋਂ ਸਰਕਾਰ ਹੁਣ ਭੱਜ ਰਹੀ ਹੈ। ਜਦਕਿ ਸਰਕਾਰ ਨੇ 1 ਅਪ੍ਰੈਲ 2018 ਨੂੰ ਸਰਵ ਸਿੱਖਿਆ ਅਭਿਆਨ ਤਹਿਤ ਕੰਮ ਕਰਦੇ ਅਧਿਆਪਕਾਂ ਨੂੰ ਸਾਰੇ ਲਾਭ ਦੇ ਕੇ ਰੈਗੂਲਰ ਕਰ ਦਿੱਤਾ ਗਿਆ ਸੀ ਪ੍ਰੰਤੂ ਉਸ ਸਮੇਂ ਵੀ ਦਫ਼ਤਰੀ ਕਰਮਚਾਰੀਆਂ ਨਾਲ ਵਿਤਕਰਾ ਕੀਤਾ ਗਿਆ ਅਤੇ ਹੁਣ ਇਸ ਸਰਕਾਰ ਵੱਲੋਂ ਵੀ ਰੈਗੂਲਰ ਦੇ ਨਾਮ ਤੇ ਸਿਰਫ ਅਖਬਾਰੀ ਪ੍ਰਚਾਰ ਕਰਕੇ ਬੁੱਤਾ ਸਾਰਿਆ ਜਾ ਰਿਹਾ ਹੈ ਜਿਸ ਕਰਕੇ ਮੁਲਾਜ਼ਮ ਹੜਤਾਲ ਕਰਨ ਨੂੰ ਮਜ਼ਬੂਰ ਹੋਏ ਹਨ। ਉਨ੍ਹਾਂ ਕਿਹਾ ਕਿ ਜਦੋਂ ਤੱਕ ਉਨ੍ਹਾਂ ਦੀਆਂ ਮੰਗਾਂ ਨਹੀਂ ਮੰਨੀਆਂ ਜਾਂਦੀਆਂ ਉਦੋਂ ਤੱਕ ਉਨ੍ਹਾਂ ਦੀ ਹੜਤਾਲ ਇਦਾ ਹੀ ਜਾਰੀ ਰਹੇਗੀ।

ਇਸ ਮੌਕੇ ਤੇ ਮੁਨੀਸ਼ ਗੁਪਤਾ, ਧੀਰਜ ਕੁਮਾਰ, ਦੁਸ਼ਯੰਤ ਜੋਸ਼ੀ, ਮਲਕੀਤ ਸਿੰਘ, ਨਰਿੰਦਰ ਸਿੰਘ, ਸੁਮਿਤ ਰਾਜ, ਅਸ਼ਵਨੀ ਸ਼ਰਮਾ, ਲਲਿਤਾ, ਨੀਲਮ, ਨੀਰੂ ਆਦਿ ਹਾਜ਼ਰ ਸਨ।

# ਸਮਰ ਕੈਂਪ ਬੱਚਿਆਂ ਦੇ ਸਰਬਪੱਖੀ ਵਿਕਾਸ ਲਈ ਸਹਾਈ ਸਿੱਧ ਹੋਣਗੇ- ਡੀਈਓ ਕਮਲਦੀਪ ਕੌਰ

**ਪਠਾਨਕੋਟ, (ਰਾਜਿੰਦਰ ਸਿੰਘ ਰਾਜਨ)** ਜ਼ਿਲ੍ਹਾ ਪਠਾਨਕੋਟ ਦੇ ਸਮੂਹ ਸਰਕਾਰੀ ਪ੍ਰਾਇਮਰੀ ਸਕੂਲਾਂ 'ਚ ਪੰਜਾਬ ਸਰਕਾਰ ਅਤੇ ਸਕੂਲ ਸਿੱਖਿਆ ਵਿਭਾਗ ਪੰਜਾਬ ਦੀਆਂ ਹਦਾਇਤਾਂ ਮੁਤਾਬਕ ਸਮਰ ਕੈਂਪ ਲਗਾਏ ਜਾ ਰਹੇ ਹਨ ਜ਼ੋ ਕਿ 15 ਜੁਲਾਈ ਤੱਕ ਚੱਲਣਗੇ। ਜ਼ਿਲ੍ਹਾ ਸਿੱਖਿਆ ਅਫ਼ਸਰ (ਐਂ. ਸਿ.) ਕਮਲਦੀਪ ਕੌਰ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਡੀਜੀ ਸਿੰਘ ਵਲੋਂ ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ ਵਿੱਚ ਜਾ ਕੇ ਸਮਰ ਕੈਂਪ ਦਾ ਜਾਇਜ਼ਾ ਲਿਆ ਗਿਆ। ਜ਼ਿਲ੍ਹਾ ਸਿੱਖਿਆ ਅਫ਼ਸਰ ਕਮਲਦੀਪ ਕੌਰ ਅਤੇ



ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਡੀਜੀ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸਿੱਖਿਆ ਵਿਭਾਗ ਪਠਾਨਕੋਟ ਵੱਲੋਂ 3 ਜੁਲਾਈ ਤੋਂ 15 ਜੁਲਾਈ ਤੱਕ ਪ੍ਰੀ- ਪ੍ਰਾਇਮਰੀ ਤੋਂ ਪੰਜਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਲਈ ਸਮੂਹ ਸਰਕਾਰੀ ਪ੍ਰਾਇਮਰੀ ਸਕੂਲਾਂ ਵਿਚ 'ਸਮਰ ਕੈਂਪ-2023' ਕਰਵਾਏ ਜਾ ਰਹੇ ਹਨ। ਇਹ 'ਸਮਰ ਕੈਂਪ-2023' ਤਹਿਤ ਜ਼ਿਲ੍ਹੇ ਭਰ ਦੇ ਸਕੂਲਾਂ ਵਿਚ ਦੌਰਾ ਕਰ ਕੇ ਕਰਵਾਈ ਜਾਂਦੀਆਂ ਗਤੀਵਿਧੀਆਂ ਦਾ ਜਾਇਜ਼ਾ ਲਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਕੂਲ ਦੇ ਅਧਿਆਪਕਾਂ ਵੱਲੋਂ ਵਿਦਿਆਰਥੀਆਂ ਦੀਆਂ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ, ਜਿਨ੍ਹਾਂ ਦਾ ਮੁੱਖ ਮਕਸਦ ਵਿਦਿਆਰਥੀਆਂ ਦਾ ਸਮਾਜਿਕ, ਭਾਵਨਾਤਮਕ, ਸਰੀਰਕ ਅਤੇ ਸਿਰਜਨਾਤਮਕ ਵਿਕਾਸ ਕਰਨਾ ਹੈ। ਉਨ੍ਹਾਂ ਵੱਲੋਂ ਹਰ ਰੋਜ ਵੱਖ ਵੱਖ ਸਕੂਲਾਂ ਦਾ ਦੌਰਾ ਕਰ ਕੇ ਬੱਚਿਆਂ ਨਾਲ ਗੱਲਬਾਤ ਵੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਹਨਾਂ ਕੈਂਪਾਂ ਨਾਲ ਬੱਚਿਆਂ ਦੇ ਅੰਦਰ ਰਚਨਾਤਮਕ ਅਤੇ ਕਿਰਿਆਤਮਕ ਭਾਵਨਾਵਾਂ ਨੂੰ ਬਾਹਰ ਕੱਢਣ ਲਈ ਉਪਰਾਲੇ ਕੀਤੇ ਜਾ ਰਹੇ ਹਨ । ਇਨ੍ਹਾਂ ਕੈਂਪਾਂ ਵਿੱਚ ਵਿਦਿਆਰਥੀਆਂ ਨੇ ਯੋਗ ਤੇ ਕਸਰਤ, ਖੇਡਾਂ, ਪੇਂਟਿੰਗ, ਸਵਾਗਤ ਗਤੀਵਿਧੀ, ਗੋਲ ਦਾਇਰੇ ਦੀਆ ਗਤੀਵਿਧੀਆਂ, ਮੈਥ ਦੀ ਮੈਟੀਕਲ ਪਜਲ ਕਿਰਿਆ, ਵਾਤਾਵਰਨ ਸੰਭਾਲ, ਸੱਭਿਆਚਾਰਕ ਗਤੀਵਿਧੀਆਂ ਕੀਤੀਆਂ ਹਨ। ਗਤੀਵਿਧੀਆਂ ਵਿੱਚ ਵਿਦਿਆਰਥੀਆਂ ਤੇ ਅਧਿਆਪਕਾਂ ਵੱਲੋਂ ਵੱਧ ਚੜ ਕੇ ਹਿੱਸਾ ਲਿਆ ਜਾ ਰਿਹਾ ਹੈ। ਇਸ ਮੌਕੇ ਉਨ੍ਹਾਂ ਨੇ ਸਮੂਹ ਜ਼ਿਲ੍ਹੇ ਦੇ ਸਕੂਲੀ ਅਧਿਆਪਕਾਂ ਅਤੇ ਬੱਚਿਆਂ ਵੱਲੋਂ ਸਿੱਖਿਆ ਵਿਭਾਗ ਦੇ ਇਸ ਨਿਵੇਕਲੇ ਉਪਰਾਲੇ ਨੂੰ ਸਫ਼ਲ ਬਣਾਉਣ ਦੇ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ। ਵਿਦਿਆਰਥੀਆਂ ਦੇ ਮਾਪਿਆਂ ਨੇ ਵੀ ਸਮਰ ਕੈਂਪਾਂ ਦੀ ਪ੍ਰਸੰਸ਼ਾ ਕਰਦਿਆਂ ਕਿਹਾ ਕਿ ਅਜਿਹੇ ਉਪਰਾਲੇ ਭਵਿੱਖ ਵਿੱਚ ਜਾਰੀ ਰਹਿਣੇ ਚਾਹੀਦੇ ਹਨ।

## .ਗ਼ਜ਼ਲ

ਧਨ ਦੌਲਤ ਦੀ ਸ਼ਕਤੀ ਦਾ ਪ੍ਰਦਰਸ਼ਨ ਭੈਣ ਭਰਾਵਾਂ ਵਿਚ ।  
ਮੁੱਕ ਗਿਆ ਹੈ ਰਿਸ਼ਤੇ ਦਾ ਆਕਰਸ਼ਣ ਭੈਣ ਭਰਾਵਾਂ ਵਿਚ ।  
ਹਰ ਇਕ ਰਿਸ਼ਤਾ ਟੁਕੜੇ-ਟੁਕੜੇ ਹੋ ਕੇ ਨਜ਼ਰੀਂ ਆਉਂਦਾ ਹੈ ,  
ਨਫ਼ਰਤ ਨੇ ਹੀ ਵੰਡ ਦਿੱਤਾ ਹੈ ਦਰਪਣ ਭੈਣ ਭਰਾਵਾਂ ਵਿਚ ।  
ਜਦ ਤਕ ਮਾਪਿਆਂ ਦੀ ਦੌਲਤ ਸੀ ਖ਼ੁਸ਼ੀਆਂ ਸ਼ੌਂਕ ਬਹਾਰਾਂ ਸੀ,  
ਮੰਦਿਰ ਵਾਂਗੂੰ ਹੋਵੇ ਪੂਜਾ ਅਰਚਨ ਭੈਣ ਭਰਾਵਾਂ ਵਿਚ ।  
ਜਦ ਤਕ ਨਿੰਸ ਸਵਾਰਥ ਹੋ ਕੇ ਇਕੱਠੇ ਮਿਲਦੇ ਬਹਿੰਦਾ ਆ,  
ਤਦ ਤਕ ਰਹਿੰਦਾ ਘੁਮੰਡ ਰਹਿਤ ਸਮਰਪਣ ਭੈਣ ਭਰਾਵਾਂ ਵਿਚ ।  
ਹੁਣ ਨਈ ਹੁੰਦੇ ਨਿੰਸ ਸਵਾਰਥ ਖ਼ੁਸ਼ੀਆਂ ਖੇੜੇ, ਰਹਿਮਤ ਦੇ,  
ਆਯੋਜਨ, ਪ੍ਰਯੋਜਨ ਤੇ ਸ਼ੁਭਕਰਮਨ ਭੈਣ ਭਰਾਵਾਂ ਵਿਚ ।  
ਇਕ ਦੂਜੇ ਦੇ ਦੁਖ-ਸੁਖ ਵਿਚ ਮਹਿਸੂਸ ਅਤੇ ਅਹਿਸਾਨ ਬਣਨ,  
ਖ਼ੂਨ 'ਚ ਹੁੰਦੀ ਸੀ ਇਕ ਸਾਂਝੀ ਧੜਕਨ ਭੈਣ ਭਰਾਵਾਂ ਵਿਚ ।  
ਮੋਹ ਮਮਤਾ ਦਾ ਸਾਰਾ ਦਰਿਆ ਸੁੱਕ ਗਿਆ ਹੈ, ਮੁੱਕ ਗਿਆ ਹੈ,  
ਲੈ ਬੈਠੀ ਏ ਇਕ ਦੂਜੇ ਦੀ ਅਕੜਨ ਭੈਣ ਭਰਾਵਾਂ ਵਿਚ ।  
ਝੂਠੀ ਸ਼ਿਸ਼ਟਾਚਾਰ ਨਿਭਾਂਦੇ, ਝੂਠੀ ਹੀ ਉਪਚਾਰਿਕਤਾ,  
ਅਰਥੀ ਤੇ ਵੀ ਹੋਣ ਨਾ ਹੰਝੂ ਸਿਰਜਨ ਭੈਣ ਭਰਾਵਾਂ ਵਿਚ ।  
ਸ਼ਗਨ- ਲਿਫਾਫੇ ਦੇ ਵਿਚ ਹੋਈ ਸੀਮਤ ਸਾਰੀ ਮਰਿਆਦਾ,  
ਭੰਗੜੇ ਦੀ ਮੰਤਰ ਮੁਗਧ ਜਿਹੀ ਥਿਰਕਨ ਭੈਣ ਭਰਾਵਾਂ ਵਿਚ ।  
'ਬਾਲਮ' ਦੁਸ਼ਮਣ ਬਣ ਜਾਵੇਗਾ ਪੀੜੀ ਦਰ ਪੀੜੀ ਵੇਖੀਂ ,  
ਜੇਰਰ ਸ਼ੁਧਤਾ ਨਾਲ ਨਾ ਹੋਇਆ ਅਰਪਨ ਭੈਣ ਭਰਾਵਾਂ ਵਿਚ ।



**ਬਲਵਿੰਦਰ ਬਾਲਮ ਗੁਰਦਾਸਪੁਰ**

91-98156-25409

# ਬੀਕੇਯੂ ਡਕੌਂਦਾ ਨੇ ਦਿੱਲੀ ਕਿਸਾਨ ਅੰਦੋਲਨ ਸਮੇਂ ਦਰਜ਼ ਪੁਲਿਸ ਕੇਸਾਂ ਵਿੱਚ ਕਿਸਾਨ ਆਗੂਆਂ ਨੂੰ ਸੰਮਨ ਭੇਜਣ ਦਾ ਲਿਆ ਗੰਭੀਰ ਨੋਟਿਸ

**ਮਹਿਲਕਲਾਂ, (ਦਲਜੀਤ ਕੌਰ** - ਸੰਯੁਕਤ ਕਿਸਾਨ ਮੋਰਚਾ ਦੀ ਅਗਵਾਈ ਵਿੱਚ ਦਿੱਲੀ ਦੇ ਬਾਰਡਰਾਂ ਤੇ ਇੱਕ ਸਾਲ ਤੋਂ ਵੱਧ ਸਮਾਂ ਚੱਲੇ ਸੰਘਰਸ਼ ਦੌਰਾਨ ਦਰਜ਼ ਕੀਤੇ ਪੁਲਿਸ ਕੇਸਾਂ ਵਿੱਚ ਦਿੱਲੀ ਪੁਲਿਸ ਵੱਲੋਂ ਐਫ ਆਈ ਆਰ 539 ਮਿਤੀ 27-11-2020 ਪੁਲਿਸ ਥਾਣਾ ਮੁੰਡਕਾ ਵਿੱਚ ਸੰਮਨ ਭੇਜਣ ਦਾ ਭਾਕਿਯੂ ਏਕਤਾ ਡਕੌਂਦਾ ਨੇ ਗੰਭੀਰ ਨੋਟਿਸ ਲੈਂਦਿਆਂ ਜ਼ੋਰਦਾਰ ਨਾਅਰੇਬਾਜ਼ੀ ਕਰਕੇ ਤਿੱਖੇ ਸੰਘਰਸ਼ ਦੀ ਚਿਤਾਵਨੀ ਦਿੱਤੀ। ਇਸ ਬਾਰੇ ਜਾਣਕਾਰੀ ਦਿੰਦਿਆਂ ਭਾਕਿਯੂ ਏਕਤਾ ਡਕੌਂਦਾ ਬਲਾਕ ਮਹਿਲਕਲਾਂ ਦੇ ਪ੍ਰਧਾਨ ਨਾਨਕ ਸਿੰਘ ਅਮਲਾ ਸਿੰਘ ਵਾਲਾ ਨੇ ਦੱਸਿਆ ਕਿ ਦਿੱਲੀ ਪੁਲਿਸ ਨੇ ਜਥੇਬੰਦੀ ਦੇ ਬਲਾਕ ਮਹਿਲਕਲਾਂ ਦੇ ਆਗੂ ਗੁਰਪ੍ਰੀਤ ਸਿੰਘ ਸਹਿਜੜਾ ਸਮੇਤ ਪੰਜ ਹੋਰ ਕਿਸਾਨਾਂ ਨੂੰ ਤੀਸ ਹਜ਼ਾਰੀ ਅਦਾਲਤ ਵਿੱਚ ਪੇਸ਼ ਹੋਣ ਲਈ ਸੰਮਨ ਜਾਰੀ ਹੋਣ ਦਾ ਪਤਾ ਲੱਗਣ ਤੇ ਬਲਾਕ ਮਹਿਲਕਲਾਂ ਦੀ ਸਮੁੱਚੀ ਟੀਮ ਨੇ ਸਹਿਜੜਾ ਪਹੁੰਚ ਕੇ ਕੇਂਦਰ ਦੀ ਮੋਦੀ ਸਰਕਾਰ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ।



ਇਸ ਮੌਕੇ ਸੀਨੀਅਰ ਆਗੂਆਂ ਜਗਰਾਜ ਸਿੰਘ ਹਰਦਾਸਪੁਰਾ, ਗੁਰਦੇਵ ਸਿੰਘ ਮਾਂਗੇਵਾਲ ਅਤੇ ਅਮਰਜੀਤ ਸਿੰਘ ਠੁੱਲੀਵਾਲ ਨੇ ਕਿਹਾ ਕਿ 9 ਦਸੰਬਰ 2021 ਕਿਸਾਨ ਮੋਰਚਾ ਸਮਾਪਤੀ ਸਮੇਂ ਕੇਂਦਰ ਸਰਕਾਰ ਨੇ ਕਿਸਾਨ ਅੰਦੋਲਨ ਦੌਰਾਨ ਦਰਜ਼ ਕੀਤੇ ਸਾਰੇ ਪੁਲਿਸ ਕੇਸ ਵਾਪਸ ਲੈਣ ਦਾ ਵਾਅਦਾ ਕੀਤਾ ਸੀ, ਪਰ ਐਮ ਐਸ ਪੀ ਦੇ ਵਾਅਦੇ ਵਾਂਗ ਇਸ ਵਾਅਦੇ ਤੋਂ ਵੀ ਸਰਕਾਰ ਭੱਜ ਗਈ ਹੈ ਅਤੇ ਕਿਸਾਨ ਆਗੂਆਂ ਦੇ ਘਰਾਂ ਵਿੱਚ ਸੰਮਨ ਭੇਜਣੇ ਸ਼ੁਰੂ ਕਰ ਦਿੱਤੇ ਹਨ। ਆਗੂਆਂ ਕਿਹਾ ਕਿ ਕੇਂ-ਦਰੀ ਹਕੂਮਤ ਦੀ ਇਸ ਕਾਰਵਾਈ ਨੂੰ ਕਦਾਚਿੱਤ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ, ਸਗੋਂ ਸੰਯੁਕਤ ਕਿਸਾਨ ਮੋਰਚਾ ਇਸ ਦਾ ਸਖ਼ਤ ਨੋਟਿਸ ਲੈਕੇ ਅਗਲੇ ਸੰਘਰਸ਼ ਦਾ ਐਲਾਨ ਕਰੇਗਾ।

ਇਸ ਸਮੇਂ ਜਗਰੂਪ ਸਿੰਘ ਗਹਿਲ, ਭਿੰਦਰ ਸਿੰਘ ਮੂੰਮ, ਗੁਰਪ੍ਰੀਤ ਸਿੰਘ ਸਹਿਜੜਾ, ਸੱਤਪਾਲ ਸਿੰਘ ਸਹਿਜੜਾ, ਜੱਗਾ ਸਿੰਘ ਮਹਿਲ ਕਲਾਂ, ਅੰਗਰੇਜ਼ ਸਿੰਘ, ਕਾਲਾ ਰਾਏਸਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਿੰਡ ਦੇ ਕਿਸਾਨ ਹਾਜ਼ਰ ਸਨ।

# ਰੇਲਵੇ ਦੀ ਜਗ੍ਹਾ 'ਤੇ ਦੋ ਸੜਕਾਂ ਨੂੰ ਚੌੜਾ ਕਰਨ ਲਈ ਰੇਲਵੇ ਵਿਭਾਗ ਤੋਂ ਮਿਲੀ ਪ੍ਰਵਾਨਗੀ

**ਸੁਨਾਮ ਊਧਮ ਸਿੰਘ ਵਾਲਾ, (ਦਲਜੀਤ ਕੌਰ)-** ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਵੱਲੋਂ ਲੋਕਾਂ ਨਾਲ ਕੀਤੇ ਹਰ ਵਾਅਦੇ ਨੂੰ ਤਰਜੀਹੀ ਆਧਾਰ ਉੱਤੇ ਪੂਰਾ ਕੀਤਾ ਜਾ ਰਿਹਾ ਹੈ ਅਤੇ ਇਸੇ ਦਿਸ਼ਾ ਵਿਚ ਅੱਜ ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਵੱਲੋਂ ਸੁਨਾਮ ਵਾਸੀਆਂ ਦੀ ਕਈ ਦਹਾਕਿਆਂ ਤੋਂ ਲਟਕਦੀ ਆ ਰਹੀ ਇੱਕ ਹੋਰ ਮੰਗ ਨੂੰ ਪੂਰਾ ਕਰਦਿਆਂ ਸ਼ਹਿਰ ਵਾਸੀਆਂ ਨੂੰ ਅਹਿਮ ਤੋਹਫ਼ਾ ਦਿੱਤਾ ਗਿਆ ਹੈ। ਖੁਸ਼ਗਵਾਰ ਮਾਹੌਲ ਵਿੱਚ ਇਸ ਬਾਰੇ ਜਾਣਕਾਰੀ ਦਿ-ਦਿਆਂ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਦੱਸਿਆ ਕਿ ਸੁਨਾਮ ਸ਼ਹਿਰ ਵਿੱਚ ਰਾਮ ਨਗਰ ਇੰਦਰਾ ਬਸਤੀ ਵਿਚ ਬ੍ਰਹਮਾਕੁਮਾਰੀ ਮੰਦਿਰ ਤੋਂ ਅੰਡਰ ਬ੍ਰਿਜ ਤੱਕ ਕਰੀਬ 2500 ਫੁੱਟ ਲੰਬੀ ਸੜਕ ਅਤੇ ਰੇਲਵੇ ਸਟੇਸ਼ਨ ਤੋਂ ਲੈ ਕੇ ਮਾਲ ਗੋਦਾਮ ਤੱਕ ਕਰੀਬ 850 ਲੰਬੀ ਸੜਕ ਨੂੰ 10-10 ਫੁੱਟ ਚੌੜਾ ਕਰਨ ਦੀ ਪ੍ਰਵਾਨਗੀ ਰੇਲਵੇ ਵਿਭਾਗ ਤੋਂ ਮਿਲ ਚੁੱਕੀ ਹੈ। ਉਨ੍ਹਾਂ ਕਿਹਾ ਕਿ ਇਹ ਮਹੱਤਵਪੂਰਨ ਪ੍ਰੋਜੈਕਟ ਹੈ ਜੋ ਪਿਛਲੀਆਂ ਸਰਕਾਰਾਂ ਸਮੇਂ ਸਿਆਸਤਦਾਨਾਂ ਦੀ ਢਿੱਲ ਮੱਠ ਅਤੇ ਗੁੰਮਰਾਹਕੁੰਨ ਬਿਆਨਬਾਜੀ ਕਾਰਨ ਨੇਪਰੇ ਨਹੀਂ ਚੜ੍ਹ ਸਕਿਆ ਸੀ। ਉਨ੍ਹਾਂ ਕਿਹਾ ਕਿ ਪਿਛਲੇ ਲੰਬੇ ਸਮੇਂ ਤੋਂ ਇਹਨਾਂ ਸੜਕਾਂ ਨੂੰ ਚੌੜਾ ਕਰਨ ਲਈ ਰੇਲਵੇ ਦੀ ਕੰਧ ਨੂੰ ਪਰ੍ਹੇ ਕਰਨ ਦੀ ਮੰਗ ਉੱਠ ਰਹੀ ਸੀ ਅਤੇ ਪਿਛਲੀਆਂ ਸਰਕਾਰਾਂ ਵੇਲੇ ਜਦੋਂ ਵੀ ਇਹ ਮੰਗ ਉੱਠਦੀ ਸੀ ਤਾਂ ਇਹ ਕਹਿ ਕੇ ਚੁੱਪ ਕਰਾ ਦਿੱਤਾ ਜਾਂਦਾ ਸੀ ਕਿ ਇਹ ਰੇਲਵੇ ਦੀ ਜਗ੍ਹਾ ਹੈ ਅਤੇ ਇਸ ਦਾ ਕੋਈ ਵੀ ਹੱਲ ਨਹੀਂ ਹੈ। ਉਨ੍ਹਾਂ ਕਿਹਾ ਕਿ ਲੋਕ ਵੀ ਸੁਣ ਸੁਣ ਕੇ ਇਹ ਗੱਲ ਮੰਨ ਚੁੱਕੇ ਸਨ ਕਿ ਰੇਲਵੇ ਦੀ ਜਗ੍ਹਾ ਹੋਣ ਕਰਕੇ ਇਸਦਾ ਕੁਝ ਨਹੀਂ ਹੋ ਸਕਦਾ ਪਰ ਮਾਨ ਸਰਕਾਰ ਦੀ ਅਗਵਾਈ ਹੇਠ ਲੋਕ ਭਲਾਈ ਦੀ ਨੇਕ ਨੀਅਤ ਸਦਕਾ ਅਸੀਂ ਪਿਛਲੇ ਇੱਕ ਸਾਲ ਦੀਆਂ ਅਣਥੱਕ ਕੋਸ਼ਿਸ਼ਾਂ ਸਦਕਾ ਇਸ ਪ੍ਰੋਜੈਕਟ ਨੂੰ ਅਮਲੀ ਜਾਮਾ ਪਹਿਨਾ ਦਿੱਤਾ ਹੈ।



# ਜ਼ਿਲ੍ਹੇ 'ਚ ਆਫ਼ਤ ਬਣ ਕੇ ਮੀਂਹ ਪੈਣ ਨਾਲ, ਪਾਣੀ 'ਚ ਡੁੱਬੇ ਕਈ ਪਿੰਡ ਆਵਾਜਾਈ ਹੋਈ ਠੱਪ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਪੰਜਾਬ ਦੇ ਕਈ ਹਿੱਸਿਆਂ ਚ ਲਗਾਤਾਰ ਪੈ ਰਿਹਾ ਮੀਂਹ ਆਫ਼ਤ ਬਣ ਕੇ ਵਰ੍ਹਿਆ ਹੈ। ਬੇਸ਼ੱਕ ਕਈ ਦਿਨਾਂ ਤੋਂ ਪੈ ਰਹੀ ਅੱਤ ਦੀ ਗਰਮੀ ਤੋਂ ਲੋਕਾਂ ਨੂੰ ਰਾਹਤ ਮਿਲੀ ਪਰ ਘੰਟਿਆਬੱਧੀ ਲਗਾਤਾਰ ਪਏ ਮੀਂਹ ਨੇ ਪੰਜਾਬ ਤੇ ਨਾਲ ਲੱਗਦੇ ਇਲਾਕਿਆਂ ਵਿੱਚ ਕਈ ਜਗ੍ਹਾ ਹਰ ਪਾਸੇ ਜਲ ਥਲ ਕਰ ਕੇ ਰੱਖ ਦਿੱਤਾ ਹੈ, ਜਿਸ ਕਾਰਨ ਨਵੇਂ ਲਾਏ ਝੋਨੇ ਤੋਂ ਇਲਾਵਾ ਪਸ਼ੂਆਂ ਦਾ ਚਾਰਾ ਅਤੇ ਸਬਜ਼ੀਆਂ ਨੂੰ ਨੁਕਸਾਨ ਪਹੁੰਚਣ ਦੀਆਂ ਖਬਰਾਂ ਸਾਹਮਣੇ ਆਉਣ ਲੱਗੀਆਂ ਹਨ। ਇਨ੍ਹਾਂ ਹੀ ਨਹੀਂ ਕਈ ਥਾਈਂ ਘਰਾਂ ਵਿੱਚ ਵੜੇ ਪਾਣੀ ਨੇ ਜਿਥੇ ਲੋਕਾਂ ਦਾ ਭਾਰੀ ਨੁਕਸਾਨ ਕੀਤਾ, ਉਥੇ ਹੀ ਕੰਧਾਂ ਆਦਿ ਢਹਿਣ ਵਰਗੇ ਹਾਦਸੇ ਵੀ ਵਾਪਰੇ ਹਨ। ਹਾਲਾਂਕਿ ਜ਼ਿਲ੍ਹਾ ਪ੍ਰਸ਼ਾਸਨ ਪੂਰੀ ਮੁਸਤੈਦੀ ਨਾਲ ਹਾਲਾਤ 'ਤੇ ਨਜ਼ਰ ਰੱਖ ਰਿਹਾ ਹੈ। ਉੱਥੇ ਹੀ ਗੱਲ ਬਲਾਕ ਗੜ੍ਹਸ਼ੰਕਰ ਦੇ ਨਾਲ ਲੱਗਦੇ ਕਈ ਪਿੰਡਾਂ ਦੀ ਇੱਥੇ ਸ਼ਨੀਵਾਰ ਕਰੀਬ ਸਾਰਾ ਦਿਨ ਪਏ ਤੇਜ਼ ਮੀਂਹ ਕਾਰਨ ਕਈ ਨੀਵੇਂ ਇਲਾਕੇ ਜਿਥੇ ਜਲ ਥਲ ਹੋ ਗਏ। ਉਥੇ ਪੂਰਾ ਦਿਨ ਪਏ ਮੀਂਹ ਨਾਲ ਹੋਏ ਨੁਕਸਾਨ ਵੀ ਸਾਹਮਣੇ ਆਉਣ ਲੱਗੇ ਹਨ।

ਗੜ੍ਹਸ਼ੰਕਰ ਦੇ ਪਿੰਡਾ 'ਚ ਮੀਂਹ ਪੈਣ ਕਾਰਨ ਛੱਪੜ ਦੇ ਆਪੇ ਤੋਂ ਬਾਹਰ ਹੋਇਆ ਪਾਣੀ ਲੋਕਾਂ ਦੇ ਘਰਾਂ ਤਕ ਪਹੁੰਚ ਗਿਆ। ਜਦਕਿ ਉੱਚੀਆਂ ਜ਼ਮੀਨਾਂ ਵੱਲੋਂ ਆਏ ਰੋੜ੍ਹ ਦੇ ਪਾਣੀ ਨੇ



ਸੜਕਾਂ ਤੇ ਲੋਕਾਂ ਨੇ ਘਰਾਂ ਨੂੰ ਆਪਣੀ ਲਪੇਟ 'ਚ ਲੈ ਲਿਆ, ਤੇ ਸੜਕਾਂ ਤੇ ਆਉਣ ਜਾਣ ਵਾਲੇ ਲਿੰਕ ਰੋਡਾ ਵਿਚ ਪਾਣੀ ਦਾ ਵਹਾਅ ਜ਼ਿਆਦਾ ਹੋਣ ਦੇ ਕਾਰਨ ਕਈ ਪਿੰਡਾਂ ਨਾਲ ਸੜਕਾਂ ਦਾ ਲਿੰਕ ਟੁੱਟ ਗਿਆ ਹੈ । ਜਿਸ ਕਾਰਨ ਕਈ ਪਰਿਵਾਰ ਪਾਣੀ ਦੇ ਪ੍ਰਭਾਵ ਹੇਠ ਆ ਗਏ ਹਨ। ਦੱਸਿਆ ਜਾਂਦਾ ਹੈ ਕਿ ਪਾਣੀ ਦਾ ਨਿਕਾਸ ਇਕ ਪਾਸੇ ਤੋਂ ਰੁਕਿਆ ਹੋਣ ਕਰ ਕੇ ਹਾਲਾਤ ਜ਼ਿਆਦਾ ਗੰਭੀਰ ਬਣੇ ਹੋਏ ਹਨ। ਪਿੰਡ 'ਚ ਛੱਪੜ ਦੇ ਕੋਲ ਬਣੇ ਕਈ ਘਰਾਂ 'ਚ ਪਾਣੀ ਵੜ ਚੁੱਕਾ ਹੈ ਤੇ ਘਰੇਲੂ ਸਾਮਾਨ ਨੂੰ ਨੁਕਸਾਨ ਪਹੁੰਚਣ ਦੇ ਨਾਲ ਨਾਲ ਹੜ੍ਹ ਦੇ ਕਾਰਣ ਕਈ ਬੇਜ਼ੁਬਾਨ ਪਸ਼ੂਆਂ ਤੇ ਜੀਵ ਜੰਤੂਆਂ ਦੇ ਮਰਨ ਕਾਰਨ ਬਿਮਾਰੀਆਂ ਫੈਲਣ ਦਾ ਖ਼ਦਸ਼ਾ ਵੀ ਬਣਿਆ ਹੋਇਆ ਹੈ। ਉੱਥੇ ਜਦੋਂ ਸਾਡੀ ਟੀਮ ਨੇ ਇਨ੍ਹਾਂ ਵੱਖ ਵੱਖ ਪਿੰਡਾਂ ਵਿਚ ਜਾ ਕੇ ਪਿੰਡ ਵਾਸੀਆਂ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਨੇ ਪ੍ਰਸ਼ਾਸਨ ਤੇ ਬਹੁਤ ਰੋਸ ਕੀਤਾ ਕਿਹਾ ਕਿ ਇਨ੍ਹਾਂ ਸਭ ਕੁੱਝ ਹੋਣ ਦੇ ਬਾਵਜੂਦ ਕੋਈ ਵੀ ਲੀਡਰ ਸਾਡੀ ਖ਼ਬਰ ਪੁੱਛਣ ਦੀ ਤਾਂ ਦੂਰ ਦੀ ਗੱਲ ਮੌਕੇ ਕੋਈ ਨਹੀਂ ਪਹੁੰਚਿਆ ਜੋ ਵੋਟਾਂ ਵਾਲੇ ਵੱਡੇ ਵੱਡੇ ਵਾਅਦੇ ਕਰਦੇ ਸੀ ਉਹ ਸਿਰਫ ਮੁਗਲੇਰੀ ਲਾਲ ਦੇ ਵਾਅਦੇ ਸੀ ਤੇ ਸਾਨੂੰ ਸੜਕਾਂ ਤੇ ਆਉਣ ਲਈ ਮਜਬੂਰ ਹੋਣਾ ਪਿਆ । ਇਥੇ ਪ੍ਰਸ਼ਾਸਨ ਨੂੰ ਚਾਹੀਦਾ ਹੈ ਕਿ ਉਹ ਤੁਰੰਤ ਪ੍ਰਭਾਵਿਤ ਇਲਾਕੇ ਦਾ ਦੌਰਾ ਕਰੇ ਤੇ ਲੋਕਾਂ ਨੂੰ ਰਾਹਤ ਦਿਵਾਉਣ ਦੇ ਯਤਨ ਕੀਤੇ ਜਾਣ।

# ਸੰਭਾਵਿਤ ਹੜ ਪ੍ਰਭਾਵਿੱਤ ਖੇਤਰ ਅੰਦਰ ਵਧੀਆ ਕਾਰਗੁਜਾਰੀ ਪੇਸ ਕਰਨ ਵਾਲੇ ਕਰਮਚਾਰੀ/ ਅਧਿਕਾਰੀ ਹਨ ਪ੍ਰਸੰਸਾ ਦੇ ਹੱਕਦਾਰ-ਡਿਪਟੀ ਕਮਿਸਨਰ

**ਪਠਾਨਕੋਟ, (ਰਾਜਿੰਦਰ ਸਿੰਘ ਰਾਜਨ)** ਬੀਤੇ ਦਿਨ੍ਹਾਂ ਦੋਰਾਨ ਹਿਮਾਚਲ ਪ੍ਰਦੇਸ ਅਤੇ ਜੰਮੂ ਕਸਮੀਰ ਅੰਦਰ ਬਾਰਿਸ ਹੋਣ ਕਰਕੇ ਉੱਜ ਦਰਿਆ ਵਿੱਚ ਪਾਣੀ ਜਿਆਦਾ ਆ ਗਿਆ ਸੀ ਜਿਸ ਦੇ ਚਲਦਿਆਂ ਬਮਿਆਲ ਖੇਤਰ ਅੰਦਰ ਕਾਫੀ ਪਿੰਡਾਂ ਅੰਦਰ ਹੜ੍ਹਾਂ ਵਾਲੀ ਸਥਿਤੀ ਪੈਦਾ ਹੋ ਗਈ ਸੀ ਪਰ ਪ੍ਰਸਾਸਨਿਕ ਅਧਿਕਾਰੀਆਂ ਦੀ ਸੂਝ ਬੂਝ ਦੇ ਚਲਦਿਆਂ ਕਿਸੇ ਤਰ੍ਹਾਂ ਦਾ ਕੋਈ ਵੀ ਜਾਨੀ ਨੁਕਸਾਨ ਨਹੀਂ ਹੋਇਆ। ਇਹ ਪ੍ਰਗਟਾਵਾ ਸ. ਹਰਬੀਰ ਸਿੰਘ ਡਿਪਟੀ ਕਮਿਸਨਰ ਪਠਾਨਕੋਟ ਵੱਲੋਂ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਮਲਿਕਪੁਰ ਪਠਾਨਕੋਟ ਵਿਖੇ ਸਥਿਤ ਮੀਟਿੰਗ ਹਾਲ ਵਿਖੇ ਇੱਕ ਮੀਟਿੰਗ ਨੂੰ ਸੰਬੋਧਤ ਕਰਦਿਆਂ ਕੀਤਾ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵ੍ਰਸੀ ਹਰਕਮਲਪ੍ਰੀਤ ਸਿੰਘ ਖੱਖ ਐਸ.ਐਸ.ਪੀ. ਪਠਾਨਕੋਟ, ਸੁਮੇਰ ਸਿੰਘ ਮਾਨ ਡੀ.ਐਸ.ਪੀ. ਦਿਹਾਤੀ, ਮੇਜਰ ਡਾ. ਸੁਮਿਤ ਮੁਧ ਚੀਫ ਮਨਿਸਟਰ ਫੀਲਡ ਅਫਸਰ –ਕਮ– ਡਿਪਟੀ ਕਮਿਸਨਰ ਪਠਾਨਕੋਟ, ਕਾਲਾ ਰਾਮ ਕਾਂਸਲ ਐਸ.ਡੀ.ਐਮ. ਪਠਾਨਕੋਟ,



ਤੇਜਦੀਪ ਸਿੰਘ ਸੈਣੀ ਐਸ.ਡੀ.ਐਮ. ਧਾਰ ਕਲ੍ਹਾਂ, ਪਰਮਜੀਤ ਸਿੰਘ ਵਧੀਕ ਡਿਪਟੀ ਕਮਿਸਨਰ ਵਿਕਾਸ ਅਤੇ ਹੋਰ ਵੱਖ ਵੱਖ ਵਿਭਾਗਾਂ ਦੇ ਜਿਲ੍ਹਾ ਅਧਿਕਾਰੀ ਹਾਜ਼ਰ ਸਨ।

ਮੀਟਿੰਗ ਦੋਰਾਨ ਸੰਬੋਧਤ ਕਰਦਿਆਂ ਸ. ਹਰਬੀਰ ਸਿੰਘ ਡਿਪਟੀ ਕਮਿਸਨਰ ਪਠਾਨਕੋਟ ਨੇ ਕਿਹਾ ਕਿ ਪਿਛਲੇ ਦਿਨ੍ਹਾਂ ਤੋਰਾਨ ਤੇਜ ਵਰਖਾ ਹੋਣ ਕਰਕੇ ਮੈਦਾਨੀ ਖੇਤਰ ਅੰਦਰ ਹੜ੍ਹਾਂ ਵਾਲੀ ਸਥਿਤੀ ਬਣ ਗਈ ਸੀ। ਬਮਿਆਲ ਖੇਤਰ ਅੰਦਰ ਵੀ ਜਿਆਦਾ ਪਾਣੀ ਆਉਂਣ ਕਰਕੇ ਲੋਕਾਂ ਦਾ ਜਨਜੀਵਨ ਪ੍ਰਭਾਵਿੱਚ ਹੋਇਆ ਹੈ। ਉਨ੍ਹਾਂ ਕਿਹਾ ਕਿ ਇਸ ਸਾਰੀ ਕਾਰਗੁਜਾਰੀ ਵਿੱਚ ਕਿਸੇ ਵੀ ਤਰ੍ਹਾਂ ਦਾ ਕੋਈ ਵੀ ਜਾਨੀ ਨੁਕਸਾਨ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਹੜ ਅਜਿਹੀ ਸਥਿਤੀ ਪੈਦਾ ਹੋਣ ਤੇ ਪਟਵਾਰੀ ਅਤੇ ਪੰਚਾਇਤ ਸਕੱਤਰਾਂ ਵੱਲੋਂ ਵਿਸੇਸ ਭੂਮਿਕਾ ਨਿਭਾਈ ਗਈ ਅਤੇ ਅਪਣੀ ਜਾਨ ਦੀ ਪਰਵਾਹ ਕੀਤੇ ਉੱਜ ਦਰਿਆ ਵਿੱਚ ਫਸੇ ਲੋਕਾਂ ਨੂੰ ਬਾਹਰ ਕੱਢਿਆ। ਉਨ੍ਹਾਂ ਦੱਸਿਆ ਕਿ ਅਪਣੀ ਡਿਊਟੀ ਦੇ ਨਾਲ ਨਾਲ ਬਧੀਆ ਕਾਰਗੁਜਾਰੀ ਲਈ ਇਨ੍ਹਾਂ ਕਰਮਚਾਰੀਆਂ ਨੂੰ ਆਜਾਦੀ ਦਿਹਾੜੇ ਦੇ ਸਮਾਰੋਹ ਵਿੱਚ ਵਿਸੇਸ ਤੋਰ ਤੇ ਸਨਮਾਨਤ ਕੀਤਾ ਜਾਵੈਗਾ।

ਇਸ ਮੋਕੇ ਤੇ ਉਨ੍ਹਾਂ ਪਾਵਰਕੱਾਮ ਵਿਭਾਗ ਨੂੰ ਵੀ ਹਦਾਇਤ ਕਰਦਿਆਂ ਕਿਹਾ ਕਿ ਉਜ ਦਰਿਆ ਅੰਦਰ ਪਾਣੀ ਜਿਆਦਾ ਆਉਂਣ ਕਰਕੇ ਜਿਨ੍ਹਾਂ ਪਿੰਡਾਂ ਦੀ ਬਿਜਲੀ ਸਪਲਾਈ ਠੱਪ ਹੋਈ ਹੈ ਸਰਵੇ ਕਰਕੇ ਜਲਦੀ ਹੀ ਉਨ੍ਹਾਂ ਪਿੰਡਾਂ ਦੀ ਬਿਜਲੀ ਸਪਲਾਈ ਚਲਾਈ ਜਾਵੈ। ਉਨ੍ਹਾਂ ਖੇਤੀਬਾੜੀ ਵਿਭਾਗ ਨੂੰ ਵੀ ਹਦਾਇਤ ਕੀਤੀ ਕਿ ਜੋ ਪਿੰਡ ਉਜ ਦਰਿਆ ਵਿੱਚ ਪਾਣੀ ਆਉਂਣ ਕਰਕੇ ਪ੍ਰਭਾਵਿੱਤ ਹੋਏ ਹਨ ਪਸੂਆਂ ਦੇ ਲਈ ਚਾਰੇ ਦੀ ਵਿਵਸਥਾ ਕੀਤੀ ਜਾਵੈ। ਉਨ੍ਹਾਂ ਕਿਹਾ ਕਿ ਬਮਿਆਲ ਖੇਤਰ ਅੰਦਰ ਜਿਨ੍ਹੀ ਵੀ ਫਸਲ ਪ੍ਰਭਾਵਿੱਤ ਹੋਈ ਹੈ ਉਸ ਦੀ ਵੀ ਜਾਂਚ ਕਰਵਾਈ ਜਾਵੈ ਤਾਂ ਜੋ ਸਰਕਾਰ ਨੂੰ ਰਿਪੋਰਟ ਭੇਜੀ ਜਾ ਸਕੇ। ਉਨ੍ਹਾਂ ਇਸ ਮੋਕੇ ਤੇ ਸਾਰੇ ਅਧਿਕਾਰੀਆਂ ਵੱਲੋਂ ਅਪਣੀ ਡਿਊਟੀ ਦੇ ਨਾਲ ਨਾਲ ਹਰ ਤਰ੍ਹਾਂ ਦਾ ਸਹਿਯੋਗ ਦੇਣ ਦੇ ਲਈ ਪ੍ਰਸੰਸਾ ਕੀਤੀ। ਉਨ੍ਹਾਂ ਵਾਟਰ ਸਪਲਾਈ ਵਿਭਾਗ ਨੂੰ ਵੀ ਹਦਾਇਤ ਕੀਤੀ ਕਿ ਜਿਨ੍ਹਾਂ ਪਿੰਡਾਂ ਅੰਦਰ ਪਾਣੀ ਦੀ ਸਪਲਾਈ ਪ੍ਰਭਾਵਿੱਤ ਹੋਈ ਹੈ ਉਨ੍ਹਾਂ ਪਿੰਡ ਅੰਦਰ ਲੋਕਾਂ ਨੂੰ ਪੀਣ ਵਾਲਾ ਪਾਣੀ ਸਮੇਂ ਸਿਰ ਮਿਲ ਸਕੇ ਇਸ ਲਈ ਵਾਟਰ ਸਪਲਾਈਜ ਬਹਾਲ ਕੀਤੀ ਜਾਵੈ ਤਾਂ ਜੋ ਲੋਕਾਂ ਨੂੰ ਕਿਸੇ ਕਿਸਮ ਦੀ ਪ੍ਰੇਸਾਨੀ ਦਾ ਸਾਹਮਣਾ ਨਾ ਕਰਨਾ ਪਵੇ।







# ਪੰਜਾਬ ਨੇ ਕਿੱਕ-ਬਾਕਸਿੰਗ ਵਿੱਚੋਂ 24 ਗੋਲਡ ਮੈਡਲ 13 ਸਿਲਵਰ ਮੈਡਲ 10 ਬ੍ਰਾਊਜ ਮੈਡਲ ਪ੍ਰਾਪਤ ਕਰਕੇ ਪਹਿਲਾਂ ਸਥਾਨ ਪ੍ਰਾਪਤ ਕੀਤਾ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਸੀਨੀਅਰ ਨੈਸ਼ਨਲ ਪੰਜ ਰੋਜਾ ਕਿੱਕ ਬਾਕਸਿੰਗ ਜੋ ਲਵਲੀ ਪ੍ਰੋਫੈ-ਸ਼ਨਲ ਯੂਨੀਵਰਸਿਟੀ ਜਲੰਧਰ ਵਿੱਚ ਹੋਈ, ਵਿੱਚ ਕਿੱਕ ਬਾਕਸਿੰਗ ਐਸੋਸੀਏਸ਼ਨ ਐਸ. ਬੀ. ਐਸ ਨਗਰ ਦੇ ਖਿਡਾਰੀ ਹਰਸਿਮਰਨ ਸਿੰਘ ਲੌਂਗੀਆ ਨੇ ਲੌਅ ਕਿੱਕ ਈਵੈਂਟ -81 ਕਿੱਲੋ ਭਾਰ ਵਰਗ ਵਿੱਚ ਗੋਲਡ ਮੈਡਲ, ਮੁਸਕਾਨ ਨੇ ਲੌਅ ਕਿੱਕ ਈਵੈਂਟ - 56 ਕਿੱਲੋ ਭਾਰ ਵਰਗ ਵਿੱਚ ਗੋਲਡ ਮੈਡਲ, - 45 ਕਿੱਲੋ ਭਾਰ ਵਰਗ ਵਿੱਚ ਪੁਆਇੰਟ ਫਾਈਟ ਵਿੱਚ ਗੋਲਡ ਮੈਡਲ ਅਤੇ ਕਿੱਕ ਲਾਈਟ ਵਿੱਚ ਬ੍ਰਾਊਜ ਮੈਡਲ ਹਾਸਲ ਕੀਤਾ। ਇਸ ਟੂਰਨਾਮੈਂਟ ਵਿੱਚ ਕਿੱਕ ਬਾਕਸਿੰਗ ਐਸੋਸੀਏਸ਼ਨ ਐਸ. ਬੀ. ਐਸ ਨਗਰ ਦੇ ਜਨਰਲ ਸਕੱਤਰ ਮਨਜੋਤ ਲੌਂਗੀਆ ਨੇ ਬਤੌਰ ਪੰਜਾਬ ਟੀਮ ਕੋਚ ਭੂਮੀਕਾ ਨਿਭਾਈ। ਉਹਨਾਂ ਇਹ ਵੀ ਦੱਸਿਆ ਕਿ ਇਸ ਟੂਰਨਾਮੈਂਟ ਵਿੱਚ ਪੰਜਾਬ ਟੀਮ ਨੇ 24 ਗੋਲਡ ਮੈਡਲ, 13 ਸਿਲਵਰ ਮੈਡਲ ਅਤੇ 10 ਬ੍ਰਾਊਜ ਮੈਡਲ ਹਾਸਲ ਕਰਕੇ ਪਹਿਲੀ ਪੁਜੀਸ਼ਨ ਹਾਸਿਲ ਕੀਤੀ। ਇਸ ਮੌਕੇ ਕੋਚ ਮਨਜੀਤ ਸਿੰਘ ਅਤੇ ਜਨਰਲ ਸਕੱਤਰ ਮਨਜੋਤ ਲੌਂਗੀਆ ਨੇ ਖਿਡਾਰੀਆ ਨੂੰ ਵਧਾਈ ਦਿੱਤੀ ਅਤੇ ਹੋਰ ਅੱਗੇ ਵਧਣ ਲਈ ਉਤਸ਼ਾਹਿਤ ਕੀਤਾ।

# ਸਰਕਾਰੀ ਸਕੂਲ ਖੁਰਾਲੀ ਦੀ ਵਿਦਿਆਰਥਣ ਦੀ ਵਜ਼ੀਫੇ ਲਈ ਚੋਣ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਸਰਕਾਰੀ ਹਾਈ ਸਕੂਲ ਖੁਰਾਲੀ ਵਿਖੇ ਐਨ ਐਮ ਐਮ ਐਸ) ਪ੍ਰੀਖਿਆ ਵਿੱਚ ਸਫਲਤਾ ਪ੍ਰਾਪਤ ਕਰਨ ਵਾਲੀ ਵਿਦਿਆਰਥਣ ਸਿਮਰ-ਪ੍ਰੀਤ ਪੁੱਤਰੀ ਸ: ਸੁਰਿੰਦਰ ਸਿੰਘ ਬੈਂਸ ਪਿੰਡ ਖੁਰਾਲਗੜ੍ਹ ਸਾਹਿਬ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਰਪੰਚ ਜਸਵਿੰਦਰ ਸਿੰਘ, ਸਕੂਲ ਕਮੇਟੀ ਚੇਅਰਮੈਨ ਸ.ਜੀਤ ਸਿੰਘ, ਸਿਮਰਪ੍ਰੀਤ ਦੀ ਮਾਤਾ ਸ੍ਰੀਮਤੀ ਹਰਦੀਪ ਕੌਰ, ਸਕੂਲ ਮੁਖੀ ਸ਼੍ਰੀ ਕਰਨੈਲ ਸਿੰਘ, ਮਾਸਟਰ ਇਕਬਾਲ ਸਿੰਘ, ਮੈਡਮ ਸੀਮਾ ਰਾਣਾ, ਮੈਡਮ ਅਨੂੰ ਹਾਜ਼ਰ ਸਨ। ਇਸ ਮੌਕੇ ਸਕੂਲ ਮੁਖੀ ਵੱਲੋਂ ਬੀ.ਐਮ.(ਗਣਿਤ) ਸ਼੍ਰੀ ਰਾਮ ਸਰੂਪ, ਬੀ.ਐਮ.(ਅੰਗਰੇਜ਼ੀ) ਸ੍ਰੀ ਜਸਪਾਲ ਸਿੰਘ, ਬੀ.ਐਮ (ਵਿਗਿਆਨ) ਸ਼੍ਰੀ ਅਨੁਪਮ ਸ਼ਰਮਾ ਉਨ੍ਹਾਂ ਦੇ ਵਿਸ਼ੇਸ਼ ਯੋਗਦਾਨ

# ਕੁਸ਼ਤੀ ਦਾ ਨੈਸ਼ਨਲ ਖਿਡਾਰੀ ਦਿਹਾੜੀਆਂ ਕਰਨ ਲਈ ਹੋਇਆ ਮਜਬੂਰ

**ਫ਼ਰੀਦਕੋਟ**-ਪੰਜਾਬੀ ਹਰ ਖਿੱਤੇ ਵਿੱਚ ਪੰਜਾਬ ਸਣੇ ਭਾਰਤ ਦਾ ਨਾਮ ਪੂਰੀ ਦੁਨੀਆ ਵਿੱਚ ਰੁਸ਼ਨਾ ਚੁੱਕੇ ਹਨ। ਖਾਸ ਕਰਕੇ ਜੇਕਰ ਖੇਡ ਖੇਤਰ ਦੀ ਗੱਲ ਕਰੀਏ, ਤਾਂ ਉਪਲਬਧੀਆਂ ਹਾਸਿਲ ਕਰਨ ਵਿੱਚ ਪੰਜਾਬ ਦੇ ਖਿਡਾਰੀ ਮੋਹਰੀ ਬਣ ਕੇ ਉਭਰੇ ਹਨ। ਉਨ੍ਹਾਂ ਲਈ ਭਾਰਤ ਅਤੇ ਪੰਜਾਬ ਦੀਆਂ ਸਰਕਾਰਾਂ ਵੀ ਅੱਗੇ ਆਈਆਂ ਹਨ ਤੇ ਉਨ੍ਹਾਂ ਨੂੰ ਨਕਦੀ ਦੇ ਨਾਲ ਨਾਲ ਵੱਡੇ ਵੱਡੇ ਇਨਾਮ ਅਤੇ ਨੌਕਰੀਆਂ ਵੀ ਮੁਹੱਈਆ ਕਰਵਾਈਆਂ ਹਨ। ਪਰ, ਕਈ ਖਿਡਾਰੀ ਇਨ੍ਹਾਂ ਸਹੂਲਤਾਂ ਤੋਂ ਵਾਂਝੇ ਰਹੇ ਹਨ। ਉਹ ਪੰਜਾਬ ਦਾ ਨਾਮ ਪੂਰੀ ਦੁਨੀਆਂ ਵਿੱਚ ਰੋਸ਼ਨ ਵੀ ਕਰਦੇ ਹਨ, ਪਰ ਉਸ ਦੇ ਬਾਵਜੂਦ ਉਨ੍ਹਾਂ ਦੀ ਕਿਸਮਤ ਉਨ੍ਹਾਂ ਦਾ ਸਾਥ ਨਹੀਂ ਦਿੰਦੀ, ਨਾ ਹੀ ਸਮੇਂ ਦੀਆਂ ਸਰਕਾਰਾਂ ਦਾ ਹੱਥ ਉਨ੍ਹਾਂ ਲਈ ਸਹਾਈ ਸਿੱਧ ਹੁੰਦਾ ਹੈ। ਉਹ ਆਖਿਰ ਦਿਹਾੜੀਆਂ ਕਰਨ ਲਈ ਮਜ਼ਬੂਰ ਹੋ ਜਾਂਦੇ ਹਨ।

ਅਜਿਹੀ ਹੀ ਮਿਸਾਲ ਦੇਖਣ ਨੂੰ ਮਿਲੀ ਹੈ, ਜ਼ਿਲ੍ਹਾ ਫਰੀਦਕੋਟ ਦੇ ਪਿੰਡ ਰੱਤੀ ਰੋੜੀ ਦੇ ਇੱਕ 20 ਸਾਲਾਂ ਨੌਜਵਾਨ ਰਾਮ ਕੁਮਾਰ ਨੇ ਕੁਸ਼ਤੀ (ਪਹਿਲਵਾਨੀ) ਖੇਤਰ ਵਿੱਚ 55 ਕਿੱਲੋ ਵਜਨੀ ਵਿੱਚ 12 ਸੂਬਿਆਂ (ਮਹਾਂਰਾਸ਼ਟਰ, ਉੜੀਸਾ, ਅਸਾਮ, ਦਿੱਲੀ, ਬਿਹਾਰ, ਹਰਿਆਣਾ ਸਮੇਤ ਭਾਰਤ ਕਈ ਸੂਬਿਆਂ ਵਿੱਚ ਨੈਸ਼ਨਲ ਪੱਧਰ ਉੱਤੇ ਧੂਮਾਂ ਪਾ ਕੇ ਅੱਧੀ ਦਰਜਨ ਦੇ ਕਰੀਬ ਮੈਡਲ, 40 ਦੇ ਕਰੀਬ ਸਰਟੀਫਿਕੇਟ ਹਾਸਿਲ ਕਰਕੇ ਪੰਜਾਬ ਅਤੇ ਦੇਸ਼ ਦਾ ਨਾਮ ਪੂਰੀ ਦੁਨੀਆਂ ਵਿੱਚ ਰੌਸ਼ਨ ਕਰ ਦਿੱਤਾ ਹੈ।



ਦਿਹਾੜੀਆਂ ਕਰਨ ਲਈ ਹੋ ਚੁੱਕਾ ਮਜਬੂਰ: ਇੱਥੇ ਹੀ ਬਸ ਨਹੀਂ, 4 ਸਾਲ ਇਸ ਨੌਜਵਾਨ ਨੇ 55 ਕਿਲੋਂ ਵਜ਼ਨੀ ਪਹਿਲਵਾਨੀ ਵਿੱਚ ਚੈਂਪੀਅਨ ਵੱਜੋਂ ਅਹਿਮ ਭੂਮਿਕਾ ਨਿਭਾਈ ਹੈ, ਪਰ ਇਸ ਦੇ ਬਾਵਜੂਦ ਇਸ ਨੌਜਵਾਨ ਦੀ ਕਿਸਮਤ ਨੇ ਸਾਥ ਨਹੀਂ ਦਿੱਤਾ ਤੇ ਉਹ ਹੁਣ ਆਖਿਰ ਦਿਹਾੜੀਆਂ ਕਰਨ ਲਈ ਮਜਬੂਰ ਹੋ ਗਿਆ। ਹੁਣ ਉਹ ਖੇਤਾਂ ਵਿੱਚ ਕੰਮ ਕਰਕੇ ਆਪਣਾ ਅਤੇ ਆਪਣੇ ਪਰਿਵਾਰ ਦਾ ਢਿੱਡ ਭਰਨ ਦੇ ਨਾਲ ਨਾਲ ਬੀਏ ਦੀ ਪੜਾਈ ਵੀ ਕਰ ਰਿਹਾ ਹੈ।

ਪਹਿਲਵਾਨੀ ਲਈ ਬਣਦੀ ਖੁਰਾਕ ਨਾ ਹਾਸਿਲ ਹੋਣ ਕਰਕੇ ਰਾਮ ਕੁਮਾਰ ਦੀਆਂ ਆਸਾਂ ਉੱਤੇ ਪਾਣੀ ਫਿਰਦਾ ਦਿਖਾਈ ਦੇ ਰਿਹਾ ਹੈ, ਕਿਉਂਕਿ ਇਸ ਨੌਜਵਾਨ ਦਾ ਪਰਿਵਾਰ ਬੇਹੱਦ ਗਰੀਬ ਹੈ। ਘਰ ਦੇ ਹਾਲਾਤ ਬਹੁਤ ਮਾੜੇ ਹਨ। ਨੌਜਵਾਨ ਦੇ ਮਾਤਾ ਪਿਤਾ ਸਬਜ਼ੀ ਦਾ ਕਾਰੋਬਾਰ ਕਰਕੇ ਟਾਈਮ ਪਾਸ ਕਰ ਰਹੇ ਹਨ ਅਤੇ ਹੁਣ ਉਨ੍ਹਾਂ ਨੇ ਪੰਜਾਬ ਸਰਕਾਰ ਅੱਗੇ ਗੁਹਾਰ ਲਗਾਈ ਹੈ, ਕਿ ਜੇਕਰ ਸਰਕਾਰ ਉਨ੍ਹਾਂ ਦੇ ਬੱਚੇ ਦੀ ਬਾਂਹ ਫੜੇ ਤਾਂ ਉਨ੍ਹਾਂ ਦਾ ਬੱਚਾ ਹੁਣ ਵੀ ਪਹਿਲਵਾਨੀ ਦੇ ਖੇਤਰ ਵਿੱਚ ਪੰਜਾਬ ਦਾ ਨਾਮ ਪੂਰੀ ਦੁਨੀਆਂ ਵਿੱਚ ਰੌਸ਼ਨ ਕਰ ਸਕਦਾ ਹੈ ਜਿਸ ਲਈ ਉਨਾਂ ਨੂੰ ਆਪਣੇ ਬੱਚੇ ਉੱਤੇ ਪੂਰਾ ਵਿਸ਼ਵਾਸ ਹੈ।

ਟੀਮ ਨਾਲ ਗੱਲਬਾਤ ਕਰਦੇ ਹੋਏ ਕੁਸ਼ਤੀ ਦੇ ਨੈਸ਼ਨਲ ਖਿਡਾਰੀ ਰਾਮ ਕੁਮਾਰ ਨੇ ਦੱਸਿਆ ਕਿ ਉਹ ਕੁਸ਼ਤੀ ਦਾ ਖਿਡਾਰੀ ਹੈ। ਮਹਾਂਰਾਸ਼ਟਰ, ਉੜੀਸਾ, ਅਸਾਮ, ਦਿੱਲੀ,ਬਿਹਾਰ, ਹਰਿਆਣਾ ਸਮੇਤ ਭਾਰਤ ਦੇ ਕਈ ਸੂਬਿਆਂ ਵਿੱਚ ਨੈਸ਼ਨਲ ਖੇਡ ਕੇ 5 ਮੈਡਲ ਜਿੱਤ ਚੁੱਕਾ ਹੈ। 4/5 ਸਾਲ ਤੱਕ ਪੰਜਾਬ ਦਾ ਚੈਂਪੀਅਨ ਰਹਿ ਚੁੱਕਾ ਹੈ, ਪਰ ਹੁਣ ਘਰ ਦੇ ਹਾਲਾਤ ਨਾਜ਼ੁਕ ਹੋਣ ਕਰਕੇ ਬਣਦੀ ਖੁਰਾਕ ਨਾ ਮਿਲਣ ਕਰਕੇ, ਉਹ ਦਿਹਾੜੀ ਕਰਨ ਲਈ ਮਜ਼ਬੂਰ ਹੈ। ਉਹ ਚਾਹੁੰਦਾ ਹੈ ਕਿ ਜੇਕਰ ਸਰਕਾਰ ਉਸ ਦੀ ਮਦਦ ਕਰੇ, ਤਾਂ ਉਹ ਬਹੁਤ ਵੱਡੀ ਪੱਧਰ ਉੱਤੇ ਪੰਜਾਬ, ਭਾਰਤ ਦਾ ਨਾਮ ਰੋਸ਼ਨ ਕਰ ਸਕਦਾ ਹੈ।

ਇਸ ਮੌਕੇ ਰਾਮ ਕੁਮਾਰ ਦੇ ਮਾਤਾ ਪਿਤਾ ਨੇ ਕਿਹਾ ਕਿ ਉਨ੍ਹਾਂ ਦਾ ਬੱਚਾ ਬਹੁਤ ਮਿਹਨਤੀ ਹੈ। ਛੋਟੇ ਹੁੰਦੇ ਉਹ ਇਹ ਮਿਹਨਤ ਕਰਨ ਲਗ ਪਿਆ ਸੀ। ਉਨ੍ਹਾਂ ਨੇ ਉਸ ਦੀ ਪੂਰੀ ਮਦਦ ਕੀਤੀ, ਜੋ ਖੁਰਾਕ ਹੈ ਲਿਆ ਕੇ ਦਿੱਤੀ। ਇਸੇ ਕਰਕੇ ਉਨ੍ਹਾਂ ਦਾ ਬੱਚਾ ਨੈਸ਼ਨਲ ਤਕ ਪਹੁੰਚ ਗਿਆ, ਪਰ ਉਹ ਬੇਹੱਦ ਗਰੀਬ ਹੋਣ ਕਰਕੇ ਬੱਚੇ ਨੂੰ ਬਣਦੀ ਖੁਰਾਕ ਨਹੀਂ ਦੇ ਪਾ ਰਹੇ। ਰਾਮ ਦੇ ਮਾਤਾ-ਪਿਤਾ ਨੇ ਕਿਹਾ ਕਿ ਜੇਕਰ ਸਰਕਾਰ ਬੱਚੇ ਦੀ ਮਦਦ ਕਰੇ, ਤਾਂ ਉਨ੍ਹਾਂ ਦਾ ਬੱਚਾ ਪੂਰੀ ਦੁਨੀਆਂ ਵਿੱਚ ਪੰਜਾਬ ਤੇ ਭਾਰਤ ਦਾ ਨਾਮ ਚਮਕਾ ਸਕਦਾ ਹੈ। ਉਨ੍ਹਾਂ ਨੂੰ ਇਸ ਗੱਲ ਦਾ ਮਾਣ ਹੈ ਕਿ ਰਾਮ ਕੁਮਾਰ ਹੁਣ ਵੀ ਅਖਾੜੇ ਦਾ ਆਦੀ ਹੈ, ਲਗਾਤਾਰ ਕਸਰਤ ਕਰਦਾ ਹੈ, ਪਰ ਦਿਹਾੜੀ ਕਰਨ ਲਈ ਮਜ਼ਬੂਰ ਹੈ। ਉਨ੍ਹਾਂ ਕਿਹਾ ਕਿ ਸਾਡੀ ਭਗਵੰਤ ਮਾਨ ਸਰਕਾਰ ਅੱਗੇ ਗੁਹਾਰ ਹੈ ਕਿ ਉਹ ਜ਼ਰੂਰ ਬੱਚੇ ਵਲ ਧਿਆਨ ਦੇਣ।

# ਕੱਚੇ ਅਧਿਆਪਕਾਂ ਨੂੰ ਜਾਰੀ ਕੀਤੇ ਨੋਟਿਸਾਂ ਦੀ ਡੀ ਟੀ ਐੱਫ ਵੱਲੋਂ ਸਖ਼ਤ ਨਿਖੇਧੀ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਸੋਸ਼ਲ ਮੀਡੀਆ ਰਾਹੀਂ ਪ੍ਰਚਾਰ ਕਰਕੇ ਪੰਜਾਬ ਦੀ ਸੱਤਾ ਤੇ ਕਾਬਜ਼ ਹੋਣ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਹੁਣ ਕੱਚੇ ਅਧਿਆਪਕਾਂ ਦੁਆਰਾ ਆਪਣੇ ਨਾਲ ਹੋ ਰਹੇ ਧੱਕੇ ਨੂੰ ਸੋਸ਼ਲ ਮੀਡੀਆ ਤੇ ਵਾਇਰਲ ਕਰਨਾ ਸਹਿਣ ਨਹੀਂ ਹੋ ਰਿਹਾ ਅਤੇ ਅਜਿਹਾ ਕਰਨ ਵਾਲੇ ਕੱਚੇ ਅਧਿਆਪਕ ਇੰਦਰ-ਜੀਤ ਸਿੰਘ ਮਾਨਸਾ ਅਤੇ ਮਨਪ੍ਰੀਤ ਕੌਰ ਨੂੰ ਨੋਟਿਸ ਜਾਰੀ ਕਰਕੇ ਸਰਕਾਰ ਦਾ ਵਿਰੋਧ ਕਰਨ ਦਾ ਮਾਮਲਾ ਬਣਾ ਕੇ ਸੇਵਾਵਾਂ ਖਤਮ ਕਰਨ ਦੀ ਤਜਵੀਜ਼ ਸਹਿਤ ਧਮਕੀ ਭਰਿਆ ਸਖਤ ਸੁਨੇਹਾ ਦਿੱਤਾ ਗਿਆ ਹੈ। ਇਸ ਸਬੰਧੀ ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ ਅਤੇ ਵਿੱਤ ਸਕੱਤਰ ਅਸ਼ਵਨੀ ਅਵਸਥੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਿਛਲੇ ਲੰਮੇ ਸਮੇਂ ਤੋਂ 8736 ਕੱਚੇ ਅਧਿਆਪਕਾਂ ਨੂੰ ਪੱਕਾ ਕਰਨ ਦੇ ਪੋਸਟਰ ਲਗਾਏ ਗਏ ਹਨ ਅਤੇ ਵਾਰ ਵਾਰ ਐਲਾਨ ਕੀਤੇ ਗਏ ਹਨ ਜਦਕਿ ਅਸਲ ਵਿੱਚ ਹਾਲੇ ਤੱਕ ਇਹ ਅਧਿਆਪਕ ਪੱਕੇ ਹੋਣ ਲਈ ਤਰਸ ਰਹੇ ਹਨ। ਜਦੋਂ ਇਹ ਅਧਿਆਪਕ ਸਰਕਾਰ ਵੱਲੋਂ ਉਨ੍ਹਾਂ ਨਾਲ ਕੀਤੇ ਧੋਖੇ ਬਾਰੇ ਰੋਸ ਪ੍ਰਦਰਸ਼ਨ ਕਰਦੇ ਹਨ ਤਾਂ ਇੰਨ੍ਹਾਂ ਨੂੰ ਡਾਂਗਾਂ ਨਾਲ ਨਿਵਾਜਿਆ ਜਾਂਦਾ ਹੈ। ਜਦੋਂ ਇਹ ਸੋਸ਼ਲ ਮੀਡੀਆ ਤੇ ਆਪਣਾ ਪੱਖ ਪੇਸ਼ ਕਰਦੇ ਹਨ ਤਾਂ ਸਰਕਾਰ ਤੋਂ ਇੰਨ੍ਹਾਂ ਵੱਲੋਂ ਅਜਿਹਾ ਕਰਨਾ ਹਜ਼ਮ ਨਹੀਂ ਹੁੰਦਾ ਅਤੇ ਸੇਵਾਵਾਂ ਸਮਾਪਤੀ ਦੀ ਤਜਵੀਜ਼ ਦੇ ਨੋਟਿਸ ਕੱਢ ਕੇ ਤਾਨਾਸ਼ਾਹੀ ਕੀਤੀ ਜਾ ਰਹੀ ਹੈ।





ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਦੇ ਆਗੂਆਂ ਰਾਜੀਵ ਬਰਨਾਲਾ, ਗੁਰਪਿਆਰ ਕੋਟਲੀ, ਜਗਪਾਲ ਬੰਗੀ, ਬੇਅੰਤ ਫੂਲੇਵਾਲਾ, ਜਸਵਿੰਦਰ ਔਜਲਾ, ਰਘਬੀਰ ਭਵਾਨੀਗੜ੍ਹ, ਹਰਜਿੰਦਰ ਸਿੰਘ ਵਡਾਲਾ ਬਾਂਗਰ, ਦਲਜੀਤ ਸਫੀਪੁਰ, ਕੁਲਵਿੰਦਰ ਜੋਸ਼ਨ, ਪਵਨ ਕੁਮਾਰ ਮੁਕਤਸਰ, ਮਹਿੰਦਰ ਕੌੜਿਆਂਵਾਲੀ, ਤੇਜਿੰਦਰ ਸਿੰਘ, ਰੁਪਿੰਦਰ ਗਿੱਲ ਅਤੇ ਸੁਖਦੇਵ ਡਾਨਸੀਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਇੰਨ੍ਹਾਂ ਅਧਿਆਪਕਾਂ ਨਾਲ ਕੀਤੇ ਵਾਅਦੇ ਤੋਂ ਮੁੱਕਰ ਰਹੀ ਹੈ ਅਤੇ ਇੰਨ੍ਹਾਂ ਅਧਿਆਪਕਾਂ ਦੁਆਰਾ ਆਪਣੀ ਹੱਕੀ ਮੰਗ ਲਈ ਸੰਘਰਸ਼ ਅਤੇ ਪ੍ਰਚਾਰ ਕਰਨਾ ਇੰਨ੍ਹਾਂ ਦਾ ਹੱਕ ਹੈ। ਉਨ੍ਹਾਂ ਕਿਹਾ ਕਿ ਡੀ ਟੀ ਐੱਫ ਅਧਿਆਪਕਾਂ ਦੇ ਸੰਘਰਸ਼ ਨੂੰ ਹੱਕੀ ਅਤੇ ਜਾਇਜ ਮੰਨਦੀ ਹੋਈ ਇੰਨ੍ਹਾਂ ਅਧਿਆਪਕਾਂ ਦੇ ਨਾਲ ਖੜ੍ਹੀ ਹੈ ਅਤੇ ਇੰਨ੍ਹਾਂ ਦੁਆਰਾ ਜਾਰੀ ਸੰਘਰਸ਼ ਵਿੱਚ ਵਧ ਚੜ੍ਹ ਕੇ ਸ਼ਮੂਲੀਅਤ ਕਰੇਗੀ। ਆਗੂਆਂ ਨੇ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਕਿ ਇੰਨ੍ਹਾਂ ਅਧਿਆਪਕਾਂ ਨਾਲ ਕੀਤੇ ਵਾਅਦੇ ਅਨੁਸਾਰ ਇੰਨ੍ਹਾਂ ਨੂੰ ਰੈਗੂਲਰ ਸੇਵਾਵਾਂ ਦੇ ਪੂਰੇ ਲਾਭਾਂ ਸਮੇਤ ਤਨਖਾਹ ਦਿੰਦਿਆਂ ਪੱਕਾ ਕੀਤਾ ਜਾਵੇ।

# ਜ਼ਿਲ੍ਹਾ ਸਿੱਖਿਆ ਅਫ਼ਸਰ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਵੱਲੋਂ ਸਮਰ ਕੈਂਪਾਂ ਦੌਰਾਨ ਸੰਗਰੂਰ ਜਿਲ੍ਹੇ ਦੇ ਵੱਖ-ਵੱਖ ਸਕੂਲਾਂ ਦਾ ਦੌਰਾ






**ਭਵਾਨੀਗੜ੍ਹ/ਸੰਗਰੂਰ, (ਦਲਜੀਤ ਕੌਰ)** ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਸੰਗਰੂਰ ਜਿਲ੍ਹੇ ਦੇ ਸਮੂਹ ਸਕੂਲਾਂ ਵਿੱਚ ਸਮਰ ਕੈਂਪ ਲਗਾਏ ਜਾ ਰਹੇ ਹਨ, ਜਿਸ ਅਧੀਨ ਜ਼ਿਲ੍ਹਾ ਸੰਗਰੂਰ ਦੇ ਸਾਰੇ ਸਕੂਲਾਂ ਵਿੱਚ ਸਮਰ ਕੈਂਪ ਮੇਲਾ ਲਗਾਇਆ ਗਿਆ। ਸਮਰ ਕੈਂਪ ਮੇਲੇ ਵਿੱਚ ਮਾਨਯੋਗ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ) ਸੰਗਰੂਰ ਸੰਜੀਵ ਸ਼ਰਮਾਂ ਅਤੇ ਉੱਪ ਜਿਲਾ ਸਿੱਖਿਆ ਅਫਸਰ (ਸੈ.ਸਿੱ.) ਪ੍ਰੀਤਇੰਦਰ ਘਈ ਦੁਆਰਾ ਜਿਲ੍ਹੇ ਦੇ ਵੱਖ-ਵੱਖ ਸਕੂਲਾਂ ਵਿੱਚ ਵਿਜ਼ਟ ਕੀਤਾ ਗਿਆ।




ਕੈਂਪ ਦੇ ਸਬੰਧ ਵਿੱਚ ਮਾਨਯੋਗ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ) ਸੰਜੀਵ ਸ਼ਰਮਾਂ ਨੇ ਦੱਸਿਆ ਕਿ ਜਿੱਥੇ ਪਾਠਕ੍ਰਮ ਨੂੰ ਹੋਰ ਰੌਚਕ ਬਣਾਇਆ ਜਾ ਰਿਹਾ ਹੈ ਉਥੇ ਹੀ ਸਰਕਾਰ ਅਤੇ ਸਿੱਖਿਆ ਵਿਭਾਗ ਵੱਲੋਂ ਕੀਤੇ ਜਾ ਰਹੇ ਨਿਵੇਕਲੇ ਉਪਰਾਲਿਆ ਸਦਕਾ ਵਿਦਿਆਰਥੀਆਂ ਦੀ ਪ੍ਰਤਿਭਾ ਨੂੰ ਨਿਖਾਰਨ ਲਈ ਮਿਹਨਤ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਜਿੱਥੇ ਵਿਦਿਆਰਥੀਆਂ ਵਿੱਚ ਸਮਰ ਕੈਂਪ ਮੇਲੇ ਲਈ ਭਾਰੀ ਉਤਸ਼ਾਹ ਸੀ, ਉੱਥੇ ਹੀ ਸਕੂਲ ਮੈਨੇਜਮੈਂਟ ਕਮੇਟੀਆਂ ਅਤੇ ਪਿੰਡਾਂ ਦੀਆਂ ਪੰਚਾਇਤਾਂ ਵੱਲੋ ਵੀ ਭਰਭੂਰ ਸਹਿਯੋਗ ਮਿਲ ਰਿਹਾ ਹੈ। ਸਮਰ ਕੈਂਪ ਦੌਰਾਨ ਸਾਰੇ ਹੀ ਜ਼ਿਲ੍ਹੇ ਅੰਦਰ ਵਾਤਾਵਰਨ ਨੂੰ ਬਚਾਉਣ ਲਈ ਬੂਟੇ ਲਗਾਏ ਗਏ ਸਨ, ਇਸ ਦੌਰਾਨ ਸਕੂਲਾਂ ਵਿੱਚ ਮਾਪੇ-ਅਧਿਆਪਕ ਮਿਲਣੀ ਵਿੱਚ ਮਾਪਿਆ ਨਾਲ ਮੀਟਿੰਗਾਂ ਕੀਤੀਆ ਗਈਆਂ ਅਤੇ ਉਨਾਂ ਦੇ ਸੁਝਾਅ ਲਏ ਗਏ।

ਉੱਪ ਜਿਲਾਂ ਸਿੱਖਿਆ ਅਫਸਰ (ਸੈ.ਸਿੱ) ਪ੍ਰੀਤਇੰਦਰ ਘਈ ਨੇ ਕਿਹਾ ਕਿ ਸਮੇ ਦੇ ਹਾਣ ਦਾ ਬਣਾਉਣ ਲਈ ਵਿਦਿਆਰਥੀਆਂ ਨੂੰ ਨਵਾਂ ਪਲੇਟਫਾਰਮ ਪ੍ਰਦਾਨ ਕੀਤਾ ਜਾ ਰਿਹਾ ਹੈ ਜਿਸ ਨਾਲ ਵਿਦਿਆਰਥੀ ਅਪਣੀ ਕਲਾਤਮਿਕ ਰੁਚੀ ਨੂੰ ਨਿਖਾਰ ਸਮਾਜ ਦੀ ਸੇਵਾ ਕਰ ਸਕਣ। ਉਨ੍ਹਾਂ ਦੱਸਿਆ ਕਿ ਇਸ ਸਮਰ ਕੈਂਪ ਮੇਲੇ ਦੌਰਾਨ ਸ.ਮਿ.ਸ.ਸ਼ਾਹਪੁਰ, ਸ.ਸ.ਸ.ਸ.ਭੜੋ, ਸ.ਮਿ.ਸ. ਖੇੜੀ ਗਿੱਲਾਂ, ਸ.ਮਿ.ਸ. ਕਾਲਾਝਾੜ , ਸ.ਹ.ਸ. ਰਾਜਪੁਰਾ, ਸ.ਸ.ਸ.ਸ.ਨਦਾਮਪੁਰ ਅਤੇ ਸ.ਹ.ਸ. ਬਾਲਦ ਕਲਾਂ ਵਿਖੇ ਸ਼ਿਰਕਤ ਕੀਤੀ। ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ) ਨੇ ਸਕੂਲਾਂ ਵਿੱਚ ਲਗਾਏ ਸਮਰ ਕੈਂਪਾਂ ਤੇ ਤਸੱਲੀ ਦਾ ਪ੍ਰਗਟਾਵਾ ਕੀਤਾ। ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ ਸੰਜੀਵ ਕੁਮਾਰ ਅਤੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਪ੍ਰੀਤਇੰਦਰ ਘਈ ਨੇ ਸਰਕਾਰੀ ਮਿਡਲ ਸਕੂਲ ਸ਼ਾਹਪੁਰ ਦੀ ਹਰਿਆਲੀ, ਸਕੂਲੀ ਵਾਤਾਵਰਣ ਅਤੇ ਸੁੰਦਰਤਾ ਦੀ ਬਹੁਤ ਸਿਫ਼ਤ ਕੀਤੀ।

ਇਸ ਮੌਕੇ ਪ੍ਰਿੰਸੀਪਲ ਮਨਜੀਤ ਕੌਰ, ਵੀਰੇਂਦਰ ਮੋਹਨ, ਰਾਜਵੰਤ ਸਿੰਘ, ਹੈਡਮਾਸਟਰ ਕੁਲਵੀਰ ਸਿੰਘ, ਪ੍ਰਿੰਸੀਪਲ ਪਰਮਲ ਸਿੰਘ , ਹੈਡਮਿਸਟ੍ਰੈਸ ਜਸਵੀਰ ਕੌਰ, ਪੰਜਾਬੀ ਅਧਿਆਪਕ ਰਘਵੀਰ ਸਿੰਘ ਭਵਾਨੀਗੜ੍ਹ, ਇੰਦਰਪਾਲ ਸਿੰਘ, ਰਜਨੀਸ਼ ਕੁਮਾਰ, ਅਮਨਦੀਪ ਸ਼ਰਮਾਂ, ਹਰਕੀਰਤ ਸਿੰਘ, ਗੁਰਪ੍ਰੀਤ ਸਿੰਘ, ਹਰਪ੍ਰੀਤ ਕੌਰ, ਗੁਰਪ੍ਰੀਤ ਕੌਰ ਅਤੇ ਸਮੂਹ ਸਕੂਲਾਂ ਦੀਆਂ ਸਕੂਲ ਮੈਨੇਜਮੈਂਟ ਕਮੇਟੀਆਂ ਅਤੇ ਪੰਚਾਇਤਾਂ ਸਮੇਤ ਮੋਹਤਵਰ ਬੰਦੇ ਹਾਜ਼ਰ ਸਨ।

# ਝੂਠੇ-ਮੂਠੇ ਲੋਕ ਚਲਾਉਣਗੇ ਸੱਚੀ-ਸੁੱਚੀ ਦੁਨੀਆ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)**- ਦੁਨੀਆ ਬਦਲ ਗਈ ਹੈ, ਬਦਲੀ ਰਹੀ ਹੈ ਅਤੇ ਬਦਲਦੀ ਰਹੇਗੀ। ਭੌਤਿਕਵਾਦ ਦੇ ਯੁੱਗ ਵਿਚ ਇਨਸਾਨ ਵੀ ਬਹੁਤ ਵਾਰ ਇਨਸਾਨੀਅਤ ਦੇ ਫਰਜ਼ਾਂ ਨੂੰ ਫਰਜ਼ੀ ਬਣਾ ਕੇ ਆਪਣੇ ਪਰਾਇਆਂ ਸਭ ਨਾਲ ਧੋਖਾ ਕਰ ਜਾਂਦਾ ਹੈ। ਅਫਸਰਸ਼ਾਹੀ ਮਾੜੇ ਦਾ ਹੋਰ ਕਚੂਮਰ ਕੱਢਣ ਲਈ ਆਪਣਾ ਬਲ



ਪ੍ਰਯੋਗ ਕਰ ਜਾਂਦੀ ਹੈ। ਸੋ ਅਜਿਹੇ ਦੇ ਵਿਚ ਜੇਕਰ ਕੋਈ ਸੰਭਾਵਨਾ ਭਰਪੂਰ ਕਿਰਣ ਦਿਸਦੀ ਹੈ ਤਾਂ ਉਹ ਹੈ 'ਆਰਟੀਫੀਸ਼ੀਲਅ ਇੰਟੈਲੀਜੈਂਸ' (ਮਤਲਬ ਕਿ ਬਣਾਵਟੀ ਗਿਆਨ, ਮੱਤ, ਹੁਸ਼ਿਆਰੀ, ਅਕਲਮੰਦੀ, ਦਿਮਾਗ, ਕਾਬਲੀਅਤ ਅਤੇ ਲਿਆਕਤ)।

ਸੋ ਰੋਬੋਟ ਦਾ ਨਾਂਅ ਸੁਣਦਿਆਂ ਨੂੰ ਕਾਫੀ ਦਹਾਕੇ ਹੋ ਗਏ ਹਨ ਪਰ ਹੁਣ ਇਹ ਰੋਬੋਟ ਇਕ ਇਨਸਾਨ ਦੀ ਤਰ੍ਹਾਂ ਕੰਮ ਕਰਨ ਦੇ ਯੋਗ ਬਣਾ ਦਿੱਤੇ ਗਏ ਹਨ। ਇਨ੍ਹਾਂ ਦੀ ਕਾਬਲੀਅਤ ਅਤੇ ਲਿਆਕਤ ਵਧਾਉਣ ਦੇ ਲਈ ਹੁਣ 'ਆਰਟੀਫੀਸ਼ੀਅਲ ਇੰਟੈਲੀਜੈਂਸ' ਤਕਨੀਕ ਦੀ ਵਰਤੋਂ ਕਰਕੇ ਉਨ੍ਹਾਂ ਕੋਲੋਂ ਇਹ ਸਾਰਾ ਕੰਮ ਕਰਵਾਇਆ ਜਾ ਸਕਦਾ ਹੈ ਜਿਹੜਾ ਤੁਸੀਂ ਕਰਨਾ ਚਾਹੁੰਦੇ ਹੋ। ਬੀਤੇ ਦਿਨੀਂ ਸਵਿਟਜ਼ਰਲੈਂਡ ਵਿਖੇ ਰੋਬੋਟਾਂ ਦੀ ਪਹਿਲੀ ਕਾਨਫਰੰਸ ਕੀਤੀ ਗਈ ਜਿਸ ਦੇ ਵਿਚ 51 ਰੋਬੋਟ ਸ਼ਾਮਿਲ ਹੋਏ ਅਤੇ 3000 ਹੋਰ ਵੱਖ-ਵੱਖ ਮਾਹਿਰ ਸਨ ਇਹ ਸਾਰੇ ਰੋਬੋਟ ਜੋ ਆਰਟੀਫੀਸ਼ੀਅਲ ਇੰਟੈਲੀਜੈਂਸ ਭਾਵ 19 ਦੁਆਰਾ ਸੰਚਾਲਿਤ ਸਨ।

ਰੋਬੋਟਸ ਨੇ ਵੱਖ-ਵੱਖ ਵਿਸ਼ਿਆਂ 'ਤੇ ਪੁੱਛੇ ਗਏ ਸਵਾਲਾਂ ਦੇ ਜਵਾਬ ਦਿੱਤੇ। ਸੋਫੀਆ ਨਾਂ ਦੇ ਰੋਬੋਟ ਨੇ ਕਿਹਾ- ਅਸੀਂ ਇਨਸਾਨਾਂ ਤੋਂ ਬਿਹਤਰ ਦੁਨੀਆ ਨੂੰ ਚਲਾ ਸਕਦੇ ਹਾਂ। ਸਾਡੇ ਅੰਦਰ ਇਨਸਾਨਾਂ ਵਰਗੀਆਂ ਭਾਵਨਾਵਾਂ ਨਹੀਂ ਹਨ, ਜਿਸ ਕਾਰਨ ਅਸੀਂ ਸਾਰੇ ਫੈਸਲੇ ਤੱਥਾਂ ਦੇ ਆਧਾਰ 'ਤੇ ਦ੍ਰਿੜਤਾ ਨਾਲ ਲੈ ਸਕਦੇ ਹਾਂ।

ਰੋਬੋਟਾਂ ਨੇ ਇਹ ਵੀ ਮੰਨਿਆ ਹੈ ਕਿ ਉਹ ਅਜੇ ਤੱਕ ਮਨੁੱਖੀ ਭਾਵਨਾਵਾਂ 'ਤੇ ਸਹੀ ਢੰਗ ਪਕੜ ਨਹੀਂ ਬਣਾ ਸਕੇ ਹਨ। ਲੋਕਾਂ ਦੀ ਸਿਹਤ ਅਤੇ ਬਾਇਓ-ਟੈਕਨਾਲੋਜੀ 'ਤੇ ਕੰਮ ਕਰਨ ਲਈ ਬਣਾਏ ਗਏ ਰੋਬੋਟ ਏਡਾ ਨੇ ਕਿਹਾ- ਅਸੀਂ ਮਨੁੱਖ ਦੀ ਉਮਰ 150 ਤੋਂ 180 ਸਾਲ ਤੱਕ ਵਧਾ ਸਕਦੇ ਹਾਂ। ਲੋਕਾਂ ਨੂੰ ਅਜੇ ਇਸ ਗੱਲ ਬਾਰੇ ਪਤਾ ਹੀ ਨਹੀਂ ਹੈ। ਜਿਸ ਕਾਨਫਰੰਸ ਵਿਚ ਇਹ ਪ੍ਰੈਸ ਕਾਨਫਰੰਸ ਹੋਈ, ਉਸ ਦਾ ਮਕਸਦ ਜਲਵਾਯੂ ਪਰਿਵਰਤਨ, ਭੁੱਖਮਰੀ ਅਤੇ ਸਮਾਜਿਕ ਦੇਖਭਾਲ ਵਰਗੇ ਮੁੱਦਿਆਂ ਦੇ ਹੱਲ ਵਿਚ ਰੋਬੋਟ ਦੀ ਵਰਤੋਂ 'ਤੇ ਵਿਚਾਰ ਕਰਨਾ ਸੀ। ਵਿਗਿਆਨੀਆਂ ਦਾ ਇੱਕ ਵਰਗ ਇਸ ਨੂੰ ਮਨੁੱਖਾਂ ਲਈ ਜੀਵਨ ਬਦਲਣ ਵਾਲੀ ਤਕਨੀਕ ਦੱਸ ਰਿਹਾ ਹੈ, ਜੋ ਉਨ੍ਹਾਂ ਨੂੰ ਬਿਮਾਰੀਆਂ ਤੋਂ ਛੁਟਕਾਰਾ ਦਿਵਾਉਣ ਵਿੱਚ ਮਦਦ ਕਰੇਗਾ ਅਤੇ ਉਨ੍ਹਾਂ ਨੂੰ ਲੰਬੀ ਉਮਰ ਵੱਲ ਲੈ ਜਾਵੇਗਾ। ਇੱਕ ਹੋਰ ਤਬਕਾ ਇਸ ਨੂੰ ਐਟਮ ਬੰਬ ਨਾਲੋਂ ਵੀ ਖਤਰਨਾਕ ਹਥਿਆਰ ਮੰਨ ਰਿਹਾ ਹੈ।

# ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵੱਲੋਂ ਸ਼ਾਦੀਹਰੀ (ਦਿੜ੍ਹਬਾ) 'ਚ ਵਿਸ਼ਾਲ ਕਾਨਫਰੰਸ ਕਰਨ ਦਾ ਐਲਾਨ

**ਸੰਗਰੂਰ, (ਦਲਜੀਤ ਕੌਰ)**- ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੀ ਜ਼ੋਨਲ ਕਮੇਟੀ ਦੀ ਮੀਟਿੰਗ ਗ਼ਦਰ ਮੈਮੋਰੀਅਲ ਭਵਨ ਸੰਗਰੂਰ ਵਿਖੇ ਹੋਈ। ਜਿਸ ਵਿੱਚ ਪ੍ਰਧਾਨ ਮੁਕੇਸ਼ ਮਲੌਦ, ਮੀਤ ਪ੍ਰਧਾਨ ਗੁਰਵਿੰਦਰ ਬੌੜਾਂ ਨੇ ਦੱਸਿਆ ਕਿ ਅਜ਼ਾਦੀ ਦੇ 76 ਸਾਲ ਬਾਅਦ ਦੋ ਵਾਰ ਭੂਮੀ ਸੁਧਾਰ ਹੋਣ ਤੋਂ ਬਾਅਦ ਵੀ ਦਲਿਤਾਂ ਦੇ ਹੱਥ ਜ਼ਮੀਨ ਲਈ ਅਜੇ ਵੀ ਸੱਖਣੇ ਹਨ। ਜਿੱਥੇ ਅੰਗਰੇਜਾਂ ਸਮੇਂ ਦਲਿਤਾਂ ਨੂੰ ਜ਼ਮੀਨ ਲੈਣ ਦਾ ਅਧਿਕਾਰ ਨਹੀਂ ਸੀ, ਓਸੇ ਹੀ ਤਰਜ਼ ਤੇ ਅੱਜ ਮੌਜੂਦਾ ਸਮੇਂ ਵੀ ਪੰਜਾਬ ਅੰਦਰ ਦਲਿਤਾਂ ਤੇ ਖੇਤ ਮਜ਼ਦੂਰਾਂ ਦੇ ਹਿੱਸੇ ਦੀਆਂ ਜ਼ਮੀਨਾਂ ਉੱਪਰ ਵੱਡੇ ਧਨਾਢ ਚੌਧਰੀ ਅਤੇ ਰਸੂਖਵਾਨ ਲੋਕ ਕਬਜ਼ਾ ਕਰੀ ਬੈਠੇ ਹਨ। ਜਿੱਥੇ ਪੰਚਾਇਤੀ ਜ਼ਮੀਨ ਦਾ ਤੀਜਾ ਹਿੱਸਾ ਡੰਮੀ ਬੋਲੀਆਂ ਰਾਹੀਂ ਖੋਹ ਲਿਆ ਜਾਂਦਾ ਹੈ, ਓਥੇ ਹੀ ਨਜ਼ੂਲ ਜ਼ਮੀਨਾਂ ਦੇ ਹਾਈ ਕੋਰਟ 'ਚੋਂ ਆਰਡਰ ਹੋਣ ਦੇ



ਬਾਵਜੂਦ ਮਾਲਕਾਨਾ ਹੱਕ ਨਾ ਦੇਣਾ ਪੰਜਾਬ ਅੰਦਰ ਵੱਸਦੀ ਦਲਿਤਾਂ ਦੀ 34 ਪ੍ਰਤੀਸ਼ਤ ਆਬਾਦੀ ਨੂੰ ਇਸ ਰਾਜ ਪ੍ਰਬੰਧ ਅੰਦਰ ਜ਼ਮੀਨ ਤੋ ਵਿਰਵੇ ਰੱਖਣ ਦੀ ਪ੍ਰਤੱਖ ਉਦਾਹਰਣ ਹੈ। ਇਸ ਮੌਕੇ ਵਿੱਤ ਸਕੱਤਰ ਬਿੱਕਰ ਸਿੰਘ ਹਥੋਆ ਅਤੇ ਜਗਤਾਰ ਸਿੰਘ ਤੋਲੇਵਾਲ ਨੇ ਦੱਸਿਆ ਕਿ ਭਾਰਤ ਅੰਦਰ ਦਲਿਤਾਂ ਦੇ ਬੇਜ਼ਮੀਨੇ ਹੋਣ ਦੇ ਅੰਕੜਿਆਂ ਅੰਦਰ ਪੰਜਾਬ ਸਭ ਤੋਂ ਮੋਹਰੀ ਹੈ। ਕੇਂਦਰ ਸਰਕਾਰ ਦੇ ਪਲਾਨਿੰਗ ਕਮਿਸ਼ਨ ਦੀ ਰਿਪੋਰਟ ਮੁਤਾਬਕ ਜੇਕਰ ਪੰਜਾਬ ਅੰਦਰ ਲੈਂਡ ਸੀਲਿੰਗ ਐਕਟ ਤਹਿਤ ਜ਼ਮੀਨ ਦੀ ਵੰਡ ਬੇਜ਼ਮੀਨੇ ਅਤੇ ਛੋਟੇ ਕਿਸਾਨਾਂ ਅੰਦਰ ਕੀਤੀ ਜਾਂਦੀ ਹੈ ਤਾਂ ਪ੍ਰਤੀ ਘਰ ਨੂੰ ਕਈ ਏਕੜ ਜ਼ਮੀਨ ਆਉਂਦੀ ਹੈ ਜੋ ਜ਼ਮੀਨ ਵੱਖ ਵੱਖ ਰਾਜਨੀਤਕ ਪਾਰਟੀਆਂ ਦੇ ਆਗੂਆਂ, ਵੱਡੀ ਅਫ਼ਸਰਸ਼ਾਹੀ ਅਤੇ ਪੁਰਾਣੇ ਭੂਮੀਪਤੀਆ ਤੇ ਪੈਂਡੂ ਸੱਤਾ ਤੇ ਕਾਬਜ਼ ਧਨਾਢ ਚੌਧਰੀਆਂ ਨੇ ਵੱਖ-ਵੱਖ ਚੋਰ ਮੋਰੀਆਂ ਰਾਹੀਂ ਦੱਬ ਰੱਖੀ ਹੈ। ਮੀਟਿੰਗ ਦੇ ਅੰਤ ਵਿੱਚ ਆਗੂਆਂ ਵੱਲੋਂ ਸ਼ਾਦੀਹਰੀ ਦੇ ਜ਼ਮੀਨੀ ਮਸਲੇ ਨੂੰ ਜਾਣਬੁੱਝ ਕੇ ਲਟਕਾਉਣ ਅਤੇ ਆਗੂਆਂ ਤੇ ਨਜਾਇਜ਼ ਪਰਚਾ ਦਰਜ ਕਰਨ ਦੀ ਨਿਖੇਧੀ ਕੀਤੀ ਅਤੇ ਪ੍ਰਸ਼ਾਸਨ ਨੂੰ ਇਸਦਾ ਫੌਰੀ ਹੱਲ ਕਰਨ ਦੀ ਚਿਤਾਵਨੀ ਦਿੱਤੀ। ਇਸ ਮੌਕੇ ਧਰਮਵੀਰ ਹਰੀਗੜ੍ਹ, ਪਰਮਜੀਤ ਲੌਂਗੋਵਾਲ, ਗੁਰਚਰਨ ਘਰਾਚੋਂ ਅਤੇ ਗੁਰਵਿੰਦਰ ਸ਼ਾਦੀਹਰੀ ਆਦਿ ਹਾਜ਼ਰ ਸਨ।

# 'ਪੰਜਵੀਆਂ ਨਿਊਜ਼ੀਲੈਂਡ ਸਿੱਖ ਖੇਡਾਂ' 25 ਤੇ 26 ਨਵੰਬਰ ਨੂੰ ਟਾਕਾਨੀਨੀ ਵਿਖੇ ਹੋਣਗੀਆਂ




**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)**- ਨਿਊਜ਼ੀਲੈਂਡ ਦੇ ਵਿਚ ਭਾਰਤੀਆਂ ਖਾਸ ਕਰ ਪੰਜਾਬੀਆਂ ਦੀ ਪਹਿਚਾਣ ਬਣ ਚੁੱਕੀਆਂ 'ਨਿਊਜ਼ੀਲੈਂਡ ਸਿੱਖ ਖੇਡਾਂ' ਇਸ ਵਾਰ ਆਪਣੇ ਪੰਜਵੇਂ ਸਾਲ ਵਿਚ ਪਹੁੰਚ ਚੁੱਕੀਆਂ ਹਨ। ਇਸ ਸਾਲ ਇਹ ਖੇਡਾਂ ਕਦੋਂ ਹੋਣਗੀਆਂ ਬਾਰੇ ਅੱਜ ਬਰੂਸ ਪੁਲਮਨ ਪਾਰਕ ਵਿਖੇ ਐਲਾਨ ਕਰ ਦਿੱਤਾ ਗਿਆ। ਇਹ ਖੇਡਾਂ ਇਸ ਸਾਲ 25 ਅਤੇ 26 ਨਵੰਬਰ ਦਿਨ ਸ਼ਨੀਵਾਰ ਅਤੇ ਐਤਵਾਰ ਨੂੰ ਹਰੇਕ ਸਾਲ ਦੀ ਤਰ੍ਹਾਂ ਬਰੂਸ ਪੁਲਮਨ ਪਾਰਕ ਟਾਕਾਨੀਨੀ (ਔਕਲੈਂਡ) ਵਿਖੇ ਕਰਵਾਈਆਂ ਜਾਣਗੀਆਂ।

ਦੋ ਦਿਨਾਂ ਖੇਡਾਂ ਦੇ ਇਸ ਮਹਾਂਕੁੰਭ ਦੇ ਵਿਚ ਜਿਥੇ ਸੈਂਕੜੇ ਸਥਾਨਿਕ ਖਿਡਾਰੀ ਵੱਖ-ਵੱਖ ਖੇਡਾਂ ਦੇ ਵਿਚ ਭਾਗ ਲੈਂਦੇ ਹਨ, ਉਥੇ ਅੰਤਰਰਾਸ਼ਟਰੀ ਖਿਡਾਰੀ ਆਸਟਰੇਲੀਆ ਅਤੇ ਇੰਡੀਆ ਤੋਂ ਵੀ ਖੇਡਣ ਪਹੁੰਚਦੇ ਹਨ। ਮਹਿਲਾਵਾਂ ਦੇ ਬਹੁਤ ਸਾਰੇ ਮੁਕਾਬਲੇ ਹੁੰਦੇ ਹਨ। ਇਸ ਵਾਰ ਇਨ੍ਹਾਂ ਮੁਕਾਬਲਿਆਂ ਦੇ ਵਿਚ ਵੱਡਾ ਵਾਧਾ ਕੀਤਾ ਜਾ ਰਿਹਾ ਹੈ। ਖੇਡਾਂ ਦੀ ਰਜਿਟ੍ਰੇਸ਼ਨ ਦੇ 1 ਅਗਸਤ ਤੋਂ 30 ਸਤੰਬਰ ਤੱਕ ਜਾਰੀ ਰਹੇਗੀ।

ਅੱਜ ਭਰਵੇਂ ਸਮਾਗਮ ਦੀ ਸ਼ੁਰੂਆਤ ਹੋਸਟ ਸ. ਪਰਮਿੰਦਰ ਸਿੰਘ ਪਾਪਾਟੋਏਟੋਏ ਅਤੇ ਸ. ਸ਼ਰਨਦੀਪ ਸਿੰਘ ਨੇ ਹਾਊਸ ਕੀਪਿੰਗ ਨਿਯਮ ਦੱਸਦਿਆਂ ਕੀਤੀ। ਇਸ ਤੋਂ ਬਾਅਦ ਪਿਛਲੇ ਸਾਲ ਦੀਆਂ ਖੇਡਾਂ ਦੀਆਂ ਝਲਕੀਆਂ ਨੂੰ ਵੀਡੀਓਗ੍ਰਾਫੀ ਵਿਖਾਇਆ ਗਿਆ। ਸ. ਸ਼ਰਨਦੀਪ ਸਿੰਘ ਅਤੇ ਸ. ਪਰਮਿੰਦਰ ਸਿੰਘ ਪਿਛਲੇ ਖੇਡ ਅੰਕੜੇ ਪੇਸ਼ ਕੀਤੇ। ਨਿਊਜ਼ੀਲੈਂਡ ਸਿੱਖ ਕਮੇਟੀ ਦੇ ਪ੍ਰਧਾਨ ਸ. ਦਲਜੀਤ ਸਿੰਘ ਸਿੱਧੂ ਹੋਰਾਂ ਆਏ ਸਾਰੇ ਮਹਿਮਾਨਾ ਨੂੰ ਜੀ ਆਇਆਂ ਆਖਿਆ। ਉਨ੍ਹਾਂ ਕਿਹਾ ਕਿ ਜਿਸ ਦਿਨ ਪਹਿਲੀ ਵਾਰ ਖੇਡਾਂ ਦਾ ਐਲਾਨ ਕੀਤਾ ਗਿਆ ਸੀ, ਉਸ ਦਿਨ ਵੀ ਜਿੱਥੇ ਤੁਹਾਡਾ ਭਰਵਾਂ ਹੁੰਗਾਰਾ ਸੀ, ਅੱਜ ਫਿਰ ਤੁਹਾਡਾ ਵੱਡੀ ਗਿਣਤੀ ਦੇ ਵਿਚ ਇਥੇ ਪਹੁੰਚਣਾ ਸਾਨੂੰ ਹੱਲਾਸ਼ੇਰੀ ਹੈ। ਇਸ ਉਪਰੰਤ ਸ. ਹਰਜਿੰਦਰ ਸਿੰਘ ਬਸਿਆਲਾ ਹੋਰਾਂ ਪੰਜਵੀਂਆਂ ਨਿਊਜ਼ੀ-ਲੈਂਡ ਸਿੱਖ ਖੇਡਾਂ ਨੂੰ ਸਮਰਪਿਤ ਇਕ ਕਵਿਤਾ ਪੇਸ਼ ਕੀਤੀ। ਕਮਿਊਨਿਟੀ ਤੋਂ ਸ. ਪ੍ਰਿਥੀਪਾਲ ਸਿੰਘ ਬਸਰਾ ਨੇ ਸਿੱਖ ਖੇਡਾਂ ਦੀ ਹੋਰ ਵਿਸ਼ਾਲਤਾ ਵਾਸਤੇ ਨਵੀਂ ਪੀੜੀ ਦੇ ਨਾਲ ਇਸ ਸਬੰਧੀ ਸੰਵਾਦ ਕਰਨ ਅਤੇ ਹੋਰ ਵੱਡੇ ਮੁਕਾਮ ਉਤੇ ਲਿਜਾਉਣ ਦੀ ਗੱਲ ਕੀਤੀ। ਨਿਊਜ਼ੀਲੈਂਡ ਕਬੱਡੀ ਫੈਡਰੇਸ਼ਨ ਤੋਂ ਸ.ਤੀਰਥ ਸਿੰਘ ਅਟਵਾਲ ਨੇ ਖੇਡਾਂ ਮੌਕੇ ਖਾਣ ਦੇ ਪ੍ਰਬੰਧ ਵਾਸਤੇ ਅਤੇ ਲੰਗਰਾਂ ਦੀ ਸੇਵਾ ਵਿਚ ਖੁੱਲ੍ਹੇ ਰੂਪ ਵਿਚ ਸੰਗਤ ਨੂੰ ਮੌਕਾ ਦੇਣ ਦੀ ਗੱਲ ਕੀਤੀ। ਸ. ਪਰਮਜੀਤ ਮਹਿਮੀ ਹੋਰਾਂ ਵੀ ਸੰਗਤ ਨੂੰ ਸੰਬੋਧਨ ਕਰਦਿਆਂ ਲੰਗਰ ਦੇ ਸਹਿਯੋਗ ਲਈ ਹਮੇਸਾਂ ਦੀ ਤਰ੍ਹਾਂ ਇਸ ਵਾਰ ਵੀ ਵਾਅਦਾ ਕੀਤਾ। ਹਮਿਲਟਨ ਤੋਂ ਪਹੁੰਚੇ ਸ੍ਰੀਮਤੀ ਖੁਸ਼ਮੀਤ ਕੌਰ ਸਿੱਧ ਹੋਰਾਂ ਸੰਬੋਧਨ ਕਰਦਿਆਂ ਹਰਤਰ੍ਹਾਂ ਦੇ ਸਹਿਯੋਗ ਦੀ ਗੱਲ ਕੀਤੀ। ਉਨ੍ਹਾਂ ਮਹਿਲਾਵਾਂ ਨੂੰ ਅੱਗੇ ਆਉਣ ਦੀ ਅਪੀਲੀ ਕੀਤੀ ਅਤੇ ਕਿਹਾ ਕਿ ਆਪਣੇ ਹੁਨਰ ਦੇ ਮੁਤਾਬਿਕ ਉਹ ਅੱਗੇ ਆਉਣ। ਹਰਜੀਤ ਕੌਰ, ਬਲਜੀਤ ਕੌਰ ਅਤੇ ਮੈਡਮ ਇੰਦੂ ਬਾਜਵਾ ਹੋਰਾਂ ਵੀ ਸੰਬੋਧਨ ਕੀਤਾ।

ਸ. ਤਾਰਾ ਸਿੰਘ ਬੈਂਸ ਨੇ ਸੰਬੋਧਨ ਕਰਦਿਆਂ ਕਿਹਾ ਕਿ ਊਣਤਾਈਆਂ ਰਹਿ ਜਾਂਦੀਆਂ, ਪਰ ਉਨ੍ਹਾਂ ਨੂੰ ਚਿਤਾਰਨ ਦੀ ਥਾਂ ਸਹਿਯੋਗ ਦੇ ਕੇ ਸੁਧਾਰਨ ਵਿਚ ਸਹਿਯੋਗ ਦਿਓ। ਨਿਊਜ਼ੀਲੈਂਡ ਕਬੱਡੀ ਫੈਡਰੇਸ਼ਨ ਤੋਂ ਸ. ਹਰਪ੍ਰੀਤ ਸਿੰਘ ਗਿੱਲ ਨੇ ਸੰਬੋਧਨ ਕੀਤਾ ਅਤੇ ਕਬੱਡੀ ਰੈਫਰੀ ਤੇ ਕੋਚ ਸ. ਵਰਿੰਦਰ ਸਿੰਘ ਬਰੇਲੀ ਨੇ ਸੰਬੋਧਨ ਕੀਤਾ। ਸ. ਤਾਰਾ ਸਿੰਘ ਬੈਂਸ ਨੇ ਸ. ਜਰਨੈਲ ਸਿੰਘ ਰਾਹੋਂ ਹੋਰਾਂ ਨੂੰ ਸਟੇਜ ਉਤੇ ਬੁਲਾ ਕੇ ਆਪਣੇ ਕੱਲਬ ਬਾਰੇ ਦੱਸਣ ਨੂੰ ਕਿਹਾ। ਮਾਲਵਾ ਕਲੱਬ ਤੋਂ ਸ. ਜਗਦੀਪ ਸਿੰਘ ਵੜੈਚ, ਐਸ. ਬੀ.ਐਸ ਕਲੱਬ ਤੋਂ ਰਾਣਾ ਹਰਸਿਮਰਨਜੀਤ ਸਿੰਘ, ਮਨਜੀਤ ਸਿੰਘ ਬੱਲ੍ਹਾ ਅਤੇ ਗੁਰਪ੍ਰੀਤ ਕੌਰ ਹੋਰਾਂ ਸੰਬੋਧਨ ਕੀਤਾ। ਨਿਊਜ਼ੀਲੈਂਡ ਸਿੱਖ ਕਮੇਟੀ ਵੱਲੋਂ ਸ. ਗੁਰਵਿੰਦਰ ਸਿੰਘ ਔਲਖ ਹੋਰਾਂ ਸਭ ਦਾ ਧੰਨਵਾਦ ਕੀਤਾ।

# ਕੇਜਰੀਵਾਲ ਤੇ ਭਗਵੰਤ ਮਾਨ ਦੀ ਮੂੰਹ ਬੋਲੀ ਭੈਣ ਸਿੱਪੀ ਸ਼ਰਮਾ 646 ਬੇਰੁਜ਼ਗਾਰ ਪੀਟੀਆਈ ਦੇ ਰੁਜ਼ਗਾਰ ਲਈ ਸੰਗਰੂਰ 'ਚ ਪਾਣੀ ਦੀ ਟੈਂਕੀ 'ਤੇ ਚੜ੍ਹੀ

**ਸੰਗਰੂਰ, (ਦਲਜੀਤ ਕੌਰ)**-ਆਪਣੇ ਹੱਕੀ ਰੁਜ਼ਗਾਰ ਦੀ ਮੰਗ ਨੂੰ ਲੈ ਕੇ ਪਿਛਲੇ ਬਾਰਾਂ ਸਾਲਾਂ ਤੋਂ ਸਰਕਾਰਾਂ ਖਿਲਾਫ਼ ਸੰਘਰਸ਼ ਕਰਦੇ ਆ ਰਹੇ ਬੇਰੁਜ਼ਗਾਰ 646 ਪੀਟੀਆਈ ਅਧਿਆਪਕ ਜੱਥੇਬੰਦੀ ਵੱਲੋਂ ਅੱਜ ਮੁੱਖ ਮੰਤਰੀ ਭਗਵੰਤ ਮਾਨ ਦੇ ਸ਼ਹਿਰ ਸੰਗਰੂਰ 'ਚ ਪੰਜਾਬ ਸਰਕਾਰ ਖ਼ਿਲਾਫ਼ ਜੰਮ ਕੇ ਪ੍ਰਦਰਸ਼ਨ ਕੀਤਾ ਗਿਆ। ਅੱਜ ਸੰਗਰੂਰ ਵਿਖੇ ਬੇਰੁਜ਼ਗਾਰ ਪੀਟੀਆਈ 646





ਅਧਿਆਪਕ ਯੂਨੀਅਨ ਵੱਲੋਂ ਆਪਣੀਆਂ ਹੱਕੀ ਮੰਗਾਂ ਲਈ ਇਕ ਵਾਰ ਫਿਰ ਤੋਂ ਆਮ ਆਦਮੀ ਪਾਰਟੀ ਦੇ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਮੂੰਹ ਬੋਲੀ ਭੈਣ ਸਿੱਪੀ ਸ਼ਰਮਾ ਅਤੇ ਗੁਰਸੇਵਕ ਸਿੰਘ ਬਠਿੰਡਾ ਨੇ ਆਪਣੀ ਨੌਕਰੀ ਦੀ ਮੰਗ ਨੂੰ ਲੈ ਕੇ ਸੰਗਰੂਰ ਵਿੱਚ ਸਥਾਨਕ ਬੱਸ ਅੱਡੇ ਤੇ ਵਿਜੀਲੈਂਸ ਦਫ਼ਤਰ ਨੇੜੇ ਪਾਣੀ ਦੀ ਟੈਂਕੀ ਉੱਤੇ ਚੜ੍ਹ ਕੇ ਪੰਜਾਬ ਸਰਕਾਰ ਖ਼ਿਲਾਫ਼ ਜੰਮ ਕੇ ਨਾਅਰੇਬਾਜ਼ੀ ਕਰਦਿਆਂ ਸਰਕਾਰ ਖ਼ਿਲਾਫ਼ ਪ੍ਰਦਰਸ਼ਨ ਕੀਤਾ ਗਿਆ। ਜ਼ਿਲ੍ਹਾ ਸੰਗਰੂਰ ਪ੍ਰਸ਼ਾਸਨ ਵੱਲੋਂ ਬੇਰੁਜ਼ਗਾਰ ਆਗੂਆਂ ਦੀ ਸਿੱਖਿਆ ਮੰਤਰੀ ਹਰਜੋਤ ਬੈਂਸ ਨਾਲ 17 ਜੁਲਾਈ ਨੂੰ ਮੀਟਿੰਗ ਤੈਅ ਕਰਵਾਉਣ ਤੋਂ ਬਾਅਦ ਬੇਰੁਜ਼ਗਾਰ ਸ਼ਾਂਤ ਹੋਏ ਅਤੇ ਉਨ੍ਹਾਂ ਆਪਣਾ ਐਕਸ਼ਨ ਮੁਲਤਵੀ ਕਰ ਦਿੱਤਾ।

ਜ਼ਿਕਰਯੋਗ ਹੈ ਕਿ ਮੋਹਾਲੀ ਵਿੱਚ ਜਦੋਂ ਸ਼ਿੱਪੀ ਸ਼ਰਮਾ ਪਾਣੀ ਵਾਲੀ ਟੈਂਕੀ ਉਤੇ 90 ਦਿਨ ਚੜ੍ਹੀ ਰਹੀ ਤਾਂ ਆਪ ਦੇ ਸੁਪਰੀਮੋ ਮੁੱਖ ਮੰਤਰੀ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਉਸਨੂੰ ਆਪਣੀ ਭੈਣ ਬਣਾਉਂਦੇ ਹੋਏ ਕਿਹਾ ਸੀ ਕਿ ਪੰਜਾਬ ਵਿੱਚ 'ਆਪ' ਦੀ ਸਰਕਾਰ ਬਣਨ ਉੱਤੇ ਉਨ੍ਹਾਂ ਦੀ ਮੰਗ ਪਹਿਲਾਂ ਦੇ ਅਧਾਰ ਉਤੇ ਹੱਲ ਕੀਤੀ ਜਾਵੇਗੀ ਅਤੇ ਉਹਨਾਂ ਨੂੰ ਰੁਜ਼ਗਾਰ ਦਿੱਤਾ ਜਾਵੇਗਾ।

ਇਸ ਮੌਕੇ ਬੇਰੁਜ਼ਗਾਰ 646 ਪੀਟੀਆਈ ਅਧਿਆਪਕ ਯੂਨੀਅਨ ਦੇ ਸੂਬਾਈ ਆਗੂ ਰਾਜਪਾਲ ਸਿੰਘ ਜਲਾਲਾਬਾਦ ਨੇ ਦੱਸਿਆ ਕਿ 646 ਪੀਟੀਆਈ ਅਧਿਆਪਕਾਂ ਦੀ ਭਰਤੀ 2011 ਤੋਂ ਲਟਕਦੀ ਆ ਰਹੀ ਹੈ। ਉਨ੍ਹਾਂ ਕਿਹਾ ਕਿ ਦਸ ਸਾਲਾਂ ਤੋਂ ਬਾਅਦ 23 ਦਸੰਬਰ 2021 ਨੂੰ ਮਾਣਯੋਗ ਹਾਈਕੋਰਟ ਨੇ ਪੀਟੀਆਈ ਅਧਿਆਪਕਾਂ ਦੇ ਪੱਖ ਵਿੱਚ ਫੈਸਲਾ ਕਰ ਦਿੱਤਾ ਸੀ। ਉਨ੍ਹਾਂ ਕਿਹਾ ਕਿ ਉਹ ਪਿਛਲੀਆਂ ਸਰਕਾਰਾਂ ਸਮੇਂ ਵੀ ਆਪਣੀਆਂ ਮੰਗਾਂ ਨੂੰ ਲੈ ਕੇ ਸੰਘਰਸ਼ ਕਰਦੇ ਆਏ ਹਨ ਅਤੇ ਪਿਛਲੀ ਕਾਂਗਰਸ ਸਰਕਾਰ ਨੇ ਵੀ ਉਨ੍ਹਾਂ ਦਾ ਕੋਈ ਹੱਲ ਨਹੀਂ ਕੀਤਾ।

ਆਗੂਆਂ ਨੇ ਕਿਹਾ ਕਿ ਪਿਛਲੇ ਸਰਕਾਰ ਸਮੇਂ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਮਾਨ ਅਤੇ ਸਿੱਖਿਆ ਮੰਤਰੀ ਮੀਤ ਹੇਅਰ ਨੇ ਸਾਡੇ ਸੰਘਰਸ਼ ਵਾਲੇ ਥਾਂ ਉਤੇ ਜਾ ਕੇ ਵਾਅਦਾ ਕੀਤਾ ਸੀ ਕਿ ਪੰਜਾਬ ਵਿੱਚ 'ਆਪ' ਸਰਕਾਰ ਆਉਣ ਉੱਤੇ ਪਹਿਲਾਂ ਉਨ੍ਹਾਂ ਦਾ ਮਸਲਾ ਹੱਲ ਕੀਤਾ ਜਾਵੇਗਾ, ਪ੍ਰੰਤੂ ਅੱਜ ਸਾਲ ਬੀਤ ਜਾਣ ਦੇ ਬਾਵਜੂਦ ਪੰਜਾਬ ਸਰਕਾਰ ਨੇ ਗੱਲ ਨਹੀਂ ਸੁਣੀ, ਸਿਰਫ਼ ਮੀਟਿੰਗ ਦੇ ਝੂਠੇ ਲਾਰਿਆ ਦੀਆਂ ਤਾਰੀਖਾਂ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਪੰਜਾਬ ਸਰਕਾਰ ਦੇ ਲਾਰਿਆਂ ਅਤੇ ਰੁਜ਼ਗਾਰ ਨਾ ਦੇਣ ਦੀਆਂ ਨੀਤੀਆਂ ਤੋਂ ਤੰਗ ਆ ਕੇ ਅੱਜ ਸਾਨੂੰ ਇਸ ਅਤਿ ਦੀ ਗਰਮੀ ਵਿੱਚ ਦੁਬਾਰਾ ਫੇਰ ਤੋਂ ਪਾਣੀ ਵਾਲੀ ਟੈਂਕੀ ਉੱਪਰ ਚੜਣ ਲਈ ਮਜਬੂਰ ਹੋਣਾ ਪਿਆ ਹੈ। ਉਨ੍ਹਾਂ ਕਿਹਾ ਕਿ ਜੱਥੇਬੰਦੀ ਨੇ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਭਰਤੀ ਨੂੰ ਪੂਰਾ ਕਰਨ ਲਈ ਇੱਕ ਸਾਲ ਦਾ ਸਮਾਂ ਦਿੱਤਾ ਗਿਆ ਪ੍ਰੰਤੂ ਪੰਜਾਬ ਸਰਕਾਰ ਨੇ ਇਸ ਭਰਤੀ ਨੂੰ ਪੂਰਾ ਕਰਨ ਲਈ ਕੋਈ ਪਹਿਲ ਨਹੀਂ ਕੀਤੀ। ਬੇਰੁਜ਼ਗਾਰ ਅਧਿਆਪਕਾਂ ਨੇ ਮੰਗ ਕੀਤੀ ਕਿ ਸਰਕਾਰ ਛੇਤੀ ਤੋਂ ਛੇਤੀ ਉਨ੍ਹਾਂ ਦੀਆਂ ਮੰਗਾਂ ਨੂੰ ਪੂਰਾ ਕਰੇ ਨਹੀਂ ਤਾਂ ਹੁਣ ਉਨ੍ਹਾਂ 'ਕਰੋ ਜਾਂ ਮਰੋ' ਦੀ ਨੀਤੀ ਅਪਣਾਈ ਹੈ ਅਤੇ ਇਸ ਦੌਰਾਨ ਜੇਕਰ ਕੋਈ ਵੀ ਨੁਕਸਾਨ ਹੋਇਆ ਤਾਂ ਉਸ ਦੀ ਜੁਮੇਵਾਰ ਪੰਜਾਬ ਸਰਕਾਰ ਹੋਵੇਗੀ।


ਇਸ ਮੌਕੇ ਸੂਬਾ ਕਮੇਟੀ ਆਗੂ ਮਨਦੀਪ ਸਿੰਘ ਕੂੰਦੀ ਵੱਲੋਂ ਦੱਸਿਆ ਗਿਆ ਕਿ ਸਿੱਪੀ ਸ਼ਰਮਾ ਉਹੀ ਲੜਕੀ ਹੈ, ਜਿਸ ਨੂੰ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਦੇ ਸਪਰੀਮੋ ਅਰਵਿੰਦ ਕੇਜਰੀਵਾਲ ਅਤੇ ਸੀਐੱਮ ਭਗਵੰਤ ਮਾਨ ਨੇ ਆਪਣੀ ਮੂੰਹ ਬੋਲੀ ਭੈਣ ਬਣਾ ਕੇ ਮੋਹਾਲੀ ਦੀ ਟੈਂਕੀ ਤੋਂ ਹੇਠਾਂ ਉਤਾਰਿਆ ਸੀ ਤੇ ਹੁਣ ਉਹੀ ਮੰਗਾਂ ਨੂੰ ਲੈ ਕੇ ਪੰਜਾਬ ਸਰਕਾਰ ਖਿਲਾਫ਼ ਮੁੜ ਸੰਗਰੂਰ ਦੀ ਪਾਣੀ ਵਾਲੀ ਟੈਂਕੀ 'ਤੇ ਚੜ੍ਹ ਗਈ ਹੈ। ਉਨ੍ਹਾਂ ਦੱਸਿਆ ਕਿ ਸਿੱਖਿਆ ਮੰਤਰੀ ਸ੍ਰੀ ਹਰਜੋਤ ਸਿੰਘ ਬੈਂਸ ਦੁਆਰਾ ਪੀਟੀਆਈ 646 ਪੋਸਟਾਂ ਨਾ ਭਰਨ ਲਈ ਸਾਫ਼ ਜਵਾਬ ਦਿੱਤਾ ਗਿਆ ਹੈ ਜਦ ਕਿ ਦੀਵਾਲੀ ਤੋਂ ਇੱਕ ਦਿਨ ਪਹਿਲਾਂ ਸਿੱਖਿਆ ਮੰਤਰੀ ਦੁਆਰਾ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਹੁੰ ਖਾਧੀ ਗਈ ਸੀ ਅਤੇ ਕਿਹਾ ਗਿਆ ਸੀ ਕਿ ਤੁਹਾਡੀ ਭਰਤੀ ਬਹੁਤ ਜਲਦੀ ਕੀਤੀ ਜਾਵੇਗੀ, ਪਰ ਲੱਗਭੱਗ ਡੇਢ ਸਾਲ ਬੀਤ ਜਾਣ ਦੇ ਬਾਵਜੂਦ ਵੀ 646 ਬੇਰੁਜ਼ਗਾਰ ਅਧਿਆਪਕਾਂ ਦੀ ਕੋਈ ਸਾਰ ਨਹੀਂ ਲਈ ਗਈ ਅਤੇ ਨਾਂ ਹੀ ਕੋਈ ਭਰਤੀ ਪ੍ਰਕ੍ਰਿਆ ਸ਼ੁਰੂ ਕੀਤਾ ਗਿਆ ਹੈ। ਇਸ ਸਮੇਂ ਨੇਹਾ, ਕਿਰਨ, ਰਾਜ ਰਾਣੀ, ਪਰਮਿੰਦਰ ਕੌਰ, ਮਨਜੀਤ ਕੌਰ, ਪ੍ਰਭਪ੍ਰੀਤ, ਬਿੰਦਰ ਪਾਲ, ਸੁਖਵਿੰਦਰ ਕੌਰ, ਸੰਦੀਪ ਕੌਰ, ਮਨਜੀਤ ਸਿੰਘ, ਮਨਪ੍ਰੀਤ ਮਾਖਾ, ਵਕੀਲ ਰਾਮ, ਅਰਵਿੰਦ ਗਿੱਲ, ਅਸ਼ੋਕ ਕੁਮਾਰ ਫਾਜ਼ਿਲਕਾ, ਇਕਬਾਲ ਸਿੰਘ, ਗੁਰਪ੍ਰੀਤ ਕੌਰ, ਲਾਲੀ ਮਾਇਸਰਖਾਨਾ, ਕੁਲਵਿੰਦਰ ਸਿੰਘ, ਭੁਪਿੰਦਰ ਸਿੰਘ, ਗੁਰਜਿੰਦਰ, ਰਾਜਿੰਦਰ ਮਘਾਣੀਆਂ, ਮੋਹਨਜੀਤ ਸਿੰਘ ਸਮੇਤ ਹੋਰ ਸੈਂਕੜੇ ਬੇਰੁਜ਼ਗਾਰ ਅਧਿਆਪਕ ਹਾਜ਼ਰ ਸਨ।

# ਮੁਕੇਸ਼ ਅੰਬਾਨੀ ਬਣੇ ਦੁਨੀਆ ਦੇ ਨੰਬਰ-1 ਅਰਬਪਤੀ

**ਨਵੀਂ ਦਿੱਲੀ–** ਦੁਨੀਆ ਦੇ ਟੌਪ ਅਰਬਪਤੀਆਂ ਦੀ ਦੌਲਤ 'ਚ ਸਭ ਤੋਂ ਵੱਧ ਗਿਰਾਵਟ ਦੇਖਣ ਨੂੰ ਮਿਲੀ ਹੈ। ਪਰ 24 ਘੰਟਿਆਂ 'ਚ ਦੁਨੀਆ ਦੇ ਅਰਬਪਤੀਆਂ ਦੀ ਤਸਵੀਰ ਕਿਵੇਂ ਬਦਲਦੀ ਹੈ, ਇਸ ਦੀ ਤਾਜ਼ਾ ਉਦਾਹਰਣ ਅੱਜ ਬਲੂਮਬਰਗ ਬਿਲੇਨੀਅਰਸ ਇੰਡੈਕਸ 'ਚ ਦੇਖਣ ਨੂੰ ਮਿਲੀ ਹੈ। ਇਸ ਦੌਰਾਨ ਮੁਕੇਸ਼ ਅੰਬਾਨੀ ਇਕ ਝਟਕੇ 'ਚ ਨੰਬਰ-1 ਹੋ ਗਏ। ਜੀ ਹਾਂ, ਦੁਨੀਆ ਦੇ 500 ਅਰਬਪਤੀਆਂ 'ਚ ਵੀਰਵਾਰ ਨੂੰ ਜਿਸ ਅਰਬਪਤੀ ਦੀ ਸਭ ਤੋਂ ਵੱਧ ਦੌਲਤ ਵਧੀ, ਉਹ ਕੋਈ ਹੋਰ ਨਹੀਂ ਸਗੋਂ ਮੁਕੇਸ਼ ਅੰਬਾਨੀ ਹੀ ਸਨ। ਦੁਨੀਆ ਦੇ 3 ਸਭ ਤੋਂ ਵੱਧ ਅਮੀਰ ਲੋਕਾਂ ਦੀ ਦੌਲਤ 'ਚੋਂ ਸਾਂਝੇ ਤੌਰ 'ਤੇ ਕਰੀਬ 13 ਅਰਬ ਡਾਲਰ ਸਾਫ਼ ਹੋ ਗਏ। ਅਸਲ 'ਚ ਵਿਦੇਸ਼ੀ ਬਾਜ਼ਾਰਾਂ 'ਚ ਗਿਰਾਵਟ ਦੇਖਣ ਨੂੰ ਮਿਲੀ ਸੀ, ਜਿਸ ਕਾਰਣ ਅਰਬਪਤੀਆਂ ਦੀ ਦੌਲਤ ਵੀ ਘੱਟ ਹੋ ਗਈ। ਉੱਥੇ ਹੀ ਵੀਰਵਾਰ ਨੂੰ ਰਿਲਾਇੰਸ ਦੇ ਸ਼ੇਅਰ 'ਚ ਵਾਧਾ ਹੋਇਆ ਸੀ ਅਤੇ ਇਸ ਦਾ ਲਾਭ ਮੁਕੇਸ਼ ਅੰਬਾਨੀ ਨੂੰ ਮਿਲਿਆ।

**ਦੁਨੀਆ ਦੇ ਟੌਪ ਅਰਬਪਤੀਆਂ ਦੀ ਹਾਲਤ ਖ਼ਰਾਬ**

ਉੱਥੇ ਹੀ ਦੂਜੇ ਪਾਸੇ ਵਿਦੇਸ਼ੀ ਬਾਜ਼ਾਰਾਂ 'ਚ ਗਿਰਾਵਟ ਕਾਰਣ ਦੁਨੀਆ ਦੇ ਟੌਪ ਅਰਬਪਤੀਆਂ ਦੀ ਦੌਲਤ 'ਚ ਸਭ ਤੋਂ ਵੱਧ ਗਿਰਾਵਟ ਦੇਖਣ ਨੂੰ ਮਿਲੀ ਹੈ। ਐਲਨ ਮਸਕ ਦੀ ਦੌਲਤ 'ਚ ਸਵਾ ਚਾਰ ਅਰਬ ਡਾਲਰ ਦੀ ਗਿਰਾਵਟ ਆਈ ਹੈ। ਉੱਥੇ ਹੀ ਬਰਨਾਰਡ ਅਰਨਾਲਟ ਦੀ ਦੌਲਤ 6.11 ਅਰਬ ਡਾਲਰ ਘੱਟ ਹੋ



ਗਈ ਹੈ। ਜੈਫ ਬੇਜੋਸ ਦੀ ਦੌਲਤ 2 ਬਿਲੀਅਨ ਡਾਲਰ ਤੋਂ ਜ਼ਿਆਦਾ ਘੱਟ ਹੋ ਗਈ ਹੈ। ਇਸ ਦਾ ਮਤਲਬ ਹੈ ਕਿ ਦੁਨੀਆ ਦੇ ਤਿੰਨ ਸਭ ਤੋਂ ਅਮੀਰ ਕਾਰੋਬਾਰੀਆਂ ਦੀ ਦੌਲਤ 'ਚੋਂ ਕਰੀਬ 13 ਅਰਬ ਡਾਲਰ ਦੀ ਦੌਲਤ ਘੱਟ ਹੁੰਦੀ ਦਿਖਾਈ ਦਿੱਤੀ। ਟੌਪ10 'ਚ ਸਟੀਵ ਬਾਲਮਰ ਹੀ ਅਜਿਹੇ ਅਰਬਪਤੀ ਰਹੇ, ਜਿਨ੍ਹਾਂ ਦੀ ਦੌਲਤ 'ਚ 971 ਮਿਲੀਅਨ ਡਾਲਰ ਦਾ ਵਾਧਾ ਦੇਖਣ ਨੂੰ ਮਿਲਿਆ। ਉਂਝ ਦੁਨੀਆ ਦੇ ਟੌਪ 17 ਅਰਬਪਤੀਆਂ ਦੀ ਦੌਲਤ 'ਚ ਵਾਧਾ ਹੀ ਦੇਖਣ ਨੂੰ ਮਿਲਿਆ ਹੈ, ਜਿਸ 'ਚ ਮੁਕੇਸ਼ ਅੰਬਾਨੀ ਦਾ ਨਾਂ ਵੀ ਸ਼ਾਮਲ ਹੈ।

**ਮੁਕੇਸ਼ ਅੰਬਾਨੀ ਦੀ ਦੌਲਤ 'ਚ ਸਭ ਤੋਂ ਜ਼ਿਆਦਾ ਵਾਧਾ**

ਬਲੂਮਬਰਗ ਬਿਲੇਨੀਅਰਸ ਇੰਡੈਕਸ ਮੁਤਾਬਕ ਮੁਕੇਸ਼ ਅੰਬਾਨੀ ਦੀ ਦੌਲਤ 'ਚ ਸਭ ਤੋਂ ਜ਼ਿਆਦਾ ਵਾਧਾ ਦੇਖਣ ਨੂੰ ਮਿਲਿਆ ਹੈ। ਅੰਕੜਿਆਂ ਮੁਤਾਬਕ ਵੀਰਵਾਰ ਨੂੰ ਮੁਕੇਸ਼ ਅੰਬਾਨ ਦੀ ਦੌਲਤ 'ਚ 1.57 ਅਰਬ ਡਾਲਰ ਯਾਨੀ 13 ਹਜ਼ਾਰ ਕਰੋੜ ਰੁਪਏ ਦਾ ਵਾਧਾ ਦੇਖਣ ਨੂੰ ਮਿਲਿਆ ਹੈ। ਅੰਕੜਿਆਂ ਮੁਤਾਬਕ ਮੁਕੇਸ਼ ਅੰਬਾਨੀ ਦੀ ਕੁੱਲ ਦੌਲਤ 90.8 ਅਰਬ ਡਾਲਰ ਹੋ ਗਈ ਹੈ। ਇਸ ਸਾਲ ਉਨ੍ਹਾਂ ਦੀ ਦੌਲਤ 'ਚ 3.66 ਅਰਬ ਡਾਲਰ ਦਾ ਵਾਧਾ ਹੋਇਆ ਹੈ। ਅਸਲ 'ਚ ਇਕ ਦਿਨ ਪਹਿਲਾਂ ਰਿਲਾਇੰਸ ਇੰਡਸਟ੍ਰੀਜ਼ ਦੇ ਸ਼ੇਅਰਾਂ 'ਚ 2 ਫ਼ੀਸਦੀ ਤੋਂ ਜ਼ਿਆਦਾ ਦਾ ਵਾਧਾ ਹੋਇਆ ਸੀ, ਜਿਸ ਕਾਰਣ ਮੁਕੇਸ਼ ਅੰਬਾਨੀ ਦੀ ਦੌਲਤ 'ਚ ਤੇਜ਼ੀ ਦੇਖਣ ਨੂੰ ਮਿਲੀ। ਖ਼ਾਸ ਗੱਲ ਤਾਂ ਇਹ ਹੈ ਕਿ ਦੁਨੀਆ ਦੇ 500 ਅਰਬਪਤੀਆਂ 'ਚੋਂ 54 ਅਰਬਪਤੀਆਂ ਦੀ ਦੌਲਤ 'ਚ ਵਾਧਾ ਦੇਖਣ ਨੂੰ ਮਿਲਿਆ ਹੈ, ਜਿਨ੍ਹਾਂ 'ਚੋਂ 10 ਅਰਬਪਤੀ ਭਾਰਤ ਦੇ ਹੀ ਹਨ।

# ਸੂਬੇ 'ਚ ਲੋੜਬੰਦ ਲੋਕਾਂ ਦੇ ਨੀਲੇ ਕਾਰਡ ਕੱਟਣਾ ਮੰਦਭਾਗਾ ਕਦਮ- ਚੰਦੂਮਾਜਰਾ

**ਲਸਾੜਾ/ਉੜਾਪੜ (ਬੱਗਾ ਸੇਲਕੀਆਣਾ)–** ਜਦੋਂ ਕੁ ਦੀ ਸੂਬੇ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਹੈ ਮੈਨੂੰ ਨਹੀ ਲੱਗਦਾ ਕਿ ਇਸ ਸਰਕਾਰ ਨੇ ਕੋਈ ਸੂਬੇ ਵਾਸੀਆਂ ਦੇ ਹਿੱਤ 'ਚ ਕੋਈ ਕੰਮ ਕੀਤਾ ਹੋਵੇ ਪਿਛਲੇ ਦਿਨੀ ਸੂਬੇ ਚ ਆਮ ਆਦਮੀ ਕਲੀਨਿਕ ਖੋਲੇ ਗਏ ਉਹ ਵੀ ਅਕਾਲੀ ਦਲ ਦੀ ਸਰਕਾਰ ਵੇਲੇ ਲੋਕਾਂ ਦੀਆਂ ਸਹੂਲਤਾਂ ਲਈ ਸੇਵਾ ਕੇਂਦਰ ਖੋਲੇ ਗਏ ਸਨ ਉਨਾਂ ਨੂੰ ਰੰਗ ਰੋਗਨ ਕਰਕੇ ਉਥੇ ਆਪਣੀਆਂ ਫੋਟੋਆਂ ਲਗਾਕੇ ਆਪਣੀ ਮਸ਼ਹੂਰੀ ਕਰ ਲਈ ਤੇ ਉਨਾਂ ਕਲੀਨਿਕਾਂ ਚ ਦਵਾਈ ਤਾਂ ਇਕ ਪਾਸੇ ਉਥੇ ਕੋਈ ਡਾਕਟਰ ਨਹੀਂ ਮਿਲਦਾ ਤੇ ਪੰਜਾਬ ਦਾ ਪੈਸਾ ਬਰਬਾਦ ਕਰਕੇ ਬੜੇ ਬੜੇ ਇਸ਼ਤਿਹਾਰ ਲਗਾਏ ਕਿ ਸੂਬੇ ਦੇ ਬੇਰੁਜਗਾਰਾਂ ਨੂੰ 29 ਹਜਾਰ ਤੋਂ ਵੱਧ ਨੋਕਰੀਆਂ ਦਿਤੀਆਂ ਗਈਆਂ ਤੇ ਉਹ ਪੰਜਾਬ ਤੋਂ ਬਾਹਰਲੇ ਲੋਕਾਂ 'ਨੂੰ ਦਿਤੀਆਂ ਗਈਆਂ ਤੇ ਮੈਨੂੰ ਤਾਂ ਲੱਗਦਾ ਨਹੀਂ ਕਿ ਕਿਸੇ ਨੂੰ ਨੋਕਰੀ ਮਿਲੀ ਹੋਵੇਗੀ ਸਗੋਂ ਅਧਿਆਪਕਾਂ ਦੇ ਲਾਠੀਆਂ ਜਰੂਰ ਮਾਰੀਆਂ ਗਈਆਂ ਤੇ ਅਕਾਲੀ ਸਰਕਾਰ ਨੇ ਆਪਣੇ ਸਮੇ 'ਚ ਸੂਬੇ ਦੇ ਲੋਕਾਂ ਲਈ ਅਨੇਕਾਂ ਸਮਾਜ ਭਲਾਈ ਸਕੀਮਾਂ ਚਲਾਈਆਂ ਸਨ ਉਹ ਵੀ ਆਪ ਸਰਕਾਰ ਵਲੋਂ ਬੰਦ ਕੀਤੀਆਂ ਜਾ ਰਹੀਆਂ ਹਨ ਪਿਛਲੇ ਦਿਨੀ ਲੋੜਬੰਦ ਲੋਕਾਂ ਦੇ ਨੀਲੇ ਕਾਰਡ ਕੱਟੇ ਗਏ ਹਨ ਉਹ ਆਪ ਸਰਕਾਰ ਵਲੋਂ ਬਹੁਤ ਮੰਦਭਾਗਾ ਕਦਮ ਚੁਕਿਆ ਗਿਆ ਇਹ ਜੋ ਆਪ ਵਲੋਂ ਸਮਾਜ ਭਲਾਈ ਸਕੀਮਾਂ ਕੱਟੀਆ ਗਈਆਂ ਹਨ ਨੀਲੇ ਕਾਰਡ ਕੱਟਣ ਦਾ ਖਮਿਆਜਾ 2024 'ਚ ਆਉਣ ਵਾਲੀਆਂ ਲੋਕ ਸਭਾ ਚੋਣਾ ਚ ਆਮ ਆਦਮੀ ਸਰਕਾਰ ਨੂੰ ਭੁਗਤਣਾ ਪਵੇਗਾ ਤੇ ਜੋ ਭਗਵੰਤ ਮਾਨ ਸਰਕਾਰ ਕੂੜ ਪ੍ਰਚਾਰ ਕਰ ਰਹੀ ਹੈ ਉਸ ਦੀ ਸਖਤ



ਨਿਖੇਧੀ ਕੀਤੀ ਇਨਾਂ ਵਿਚਾਰਾਂ ਦਾ ਪ੍ਰਗਟਾਵਾ ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ ਸਾ. ਸੰਸਦ ਸ੍ਰੀ ਆਨੰਦਪੁਰ ਸਾਹਿਬ ਨੇ ਪਿੰਡ ਗੜੀ ਅਜੀਤ ਸਿੰਘ ਵਿਖੇ ਸੀਨੀਅਰ ਅਕਾਲੀ ਆਗੂ ਬਹਾਦਰ ਸਿੰਘ ਥਿਆੜਾ ਦੇ ਗ੍ਰਹਿ ਵਿਖੇ ਅਕਾਲੀ ਦਲ ਤੇ ਬਸਪਾ ਸਮਰਥਕਾ ਦੀ ਭਰਵੀ ਮੀਟਿੰਗ ਨੂੰ ਸੰਬੋਧਨ ਕਰਦਿਆ ਕੀਤਾ ਉਨਾਂ ਕਿਹਾ ਕਿ ਸੂਬੇ ਚ ਅਮਨ ਸ਼ਾਤੀ ਬਿਲਕੁਲ ਭੰਗ ਹੋ ਚੁਕੀ ਹੈ ਤੇ ਸੂਬੇ ਦੇ ਹਾਲਾਤ ਬਦ ਤੋਂ ਬਦਤਰ ਬਣ ਚੁਕੇ ਹਨ ਉਨਾਂ ਅਪੀਲ ਕੀਤੀ ਕਿ ਸਾਰੇ ਇਕਜੁਟ ਹੋਕੇ ਅਕਾਲੀ ਬਸਪਾ ਦਾ ਸਾਥ ਦਿਓ ਇਸ ਬੰਗਾ ਤੌਂ ਹਲਕਾ ਵਿਧਾਇਕ ਡਾ ਸੁਖਵਿੰਦਰ ਕੁਮਾਰ ਸੁਖੀ ਨੇ ਆਖਿਆ ਕਿ ਸੂਬੇ ਚ ਬੇਰੁਜਗਾਰੀ, ਮਹਿੰਗਾਈ ਹੋਰ ਵੱਧ ਗਈਂ ਹੈ ਕਿਉਕਿ ਆਪ ਸਰਕਾਰ ਨੇ ਇਕ ਸਾਲ ਸਾਲ ਵਿੱਚ ਹੀ ਸੂਬੇ ਦਾ ਬੇੜਾ ਗਰਕ ਕਰ ਦਿਤਾ ਆਏ ਦਿਨ ਦਿਹਾੜੇ ਕਤਲ ਲੁੱਟਾਂ ਖੋਹਾਂ ਚੋਰੀਆਂ ਨਸ਼ਾ ਤਸਕਰੀ ਗੈਂਗਵਾਦ ਦਾ ਵੱਧਣਾ ਚਿੰਤਾ ਦਾ ਵਿਸ਼ਾ ਬਣਦਾ ਜਾ ਰਿਹਾ ਹੈ ਸਰਕਾਰੀ ਅਦਾਰਿਆਂ ਵਿੱਚ ਕੋਈ ਵੀ ਕੰਮ ਨਹੀਂ ਨਹੀ ਹੋ ਰਿਹਾ ਲੋਕ ਦਫਤਰਾਂ ਚ ਗੇੜੇ ਕੱਢ ਰਹੇ ਹਨ ਕਿਉਕਿ ਬਹੁਤੇ ਸਰਕਾਰੀ ਮੁਲਾਜਮ ਆਪਣੀਆਂ ਮੰਗਾਂ ਮਨਵਾਉਣ ਲਈ ਧਰਨੇ ਲਗਾ ਰਹੇ ਹਨ ਦੇਖਿਆ ਜਾਵੇ ਤਾਂ ਆਮ ਆਦਮੀ ਪਾਰਟੀ ਦੀ ਸਰਕਾਰ ਫੇਲ ਸਾਬਿਤ ਹੋਈ ਹੈ ਤੇ ਲੋਕ ਇਸ ਸਰਕਾਰ ਤੋਂ ਬੇਹੱਦ ਪ੍ਰੇਸ਼ਾਨ ਹਨ ਤੇ ਲੋਕ ਇਸ ਸਰਕਾਰ ਨੂੰ ਪੰਜਾਬ ਵਿਚੋਂ ਚੱਲਦਾ ਕਰਨ ਧੀ ਫਿਰਾਕ 'ਚ ਹਨ ਇਸ ਮੋਕੇ ਸੋਹਣ ਲਾਲ ਢੰਡਾ.ਸੁਖਦੀਪ ਸਿੰਘ ਸ਼ੁਕਾਰ, ਪ੍ਰਿੰਸੀਪਲ ਨੱਛਤਰ ਸਿੰਘ ਸੁਮਨ ਵਲੋਂ ਵੀ ਸੰਬੋਧਨ ਕੀਤਾ ਪ੍ਰਧਾਨ ਅਮਰੀਕ ਸਿੰਘ ਪੁਰੇਵਾਲ ਵਲੋਂ ਸਾਰੀਆਂ ਸ਼ਖਸ਼ੀਅਤਾਂ ਦਾ ਧੰਨਵਾਦ ਕੀਤਾ ਗਿਆ ਇਸ ਮੋਕੇ ਬਹਾਦਰ ਸਿੰਘ ਥਿਆੜਾ, ਅਵਤਾਰ ਸਿੰਘ ਦਿਓਲ, ਰੂਪ ਲਾਲ ਧੀਰ, ਬਲਵੀਰ ਸਿੰਘ, ਲਖਵਿੰਦਰ ਸਿੰਘ ਦੋਵੇਂ ਪੰਚ, ਬਲਕਾਰ ਸਿੰਘ ਅਣਦੇਹ, ਮੱਖਣ ਸਿੰਘ ਬਾਠ, ਹਰਜਿੰਦਰ ਸਿੰਘ ਬਾਠ, ਸੋਹਣ ਸਿੰਘ ਗੋਗੀ, ਡਾ ਰਕੇਸ਼ ਔੜ, ਗੁਰਵਿੰਦਰ ਸਿੰਘ ਛੋਕਰ, ਰਾਵਲ ਸਿੰਘ, ਮੇਜਰ ਸਿੰਘ ਥਿਆੜਾ, ਗੁਰਪਾਲ ਧੀਰ, ਸੁਖਵੀਰ ਸਿੰਘ ਥਿਆੜਾ, ਗੋਬਿੰਦ ਧੀਰ, ਜਗੀਰੀ ਰਾਮ ਦਦਰਾਲ, ਜਸਪਾਲ ਧੀਰ, ਮਨਜੋਤ, ਸੋਰਵ, ਹਨੀ, ਰਾਮ ਲਾਲ, ਗੁਰਪਾਲ ਧੀਰ ਆਦਿ ਹਾਜਰ ਸਨ।

# ਭਾਰੀ ਮੀਂਹ ਦਾ ਸਾਹਮਣਾ ਕਰਦੇ ਹੋਏ ਪਠਾਨਕੋਟ ਪੁਲਿਸ ਨੇ ਬਚਾਈਆਂ 10 ਕੀਮਤੀ ਜਾਨਾਂ ਅਤੇ ਇੱਕ ਜੰਗਲੀ ਜੀਵ

**ਪਠਾਨਕੋਟ ਤੋਂ ਰਾਜਿੰਦਰ ਸਿੰਘ ਰਾਜਨ–** ਪਠਾਨਕੋਟ ਪੁਲਿਸ ਨੇ ਪਿੰਡ ਪੱਧਰੀ ਰੱਖਿਆ ਕਮੇਟੀਆਂ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਅੱਜ ਇੱਕ ਬਚਾਅ ਮੁਹਿੰਮ ਨੂੰ ਸਫਲਤਾਪੂਰਵਕ ਅੰਜ਼ਾਮ ਦਿੱਤਾ ਹੈ, ਜਿਸ ਵਿੱਚ ਭਾਰੀ ਮੀਂਹ ਕਾਰਨ ਪਾਣੀ ਭਰਨ ਕਾਰਨ ਖੇਤਾਂ ਵਿੱਚ ਫਸੇ 10 ਵਿਅਕਤੀਆਂ ਨੂੰ ਬਚਾਇਆ ਗਿਆ ਹੈ। ਇਸ ਬਚਾਅ ਮੁਹਿੰਮ ਤਹਿਤ ਨਾ ਸਿਰਫ਼ ਮਨੁੱਖੀ ਜਾਨਾਂ ਨੂੰ ਬਚਾਇਆ, ਸਗੋਂ ਇੱਕ ਛੋਟੇ, ਮਾਸੂਮ ਹਿਰਨ ਨੂੰ ਵੀ ਬਚਾਇਆ ਗਿਆ ਹੈ। ਡੀਐਸਪੀ ਦਿਹਾਤੀ ਸੁਮੇਰ ਸਿੰਘ ਮਾਨ, ਡੀਐਸਪੀ ਅਪਰੇਸ਼ਨਜ਼ ਸੁਖਰਾਜ ਸਿੰਘ ਢਿੱਲੋਂ, ਐਸਐਚਓ ਐਨਜੇਐਸ, ਐਸਆਈ ਅਜਵਿੰਦਰ ਸਿੰਘ, ਅਤੇ ਆਈਸੀ ਪੀਪੀ ਬਮਿਆਲ, ਅਰੁਣ ਕਾਲੀਆ ਦੀ ਅਗਵਾਈ ਵਿੱਚ, ਪਠਾਨਕੋਟ ਪੁਲਿਸ ਨੇ ਅੰਤਰਰਾਸ਼ਟਰੀ ਸਰਹੱਦ ਦੀ ਕੰਡਿਆਲੀ ਵਾੜ ਦੇ ਨਾਲ ਆਪਣੇ ਖੇਤਾਂ ਵਿੱਚ ਫਸੇ ਵਿਅਕਤੀਆਂ ਦੀਆਂ ਦੁਖਦਾਈ ਕਾਲਾਂ ਦਾ ਤੁਰੰਤ ਜਵਾਬ ਦਿੱਤਾ ਅਤੇ ਬਚਾਅ ਉਪਰੇਸ਼ਨ ਚਲਾਇਆ ਗਿਆ। ਉਪਰੇਸ਼ਨ ਬਾਰੇ ਹੋਰ ਜਾਣਕਾਰੀ ਸਾਂਝੀ ਕਰਦੇ ਹੋਏ, ਸੀਨੀਅਰ ਪੁਲਿਸ ਕਪਤਾਨ ਹਰਕਮਲ ਪ੍ਰੀਤ ਸਿੰਘ ਖੱਖ ਨੇ ਨਵੀਂ ਗਠਿਤ ਪਿੰਡ ਪੱਧਰੀ ਰੱਖਿਆ ਕਮੇਟੀਆਂ ਦੀ ਪ੍ਰਸ਼ੰਸਾ ਕੀਤੀ ਅਤੇ ਪੁਲਿਸ ਦੀ ਸਹਾਇਤਾ ਕਰਨ ਵਿੱਚ ਉਨ੍ਹਾਂ ਦੀ ਅਹਿਮ ਭੂਮਿਕਾ ਦਾ ਜਿਕਰ ਕਰਦੇ ਹੋਏ ਕਿਹਾ ਕਿ ਇਹਨਾਂ ਕਮੇਟੀਆਂ ਨੇ ਆਪਣੀ ਕਾਬਲੀਅਤ ਦਾ ਪ੍ਰਦਰਸ਼ਨ ਕੀਤਾ



ਹੈ। ਪਿੰਡ ਪੱਧਰੀ ਰੱਖਿਆ ਕਮੇਟੀਆਂ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਸਾਂਝੇ ਯਤਨਾਂ ਨਾਲ ਬਚਾਅ ਕਾਰਜ ਤੇਜ਼ੀ ਅਤੇ ਕੁਸ਼ਲਤਾ ਨਾਲ ਨੇਪਰੇ ਚਾੜ੍ਹਿਆ ਗਿਆ। ਉਹਨੇ ਕਿਹਾ ਕਿ ਖ਼ਤਰਨਾਕ ਪਾਣੀ ਨਾਲ ਭਰੇ ਖੇਤਾਂ ਵਿੱਚ ਫਸੀਆਂ ਜਾਨਾਂ ਨੂੰ ਸਫ਼ਲਤਾ-ਪੂਰਵਕ ਬਾਹਰ ਕੱਢਣ ਨੂੰ ਯਕੀਨੀ ਬਣਾਉਣ ਲਈ ਸਾਰੀਆਂ ਸ਼ਾਮਲ ਧਿਰਾਂ ਵੱਲੋਂ ਦਿਖਾਈ ਗਈ ਤਤਕਾਲ ਪ੍ਰਤੀਕਿਰਿਆ ਅਤੇ ਤਾਲਮੇਲ ਮਹੱਤਵਪੂਰਨ ਸੀ।

ਹਫੜਾ-ਦਫੜੀ ਅਤੇ ਦੁਖਦਾਈ ਸਥਿਤੀਆਂ ਦੇ ਵਿਚਕਾਰ, ਸਾਰੀਆਂ ਟੀਮਾਂ ਨੇ ਇੱਕ ਜੁੱਟ ਹੋ ਕੇ ਕੰਮ ਕੀਤਾ ਹੈ। ਇਹ ਹਮਦਰਦੀ ਵਾਲਾ ਕੰਮ ਪਠਾਨਕੋਟ ਪੁਲਿਸ ਦੀ ਮਨੁੱਖੀ ਸੁਰੱਖਿਆ ਪ੍ਰਤੀ ਹੀ ਨਹੀਂ ਸਗੋਂ ਜੰਗਲੀ ਜੀਵਾਂ ਅਤੇ ਵਾਤਾਵਰਣ ਦੀ ਸੁਰੱਖਿਆ ਪ੍ਰਤੀ ਵੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਪਠਾਨਕੋਟ ਪੁਲਿਸ ਆਪਣੇ ਸਮਰਪਿਤ ਕਰਮਚਾਰੀਆਂ ਅਤੇ ਪਿੰਡ ਪੱਧਰੀ ਰੱਖਿਆ ਕਮੇਟੀਆਂ ਦੇ ਅਟੁੱਟ ਸਹਿਯੋਗ ਨਾਲ ਆਪਣੇ ਨਾਗਰਿਕਾਂ ਦੀ ਸੁਰੱਖਿਆ ਅਤੇ ਤੰਦਰੁਸਤੀ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹੈ।

# ਅਮਰੀਕਾ ਵਲੋਂ ਯੂਕਰੇਨ ਨੂੰ ਕਲਸਟਰ ਬੰਬ ਦੇਣ ਦੇ ਫੈਸਲੇ 'ਤੇ ਰੂਸ ਔਖਾ

ਮਾਸਕੋ– ਅਮਰੀਕਾ ਵਲੋਂ ਯੂਕਰੇਨ ਨੂੰ ਕਲਸਟਰ ਬੰਬ ਦੇਣ ਦੇ ਫੈਸਲੇ ਤੋਂ ਰੂਸ ਗੁੱਸੇ ਵਿੱਚ ਹੈ। ਕ੍ਰੇਮਲਿਨ ਪਹਿਲਾਂ ਹੀ ਅਮਰੀਕਾ ਦੇ ਫੈਸਲੇ ਦੀ ਆਲੋਚਨਾ ਕਰ ਚੁੱਕਾ ਹੈ।ਉਸ ਨੇ ਇਸ ਫੈਸਲੇ ਨੂੰ ਅੱਗ ਵਿਚ ਪਟਰੋਲ ਪਾਉਣ ਵਾਲਾ ਕਰਾਰ ਦਿੱਤਾ ਹੈ। ਇਸ ਦੇ ਨਾਲ ਹੀ ਸਾਬਕਾ ਰੂਸੀ ਰਾਸ਼ਟਰਪਤੀ ਅਤੇ ਨੇਤਾ ਨੰਬਰ ਦੋ ਦਿਮਿਤਰੀ ਮੇਦਵੇਦੇਵ ਨੇ ਅਮਰੀਕਾ ਦੇ ਫੈਸਲੇ ਨੂੰ ਲੈ ਕੇ ਬਿਡੇਨ ਨੂੰ ਤਾਅਨਾ ਮਾਰਿਆ ਕਿ ਬਿਡੇਨ ਪ੍ਰਮਾਣੂ ਯੁੱਧ ਨੂੰ ਭੜਕਾ ਕੇ ਅੱਧੀ ਮਨੁੱਖਤਾ ਨੂੰ ਆਪਣੇ ਨਾਲ ਅਗਲੀ ਦੁਨੀਆ ਵਿੱਚ ਲੈ ਕੇ ਜਾਣਾ ਚਾਹੁੰਦਾ ਹੈ। ਅਮਰੀਕਾ ਨੇ ਹੁਣੇ ਜਿਹੇ ਐਲਾਨ ਕੀਤਾ ਸੀ ਕਿ ਉਹ ਕਾਬਜ਼ ਰੂਸੀ ਫੌਜਾਂ ਦੇ ਖਿਲਾਫ ਬਦਲਾ ਲੈਣ ਲਈ ਯੂਕਰੇਨ ਨੂੰ ਵਿਆਪਕ ਤੌਰ 'ਤੇ ਪਾਬੰਦੀਸ਼ੁਦਾ ਕਲੱਸਟਰ ਹਥਿਆਰਾਂ ਦੀ ਸਪਲਾਈ ਕਰੇਗਾ।

ਮੇਦਵੇਦੇਵ ਨੇ ਹੁਣ ਚੇਤਾਵਨੀ ਦਿੱਤੀ ਹੈ ਕਿ ਯੂਕਰੇਨ ਨੂੰ ਕਲੱਸਟਰ ਬੰਬਾਂ ਦੀ ਅਮਰੀਕਾ ਵਲੋਂ ਸਪਲਾਈ ਦੁਨੀਆ ਨੂੰ ਖਤਰਨਾਕ ਸਥਾਨ 'ਤੇ ਲਿਜਾ ਰਹੀ ਹੈ। ਉਸਨੇ ਬਿਡੇਨ 'ਤੇ ਚੁਟਕੀ ਲੈਂਦਿਆਂ ਕਿਹਾ ਕਿ ਮਰਨ ਵਾਲੇ ਦਾਦਾ ਜੀ, ਬਿਮਾਰ ਕਲਪਨਾਵਾਂ ਦਾ ਸ਼ਿਕਾਰ ਹੋਕੇ, ਪਰਮਾਣੂ ਯੁਧ ਨੂੰ ਭੜਕਾ ਕੇ ਅੱਧੀ



ਮਨੁੱਖਤਾ ਨੂੰ ਆਪਣੇ ਨਾਲ ਅਗਲੀ ਦੁਨੀਆ ਵਿੱਚ ਲਿਜਾਣ ਦਾ ਫੈਸਲਾ ਕਰ ਚੁਕੇ ਹਨ। ਮੇਦਵੇਦੇਵ ਨੇ ਅਮਰੀਕਾ ਦੇ ਫੈਸਲੇ ਦੇ ਖਿਲਾਫ ਸਖਤ ਜਵਾਬੀ ਕਾਰਵਾਈ ਦੀ ਚਿਤਾਵਨੀ ਵੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਦਾ ਹਰ ਫੈਸਲਾ ਯੂਕਰੇਨ ਵਿੱਚ ਚੱਲ ਰਹੀ ਜੰਗ ਨੂੰ ਹੋਰ ਭੜਕਾਏਗਾ।

**ਸੰਯੁਕਤ ਰਾਸ਼ਟਰ ਨੇ ਅਮਰੀਕਾ ਦੇ ਫੈਸਲੇ 'ਤੇ ਸਵਾਲ ਉਠਾਏ**

ਦੂਜੇ ਪਾਸੇ ਯੂਕਰੇਨ ਨੂੰ ਕਲਸਟਰ ਬੰਬ ਸਪਲਾਈ ਕਰਨ ਦੇ ਅਮਰੀਕਾ ਦੇ ਫੈਸਲੇ 'ਤੇ ਕਈ ਮਨੁੱਖੀ ਅਧਿਕਾਰ ਸਮੂਹਾਂ ਅਤੇ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਨੇ ਸਵਾਲ ਚੁੱਕੇ ਹਨ। ਅਮਰੀਕਾ ਦਾ ਇਹ ਐਲਾਨ ਯੂਕਰੇਨ ਨੂੰ $800 ਮਿਲੀਅਨ ਦੇ ਸੁਰੱਖਿਆ ਪੈਕੇਜ ਦਾ ਹਿੱਸਾ ਹੈ। ਫਰਵਰੀ 2022 ਵਿੱਚ ਰੂਸ ਦੇ ਹਮਲੇ ਤੋਂ ਬਾਅਦ, ਅਮਰੀਕਾ ਨੇ ਯੂਕਰੇਨ ਨੂੰ 40 ਬਿਲੀਅਨ ਡਾਲਰ ਤੋਂ ਵੱਧ ਦੀ ਫੌਜੀ ਸਹਾਇਤਾ ਦਿੱਤੀ ਹੈ। ਪੈਂਟਾਗਨ ਦੇ ਇੱਕ ਅਧਿਕਾਰੀ ਨੇ ਕਿਹਾ ਕਿ ਕਲੱਸਟਰ ਬੰਬ ਇੱਕ ਸਮਾਂ ਸੀਮਾ ਵਿੱਚ ਦਿਤੇ ਜਾਣਗੇ ਜੋ ਜਵਾਬੀ ਹਮਲੇ ਲਈ ਪ੍ਰਸੰਗਿਕ ਹਨ।

**100 ਦੇਸ਼ਾਂ 'ਚ ਕਲੱਸਟਰ ਬੰਬ 'ਤੇ ਪਾਬੰਦੀ**

ਹਾਲਾਂਕਿ 100 ਤੋਂ ਵੱਧ ਦੇਸ਼ਾਂ ਵਿੱਚ ਕਲੱਸਟਰ ਬੰਬਾਂ 'ਤੇ ਪਾਬੰਦੀ ਹੈ। ਰੂਸ, ਯੂਕਰੇਨ ਅਤੇ ਅਮਰੀਕਾ ਨੇ ਕਲੱਸਟਰ ਯੁਧ ਸਮਗਰੀ ਬਾਰੇ ਕਨਵੈਨਸ਼ਨ 'ਤੇ ਦਸਤਖਤ ਨਹੀਂ ਕੀਤੇ ਹਨ, ਜੋ ਹਥਿਆਰਾਂ ਦੇ ਉਤਪਾਦਨ, ਭੰਡਾਰਨ, ਵਰਤੋਂ ਅਤੇ ਟ੍ਰਾਂਸਫਰ 'ਤੇ ਪਾਬੰਦੀ ਲਗਾਉਂਦੇ ਹਨ। ਉਹ ਆਮ ਤੌਰ 'ਤੇ ਵੱਡੀ ਗਿਣਤੀ ਵਿਚ ਛੋਟੇ ਬੰਬ ਛੱਡਦੇ ਹਨ ਜੋ ਆਕਸੀਜਨ ਦੇ ਸੰਪਰਕ ਵਿਚ ਆਉਣ ਦੇ ਬਾਅਦ ਚਲਦੇ ਹਨ। ਉਹ ਬਹੁਤ ਜ਼ਿਆਦਾ ਗਰਮੀ ਅਤੇ ਚਿੱਟਾ ਧੂੰਆਂ ਛੱਡਦੇ ਹਨ। ਇਸ ਦੇ ਸੰਪਰਕ ਵਿੱਚ ਆਉਣ ਵਾਲਾ ਕੋਈ ਵੀ ਵਿਅਕਤੀ ਗੰਭੀਰ ਰੂਪ ਵਿੱਚ ਜ਼ਖਮੀ ਹੋ ਸਕਦਾ ਹੈ। ਕਈ ਵਾਰ ਤਾਂ ਉਸ ਦੀ ਮੌਤ ਵੀ ਹੋ ਜਾਂਦੀ ਹੈ।

**ਕਲੱਸਟਰ ਬੰਬ ਖ਼ਤਰਨਾਕ ਕਿਉਂ ਹੈ?**

ਕਲੱਸਟਰ ਬੰਬ ਦੇ ਟੁਕੜੇ ਸਰੀਰ ਦੇ ਅੰਦਰ ਧਸ ਸਕਦੇ ਹਨ। ਅਜਿਹੇ 'ਚ ਗੰਭੀਰ ਜ਼ਖਮੀ ਵਿਅਕਤੀ ਦੀ ਇਲਾਜ ਦੌਰਾਨ ਮੌਤ ਹੋ ਸਕਦੀ ਹੈ। ਕਿਉਂਕਿ ਉਨ੍ਹਾਂ ਦੇ ਸਰੀਰ ਵਿਚ ਧਸੇ ਹੋਏ ਟੁਕੜਿਆਂ ਨੂੰ ਹਟਾਉਣ ਦੌਰਾਨ, ਉਹ ਹਵਾ ਦੇ ਸੰਪਰਕ ਵਿਚ ਆਉਣ 'ਤੇ ਦੁਬਾਰਾ ਜਲ ਉਠਦੇ ਹਨ। ਅਜਿਹੇ ਵਿਚ ਜ਼ਖਮੀ ਦੀ ਇਲਾਜ ਦੇ ਬਾਵਜੂਦ ਮੌਤ ਹੋ ਜਾਂਦੀ ਹੈ। ਕਲੱਸਟਰ ਬੰਬ ਜੋ ਬਿਨਾਂ ਵਿਸਫੋਟ ਦੇ ਪਏ ਰਹਿੰਦੇ ਹਨ ਉਹ ਸੰਘਰਸ਼ ਦੇ ਅੰਤ ਤੋਂ ਬਾਅਦ ਦਹਾਕਿਆਂ ਤੱਕ ਖ਼ਤਰਾ ਬਣੇ ਰਹਿੰਦੇ ਹਨ। ਵ੍ਹਾਈਟ ਹਾਊਸ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਜੇਕ ਸੁਲੀਵਾਨ ਨੇ ਕਿਹਾ ਕਿ ਯੂਕਰੇਨ ਨੇ ਲਿਖਤੀ ਭਰੋਸਾ ਦਿੱਤਾ ਹੈ ਕਿ ਉਹ ਨਾਗਰਿਕਾਂ ਨੂੰ ਹੋਣ ਵਾਲੇ ਖਤਰੇ ਨੂੰ ਘੱਟ ਕਰਨ ਲਈ ਉਨ੍ਹਾਂ ਦੀ ਵਰਤੋਂ ਬਹੁਤ ਸਾਵਧਾਨੀ ਨਾਲ ਕਰੇਗਾ।

# ਹੜ੍ਹਾਂ ਨੂੰ ਧਿਆਨ ਵਿੱਚ ਰੱਖਦਿਆਂ ਜਿਲ੍ਹਾ ਪ੍ਰਸਾਸਨ ਨੇ ਜਾਰੀ ਕੀਤੇ ਕੰਟਰੋਲ ਰੂਮ ਦੇ ਟੈਲੀਫੋਨ ਨੰਬਰ ਜਾਰੀ

**ਪਠਾਨਕੋਟ, (ਰਾਜਿੰਦਰ ਸਿੰਘ ਰਾਜਨ)** ਜਿਲ੍ਹਾ ਪਠਾਨਕੋਟ ਵਿੱਚ ਹੜ੍ਹਾਂ ਨੂੰ ਲੈ ਕੇ ਅਗੇਤੇ ਕੀਤੇ ਜਾਣ ਵਾਲੇ ਪ੍ਰਬੰਧਾਂ ਸਬੰਧੀ ਸਾਰੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ, ਜਿਲ੍ਹਾ ਪੱਧਰ ਤੇ ਕੰਟਰੋਲ ਰੂਮ ਸਥਾਪਿਤ ਕਰ ਲਏ ਗਏ ਹਨ ਅਤੇ ਇਨ੍ਹਾਂ ਕੰਟਰੋਲ ਰੂਮ ਵਿੱਚ ਲਗਾਏ ਗਏ ਟੈਲੀਫੋਨ ਨੰਬਰ ਵੀ ਜਾਰੀ ਕਰ ਦਿੱਤੇ ਗਏ ਹਨ। ਇਹ ਪ੍ਰਗਟਾਵਾ ਸ. ਹਰਬੀਰ ਸਿੰਘ ਡਿਪਟੀ ਕਮਿਸਨਰ ਪਠਾਨਕੋਟ ਵੱਲੋਂ ਕੀਤਾ ਗਿਆ। ਜਾਣਕਾਰੀ ਦਿੰਦਿਆਂ ਸ. ਹਰਬੀਰ ਸਿੰਘ ਡਿਪਟੀ ਕਮਿਸਨਰ ਪਠਾਨਕੋਟ ਨੇ ਕਿਹਾ ਕਿ ਹੜ੍ਹਾਂ ਨੂੰ ਲੈ ਕੇ ਜਿਲ੍ਹਾ ਪੱਧਰ ਤੇ ਕੰਟਰੋਲ ਰੂਮ ਸਥਾਪਿਤ ਕਰ ਲਏ ਗਏ ਹਨ। ਉਨ੍ਹਾਂ ਦੱਸਿਆ ਕਿ ਜਿਲ੍ਹਾ ਪੱਧਰ ਤੇ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਮਲਿਕਪੁਰ ਪਠਾਨਕੋਟ ਵਿਖੇ ਰੂਮ ਨੰਬਰ 105 ਵਿੱਚ ਜਿਲ੍ਹਾ ਪੱਧਰ ਤੇ ਕੰਟਰੋਲ ਰੂਮ ਸਥਾਪਿਤ ਕੀਤਾ ਗਿਆ ਹੈ ਜਿਸ ਦਾ ਮੋਬਾਇਲ ਨੰਬਰ 0186-2346944 , ਐਸ.ਐਸ.ਪੀ. ਦਫਤਰ ਪਠਾਨਕੋਟ ਕੰਟਰੋਲ ਰੂਮ ਦੇ ਟੈਲੀਫੋਨ ਨੰਬਰ 0186-2345516, 0186-2345518, 0186-2345519, 97155-94770, 87280-33500, ਜਲ ਨਿਕਾਸ ਮੰਡਲ ਕੰਟਰੋਲ ਰੂਮ ਮਾਧੋਪੁਰ ਪਠਾਨਕੋਟ ਵਿਖੇ ਸਥਾਪਿਤ ਕੀਤਾ ਹੈ।

# ਜਾਗ੍ਰਿਤ ਆਦਿਵਾਸੀ ਦਲਿਤ ਸੰਗਠਨ ਕਾਰਕੁੰਨ ਮਾਧੁਰੀ ਨੂੰ ਜਿਲ੍ਹਾ ਹੱਦ ਤੋਂ ਬਾਹਰ ਕਰਨ ਦੀ ਨਿਖੇਧੀ

**ਬਰਨਾਲਾ, (ਦਲਜੀਤ ਕੌਰ)** ਹਾਲੇ ਕੁੱਝ ਦਿਨ ਪਹਿਲਾਂ ਮੱਧ ਪ੍ਰਦੇਸ਼ ਵਿੱਚ, ਭਾਜਪਾ ਦੀ ਇੱਕ ਹੰਕਾਰੀ ਕਤ੍ਰੀੜ ਵੱਲੋਂ ਇੱਕ ਗ਼ਰੀਬ ਦੇ ਸਿਰ ਤੇ ਸਿਗਰਟ ਪੀਣ ਦੌਰਾਨ ਪਿਸ਼ਾਬ ਕਰਨ ਦੀ ਘਟਨਾ ਵਾਪਰੀ ਸੀ। ਉਹ ਗਰੀਬ ਐਨਾ ਡਰਿਆ ਹੋਇਆ ਸੀ ਕਿ ਭੱਜਣ ਜਾਂ ਰੌਲਾ ਪਾਉਣ ਦਾ ਵੀ ਹੌਂਸਲਾ ਨਹੀਂ ਕਰ ਸਕਿਆ। ਭਾਜਪਾ ਦੇ ਮੁੱਖ ਮੰਤਰੀ ਨੇ ਉਸ ਦੇ ਪੈਰ ਧੋ ਕੇ ਬਦਨਾਮੀ ਧੋਣ ਦਾ ਯਤਨ ਕੀਤਾ ਸੀ। ਇਸ ਖਬਰ ਦੀ ਹਾਲੇ ਸਿਆਹੀ ਵੀ ਨਹੀਂ ਸੀ ਸੁੱਕੀ ਕਿ ਮੱਧ ਪ੍ਰਦੇਸ਼ ਸਰਕਾਰ ਦਾ ਆਪਣੇ ਹੱਕਾਂ ਅਤੇ ਜ਼ੁਲਮਾਂ ਖਿਲਾਫ਼ ਸੰਘਰਸ਼ ਕਰ ਰਹੇ ਦਲਿਤ ਆਦਿਵਾਸੀ ਲਹਿਰ ਨੂੰ ਕੁਚਲਣ ਦਾ ਨਵਾਂ ਤੁਗਲਕੀ ਫੁਰਮਾਨ ਸਾਹਮਣੇ ਆਇਆ ਹੈ। ਜਾਗ੍ਰਿਤ ਆਦਿਵਾਸੀ ਦਲਿਤ ਸੰਗਠਨ ਕਾਰਕੁੰਨ ਮਾਧੁਰੀ ਨੂੰ ਇੱਕ ਸਾਲ ਲਈ ਬੁਰਹਾਨਪੁਰ ਜ਼ਿਲ੍ਹੇ ਤੋਂ ਬਾਹਰ ਕੱਢਣ ਦਾ ਤੁਗਲਕੀ ਫੁਰਮਾਨ ਜਾਰੀ ਕਰ ਦਿੱਤਾ ਹੈ। ਦਲਿਤ ਆਦਿਵਾਸੀ ਕਾਰਕੁੰਨ ਪੁੱਛਦੇ ਹਨ ਕਿ ਮੱਧ ਪ੍ਰਦੇਸ਼ ਸਰਕਾਰ ਆਦਿਵਾਸੀਆਂ ਤੋਂ ਕਿਉਂ ਡਰਦੀ ਹੈ ਜਿਹੜੇ ਸਵਾਲ ਪੁੱਛਦੇ ਹਨ ਅਤੇ ਜਵਾਬਦੇਹੀ ਦੀ ਮੰਗ ਕਰਦੇ ਹਨ। ਜਿਵੇਂਕਿ ਮੱਧ ਪ੍ਰਦੇਸ਼ ਵਿੱਚ ਵਿਧਾਨ ਸਭਾ ਚੋਣਾਂ ਨੇੜੇ ਹਨ, ਮੱਧ ਪ੍ਰਦੇਸ਼ ਸਰਕਾਰ ਆਦਿਵਾਸੀਆਂ ਦੀ ਮੱਧ ਪ੍ਰਦੇਸ਼ ਸਰਕਾਰ ਅਤੇ ਪ੍ਰਸ਼ਾਸ਼ਨ ਦੀ ਮਿਲੀਭੁਗਤ ਨਾਲ 15000 ਏਕੜ ਜੰਗਲ ਦੀ ਨਜਾਇਜ ਕਟਾਈ ਦੇ ਪਰਦਾਚਾਕ ਕਰਨ ਦੀ ਲਹਿਰ ਨੂੰ ਕੁਚਲ ਰਹੀ ਹੈ। ਇਨਕਲਾਬੀ ਕੇਂਦਰ, ਪ੍ਰਧਾਨ ਮੱਧ ਪ੍ਰਦੇਸ਼ ਸਰਕਾਰ ਦੀ ਆਦਿਵਾਸੀ ਲਹਿਰ ਉੱਪਰ ਬੋਲੇ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਾ ਹੈ ਅਤੇ ਮੰਗ ਕਰਦਾ ਹੈ ਕਿ ਦਲਿਤ ਆਦਿਵਾਸੀ ਕਾਰਕੁੰਨ ਮਾਧੁਰੀ ਨੂੰ ਜ਼ਿਲ੍ਹਾ ਬੁਰਹਾਨਪੁਰ ਤੋਂ ਬਾਹਰ ਰਹਿਣ ਦਾ ਤੁਗਲਕੀ ਫਰਮਾਨ ਵਾਪਿਸ ਲਿਆ ਜਾਵੇ।

ਇਨਕਲਾਬੀ ਕੇਂਦਰ, ਪੰਜਾਬ ਦੇ ਸੂਬਾ ਪ੍ਰਧਾਨ ਨਰਾਇਣ ਦੱਤ, ਜਨਰਲ ਸਕੱਤਰ ਕੰਵਲਜੀਤ ਖੰਨਾ, ਸੂਬਾ ਕਮੇਟੀ ਮੈਂਬਰਾਂ ਮੁਖਤਿਆਰ ਪੂਹਲਾ, ਜਸਵੰਤ ਜੀਰਖ ਅਤੇ ਜਗਜੀਤ ਲਹਿਰਾ ਮੁਹੱਬਤ ਨੇ ਸਾਂਝਾ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਸ਼ਿਵ ਰਾਜ ਸਿੰਘ ਚੌਹਾਨ ਮੁੱਖ ਮੰਤਰੀ ਦੀ ਅਗਵਾਈ ਹੇਠ ਕੰਮ ਕਰਦੀ ਸਰਕਾਰ ਆਰਐਸਐਸ ਦੀ ਅਗਵਾਈ ਵਾਲੇ ਨਾਗਪੁਰੀਏ ਸੱਪਾਂ ਦੀ ਮਨੂੰਵਾਦੀ ਸੋਚ ਦੀ ਧਾਰਨੀ ਹੈ ਜੋ ਦਲਿਤਾਂ, ਆਦਿਵਾਸੀਆਂ ਅਤੇ ਘੱਟ ਗਿਣਤੀਆਂ ਨੂੰ ਮਿਥਕੇ ਨਿਸ਼ਾਨਾ ਬਣਾ ਰਹੀ ਹੈ। ਮੋਦੀ ਹਕੂਮਤ ਜਿੱਥੇ ਮੁਲਕ ਦੇ ਕੁਦਰਤੀ ਮਾਲ ਖਜਾਨਿਆਂ ਨੂੰ ਆਪਣੇ ਲੰਗੋਟੀਏ ਕਾਰਪੋਰੇਟ ਘਰਾਣਿਆਂ ਨੂੰ ਕੌਡੀਆਂ ਦੇ ਭਾਅ ਲੁਟਾ ਰਹੀ ਹੈ। ਦੂਜੇ ਪਾਸੇ ਫਿਰਕੂ ਫਾਸ਼ੀ ਹੱਲੇ ਰਾਹੀਂ ਸਟੇਟ/ਰਿਆਸਤ ਵਿਰੋਧੀ ਹਰ ਅਵਾਜ ਨੂੰ ਜਾਬਰ ਹੱਥਕੰਡਿਆਂ ਰਾਹੀ ਕੁਚਲ ਰਹੀ ਹੈ। ਇਨਕਲਾਬੀ ਕੇਂਦਰ, ਪੰਜਾਬ ਸਮੂਹ ਇਨਕਲਾਬੀ, ਜਮਹੂਰੀਅਤ ਪਸੰਦ ਤਾਕਤਾਂ ਨੂੰ ਮੋਦੀ ਹਕੂਮਤ ਦੇ ਮਨਸੂਬਿਆਂ ਨੂੰ ਸਮਝਕੇ ਵਿਸ਼ਾਲ ਟਾਕਰੇ ਦੀ ਲਹਿਰ ਖੜੀ ਕਰਨ ਲਈ ਅੱਗੇ ਆਉਣ ਦੀ ਅਪੀਲ ਕਰਦਾ ਹੈ।

# ਨੀਂਦ ਅਤੇ ਖ਼ਵਾਇਸ਼ਾਂ 'ਤੇ ਕੰਟਰੋਲ ਕਰਨ ਵਾਲੇ ਨੂੰ ਤਰੱਕੀ ਤੋਂ ਰੋਕ ਨਹੀਂ ਸਕਦਾ - ਡਾ. ਕ੍ਰਿਸ਼ਨ ਕੁਮਾਰ ਰੱਤੂ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਡਾ. ਵੀਰਪਾਲ ਕੌਰ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਭਾਸ਼ਾ ਦਫ਼ਤਰ ਹੁਸ਼ਿਆਰਪੁਰ ਵਲੋਂ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ (ਇਸਤਰੀਆਂ) ਹੁਸ਼ਿਆਰਪੁਰ ਵਿਖੇ ਪ੍ਰੋ: ਕ੍ਰਿਸ਼ਨ ਕੁਮਾਰ ਰੱਤੂ (ਡਾ.) ਉੱਘੇ ਲੇਖਕ ਤੇ ਬ੍ਰਾਡਕਾਸਟਰ ਉਪ-ਮਹਾਨਿਰਦੇਸ਼ਕ ਦੂਰਦਰਸ਼ਨ ਨਾਲ ਕਰਵਾਇਆ ਗਿਆ ਰੂ—ਬ—ਰੂ ਸਮਾਗਮ ਸ਼ਾਨਦਾਰ ਹੋ ਨਿਬੜਿਆ। ਇਸ ਸਮਾਗਮ ਵਿੱਚ ਵਿਸ਼ੇਸ਼ ਮਹਿਮਾਨ ਵਜੋਂ ਦਵਾਰਕਾ ਭਾਰਤੀ ਲੇਖਕ ਅਤੇ ਚਿੰਤਕ ਨੇ ਸ਼ਿਰਕਤ ਕੀਤੀ। ਜੀ ਆਇਆਂ ਸ਼ਬਦ ਸੰਸਥਾ ਦੇ ਮੁਖੀ



ਪ੍ਰਿੰਸੀਪਲ ਬਲਵਿੰਦਰ ਕੁਮਾਰ ਨੇ ਆਖੇ। ਭਾਸ਼ਾ ਵਿਭਾਗ ਦੀਆਂ ਗਤੀਵਿਧੀਆਂ ਅਤੇ ਕਾਰਜਾਂ ਬਾਰੇ ਜਾਣਕਾਰੀ ਡਾ. ਜਸਵੰਤ ਰਾਏ ਨੇ ਸੰਖੇਪ ਵਿੱਚ ਦਿੱਤੀ। ਉਪਰੰਤ ਹੁਣੇ-ਹੁਣੇ ਸਦੀਵੀ ਵਿਛੋੜਾ ਦੇ ਗਏ ਅੰਬੇਡਕਰੀ ਲੇਖਕ, ਸੰਪਾਦਕ ਅਤੇ ਚਿੰਤਕ ਲਾਹੌਰੀ ਰਾਮ ਬਾਲੀ ਨੂੰ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਭੇਟ ਕੀਤੀ ਗਈ।

ਡਾ. ਰੱਤੂ ਨੇ ਅਧਿਆਪਕਾਂ ਅਤੇ ਸੈਂਕੜੇ ਦੀ ਤਾਦਾਦ ਵਿੱਚ ਹਾਜ਼ਰ ਵਿਦਿਆਰਥਣਾਂ ਨਾਲ 'ਰੂਹ ਸੇ ਸੰਵਾਦ' ਰਚਾਇਆ। ਉਨ੍ਹਾਂ ਪ੍ਰਾਇਮਰੀ ਸਕੂਲ ਵਿੱਚ ਟਾਟ 'ਤੇ ਬੈਠ ਕੇ ਪੜ੍ਹਨ ਤੋਂ ਲੈ ਕੇ ਦੇਸ਼ ਦੇ ਅਨੇਕਾਂ ਰਾਜਾਂ ਦੇ ਦੂਰਦਰਸ਼ਨ ਦੇ ਡਾਇਰੈਕਟਰ ਵਜੋਂ ਸੇਵਾ ਕਰਨ ਦੇ ਅਨੇਕ ਬਿਰਤਾਂਤ ਸਾਂਝੇ ਕੀਤੇ। ਸੌ ਤੋਂ ਵੱਧ ਕਿਤਾਬਾਂ ਦੇ ਲੇਖਕ, ਅਨੁਵਾਦਕ ਤੇ ਸੰਪਾਦਕ ਡਾ. ਰੱਤੂ ਨੇ ਕਿਹਾ ਕਿ ਜੇਕਰ ਵਿਦਿਆਰਥੀ ਆਪਣੀ ਜ਼ਿੰਦਗੀ ਵਿੱਚ ਦੋ ਚੀਜ਼ਾਂ ਨੀਂਦ ਅਤੇ ਖ਼ਵਾਇਸ਼ਾਂ 'ਤੇ ਕੰਟਰੋਲ ਕਰ ਲਵੇ ਤਾਂ ਉਸਨੂੰ ਤਰੱਕੀ ਕਰਨ ਤੋਂ ਕੋਈ ਨਹੀਂ ਰੋਕ ਸਕਦਾ। ਉਨ੍ਹਾਂ ਵਿਦਿਆਰਥਣਾਂ ਨੂੰ ਸਫ਼ਲ ਹੋਣ ਲਈ 'ਮੋਬਾਇਲ ਫੋਨ ਉਪਵਾਸ' ਰੱਖਣ ਦੀ ਵੀ ਤਾਕੀਦ ਕੀਤੀ। ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਦੀਆਂ ਅਨੇਕਾਂ ਸੰਸਥਾਵਾਂ ਵਲੋਂ ਸਨਮਾਨ ਦੇ ਨਾਲ-ਨਾਲ ਉਨ੍ਹਾਂ ਨੂੰ ਭਾਸ਼ਾ ਵਿਭਾਗ ਪੰਜਾਬ, ਪੰਜਾਬ ਸਰਕਾਰ ਵਲੋਂ ਪੰਜਾਬ ਰਤਨ ਤੇ ਉਤਰਾਖੰਡ ਸਰਕਾਰ ਵਲੋਂ ਉਤਰਾਖੰਡ ਰਤਨ ਪੁਰਸਕਾਰ ਵੀ ਪ੍ਰਾਪਤ ਹੋ ਚੁੱਕਾ ਹੈ। ਉਨ੍ਹਾਂ ਦੀਆਂ ਲਿਖੀਆਂ ਕਿਤਾਬਾਂ ਦੇਸੀ ਤੇ ਵਿਦੇਸ਼ੀ ਜ਼ੁਬਾਨਾਂ ਵਿੱਚ ਅਨੁਵਾਦ ਹੋ ਚੁੱਕੀਆਂ ਹਨ। ਇਸ ਸਮੇਂ ਹੋਏ ਸੰਵਾਦ ਵਿੱਚੋਂ ਵਿਦਿਆਰਥਣਾਂ ਨੂੰ ਸਵਾਲ ਜਵਾਬ ਕੀਤੇ ਗਏ ਤੇ ਜੇਤੂਆਂ ਨੂੰ ਭਾਸ਼ਾ ਵਿਭਾਗ ਵਜੋਂ ਸਨਮਾਨਿਤ ਕੀਤਾ ਗਿਆ। ਧੰਨਵਾਦੀ ਸ਼ਬਦ ਸਮਾਗਮ ਨੂੰ ਸਮੇਟਦਿਆਂ ਦਵਾਰਕਾ ਭਾਰਤੀ ਨੇ ਆਖੇ। ਇਸ ਮੌਕੇ ਭਾਸ਼ਾ ਵਿਭਾਗ ਵਜੋਂ ਡਾ. ਰੱਤੂ, ਦਵਾਰਕਾ ਭਾਰਤੀ, ਪ੍ਰਿੰਸੀਪਲ ਬਲਵਿੰਦਰ ਕੁਮਾਰ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਸਟੇਜ ਦੀ ਕਾਰਵਾਈ ਡਾ. ਜਸਵੰਤ ਰਾਏ ਨੇ ਬਾਖ਼ੂਬੀ ਚਲਾਈ। ਇਸ ਸਮੇਂ ਕਾਮਰੇਡ ਰਜਿੰਦਰ ਸਿੰਘ, ਜੀ.ਬੀ.ਸੀ.ਚੈਨਲ ਤੋਂ ਜਤਿੰਦਰ ਪ੍ਰਿੰਸ ਅਤੇ ਲਵਿਸ਼ਾ ਕਲਿਆਣ, ਕਾਂਤਾ ਦੇਵੀ, ਰਾਜਵਿੰਦਰ ਕੌਰ, ਹਰਵਿੰਦਰ ਕੌਰ, ਸੁਖਵਿੰਦਰ ਕੌਰ, ਪਵਨ ਕੁਮਾਰ, ਕਿਰਨ ਬਾਲਾ, ਨੀਲਮ ਰਾਣੀ, ਦੀਪਾ ਰਹੇਲਾ, ਦਵਿੰਦਰ ਸਿੰਘ ਸਮੂਹ ਸਟਾਫ ਅਤੇ ਵਿਦਿਆਰਥਣਾਂ ਹਾਜ਼ਰ ਸਨ।

# ਵਿਦੇਸ਼ਾਂ 'ਚ ਫਸੇ ਪੰਜਾਬੀਆਂ ਦੀ ਘਰ ਵਾਪਸੀ ਲਈ ਕਰਾਂਗੇ ਮਦਦ : ਧਾਲੀਵਾਲ

**ਚੰਡੀਗੜ੍ਹ–** ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਿਦੇਸ਼ਾਂ ਵਿੱਚ ਫਸੇ ਪੰਜਾਬੀਆਂ ਦੀ ਸੁਰੱਖਿਅਤ ਘਰ ਵਾਪਸੀ ਲਈ ਹਰ ਸੰਭਵ ਮਦਦ ਕਰੇਗੀ ਅਤੇ ਠੱਗ ਟਰੈਵਲ ਏਜੰਟਾਂ ਵਿਰੁੱਧ ਸਖ਼ਤ ਕਾਰਵਾਈ ਅਮਲ 'ਚ ਲਿਆਵੇਗੀ। ਪੰਜਾਬ ਦੇ ਐਨ.ਆਰ.ਆਈ. ਮਾਮਲਿਆਂ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਨੇ ਸੂਬੇ ਦੇ ਨੌਜਵਾਨਾਂ ਨਾਲ ਠੱਗੀ ਮਾਰਨ ਦਾ ਨਾਜਾਇਜ਼ ਧੰਦਾ ਕਰ ਰਹੇ ਟਰੈਵਲ ਏਜੰਟਾਂ ਵਿਰੁੱਧ ਸਖ਼ਤ ਕਾਰਵਾਈ ਕਰਨ ਦੀ ਤਿਆਰੀ ਕਰ ਲਈ ਹੈ। ਉਨ੍ਹਾਂ ਕਿਹਾ ਕਿ ਐਨ.ਆਰ.ਆਈ. ਵਿਭਾਗ ਅਤੇ ਪੁਲੀਸ ਵਿਭਾਗ ਦੇ ਅਧਿਕਾਰੀਆਂ ਦੀ ਇੱਕ ਵਿਸ਼ੇਸ਼ ਮੀਟਿੰਗ 11 ਜੁਲਾਈ ਨੂੰ ਮੀਟਿੰਗ ਸੱਦੀ ਗਈ ਹੈ, ਜਿਸ ਵਿੱਚ ਠੱਗ ਟਰੈਵਲ ਟੇਜੰਟਾਂ ਵਿਰੱਧ ਬਣਦੀ ਸਖ਼ਤ ਕਾਰਵਾਈ ਕਰਨ ਦਾ ਮਾਮਲਾ ਵਿਚਾਰਿਆ ਜਾਵੇਗਾ।



ਐਨ.ਆਰ.ਆਈ. ਮੰਤਰੀ ਨੇ ਦੱਸਿਆ ਕਿ ਪ੍ਰਵਾਸੀ ਮਾਮਲਿਆਂ ਵਿਭਾਗ, ਪੰਜਾਬ ਵੱਲੋਂ ਠੱਗ ਟਰੈਵਲ ਏਜੰਟਾਂ ਦੀ ਲਿਸਟ ਪਹਿਲਾਂ ਹੀ ਤਿਆਰ ਕਰ ਲਈ ਗਈ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਨੌਜਵਾਨਾਂ ਦੀ ਭਲਾਈ ਲਈ ਵਚਨਬੱਧ ਹੈ ਅਤੇ ਕਿਸੇ ਵੀ ਨੌਜਵਾਨ ਨਾਲ ਅਨਿਆਂ ਨਹੀਂ ਹੋਣ ਦੇਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਨੌਜਵਾਨਾਂ ਮੁੰਡੇ-ਕੁੜੀਆਂ, ਜੋ ਠੱਗ ਟਰੈਵਲ ਏਜੰਟਾਂ ਦੀ ਠੱਗੀ ਕਾਰਨ ਵਿਦੇਸ਼ਾਂ ਵਿੱਚ ਫਸੇ ਹੋਏ ਹਨ, ਉਨ੍ਹਾਂ ਦੀ ਘਰ ਵਾਪਸੀ ਲਈ ਪੰਜਾਬ ਸਰਕਾਰ ਹਰ ਸੰਭਵ ਮਦਦ ਕਰੇਗੀ, ਉਹ ਐਨ.ਆਰ.ਆਈ ਵਿਭਾਗ ਪੰਜਾਬ ਨਾਲ ਸੰਪਰਕ ਕਰਨ।

> ਧਾਲੀਵਾਲ ਨੇ ਪੰਜਾਬ 'ਚ ਠੱਗੀ ਦਾ ਕਾਰੋਬਾਰ ਕਰ ਰਹੇ ਟਰੈਵਲ ਏਜੰਟਾਂ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਉਹ ਅਜਿਹੇ ਕੰਮ ਛੱਡ ਦੇਣ ਨਹੀਂ ਤਾਂ ਉਨ੍ਹਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਜ਼ਿਕਰਯੋਗ ਹੈ ਕਿ ਐਨ.ਆਰ.ਆਈ. ਮੰਤਰੀ ਸ. ਧਾਲੀਵਾਲ ਦੇ ਯਤਨਾਂ ਸਦਕਾ ਇਰਾਕ ਵਿੱਚ ਫਸੀ ਪੰਜਾਬ ਦੀ ਇੱਕ ਧੀ ਦੀ ਪਿਛਲੇ ਦਿਨੀਂ ਸੁਰੱਖਿਅਤ ਘਰ ਵਾਪਸੀ ਹੋਈ ਸੀ।

ਇਹ ਲੜਕੀ ਆਪਣੇ ਚੰਗੇ ਭਵਿੱਖ ਤੇ ਘਰ ਦੀ ਮਾਲੀ ਹਾਲਤ ਸੁਧਾਰਨ ਲਈ ਅੰਮ੍ਰਿਤਸਰ ਤੋਂ ਇਰਾਕ ਗਈ ਸੀ, ਜਿਸਨੂੰ ਗੁਰਦਾਸਪੁਰ ਦੇ ਇੱਕ ਏਜੰਟ ਨੇ ਧੋਖੇ ਨਾਲ ਉੱਥੇ ਫਸਾ ਦਿੱਤਾ ਸੀ ਅਤੇ ਉਸਦੇ ਸਾਰੇ ਪੈਸੇ ਤੇ ਪਾਸਪੋਰਟ ਆਪਣੇ ਕੋਲ ਰੱਖ ਲਏ ਸੀ। ਇਸ ਲੜਕੀ ਦੀ ਅੰਮ੍ਰਿਤਸਰ ਵਾਪਸੀ ਮੌਕੇ ਸ. ਧਾਲੀਵਾਲ ਖੁਦ ਅੰਮ੍ਰਿਤਸਰ ਏਅਰਪੋਰਟ ਵਿਖੇ ਪਹੁੰਚੇ ਸਨ।

# ਪੰਜਾਬੀ, ਕਿਸਾਨੀ ਤੇ ਪਾਣੀਆਂ ਦੇ ਲੇਖੇ ਇੱਕ ਸਾਲ : ਸੰਤ ਸੀਚੇਵਾਲ

**ਕਪੂਰਥਲਾ–** ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਰਾਜ ਸਭਾ ਵਿੱਚ ਇੱਕ ਸਾਲ ਮੁਕੰਮਲ ਕਰ ਲੈਣ ਉਤੇ ਰਿਪੋਰਟ ਕਾਰਡ ਪੇਸ਼ ਕਰਦਿਆਂ ਕਿਹਾ ਕਿ 75 ਸਾਲਾਂ ਵਿੱਚ ਪਹਿਲੀ ਵਾਰ ਰਾਜ ਸਭਾ ਵਿੱਚ ਪੰਜਾਬੀ ਲਾਗੂ ਕਰਵਾਏ ਜਾਣ ਦਾ ਉਹਨਾਂ ਨੂੰ ਸਭ ਤੋਂ ਵੱਧ ਮਾਣ ਹੈ। ਸੰਤ ਸੀਚੇਵਾਲ ਨੇ ਆਪਣੇ ਇਕ ਸਾਲ ਦੇ ਕਾਰਜ ਕਾਲ ਦੌਰਾਨ ਪੰਜਾਬ, ਪੰਜਾਬੀ, ਕਿਸਾਨੀ, ਪਾਣੀ, ਵਾਤਾਵਰਣ ਤੇ ਗਰੀਬਾਂ ਲੋੜਵੰਦਾਂ ਦੇ ਮੁੱਦਿਆਂ ਨੂੰ ਗੰਭੀਰਤਾ ਨਾਲ ਰਾਜ ਸਭਾ ਵਿੱਚ ਉਠਾਇਆ।



ਬਤੌਰ ਮੈਂਬਰ ਪਾਰਲੀਮੈਂਟ ਦੇ ਅਧਿਕਾਰਾਂ ਦੀ ਵਰਤੋਂ ਕਰਦਿਆ ਉਨ੍ਹਾਂ ਨੇ ਪ੍ਰਧਾਨ ਮੰਤਰੀ ਰਾਹਤ ਫੰਡ ਵਿੱਚੋਂ ਕੈਂਸਰ ਤੇ ਹੋਰ ਬਿਮਾਰੀਆਂ ਨਾਲ ਪੀੜਿਤ ਲੋਕਾਂ ਨੂੰ 20 ਲੱਖ ਦੀ ਸਹਾਇਤਾ ਲੈ ਕੇ ਦਿੱਤੀ। ਉੱਥੇ ਹੀ ਆਪਹਜ਼ ਵਿਅਕਤੀਆਂ ਲਈ ਮੋਟਰਾਈਜ਼ਡ ਟਰਾਈਸਾਈਕਲ ਲਈ 12 ਲੱਖ 84 ਹਜ਼ਾਰ ਦੀ ਸਹਾਇਤਾ ਰਾਸ਼ੀ, ਆਪਣੇ ਫੰਡ ਵਿੱਚੋਂ ਦਿੱਤੀ। ਇਸਤੋਂ ਇਲਾਵਾ 100 ਦੇ ਕਰੀਬ ਅਪਾਹਜ ਵਿਅਕਤੀਆਂ ਨੂੰ ਮੋਟਰਾਈਜ਼ਡ ਟਰਾਈਸਾਈਕਲ ਦਿੱਤੀਆਂ। ਸੰਤ ਬਲਬੀਰ ਸਿੰਘ ਸੀਚੇਵਾਲ ਨੇ ਦੱਸਿਆ ਕਿ ਪੰਜਾਬ ਵਿੱਚ ਧਰਤੀ ਹੇਠਲੇ ਪਾਣੀਆਂ ਨੂੰ ਉਪਰ ਚੁੱਕਣ ਲਈ ਚਿੱਟੀ ਵੇਈਂ ਤੇ 200 ਕਿਊਸਿਕ ਪਾਣੀ ਛੱਡਣ ਵਾਸਤੇ ਰੈਗੂਲੇਟਰ ਬਣਾਉਣ ਲਈ 1 ਕਰੋੜ 19 ਲੱਖ ਦੇ ਪ੍ਰਾਜੈਕਟ ਉਤੇ ਕੰਮ ਸ਼ੁਰੂ ਕਰਵਾਇਆ ਹੈ ਤਾਂ ਜੋ ਚਿੱਟੀ ਵੇਈਂ ਸਾਰਾ ਸਾਲ ਵਗਦੀ ਰਹੇ।

ਸੰਤ ਸੀਚੇਵਾਲ ਨੇ ਵਿਦੇਸ਼ ਮੰਤਰੀ ਜੈਸ਼ੰਕਰ ਦਾ ਧੰਨਵਾਦ ਕਰਦਿਆ ਕਿਹਾ ਕਿ ਵਿਦੇਸ਼ਾਂ ਵਿੱਚ ਭਾਰਤੀ ਅੰਬੈਸੀਆਂ ਰਾਹੀ ਉਹਨਾਂ ਨੇ ਵੱਖ-ਵੱਖ ਦੇਸ਼ਾਂ ਵਿੱਚੋਂ ਟਰੈਵਲ ਏਜੰਟਾਂ ਰਾਹੀਂ ਫਸੇ ਮੁੰਡੇ ਤੇ ਕੁੜੀਆਂ ਨੂੰ ਸੁਰੱਖਿਅਤ ਆਪਣੇ ਘਰੀਂ ਪਰਤਾਉਣ ਦਾ ਆਪਣਾ ਮੁੱਢਲਾ ਫਰਜ਼ ਨਿਭਾਇਆ ਹੈ। ਉਹਨਾਂ ਦੱਸਿਆ ਕਿ ਅਰਬ ਦੇਸ਼ਾਂ ਵਿੱਚੋਂ 7 ਲੜਕੀਆਂ ਨੂੰ ਵਾਪਿਸ ਲਿਆਂਦਾ ਗਿਆ ਹੈ। ਇਸੇ ਤਰ੍ਹਾਂ ਵੱਖ-ਵੱਖ ਦੇਸ਼ਾ ਵਿੱਚ ਫਸੇ 11 ਲੜਕਿਆਂ ਨੂੰ ਵਾਪਿਸ ਲ਼ਿਆਂਦਾ ਗਿਆ ਹੈ। ਸੰਤ ਸੀਚੇਵਾਲ ਨੇ ਦੱਸਿਆ ਕਿ ਵਿਦੇਸ਼ਾਂ ਵਿੱਚ ਰੋਜ਼ੀ ਰੋਟੀ ਕਮਾਉਣ ਲਈ ਗਏ ਜਿਹੜੇ 8 ਨੌਜਵਾਨਾਂ ਦੀ ਮੌਤ ਵਿਦੇਸ਼ਾਂ ਵਿੱਚ ਹੋ ਗਈ ਸੀ। ਉਹਨਾਂ ਦੀਆਂ ਮ੍ਰਿਤਕ ਦੇਹਾਂ ਨੂੰ ਅੰਤਿਮ ਰਸਮਾਂ ਲਈ ਉਹਨਾਂ ਦੇ ਪਰਿਵਾਰ ਤੱਕ ਪਹੁੰਚਾਇਆ ਗਿਆ।

ਸੰਤ ਬਲਬੀਰ ਸਿੰਘ ਸੀਚੇਵਾਲ ਨੇ ਦੱਸਿਆ ਕਿ ਉਨ੍ਹਾਂ ਨੇ ਇਤਿਹਾਸਿਕ ਪਿੰਡ ਡੱਲਾ ਨੂੰ ਗੋਦ ਲਿਆ ਹੋਇਆ ਹੈ। ਇਸਦੇ ਬਹੁ-ਪੱਖੀ ਵਿਕਾਸ ਲਈ 50 ਲੱਖ ਤੋਂ ਵੱਧ ਦੀ ਰਕਮ ਖਰਚੀ ਜਾ ਰਹੀ ਹੈ। ਪੰਜਾਬ ਦੇ ਵੱਖ-ਵੱਖ ਪਿੰਡਾਂ ਦੀ ਪੀਣ ਵਾਲੇ ਪਾਣੀ ਦੇ 20 ਟੈਂਕਰ ਲੈ ਕੇ ਦਿੱਤੇ ਗਏ ਹਨ। ਉਨ੍ਹਾਂ ਦੱਸਿਆ ਕਿ ਸੰਸਦ ਵਿੱਚ ਉਹਨਾਂ ਨੇ ਆਪਣੇ ਪਹਿਲੇ ਭਾਸ਼ਣ ਦੌਰਾਨ ਹੀ ਕਿਸਾਨਾਂ ਦੇ ਮੁੱਦਿਆਂ ਨੂੰ ਬੜੀ ਗੰਭੀਰਤਾ ਨਾਲ ਚੁੱਕਿਆ ਸੀ। ਤਿੰਨ ਸੈਸ਼ਨਾਂ ਦੌਰਾਨ ਕਿਸਾਨਾਂ ਦੀਆਂ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ, ਖੁਦਕੁਸ਼ੀਆਂ ਅਤੇ ਉਹਨਾਂ ਦੀ ਫਸਲ ਦੇ ਵਾਜਿਬ ਮੁੱਲ ਨਾ ਮਿਲਣ ਦਾ ਮੁੱਦਿਆਂ ਨੂੰ ਉਠਾਇਆ।

ਪਹਿਲੇ ਸ਼ੈਸ਼ਨ ਦੌਰਾਨ ਹੀ ਪਾਕਿਸਤਾਨ ਵੱਲੋਂ ਭਾਰਤ ਵਿੱਚੋਂ ਜਾ ਰਹੀਆਂ 22 ਡਰੇਨਾਂ ਦੇ ਪਾਣੀਆਂ ਨੂੰ ਬੰਨ੍ਹ ਮਾਰਨ ਨਾਲ ਧਰਤੀ ਹੇਠਲੇ ਦੂਸ਼ਿਤ ਹੋ ਰਹੇ ਪਾਣੀਆਂ ਮੁੱਦਾ ਸਦਨ ਵਿੱਚ ਰੱਖਿਆ। ਕਾਰਪੋਰਟਾਂ ਵਾਂਗ ਕਿਸਾਨਾਂ ਤੇ ਮਜ਼ਦੂਰਾਂ ਦੇ ਕਰਜ਼ਿਆਂ ਤੇ ਲੀਕ ਮਾਰਨ ਦੀ ਸੰਸਦ ਵਿੱਚ ਮੰਗ ਕੀਤੀ। ਮਨਰੇਗਾ ਵਰਕਰਾਂ ਦੀਆਂ ਮੁਸ਼ਕਿਲਾਂ ਅਤੇ ਇਸ ਸਕੀਮ ਤਹਿਤ ਫੰਡ ਦੇਰੀ ਨਾਲ ਮਿਲਣ ਦਾ ਮੁੱਦਾ ਵੀ ਉਠਾਇਆ। ਸੰਤ ਸੀਚੇਵਾਲ ਨੇ ਕਿਹਾ ਕਿ ਉਹ 20 ਜੁਲਾਈ ਤੋਂ ਸ਼ੁਰੂ ਹੋਣ ਵਾਲੇ ਮਾਨਸੂਨ ਸੈਸ਼ਨ ਵਿੱਚ ਵੀ ਪੰਜਾਬ ਦੇ ਮੁੱਦਿਆਂ ਨੂੰ ਗੰਭੀਰਤਾ ਨਾਲ ਉਠਾਉਣਗੇ।

# ਨੀਵੇਂ ਇਲਾਕਿਆਂ 'ਚ ਇਕੱਠੇ ਹੋਏ ਪਾਣੀ ਦੀ ਨਿਕਾਸੀ ਸਬੰਧੀ ਕੀਤੇ ਜਾ ਰਹੇ ਹਨ ਪ੍ਰਬੰਧ - ਡਿਪਟੀ ਕਮਿਸ਼ਨਰ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਅਤੇ ਐਸ.ਐਸ.ਪੀ. ਭਾਗੀਰਥ ਮੀਣਾ ਨੇ ਸੋਮਵਾਰ ਨੂੰ ਜ਼ਿਲ੍ਹੇ ਦੇ ਵੱਖ-ਵੱਖ ਥਾਵਾਂ 'ਤੇ ਮੀਂਹ ਨਾਲ ਪ੍ਰਭਾਵਿਤ ਹੋਏ ਇਲਾਕਿਆਂ ਦਾ ਦੌਰਾ ਕੀਤਾ। ਉਨ੍ਹਾਂ ਨੇ ਜ਼ਿਲ੍ਹੇ ਦੇ ਵਿਚ ਵਿਸ਼ੇਸ਼ ਤੌਰ ਤੇ ਪਹੁੰਚੇ ਐਨ. ਡੀ. ਆਰ. ਐਫ ਦੀ ਟੀਮ ਦੇ ਅਧਿਕਾਰੀਆਂ ਦੇ ਨਾਲ ਵੀ ਮੁਲਾਕਾਤ ਕੀਤੀ ਅਤੇ ਮੀਂਹ ਨਾਲ ਪ੍ਰਭਾਵਿਤ ਖੇਤਰਾਂ ਵਿੱਚ ਜਾ ਕੇ ਬਚਾਉ ਕਾਰਜ ਕਰਨ ਸਬੰਧੀ ਨਿਰਦੇਸ਼ ਜਾਰੀ ਕੀਤਾ। ਉਨ੍ਹਾਂ ਨੇ ਨਵਾਂਸ਼ਹਿਰ ਚੰਡੀਗੜ੍ਹ ਰੋਡ 'ਤੇ ਇਕੱਠੇ ਹੋਏ ਪਾਣੀ ਦੀ ਨਿਕਾਸੀ ਦੇ ਲਈ ਸਬੰਧਤ ਅਧਿਕਾਰੀਆਂ ਨੂੰ ਦਿਸ਼ਾ-ਨਿਰਦੇਸ਼ ਦਿੱਤੇ। ਉਨ੍ਹਾਂ ਨੇ ਕਿਹਾ ਕਿ ਗੜ੍ਹਸ਼ੰਕਰ ਬਾਈਪਾਸ ਚੌਂਕ ਵਿਖੇ ਸੜਕ ਨੂੰ ਪੁੱਟ ਕੇ ਜਮ੍ਹਾਂ ਹੋਏ ਪਾਣੀ ਨੂੰ ਕੱਢਿਆ ਜਾ ਰਿਹਾ ਹੈ, ਤਾਂ ਜੋ ਸੜਕ ਦੇ ਨਾਲ ਜਿਹੜੀਆਂ ਨੀਵੀਆਂ ਥਾਵਾਂ 'ਤੇ ਪਾਣੀ ਇਕੱਠਾ ਹੋਇਆ ਹੈ ਜਲਦ ਨਿਕਲ ਸਕੇ। ਉਨ੍ਹਾਂ ਨੇ ਕਿਹਾ ਕਿ ਐਨ. ਡੀ. ਆਰ. ਐਫ ਟੀਮ ਵੀ ਜ਼ਿਲ੍ਹੇ ਵਿੱਚ ਪਹੁੰਚ ਚੁੱਕੀ ਹੈ। ਇਸ ਟੀਮ ਦੀ ਜਿਹੜੇ ਇਲਾਕਿਆਂ ਵਿੱਚ ਲੋੜ ਹੋਵੇਗੀ ਉਥੇ ਇਹ ਟੀਮ ਭੇਜੀ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਟੀਮ ਦੇ ਨਾਲ ਦੋ ਮੋਟਰ ਬੋਟਸ ਵੀ ਮਿਲੀਆਂ ਹਨ, ਲੋੜ ਪੈਣ 'ਤੇ ਇਨ੍ਹਾਂ ਦਾ ਵੀ ਇਸਤੇਮਾਲ ਕੀਤਾ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਜ਼ਿਲ੍ਹੇ ਵਿੱਚ ਪਿੰਡ ਪੋਜੇਵਾਲ ਅਤੇ ਰਾਹੋਂ ਖੇਤਰ ਵਿੱਚ ਦੋ ਮੌਤਾਂ ਹੋਈਆਂ ਹਨ, ਜੋ ਕਿ ਅਣਗਹਿਲੀ ਨਾਲ ਪਾਣੀ



ਵਿੱਚ ਨਹਾਉਂਣ ਦੀ ਕੋਸ਼ਿਸ਼ ਦੌਰਾਨ ਹੋਈਆਂ ਹਨ। ਉਨ੍ਹਾਂ ਨੇ ਅਪੀਲ ਕਰਦਿਆਂ ਕਿਹਾ ਕਿ ਬੱਚਿਆਂ ਨੂੰ ਇਕੱਠੇ ਹੋਏ ਪਾਣੀ ਵਿੱਚ ਨਹਾਉਂਣ ਤੋਂ ਰੋਕਿਆ ਜਾਣਾ ਚਾਹੀਦਾ ਹੈ, ਕਈ ਬਾਰ ਤੇਜ਼ ਗਤੀ ਨਾਲ ਪਾਣੀ ਆਉਣ 'ਤੇ ਜਾਨੀ ਨੁਕਸਾਨ ਹੋਣ ਦਾ ਖਤਰਾ ਬਣਿਆ ਰਹਿੰਦਾ ਹੈ।ਉਨ੍ਹਾਂ ਕਿਹਾ ਕਿ ਪਿੰਡ ਰੈਲ ਬਰਾਮਦ ਵਿਖੇ ਕੁਝ ਪਿੰਡ ਵਾਸੀਆਂ ਨੂੰ ਰੈਸਕਿਊ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਮੀਂਹ ਕਾਰਨ ਪ੍ਰਭਾਵਿਤ ਹੋਏ ਪਿੰਡਾਂ ਵਿੱਚ ਰਾਸ਼ਨ ਸਮੱਗਰੀ ਵੀ ਪਹੁੰਚਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨਿਕ ਅਧਿਕਾਰੀਆਂ ਵੱਲੋਂ ਦਿਨ-ਰਾਤ ਕੰਮ ਕੀਤਾ ਜਾ ਰਿਹਾ ਹੈ, ਤਾਂ ਜੋ ਇਸ ਕੁਦਰਤੀ ਆਫ਼ਤ ਨਾਲ ਨਜਿੱਠਿਆ ਜਾ ਸਕੇ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਇਹ ਵੀ ਅਪੀਲ ਕਰਦਿਆਂ ਕਿਹਾ ਕਿ ਉਹ ਦਰਿਆਵਾਂ, ਨਹਿਰਾਂ, ਚੋਆਂ ਅਤੇ ਨੀਵੇਂ ਇਲਾਕਿਆਂ ਵਿਚ ਜਾਣ ਤੋਂ ਗੁਰੇਜ਼ ਕਰਨ। ਇਸ ਉਪਰੰਤ ਉਨ੍ਹਾਂ ਨੇ ਪਿੰਡ ਮਹਾਲੋਂ ਰੇਲਵੇ ਫਲਾਈ ਓਵਰ, ਸਨਾਵਾ, ਜਾਡਲਾ, ਬਲਾਚੌਰ, ਕਾਠਗੜ੍ਹ, ਆਸਰੋਂ ਅਤੇ ਭੱਲਾ ਵਿਖੇ ਬਰਸਾਤ ਦੌਰਾਨ ਇਕੱਠੇ ਹੋਏ ਪਾਣੀ ਦੀ ਨਿਕਾਸੀ ਸਬੰਧੀ ਕੀਤੇ ਜਾ ਰਹੇ ਪ੍ਰਬੰਧਾਂ ਦਾ ਜਾਇਜ਼ਾ ਲਿਆ ਅਤੇ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਵੀ ਦਿੱਤੇ। ਇਸ ਦੌਰਾਨ ਐਸ.ਐਸ.ਪੀ ਭਾਗੀਰਥ ਮੀਣਾ ਨੇ ਪੁਲਿਸ ਵਿਭਾਗ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੰਦਿਆਂ ਕਿਹਾ ਕਿ ਉਨ੍ਹਾਂ ਨੂੰ ਜਿਵੇਂ ਹੀ ਕੋਈ ਸੂਚਨਾ ਮਿਲਦੀ ਹੈ, ਤਾਂ ਤੁਰੰਤ ਮੌਕੇ 'ਤੇ ਪਹੁੰਚ ਕੇ ਰਾਹਤ ਕਾਰਜ ਕੀਤੇ ਜਾਣ। ਸਾਰੇ ਪੁਲਿਸ ਅਧਿਕਾਰੀ ਅਤੇ ਕਰਮਚਾਰੀ ਇਕ ਦੂਜੇ ਨਾਲ ਤਾਲਮੇਲ ਕਰਦੇ ਹੋਏ ਆਪਣੀ ਡਿਊਟੀ ਤਨਦੇਹੀ ਨਾਲ ਨਿਭਾਉਣ। ਇਸ ਮੌਕੇ 'ਤੇ ਵਧੀਕ ਡਿਪਟੀ ਕਮਿਸ਼ਨਰ (ਜ) ਰਾਜੀਵ ਵਰਮਾ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਕਾਰੀ ਤੇ ਕਰਮਚਾਰੀ ਵੀ ਮੌਜੂਦ ਸਨ।

# ਕੈਬਨਿਟ ਮੰਤਰੀ ਅਮਨ ਅਰੋੜਾ ਵੱਲੋਂ ਬਡਰੁੱਖਾਂ ਵਿਖੇ ਰਾਜ ਪੱਧਰੀ ਬਰਸੀ ਸਮਾਗਮ ਦੌਰਾਨ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ

**ਬਡਰੁੱਖਾਂ/ਸੰਗਰੂਰ, (ਦਲਜੀਤ ਕੌਰ)–** ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ 184ਵੀਂ ਬਰਸੀ ਦੇ ਮੌਕੇ ਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸ਼ਰਧਾ ਦੇ ਫ਼ੁੱਲ ਤੇ ਸਤਿਕਾਰ ਭੇਂਟ ਕਰਨ ਲਈ ਮਹਾਰਾਜਾ ਰਣਜੀਤ ਸਿੰਘ ਦੇ ਨਾਨਕਾ ਪਿੰਡ ਬਡਰੁੱਖਾਂ ਵਿਖੇ ਰਾਜ ਪੱਧਰੀ ਬਰਸੀ ਸਮਾਗਮ ਕਰਵਾਇਆ ਗਿਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਪਹੁੰਚੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਹਾਲ ਹੀ ਵਿੱਚ ਪੰਜਾਬ ਸਰਕਾਰ ਵੱਲੋਂ ਬਡਰੁੱਖਾਂ ਵਿਖੇ ਸਥਾਪਤ ਕਰਵਾਏ ਗਏ ਮਹਾਰਾਜਾ ਰਣਜੀਤ ਸਿੰਘ ਜੀ ਦੇ ਬੁੱਤ ਉੱਪਰ ਫੁੱਲ ਮਾਲਾਵਾਂ ਪਾ ਕੇ ਸ਼ਰਧਾ ਦੇ ਫ਼ੁੱਲ ਭੇਂਟ ਕੀਤੇ। ਇਸ ਮੌਕੇ ਕੈਬਨਿਟ ਮੰਤਰੀ ਨੇ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਦੀਆਂ ਪੈੜਾਂ ਬਹੁਤ ਡੂੰਘੀਆਂ, ਮਜ਼ਬੂਤ ਤੇ ਪਵਿੱਤਰ ਹਨ ਜਿਸਦਾ ਅੰਦਾਜ਼ਾ ਉਨ੍ਹਾਂ ਦੇ ਰਾਜ ਕਰਨ ਦੇ ਢੰਗ ਤੋਂ ਲਾਇਆ ਜਾ ਸਕਦਾ ਹੈ ਤੇ ਮਾਨ ਸਰਕਾਰ ਉਨ੍ਹਾਂ ਦਾ ਹਰ ਮੌਕੇ ਉੱਪਰ ਸਨਮਾਨ ਕਰਦੀ ਹੈ।

ਅਨਾਜ ਮੰਡੀ ਬਡਰੁੱਖਾਂ ਵਿਖੇ ਆਯੋਜਿਤ ਰਾਜ ਪੱਧਰੀ ਸਮਾਗਮ ਦੌਰਾਨ ਲੋਕਾਂ ਦੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਜੀ ਨੇ ਦਲੇਰਾਨਾ ਢੰਗ ਨਾਲ ਸਿੱਖ ਰਾਜ ਸਥਾਪਤ ਕੀਤਾ ਸੀ ਜਿਸ ਤੋਂ ਬਾਅਦ ਉਹ ਸਿਰਫ਼ ਸਿੱਖਾਂ ਦੇ ਹੀ ਮਹਾਰਾਜਾ ਨਹੀਂ ਬਣੇ ਸਗੋਂ ਉਨ੍ਹਾਂ ਦੀ ਧਰਮ ਨਿਰਪੱਖਤਾ ਵਾਲੀ ਸੋਚ ਕਾਰਨ ਹਰ ਫ਼ਿਰਕੇ ਦੇ ਲੋਕਾਂ ਨੇ ਉਨ੍ਹਾਂ ਨੂੰ ਆਪਣਾ ਮਹਾਰਾਜਾ ਬਣਾਇਆ। ਉਨ੍ਹਾਂ ਕਿਹਾ ਕਿ ਅੱਜ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਮਹਾਰਾਜਾ ਰਣਜੀਤ ਸਿੰਘ ਵੱਲੋਂ ਸਭ ਨੂੰ ਇੱਕ ਬਰਾਬਰ ਦੇਖਣ ਅਤੇ ਰੱਖਣ ਅਤੇ ਸਭ ਨੂੰ ਬਿਨਾਂ ਕਿਸੇ ਭੇਦ-ਭਾਵ ਤੋਂ ਹੱਕ ਤੇ ਇਨਸਾਫ਼ ਦੇਣ ਅਤੇ ਸਰਵਪੱਖੀ ਵਿਕਾਸ ਕਰਨ ਦੇ ਪਾਏ ਪੂਰਨਿਆਂ ਉੱਪਰ ਦਿਨ-ਰਾਤ ਇੱਕ ਕਰਕੇ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ




ਮਾਨ ਸਰਕਾਰ ਅਤੇ ਇਸਦੇ ਅਫ਼ਸਰ ਪਿੰਡਾਂ ਵਿੱਚ ਖੁਦ ਪਹੁੰਚ ਕਰਕੇ ਲੋਕਾਂ ਦੇ ਕੰਮ ਕਰ ਰਹੇ ਹਨ ਤਾਂ ਜੋ ਪਿਛਲੀਆਂ ਸਰਕਾਰਾਂ ਦੇ ਕਾਰਜਕਾਲ ਦੌਰਾਨ ਚਲਦੀ ਰਹੀ ਲੋਕਾਂ ਦੀ ਖੱਜਲ-ਖੁਆਰੀ ਦੀ ਪ੍ਰਥਾ ਨੂੰ ਮੁਕੰਮਲ ਤੌਰ ਤੇ ਰੋਕਿਆ ਜਾ ਸਕੇ। ਉਨ੍ਹਾਂ ਕਿਹਾ ਕਿ ਇਸਦੇ ਨਾਲ ਮਾਨ ਸਰਕਾਰ ਸਮਾਜ ਦੀਆਂ ਅਲਾਮਤਾਂ ਨੂੰ ਖਤਮ ਕਰਕੇ ਪੰਜਾਬ ਨੂੰ ਮੁੜ ਮਹਾਰਾਜਾ ਰਣਜੀਤ ਸਿੰਘ ਦਾ ਰੰਗਲਾ ਪੰਜਾਬ ਬਣਾਉਣ ਲਈ ਨਿਰੰਤਰ ਯਤਨ ਕਰ ਰਹੀ ਹੈ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਮਾਨ ਸਰਕਾਰ ਵੱਲੋਂ ਪਿਛਲੇ ਕਰੀਬ ਪੰਦਰਾਂ ਮਹੀਨਿਆਂ ਦੌਰਾਨ ਰਿਸ਼ਵਤਖੋਰੀ ਨੂੰ ਨੱਥ ਪਾ ਕੇ 300 ਤੋਂ ਵੱਧ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਮਾਨ ਸਰਕਾਰ ਲਗਾਤਾਰ ਸਿਹਤ ਤੇ ਸਿੱਖਿਆ ਦੇ ਖੇਤਰ ਵਿੱਚ ਵੀ ਕ੍ਰਾਂਤੀਕਾਰੀ ਸੁਧਾਰ ਲਿਆ ਰਹੀ ਹੈ। ਉਨ੍ਹਾਂ ਕਿਹਾ ਕਿ ਇਸੇ ਤਰਜ਼ ਉੱਪਰ ਸੁਨਾਮ ਹਲਕੇ ਵਿੱਚ ਵੀ ਸਰਵਪੱਖੀ ਵਿਕਾਸ ਕਰਵਾਉਣਾ ਯਕੀਨੀ ਬਣਾਇਆ ਜਾ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਸੁਨਾਮ ਹਲਕੇ ਵਿੱਚ 68 ਕਰੋੜ ਰੁਪਏ ਦੀ ਲਾਗਤ ਨਾਲ ਨਹਿਰੀ ਪਾਣੀ ਦੇ ਪ੍ਰੋਜੈਕਟ ਚੱਲ ਰਹੇ ਹਨ ਅਤੇ ਮਾਨ ਸਰਕਾਰ ਦੀ ਇਸ ਸ਼ਾਨਦਾਰ ਪਹਿਲਕਦਮੀ ਸਦਕਾ ਕਿਸਾਨਾਂ ਨੇ ਵੱਡੀ ਰਾਹਤ ਮਹਿਸੂਸ ਕੀਤੀ ਹੈ ਕਿਉਂ ਜੋ ਨਹਿਰਾਂ ਦਾ ਪਾਣੀ ਪਿਛਲੇ ਕਰੀਬ ਤਿੰਨ ਚਾਰ ਦਹਾਕਿਆਂ ਤੋਂ ਬਾਅਦ ਖੇਤਾਂ ਵਿੱਚ ਪੁੱਜਿਆ ਹੈ। ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਮਾਨ ਸਰਕਾਰ ਵੱਲੋਂ ਪਿੰਡ ਬਡਰੁੱਖਾਂ ਵਿੱਚ ਕਰੋੜਾਂ ਦੀ ਲਾਗਤ ਵਾਲੇ ਵਿਕਾਸ ਕਾਰਜ ਪਹਿਲਾਂ ਹੀ ਪ੍ਰਗਤੀ ਅਧੀਨ ਹਨ ਜਿਨ੍ਹਾਂ ਵਿੱਚ 10 ਲੱਖ ਰੁਪਏ ਦੀ ਲਾਗਤ ਨਾਲ ਯਾਦਗਾਰੀ ਗੇਟ, 30 ਲੱਖ ਰੁਪਏ ਦੀ ਲਾਗਤ ਨਾਲ ਲਾਇਬ੍ਰੇਰੀ, 29 ਲੱਖ ਰੁਪਏ ਦੀ ਲਾਗਤ ਨਾਲ ਹੈਲਥ ਵੈੱਲਨੈਸ ਸੈਂਟਰ, ਨਹਿਰੀ ਪਾਣੀ ਦੇ ਖਾਲਾਂ ਲਈ 2 ਕਰੋੜ 67 ਲੱਖ ਰੁਪਏ ਦੀ ਲਾਗਤ ਨਾਲ ਕਰਵਾਏ ਜਾ ਰਹੇ ਕੰਮਾਂ ਸਮੇਤ ਲਗਭਗ 4 ਕਰੋੜ ਰੁਪਏ ਦੇ ਵਿਕਾਸ ਕੰਮ ਕਰਵਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਜਲਦ ਹੀ 1 ਕਰੋੜ ਰੁਪਏ ਦੀ ਲਾਗਤ ਨਾਲ ਪਿੰਡ ਬਡਰੁੱਖਾਂ ਦੇ ਥਾਪਰ ਮਾਡਲ ਦੇ ਆਧਾਰ ਤੇ ਟੋਭਿਆਂ ਦੇ ਨਵੀਨੀਕਰਨ ਦਾ ਕੰਮ ਵੀ ਸ਼ੁਰੂ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਦੀ ਤਰਫੋਂ ਪਿੰਡ ਦੇ ਹੋਰ ਬਕਾਇਆ ਵਿਕਾਸ ਕੰਮਾਂ ਲਈ 1 ਕਰੋੜ ਰੁਪਏ ਦੇਣ ਦਾ ਐਲਾਨ ਵੀ ਕੀਤਾ। ਇਸ ਮੌਕੇ ਕੈਬਨਿਟ ਮੰਤਰੀ ਅਮਨ ਅਰੋੜਾ ਨੂੰ ਮਹਾਰਾਜਾ ਰਣਜੀਤ ਸਿੰਘ ਜੀ ਦੀ ਤਸਵੀਰ ਭੇਟ ਕਰਕੇ ਸਨ-ਮਾਨਿਤ ਕੀਤਾ ਗਿਆ।

ਇਸ ਮੌਕੇ ਡਿਪਟੀ ਕਮਿਸ਼ਨਰ ਸੰਗਰੂਰ ਜਤਿੰਦਰ ਜੋਰਵਾਲ, ਐਸ.ਐਸ.ਪੀ. ਸੁਰੇਂਦਰ ਲਾਂਬਾ, ਐਸ.ਡੀ.ਐਮ. ਨਵਰੀਤ ਕੌਰ ਸੇਖੋਂ, ਚੇਅਰਮੈਨ ਨਗਰ ਸੁਧਾਰ ਟਰੱਸਟ ਪ੍ਰੀਤਮ ਸਿੰਘ ਪੀਤੂ, ਚੇਅਰਮੈਨ ਮਾਰਕਿਟ ਕਮੇਟੀ ਸੁਨਾਮ ਮੁਕੇਸ਼ ਜੁਨੇਜਾ, ਚੇਅਰਪਰਸਨ ਬਲਾਕ ਸੰਮਤੀ ਜਸਪਾਲ ਕੌਰ, ਪ੍ਰਧਾਨ ਨਗਰ ਕੌਂਸਲ ਲੌਂਗੋਵਾਲ ਪਰਮਿੰਦਰ ਕੌਰ ਬਰਾੜ, ਸੀਨੀਅਰ ਆਗੂ ਹਰਪਾਲ ਸਿੰਘ, ਕਾਲਾ ਬਡਰੁੱਖਾਂ, ਜੱਸੀ ਬਡਰੁੱਖਾਂ, ਗੁਰਦੀਪ ਸੰਧੂ, ਜਪਿੰਦਰ ਸਿੰਘ, ਸੰਦੀਪ ਸਿੰਘ, ਰਵੀ ਕਮਲ ਗੋਇਲ, ਬਚਨ ਬੇਦਿਲ, ਹਰਦੀਪ ਭਰੂਰ, ਸੰਦੀਪ ਜਿੰਦਲ, ਭਾਨੂੰ ਪ੍ਰਤਾਪ, ਵਿੱਕੀ ਗਰਗ ਤੇ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜ਼ਰ ਸਨ।

# ਅਮਰੀਕਾ ਵਿਚ ਇਕ ਛੋਟਾ ਜਹਾਜ਼ ਉਡਾਨ ਭਰਨ ਉਪਰੰਤ ਤਬਾਹ, ਪਾਇਲਟ ਸਣੇ 5 ਮੌਤਾਂ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਸਾਊਥ ਕੈਰੋਲੀਨਾ ਰਾਜ ਵਿਚ ਉੱਤਰੀ ਮਿਰਟਲ ਬੀਚ ਸ਼ਹਿਰ ਵਿਚ ਇਕ ਛੋਟਾ ਜਹਾਜ਼ ਹਾਦਸਾ ਗ੍ਰਸਤ ਹੋਣ ਦੀ ਖਬਰ ਹੈ । ਪ੍ਰਾਪਤ ਜਾਣਕਾਰੀ ਅਨੁਸਾਰ ਜਹਾਜ਼ ਵਿਚ ਸਵਾਰ ਸਾਰੇ 5 ਵਿਅਕਤੀਆਂ ਦੀ ਮੌਤ ਹੋ ਗਈ ਜਿਨਾਂ ਵਿਚ ਜਹਾਜ਼ ਦਾ ਪਾਇਲਟ ਵੀ ਸ਼ਾਮਿਲ ਹੈ। ਨੈਸ਼ਨਲ ਟਰਾਂਸਪੋਰਟੇਸ਼ਨ ਸੇਫਟੀ ਬੋਰਡ ਅਨੁਸਾਰ ਪਾਈਪਰ ਪੀ ਏ-32 ਆਰ-300 ਜਹਾਜ਼ ਗਰੈਂਡ ਸਟਰੈਂਡ ਏਅਰਪੋਰਟ ਤੋਂ ਉਡਾਨ ਭਰਨ ਤੋਂ ਬਾਅਦ 2 ਮੀਲ ਦੂਰ ਜਾ ਕੇ ਤਬਾਹ ਹੋ ਗਿਆ। ਮ੍ਰਿਤਕਾਂ ਦੀ ਅਜੇ ਤੱਕ ਪਛਾਣ ਨਹੀਂ ਹੋ ਸਕੀ। ਉੱਤਰੀ ਮਿਰਟਲ ਬੀਚ ਪੁਲਿਸ ਦੇ ਜਨਤਿਕ ਸੂਚਨਾ ਅਫਸਰ ਪੈਟ ਵਿਲਕਿਨਸਨ ਨੇ ਕਿਹਾ ਹੈ ਕਿ ਹੌਰੀ ਕਾਊਂਟੀ ਕੋਰਨਰ ਦਫਤਰ ਦੇ ਅਧਿਕਾਰੀ ਮ੍ਰਿਤਕਾਂ ਦੀ ਪਛਾਣ ਕਰ ਰਹੇ ਹਨ ਜਿਸ ਤੋਂ ਬਾਅਦ ਪੀੜਤ ਪਰਿਵਾਰਾਂ ਨੂੰ ਸੂਚਿਤ



ਕੀਤਾ ਜਾਵੇਗਾ। ਹਾਦਸੇ ਪਿੱਛੇ ਕਾਰਨ ਦਾ ਪਤਾ ਲਾਉਣ ਲਈ ਫੈਡਰਲ ਐਵੀਏਸ਼ਨ ਪ੍ਰਸ਼ਾਸਨ ਤੇ ਐਨ ਟੀ ਐਸ ਬੀ ਦੇ ਅਧਿਕਾਰੀ ਜਾਂਚ ਕਰ ਰਹੇ ਹਨ। ਇਸ ਮੌਕੇ ਡਿਪਟੀ ਕਮਿਸ਼ਨਰ ਸੰਗਰੂਰ ਜਤਿੰਦਰ ਜੋਰਵਾਲ, ਐਸ.ਐਸ.ਪੀ. ਸੁਰੇਂਦਰ ਲਾਂਬਾ, ਐਸ.ਡੀ.ਐਮ. ਨਵਰੀਤ ਕੌਰ ਸੇਖੋਂ, ਚੇਅਰਮੈਨ ਨਗਰ ਸੁਧਾਰ ਟਰੱਸਟ ਪ੍ਰੀਤਮ ਸਿੰਘ ਪੀਤੂ, ਚੇਅਰਮੈਨ ਮਾਰਕਿਟ ਕਮੇਟੀ ਸੁਨਾਮ ਮੁਕੇਸ਼ ਜੁਨੇਜਾ, ਚੇਅਰਪਰਸਨ ਬਲਾਕ ਸੰਮਤੀ ਜਸਪਾਲ ਕੌਰ, ਪ੍ਰਧਾਨ ਨਗਰ ਕੌਂਸਲ ਲੌਂਗੋਵਾਲ ਪਰਮਿੰਦਰ ਕੌਰ ਬਰਾੜ, ਸੀਨੀਅਰ ਆਗੂ ਹਰਪਾਲ ਸਿੰਘ, ਕਾਲਾ ਬਡਰੁੱਖਾਂ, ਜੱਸੀ ਬਡਰੁੱਖਾਂ, ਗੁਰਦੀਪ ਸੰਧੂ, ਜਪਿੰਦਰ ਸਿੰਘ, ਸੰਦੀਪ ਸਿੰਘ, ਰਵੀ ਕਮਲ ਗੋਇਲ, ਬਚਨ ਬੇਦਿਲ, ਹਰਦੀਪ ਭਰੂਰ, ਸੰਦੀਪ ਜਿੰਦਲ, ਭਾਨੂੰ ਪ੍ਰਤਾਪ, ਵਿੱਕੀ ਗਰਗ ਤੇ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜ਼ਰ ਸਨ।

# ਪਰਾਲੀ ਦੀ ਸਾਂਭ ਸੰਭਾਲ ਸਬੰਧੀ ਮਸ਼ੀਨਾਂ ਤੇ ਸਬਸਿਡੀ ਲਈ ਕਿਸਾਨ ਕਰ ਸਕਦੇ ਹਨ ਆਨਲਾਈਨ ਅਪਲਾਈ: ਡਿਪਟੀ ਕਮਿਸ਼ਨਰ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਖੇਤੀਬਾੜੀ ਨੂੰ ਲਾਹੇਵੰਦ ਧੰਦਾ ਬਣਾਉਂਣ ਲਈ ਸੂਬਾ ਸਰਕਾਰ ਦੀ ਦ੍ਰਿੜ੍ਹ ਵਚਨਬੱਧਤਾ ਦੁਹਰਾਉਂਦੇ ਹੋਏ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਨੇ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕਰਨ ਲਈ ਵੱਖ—ਵੱਖ ਸਕੀਮਾਂ ਅਧੀਨ ਕਿਸਾਨ ਹਿੱਤਾਂ ਵਿੱਚ ਉਪਰਾਲੇ ਕੀਤੇ ਜਾ ਰਹੇ ਹਨ।

ਇਸ ਮੁਹਿੰਮ ਤਹਿਤ ਰਾਜ ਵਿੱਚ ਖੇਤੀਬਾੜੀ ਮਸ਼ੀਨੀਕਰਨ ਨੂੰ ਉਤਸ਼ਾਹਿਤ ਕਰਨ ਲਈ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਪੰਜਾਬ, ਵੱਲੋਂ ਕੇ.ਏ.ਪੀ.ਸਿਨਹਾ ਆਈ.ਏ.ਐਸ, ਵਧੀਕ ਮੁੱਖ ਸਕੱਤਰ ਕਮ ਵਿੱਤੀ ਕਮਿਸ਼ਨਰ ਜੀ ਦੇ ਦਿਸ਼ਾ ਨਿਰਦੇਸ਼ਾਂ, ਸ.ਹਰਬੀਰ ਸਿੰਘ, ਆਈ.ਏ.ਐਸ. ਡਿਪਟੀ ਕਮਿਸ਼ਨਰ, ਪਠਾਨਕੋਟ ਦੀ ਯੋਗ ਅਗਵਾਈ ਹੇਠ ਕਿਸਾਨਾਂ ਨੂੰ ਪਰਾਲੀ ਦੀ ਸਾਂਭ ਸੰਭਾਲ ਸਬੰਧੀ ਮਸ਼ੀਨਾਂ ਤੇ ਸਬਸਿਡੀ ਲਈ ਬਿਨੈ ਪੱਤਰਾਂ ਦੀ ਮੰਗ ਕੀਤੀ ਗਈ ਹੈ। ਮੁੱਖ ਖੇਤੀਬਾੜੀ ਅਫ਼ਸਰ ਪਠਾਨਕੋਟ, ਡਾ. ਰਾਜਿੰਦਰ ਕੁਮਾਰ ਨੇ ਜ਼ਿਲ੍ਹੇ ਦੇ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਚਾਹਵਾਨ ਕਿਸਾਨ ਖੇਤੀਬਾੜੀ ਮਸ਼ੀਨਰੀ



ਜਿਵੇਂ ਕਿ ਸੁਪਰ ਐਸ. ਐਮ. ਐਸ., ਹੈਪੀ ਸੀਡਰ, ਪੈਡੀ ਸਟਰਾਅਚੌਪਰ/ ਸ਼ਰੈਡਰ/ ਮਲਚਰ, ਸਮਾਰਟ ਸੀਡਰ, ਜੀਰੋ ਟਿੱਲਡਰਿੱਲ, ਸੁਪਰ ਸੀਡਰ, ਬੇਲਰ, ਰੇਕ, ਸ਼ਰਬ ਮਾਸਟਰ/ ਰੋਟਰੀ ਸਲੈਸ਼ਰ, ਕਰਾਪਰੀਪਰ, ਉਲਟਾਵੇਂ ਪਲਾਓ, ਸਬਸਿਡੀ ਦੀ ਦਰ ਸਕੀਮ ਦੀਆਂ ਗਾਈਡਲਾਈਨਜ਼ ਅਨੁਸਾਰ ਪੰਜਾਬ ਸਰਕਾਰ ਵੱਲੋਂ ਪਰਾਲੀ ਸਾਂਭ ਸੰਭਾਲ ਲਈ ਆਨਲਾਈਨ ਪੋਰਟਲ agirmacihnerypb[com ਤੇ ਮਿਤੀ: 20.07.2023 ਤੱਕ ਅਪਲਾਈਕਰ ਸਕਦੇ ਹਨ। ਐਸ.ਸੀ.ਕਿਸਾਨਾਂ ਲਈ ਸਕੀਮ ਅਧੀਨ ਵੱਖਰੇ ਤੌਰ ਤੇ ਫੰਡ ਉਪਲੱਬਧ ਹਨ।ਸਬਸਿਡੀ ਲੈਣ ਦੇ ਚਾਹਵਾਨ ਕਿਸਾਨ ਮਿਤੀ: 20.07.2023 ਤੱਕ ਆਪਣੀਆਂ ਅਰਜ਼ੀਆਂ ਆਨਲਾਈਨ ਪੋਰਟਲ ਤੇ ਦੇ ਸਕਦੇ ਹਨ। ਵਧੇਰੇ ਜਾਣਕਾਰੀ ਲਈ ਕਿਸਾਨ ਵਿਭਾਗ ਦੇ ਅਧੀਨ ਦਫ਼ਤਰਾਂ ਵਿੱਚ ਤਾਲਮੇਲ ਕਰ ਸਕਦੇ ਹਨ। ਮੁੱਖ ਖੇਤੀ ਬਾੜੀ ਅਫਸਰ, ਪਠਾਨਕੋਟ, ਡਾ. ਰਾਜਿੰਦਰ ਕੁਮਾਰ ਵੱਲੋਂ ਕਿਸਾਨਾਂ ਨੂੰ ਅਪੀਲ ਕੀਤੀ ਗਈ ਕਿ ਖੇਤੀਬਾੜੀ ਮਸ਼ੀਨਰੀ ਖਰੀਦਣ ਲਈ ਸਮੇਂ ਸਿਰ ਅਪਲਾਈ ਕੀਤਾ ਜਾਵੇ ਤਾਂ ਕਿ ਧਰਤੀ ਦੀ ਹੋਂਦ ਨੂੰ ਪਰਾਲੀ ਨੂੰ ਅੱਗ ਨਾ ਲਗਾ ਕੇ ਬਚਾਇਆ ਜਾ ਸਕੇ।

# ਬੇਟੀ ਬਚਾਓ ਟੀ ਪੜਾਓ ਮੁਹਿੰਮ ਤਹਿਤ ਨੁੱਕੜ ਨਾਟਕ ਕਰਵਾਇਆ


**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਅੱਜ ਡਾ. ਅਦਿਤੀ ਸਲਾਰੀਆ , ਜਿਲ੍ਹਾ ਐਪਰੋਪ੍ਰੀਏਟ ਅਥਾਰਟੀ ਕਮ ਸਿਵਲ ਸਰਜਨ ਪਠਾਨਕੋਟ ਦੀ ਦੇਖ਼ਰੇਖ਼ ਵਿੱਚ ਸਿਵਲ ਹਸਪਤਾਲ ਪਠਾਨਕੋਟ ਵਿਖ਼ੇ ਬੇਟੀ ਬਚਾਓ - ਬੇਟੀ ਪੜਾਓ ਮੁਹਿੰਮ ਤਹਿਤ ਨੁੱਕੜ ਨਾਟਕ ਕਰਵਾਇਆ ਗਿਆ।ਇਸ ਵਿੱਚ ਲੋਕ ਲਹਿਰ ਕਲਾ ਕੇਂਦਰ ਗੁਰਦਾਸਪੁਰ ਦੇ ਕਲਾਕਾਰਾਂ ਵਲੋਂ ਬੇਟੀ ਬਚਾਓ- ਬੇਟੀ ਪੜਾਓ ਸਬੰਧੀ ਨਾਟਕ ਰਾਹੀ ਸਮੂਹ ਲੋਕਾਂ ਨੂੰ ਜਾਗਰੂਕ ਕੀਤਾ ਗਿਆ।




ਇਸ ਦੋਰਾਨ ਉਹਨਾਂ ਵਲੋਂ ਦੱਸਿਆ ਗਿਆ ਕਿ ਕਿਵੇਂ ਲੋਕ ਭਰੂਣ ਦੀ ਜਾਂਚ ਕਰਵਾਉਂਦੇ ਹਨ ਅਤੇ ਉਸ ਤੋਂ ਬਾਅਦ ਕਿਵੇਂ ਭਰੂਣ ਹੱਤਿਆ ਕਰਵਾ ਦਿੰਦੇ ਹਨ।ਇਸ ਤੋਂ ਬਾਅਦ ਉਹਨਾਂ ਵਲੋਂ ਨਾਟਕ ਰਾਹੀ ਦੱਸਿਆ ਗਿਆ ਕਿ ਕਿਵੇਂ ਅੱਜ ਬੇਟੀ ਬੇਟੇ ਵਾਂਗ ਮਾਤਾ ਪਿਤਾ ਦਾ ਨਾਮ ਦੁਨਿਆ ਵਿੱਚ ਰੋਸ਼ਨ ਕਰ ਰਹੀਆਂ ਹਨ, ਕੋਈ ਬੇਟੀ ਡਾਕਟਰ, ਆਈ.ਏ.ਐਸ.,ਪਾਇਲਟ ਅਤੇ ਹੋਰ ਬੁਹਤ ਸਾਰੇ ਅਹੁਦੇ ਉਤੇ ਤਾਇਨਾਤ ਹਨ।ਅੱਜ ਬੇਟੀ ਹਰ ਥਾਂ ਤੇ ਆਪਣੀ ਪਕੜ ਨੂੰ ਮਜਬੂਤ ਕਰ ਰਹੀ ਹੈ।ਇਸ ਮੋਕੇ ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਪਠਾਨਕੋਟ ਵਲੋਂ ਵੀ ਸਮੂਹ ਲੋਕਾਂ ਨੂੰ ਅਪੀਲ ਕੀਤੀ ਕਿ ਲੋਕਾਂ ਨੂੰ ਪੂਰਾਣੀ ਸੋਚ ਨੂੰ ਬਦਲਣਾ ਚਾਹੀਦਾ ਹੈ ਅਤੇ ਬੇਟੀ-ਬੇਟੇ ਦੇ ਭੇਦਭਾਵ ਨੂੰ ਖ਼ਤਮ ਕਰਨਾ ਚਾਹੀਦਾ ਹੈ। ਇਸ ਮੌਕੇ ਤੇ ਸਿਵਲ ਸਰਜਨ ਵੱਲੋਂ ਦੱਸਿਆ ਗਿਆ ਕਿ ਆਉਣ ਵਾਲੇ ਦਿਨਾਂ ਵਿੱਚ ਸਿਹਤ ਵਿਭਾਗ ਪਠਾਨਕੋਟ ਵੱਲੋਂ ਬੇਟੀ-ਬਚਾਓ ਬੇਟੀ ਪੜਾਓ ਮੁਹਿੰਮ ਤਹਿਤ ਨੁੱਕੜ-ਨਾਟਕ ਤੋਂ ਇਲਾਵਾ ਹੋਰ ਬਹੁਤ ਸਾਰੀ ਗਤੀਵਿਧੀਆਂ ਕਰਵਾਇਆਂ ਜਾਣਗੀਆਂ ਜਿਵੇਂ ਕਿ ਸਮੂਹ ਸਿਹਤ ਸੰਸਥਾਂਵਾਂ ਵਿਖ਼ੇ ਹੋਰਡਿੰਗ,ਫਲੈਕਸ,ਸਟੈਂਡੀਸ ਆਦਿ।ਇਸ ਦੌਰਾਨ ਹਸਪਤਾਲ ਵਿੱਖ਼ੇ ਆਏ ਹੋਏ ਲੋਕਾਂ ਤੋਂ ਇਲਾਵਾ ਸ਼੍ਰੀ ਮਹਿੰਦਰ ਸਿੰਘ ਸੈਣੀ, ਐਨ.ਜੀ.ਓ, ਸ਼੍ਰੀ ਰਾਕੇਸ਼ ਸ਼ਰਮਾ, ਐਨ.ਜੀ.ਓ, ਮਿਸ ਅੰਕਿਤਾ ਠਾਕੁਰ, ਪੀ.ਐਨ.ਡੀ.ਟੀ. ਕੋਆਡੀਨੇਟਰ, ਸ਼੍ਰੀ ਜਤਿਨ ਕੁਮਾਰ ਅਤੇ ਸਟਾਫ ਮੋਜੂਦ ਸਨ।

# ਸਿੱਖਿਆ ਵਿਭਾਗ ਵੱਲੋਂ 4161 ਮਾਸਟਰ ਕਾਡਰ ਅਧਿਆਪਕਾਂ ਨੂੰ ਸਟੇਸ਼ਨ ਚੋਣ ਲਈ ਸੱਦਾ

**ਚੰਡੀਗੜ੍ਹ, (ਦਲਜੀਤ ਕੌਰ)–** ਸਿੱਖਿਆ ਵਿਭਾਗ ਵੱਲੋਂ ਨਵ ਨਿਯੁਕਤ ਹੋਏ 4161 ਮਾਸਟਰ ਕਾਡਰ ਅਧਿਆਪਕਾਂ ਨੂੰ ਸਟੇਸ਼ਨ ਚੋਣ ਸਬੰਧੀ ਬੁਲਾਇਆ ਗਿਆ ਹੈ। ਸਿੱਖਿਆ ਵਿਭਾਗ ਵੱਲੋਂ 4161 ਮਾਸਟਰ ਕਾਡਰ ਭਰਤੀ (ਇਸਤਿਹਾਰ ਮਿਤੀ 16।12।2021/ 08।01।2012) ਅਤੇ 598 ਬੈਕਲਾਗ ਮਾਸਟਰ ਕਾਡਰ ਭਰਤੀ (ਇਸ਼ਤਿਹਾਰ ਮਿਤੀ 16।08।2021/29।09। 2021) ਤਹਿਤ ਵੱਖ-ਵੱਖ ਵਿਸ਼ਿਆਂ ਦੇ ਉਮੀਦਵਾਰਾਂ ਨੂੰ



ਸਟੇਸਨ ਚੋਣ ਲਈ ਸੱਦਾ ਪੱਤਰ ਦਿੱਤਾ ਗਿਆ ਹੈ। ਸਟੇਸ਼ਨ ਚੋਣ ਸਵੇਰੇ 9:00 ਵਜੇ ਸ਼ੁਰੂ ਕੀਤੀ ਜਾਵੇਗੀ। ਉਮੀਦਵਾਰ ਆਪਣੇ ਨਾਲ ਉਨਾਂ ਦੀ ਲੋਗ-ਇਨ ਆਈ ਤੇ ਅਪਲੋਡ ਕੀਤੇ ਨਿਯੁਕਤੀ ਪੱਤਰ ਦੀ ਫੋਟੋ ਕਾਪੀ ਅਤੇ ਆਪਣਾ ਅਸਲ ਪਹਿਚਾਣ ਪੱਤਰ (ਆਧਾਰ ਕਾਰਡ ਜਾਂ ਵੋਟਰ ਕਾਡਰ) ਲੈ ਕੇ ਵੈਬਸਾਈਟ ਤੇ ਦਰਸਾਏ ਸਡਿਊਲ ਅਨੁਸਾਰ ਹਾਜਰ ਹੋਣਗੇ।

# ਤੇਰਵਾਂ ਮਹੀਨਾ

ਸਰਵਜੀਤ ਸਿੰਘ ਸੈਕਰਾਮੈਂਟੋ
916-230-2102



ਅਕਾਲ ਪੁਰਖ ਦੇ ਬਣਾਏ ਹੋਏ ਨਿਯਮ ਮੁਤਾਬਕ, ਚੰਦ ਧਰਤੀ ਦੁਵਾਲੇ ਅਤੇ ਧਰਤੀ ਸੂਰਜ ਦੁਵਾਲੇ, ਇਕਖਾਸ ਗਤੀ ਨਾਲ ਘੁੰਮਦੀ ਹੈ। ਇਸ ਗਤੀ ਨੂੰ ਕਾਬੂ ਕਰਨਾ ਇਨਸਾਨ ਦੇ ਵੱਸ ਦਾ ਰੋਗ ਨਹੀ ਹੈ। ਹਾਂ! ਇਸ ਗਤੀ ਨੂੰ ਸਮਝ ਕੇ, ਇਸ ਦੀ ਵਰਤੋਂ ਕਰਨੀ ਇਨਸਾਨ ਨੇ ਜ਼ਰੂਰ ਸਿੱਖ ਲਈ ਹੈ। ਇਸ ਵਿੱਚ ਵੀ ਕੋਈ ਸ਼ੱਕ ਨਹੀਂ ਕਿ ਜਦੋਂ ਇਸ ਧਰਤੀ ਤੇ ਇਨਸਾਨ ਨੇ ਹੋਸ਼ ਸੰਭਾਲੀ ਤਾਂ ਚੰਦ ਦੇ ਚਾਨਣੇ ਪੱਖ ਅਤੇ ਹਨੇਰੇ ਪੱਖ ਨੂੰ ਮੁੱਖ ਰੱਖ ਕੇ ਹੀ ਕੈਲੰਡਰ ਬਣਾਏ ਗਏ ਸਨ। ਜਿਵੇਂ-ਜਿਵੇਂ ਇਨਸਾਨ ਦੀ ਜਾਣਕਾਰੀ 'ਚ ਵਾਧਾ ਹੁੰਦਾ ਗਿਆ ਤਾਂ ਕੈਲੰਡਰ 'ਚ ਸੋਧਾਂ ਕੀਤੀਆਂ ਜਾਂਦੀਆਂ ਰਹੀਆਂ ਹਨ। ਮਨੁੱਖ ਨੇ ਆਪਣੀ ਸਹੂਲਤ ਲਈ ਚੰਦ, ਧਰਤੀ ਅਤੇ ਸੂਰਜ ਦੇ ਆਪਸੀ ਰਿਸ਼ਤੇ ਨੂੰ ਸਮਝ ਕੇ ਅਤੇ ਇਨ੍ਹਾਂ ਦੀ ਚਾਲ ਦੀ ਗਿਣਤੀ-ਮਿਣਤੀ ਕਰਕੇ ਵੱਖ-ਵੱਖ ਕੈਲੰਡਰ ਬਣਾਏ ਹਨ। ਜਿਵੇਂ ਹਿਜਰੀ ਕੈਲੰਡਰ, ਇਹ ਚੰਦ ਅਧਾਰਿਤ ਕੈਲੰਡਰ ਹੈ। ਅੰਗਰੇਜੀ ਕੈਲੰਡਰ, ਸੂਰਜੀ ਕੈਲੰਡਰ ਹੈ। ਬਿਕ੍ਰਮੀ ਕੈਲੰਡਰ, ਚੰਦ ਅਤੇ ਸੂਰਜੀ ਕੈਲੰਡਰ ਦਾ ਸੁਮੇਲ ਹੈ।ਨਾਨਕਸ਼ਾਹੀ ਕੈਲੰਡਰ, ਸੂਰਜੀ ਕੈਲੰਡਰ ਹੈ।

ਧਰਤੀ ਆਪਣੇ ਧੁਰੇ ਦੁਵਾਲੇ ਘੁੰਮਦੀ ਹੈ, ਜਿਸ ਕਾਰਨ ਦਿਨ ਅਤੇ ਰਾਤ ਬਣਦੇ ਹਨ। ਇਹ ਚੱਕਰ 24 ਘੰਟੇ ਵਿੱਚ ਪੂਰਾ ਹੁੰਦਾ ਹੈ। ਚੰਦ, ਧਰਤੀ ਦੁਵਾਲੇ ਘੁੰਮਦਾ ਹੈ। ਇਹ ਚੱਕਰ 29.53 ਦਿਨਾਂ 'ਚ ਪੂਰਾ ਕਰਦਾ ਹੈ। ਇਹ ਚੰਦ ਦਾ ਇਕ ਮਹੀਨਾ ਗਿਣਿਆ ਜਾਂਦਾ ਹੈ। ਚੰਦ ਦੇ ਕੈਲੰਡਰ ਵਿੱਚ 12 ਮਹੀਨੇ (ਚੇਤ ਤੋਂ ਫੱਗਣ) ਅਤੇਸਾਲ ਵਿੱਚ 354.37 ਦਿਨ ਹੁੰਦੇ ਹਨ। ਧਰਤੀ ਸੂਰਜ ਦੁਵਾਲੇ ਆਪਣਾ ਇਕ ਚੱਕਰ 365.2422 ਦਿਨਾਂ 'ਚ ਪੂਰਾ ਕਰਦੀ ਹੈ ਇਸ ਨੂੰ ਰੁੱਤੀ ਸਾਲ (Troipcal Year) ਕਹਿੰਦੇ ਹਨ। ਧਰਤੀ ਉੱਪਰ ਰੁੱਤਾਂ ਇਸੇ ਲੰਬਾਈ ਮੁਤਾਬਕ ਬਦਲਦੀਆਂ ਹਨ। ਬਿਕ੍ਰਮੀ ਕੈਲੰਡਰ ਵਿੱਚ ਸੂਰਜੀ ਸਾਲ ਦੀ ਲੰਬਾਈ ਤਾਰਿਆਂ ਤੇ ਅਧਾਰਿਤ (Sidereal year), 365.2563 ਦਿਨ ਮੰਨੀ ਜਾਂਦੀ ਹੈ। ਰੁੱਤੀ ਸਾਲ ਤੋਂ ਇਹ ਲੰਬਾਈ ਲੱਗ-ਭੱਗ 20 ਮਿੰਟ ਵੱਧ ਹੈ। ਇਸ ਕਾਰਨ ਬਿਕ੍ਰਮੀ ਕੈਲੰਡਰ ਵਿੱਚ ਰੁੱਤਾਂ ਸਥਿਰ ਨਹੀਂ ਹਨ। ਚੰਦ ਦਾ ਇਕ ਸਾਲ ਸੂਰਜੀ ਸਾਲ ਤੋਂ ਲੱਗ-ਭੱਗ 11 ਦਿਨ ਛੋਟਾ ਹੁੰਦਾ ਹੈ। ਇਸਲਾਮ ਧਰਮ ਵਿੱਚ ਪ੍ਰਚਲਤ ਹਿਜਰੀ ਕੈਲੰਡਰ ਚੰਦ ਅਧਾਰਿਤ ਕੈਲੰਡਰ ਹੈ। ਇਸ ਕਾਰਨ ਇਸਲਾਮ ਧਰਮ ਦੇ ਪਵਿੱਤਰ ਦਿਹਾੜੇ ਹਰ ਸਾਲ (ਸੂਰਜੀ ਕੈਲੰਡਰ ਮੁਤਾਬਕ) ਪਿਛਲੇ ਸਾਲ ਨਾਲੋਂ 11 ਦਿਨ ਪਹਿਲਾਂ ਆਉਂਦੇ ਹਨ। ਪਰ,ਬਿਕ੍ਰਮੀ ਕੈਲੰਡਰ ਵਿੱਚ ਅਜੇਹਾ ਨਹੀਂ ਹੁੰਦਾ।

ਚੰਦ ਦਾ ਸਾਲ, ਇਕ ਸੂਰਜੀ ਸਾਲ ਵਿੱਚ 11 ਦਿਨ, ਦੋ ਸਾਲਾਂ ਵਿੱਚ 22 ਦਿਨ ਅਤੇ ਤੀਜੇ ਸਾਲ 33 ਦਿਨ ਪਿੱਛੇ ਰਹਿ ਜਾਵੇਗਾ। ਇਸ ਨੂੰ ਸੂਰਜੀ ਸਾਲ ਦੇ ਨੇੜੇ ਤੇੜੇ ਰੱਖਣ ਲਈ, ਇਸ ਵਿੱਚ ਇਕ ਹੋਰ ਮਹੀਨਾ ਜੋੜ ਦਿੱਤਾ ਜਾਂਦਾ ਹੈ। ਭਾਵ ਉਸ ਸਾਲ ਚੰਦ ਦੇ ਸਾਲ ਦੇ 13 ਮਹੀਨੇ ਕਰ ਦਿੱਤੇ ਜਾਂਦੇ ਹਨ। ਇਸ ਵਾਧੂ ਮਹੀਨੇ ਨੂੰ ਮਲ ਮਾਸ ਭਾਵ ਅਸ਼ੁਭ ਮਹੀਨਾ ਮੰਨਿਆ ਜਾਂਦਾ ਹੈ ਇਸ ਵਿੱਚ ਕੋਈ ਸ਼ੁਭ ਕੰਮ ਨਹੀਂ ਕੀਤਾ ਜਾਂਦਾ। ਚੰਦ ਦੇ ਸਧਾਰਨ ਸਾਲ ਵਿੱਚ 354 ਦਿਨ ਹੁੰਦੇ ਹਨ, ਉਹ ਤੇਰਵਾਂ ਮਹੀਨਾ ਭਾਵ ਮਲ ਮਾਸ ਆਉਣ ਕਾਰਨ 384-85ਦਿਨ ਹੋ ਜਾਂਦੇ ਹਨ। ਅਜੇਹਾ 19 ਸਾਲਾਂ ਵਿੱਚ 7 ਵਾਰ ਕੀਤਾ ਜਾਂਦਾ ਹੈ। ਜਦੋਂ ਮੱਸਿਆ ਤੋਂ ਮੱਸਿਆ ਦੇ ਦਰਮਿਆਨ ਸੂਰਜ ਰਾਸ਼ੀ ਨਾ ਬਦਲੇ, ਭਾਵ ਸੰਗਰਾਂਦ ਨਾ ਆਵੇ ਤਾਂ ਉਹ ਮਹੀਨਾ ਦੁਬਾਰਾ ਆ ਜਾਂਦਾ ਹੈ। ਇਸ ਸਾਲ ਸਾਵਣ ਦਾ ਆਰੰਭ (ਸਾਵਣ ਵਦੀ ਏਕਮ) 4 ਜੁਲਾਈ ਨੂੰ ਹੋਇਆ ਹੈ। ਸੂਰਜ ਕਰਕ ਰਾਸ਼ੀ (ਸਾਵਣ ਦੀ ਸੰਗਰਾਂਦ) ਵਿੱਚ 16 ਜੁਲਾਈ ਨੂੰ ਪ੍ਰਵੇਸ਼ ਕਰੇਗਾ। ਸਾਵਣ ਦੀ ਮੱਸਿਆ 17 ਜੁਲਾਈ ਨੂੰ ਹੋਵੇਗੀ। ਹੁਣ ਅਗਲੀ ਮੱਸਿਆ 16 ਅਗਸਤ ਨੂੰ ਆਵੇਗੀ ਪਰ ਸੂਰਜ 17 ਅਗਸਤ ਨੂੰ ਸਿੰਘ ਰਾਸ਼ੀ (ਭਾਦੋਂ ਦੀ ਸੰਗਰਾਂਦ) ਵਿੱਚ ਪ੍ਰਵੇਸ਼ ਕਰੇਗਾ। ਇਸ ਲਈ ਸੰਮਤ 2080 ਬਿਕ੍ਰਮੀ (2023-24 ਈ:) ਵਿੱਚ ਸਾਵਣ ਦਾ ਮਹੀਨਾ ਮੁੜਗਿਣਿਆ ਜਾਵੇਗਾ। ਸੰਮਤ 2083 ਵਿੱਚ ਜੇਠ ਦਾ ਮਹੀਨਾ, ਸੰਮਤ 2086 ਵਿੱਚ ਚੇਤ ਦਾ ਮਹੀਨਾ, ਸੰਮਤ 2088 ਵਿੱਚ ਭਾਦੋਂ ਦਾ ਮਹੀਨਾ ਅਤੇ ਸੰਮਤ 2091 ਬਿਕ੍ਰਮੀ ਵਿੱਚ ਹਾੜ ਦਾ ਮਹੀਨਾ ਤੇਰਵਾਂ ਮਹੀਨਾ ਭਾਵ ਮਲ ਮਾਸ ਹੋਵੇਗਾ। ਇਸ ਸਾਲ (ਸੰਮਤ 2080 ਬਿਕ੍ਰਮੀ/2023-24 ਈ:) ਚੰਦ ਦੇ ਸਾਲ ਦੇ ਤੇਰਾਂ ਮਹੀਨੇ ਹਨ। ਇਕ ਸ਼ੁਭਸਾਵਣ ਅਤੇ ਦੂਜਾ ਅਸ਼ੁਭ ਸਾਵਣ। ਸਾਵਣ ਮਹੀਨੇ ਦਾ ਆਰੰਭ 4 ਜੁਲਾਈ ਨੂੰ ਹੋਇਆ ਹੈ। ਪਹਿਲੇ ਸਾਵਣ ਦਾ ਪਹਿਲਾ ਪੱਖ (ਸ਼ੁਭ ਵਦੀ ਪੱਖ) 4 ਜੁਲਾਈ ਤੋਂ 17 ਜੁਲਾਈ ਤੀਕ ਹੋਵੇਗਾ। ਪਹਿਲੇ ਸਾਵਣ ਦਾ ਦੂਜਾ ਪੱਖ (ਅਸ਼ੁਭ ਸੁਦੀ ਪੱਖ) 18 ਜੁਲਾਈ ਤੋਂ 1 ਅਗਸਤ ਤੀਕ ਹੋਵੇਗਾ। ਦੂਜੇ ਸਾਵਣ ਦਾ ਪਹਿਲਾ ਪੱਖ (ਅਸ਼ੁਭ ਵਦੀ ਪੱਖ) 2 ਅਗਸਤ ਤੋਂ 16 ਅਗਸਤ ਤੀਕ ਹੋਵੇਗਾ। ਦੂਜੇ ਸਾਵਣ ਦਾ ਦੂਜਾ ਪੱਖ (ਸ਼ੁਭ ਸੁਦੀ ਪੱਖ) 17 ਅਗਸਤ ਤੋਂ 31 ਅਗਸਤ ਤੀਕ ਹੋਵੇਗਾ। ਪਹਿਲੇ ਸਾਵਣ ਦਾ ਪਹਿਲਾ ਪੱਖ ਸ਼ੁਭ, ਪਹਿਲੇ ਸਾਵਣ ਦਾ ਦੂਜਾ ਪੱਖ ਅਸ਼ੁਭ, ਦੂਜੇ ਸਾਵਣ ਦਾ ਪਹਿਲਾ ਪੱਖ ਅਸ਼ੁਭ ਅਤੇ ਦੂਜੇ ਸਾਵਣ ਦਾ ਦੂਜਾ ਪੱਖ ਸ਼ੁਭ ਹੋਵੇਗਾ। 18 ਜੁਲਾਈ ਤੋਂ 16 ਅਗਸਤ ਤਾਂਈ ਅਸ਼ੁਭ ਪੱਖ ਭਾਵ ਮਲ ਮਾਸ ਹੋਵੇਗਾ।




ਚੰਦ ਦਾ ਸਾਲ, ਸੂਰਜੀ ਸਾਲ ਤੋਂ 11 ਦਿਨ ਛੋਟਾ ਹੋਣ ਕਾਰਨ ਆਮ ਤੌਰ ਤੇ ਇਤਿਹਾਸਿਕ ਦਿਹਾੜੇ ਪਿਛਲੇ ਸਾਲ ਤੋਂ 11 ਦਿਨ ਪਹਿਲਾ ਆ ਜਾਂਦੇ ਹਨ। ਪਰ ਮਲ ਮਾਸ ਆਉਣ ਕਰਕੇ, ਉਸ ਤੋਂ ਪਿਛੋਂ ਆਉਣ ਵਾਲੇ ਦਿਹਾੜੇ ਪਿਛਲੇ ਸਾਲ ਤੋਂ 18-19 ਦਿਨ ਪਛੜ ਕੇ ਆਉਂਦੇ ਹਨ। ਜਿਵੇ; ਪੋਹ ਸੁਦੀ 7 ਮੁਤਾਬਕ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ, ਸਾਲ 2022 ਈ: ਵਿੱਚ 9 ਜਨਵਰੀ ਨੂੰ ਆਇਆ ਸੀ। ਇਸ ਤੋਂ ਅਗਲਾ ਗੁਰਪੂਰਬ, ਇਸ ਤੋਂ 11 ਦਿਨ ਪਹਿਲਾ ਭਾਵ 29 ਦਸੰਬਰ 2022 ਈ: ਨੂੰ ਆਇਆ ਸੀ। ਇਸ ਹਿਸਾਬ ਨਾਲ ਤਾਂ 2023 ਵਿੱਚ ਇਹ ਗੁਰਪੂਰਬ 18 ਦਸੰਬਰ 2023 ਨੂੰ ਆਉਣਾ ਚਾਹੀਦਾ ਸੀ ਪਰ ਨਹੀਂ! ਇਸ ਸਾਲ ਚੰਦ ਦੇ ਕੈਲੰਡਰ ਵਿੱਚ ਮਲ ਮਾਸ ਹੋਣ ਕਾਰਨ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ 17 ਜਨਵਰੀ 2024 ਈ: ਵਿੱਚ ਆਵੇਗਾ।ਇਸ ਤੋਂ ਅਗਲਾ ਗੁਰਪੂਰਬ 6 ਜਨਵਰੀ 2025 ਈ: ਨੂੰ ਆਵੇਗਾ।

ਬਿਕ੍ਰਮੀ ਕੈਲੰਡਰ, ਗੁਰੂ ਨਾਨਕ ਸਾਹਿਬ ਜੀ ਦੇ ਆਗਮਨ ਤੋਂ ਬਹੁਤ ਪਹਿਲਾ ਦਾ ਪ੍ਰਚੱਲਤ ਹੈ। ਗੁਰੂ ਨਾਨਕ ਜੀ ਦਾ ਪ੍ਰਕਾਸ਼ ਸੰਮਤ 1526 ਬਿਕ੍ਰਮੀ ਵਿੱਚ ਹੋਇਆ ਸੀ। ਇਥੇ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ, ਜੋ ਗੁਰੂ ਕਾਲ ਵੇਲੇ ਲਾਗੂ ਸੀ, ਉਸ ਦੇ ਸਾਲ ਦੀ ਲੰਬਾਈ 365.2587 ਦਿਨ (ਸੂਰਜੀ ਸਿਧਾਂਤ)ਸੀ।ਨਵੰਬਰ 1964 ਈ: ਵਿੱਚ ਹਿੰਦੂ ਵਿਦਵਾਨਾਂ ਵੱਲੋਂ ਸੋਧ ਕਰਕੇ, ਸਾਲ ਦੀ ਲੰਬਾਈ 365.2563 ਦਿਨ ਮੰਨ ਲਈ ਗਈ ਸੀ। ਹੁਣ ਇਸ ਨੂੰ ਦ੍ਰਿਕਗਿਣਤ ਸਿਧਾਂਤ ਕਹਿੰਦੇ ਹਨ।ਇਸ ਸੋਧ ਨੂੰ ਸ਼੍ਰੋਮਣੀ ਕਮੇਟੀ ਸਮੇਤ ਅਖੌਤੀ ਬ੍ਰਹਮ ਗਿਆਨੀਆਂ ਵੱਲੋਂ ਬਿਨਾ ਕਿਸੇ ਹੀਲ-ਹੁੱਜਤ ਦੇ ਪ੍ਰਵਾਨ ਕਰ ਲਿਆ ਗਿਆ ਸੀ।ਕਿੰਨੀ ਹੈਰਾਨੀ ਦੀ ਗੱਲ ਹੈ ਕਿ ਕੈਲੰਡਰ ਵਿੱਚ ਹਿੰਦੂ ਵਿਦਵਾਨਾਂ ਵੱਲੋਂ 1964 ਈ: ਵਿੱਚ ਕੀਤੀ ਗਈ ਸੋਧ ਤਾਂ ਪ੍ਰਵਾਨ ਹੈ ਪਰ ਸਿੱਖ ਵਿਦਵਾਨਾਂ ਵੱਲੋਂ ਇਕ ਦਹਾਕੇ ਦੀ ਵਿਚਾਰ-ਚਰਚਾ ਉਪ੍ਰੰਤ ਸਾਲ ਦੀ ਲੰਬਾਈ ਵਿੱਚ ਕੀਤੀ ਗਈ ਸੋਧ ਪ੍ਰਵਾਨ ਨਹੀਂ। ਖਾਲਸਾ ਜੀ ਜਰਾ ਸੋਚੋ! ਕੀ ਕੋਈ ਦਿਨ ਅਸ਼ੁਭ ਵੀ ਹੋ ਸਕਦਾ ਹੈ? ਕਿਸੇ ਦਿਨ ਦਾ ਸ਼ੁਭ-ਅਸ਼ੁਭ ਹੋਣਾ ਜਾਂ ਪੂਰਾ ਮਹੀਨਾ ਹੀ ਅਸ਼ੁਭ ਭਾਵ ਮਲ ਮਾਸ, ਕੀ ਇਹ ਗੁਰਮਤਿ ਵਿੱਚ ਪ੍ਰਵਾਨ ਹੈ?






# ਦਲਿਤਾਂ ਦੀ ਵਿਗੜਦੀ ਦਸ਼ਾ ਅਤੇ ਪੇਸ ਆ ਰਹੀਆਂ ਸਮੱਸਿਆਵਾਂ ਲਈ ਬਹੁਤੇ ਅਖੌਤੀ ਦਲਿਤ ਲੀਡਰ ਅਤੇ ਬੁੱਧੀਜੀਵੀ ਹੀ ਜਿੰਮੇਵਾਰ



ਕੁਲਦੀਪ ਚੰਦ
91-9417563054

ਭਾਰਤ ਵਿੱਚ ਰਹਿਣ ਵਾਲੇ ਬਹੁਤੇ ਦਲਿਤ ਜਿਨ੍ਹਾਂ ਨੂੰ ਵੱਖ ਵੱਖ ਨਾਮ ਜਿਵੇਂ ਮੂਲ ਨਿਵਾਸੀ, ਆਦਿਧਰਮੀ, ਭਾਰਤ ਦੇ ਮੋਢੀ ਆਦਿ ਨਾਮ ਦਿਤੇ ਗਏ ਹਨ ਦੀ ਦਿਨ ਪ੍ਰਤੀ ਦਿਨ ਵਿਗੜਦੀ ਦਸ਼ਾ ਚਿੰਤਾ ਦਾ ਵਿਸ਼ਾ ਬਣੀ ਹੋਈ ਹੈ। ਇਨ੍ਹਾਂ ਦਲਿਤਾਂ ਨੂੰ ਅੰਗਰੇਜੀ ਹਕੂਮਤ ਵੇਲੇ ਦੱਬੇ ਕੁਚਲੇ ਨਾਮ ਦਿਤਾ ਗਿਆ ਅਤੇ ਭਾਰਤੀ ਸੰਵਿਧਾਨ ਵਿੱਚ ਅਨੁਸੂਚਿਤ ਜਾਤਾਂ, ਅਨੁਸੂਚਿਤ ਜਨਜਾਤੀਆਂ ਦਾ ਦਰਜਾ ਦਿਤਾ ਗਿਆ ਹੈ। ਮਨੂੰਵਾਦੀ ਪ੍ਰਥਾ ਅਨੁਸਾਰ ਬਣਾਏ ਗਏ ਚਾਰ ਵਰਣਾਂ ਵਿੱਚ ਸ਼ੂਦਰਾਂ ਨੂੰ ਸਭ ਤੋਂ ਹੇਠਾਂ ਮੰਨਿਆ ਗਿਆ ਹੈ। ਇਹ ਵੀ ਕੌੜਾ ਸੱਚ ਹੈ ਕਿ ਇਨ੍ਹਾਂ ਸ਼ੂਦਰਾਂ ਵਿਚੋਂ ਕੁੱਝ ਜਾਤਾਂ ਨੂੰ ਅਛੂਤ ਕਿਹਾ ਜਾਂਦਾ ਸੀ ਅਤੇ ਛੂਹਣਾ ਪਾਪ ਮੰਨਿਆ ਜਾਂਦਾ ਸੀ ਅਤੇ ਇਨ੍ਹਾਂ ਜਾਤਾਂ ਤੇ ਕਈ ਤਰਾਂ ਦੀਆਂ ਸਮਾਜਿਕ, ਆਰਥਿਕ, ਧਾਰਮਿਕ, ਰਾਜਨੀਤਿਕ ਪਾਬੰਦੀਆਂ ਲਗਾਈਆਂ ਗਈਆਂ ਸਨ ਜਿਨ੍ਹਾਂ ਕਾਰਨ ਇਨ੍ਹਾਂ ਜਾਤਾਂ ਨਾਲ ਸਬੰਧਿਤ ਬਹੁਤੇ ਵਿਅਕਤੀਆਂ ਦਾ ਜੀਵਨ ਜਾਨਵਰਾਂ ਤੋਂ ਵੀ ਭੈੜਾ ਰਿਹਾ ਹੈ। ਦਲਿਤਾਂ ਦੀ ਇਸ ਵਿਗੜਦੀ ਦਸ਼ਾ ਨੂੰ ਸੁਧਾਰਨ ਲਈ ਸਮੇਂ ਸਮੇਂ ਤੇ ਕਈ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਆਗੂਆਂ ਨੇ ਅੰਦੋਲਨ ਚਲਾਇਆ ਹੈ ਜਿਸ ਕਾਰਨ ਇਨ੍ਹਾਂ ਦੇ ਜੀਵਨ ਵਿੱਚ ਕੁੱਝ ਬਦਲਾਓ ਆਇਆ ਹੈ ਅਤੇ ਵਿਕਾਸ ਹੋਇਆ ਹੈ ਪਰੰਤੂ ਇਹ ਬਦਲਾਓ ਅਤੇ ਵਿਕਾਸ ਕੁੱਝ ਕੁ ਲੋਕਾਂ ਤੱਕ ਹੀ ਸੀਮਿਤ ਰਿਹਾ ਅਤੇ ਬਹੁਤੇ ਲੋਕਾਂ ਦਾ ਜੀਵਨ ਅਜੇ ਵੀ ਖਸਤਾ ਹਾਲਤ ਵਿੱਚ ਹੀ ਹੈ। ਇਸ ਦੇਸ਼ ਵਿੱਚ ਜਦੋਂ ਮੁਗਲਾਂ ਨੇ ਕਬਜਾ ਕੀਤਾ ਤਾਂ ਇਨ੍ਹਾਂ ਦਲਿਤਾਂ ਵਿਚੋਂ ਕਈਆਂ ਨੇ ਹਿੰਦੂ ਧਰਮ ਛੱਡਕੇ ਮੁਸਲਿਮ ਧਰਮ ਅਪਣਾ ਲਿਆ। ਜਦੋਂ ਦੇਸ਼ ਵਿੱਚ ਅੰਗਰੇਜੀ ਹਕੂਮਤ ਆਈ ਤਾਂ ਦੇਸ਼ ਦੇ ਦਲਿਤਾਂ ਨੂੰ ਕਾਫੀ ਰਾਹਤ ਮਿਲੀ। ਕਈ ਦਲਿਤ ਅੰਗਰੇਜ ਹਕੂਮਤ ਵਿੱਚ ਸਰਕਾਰੀ ਨੌਕਰੀਆਂ ਕਰਨ ਲੱਗ ਪਏ ਜਿਸ ਨਾਲ ਦਲਿਤ ਪਿੰਡ ਛੱਡਕੇ ਨਗਰਾਂ ਵਿੱਚ ਰਹਿਣ ਲੱਗ ਪਏ। ਇਸਾਈ ਮਿਸ਼ਨਰੀਆਂ ਵਲੋਂ ਖੋਲੇ ਗਏ ਵਿੱਦਿਅਕ ਅਦਾਰਿਆਂ ਵਿੱਚ ਦਲਿਤਾਂ ਨੂੰ ਪੜ੍ਹਾਈ ਦਾ ਅਧਿਕਾਰ ਮਿਲ ਗਿਆ ਜਿਸ ਨਾਲ ਉਨ੍ਹਾਂ ਦਾ ਵਿਕਾਸ ਹੋਣਾ ਸੁਰੂ ਹੋ ਗਿਆ ਅਤੇ ਇਨ੍ਹਾਂ ਵਿੱਚੋਂ ਬਹੁਤੇ ਦਲਿਤਾਂ ਨੇ ਅਪਣੇ ਜਾਤ ਅਧਾਰਿਤ ਧੰਦਿਆਂ ਨੂੰ ਤਿਆਗ ਦਿਤਾ। ਸਾਲ 1894 ਤੋਂ 1922 ਤੱਕ ਕੋਹਲਾਪੁਰ ਦੇ ਰਾਜਾ ਰਹੇ ਛੱਤਰਪਤੀ ਸਾਹੂ ਜੀ ਮਹਾਰਾਜ ਨੇ ਸਿੱਖਿਆ ਦੇ ਦੁਆਰ ਸਭ ਲਈ ਖੋਲ ਦਿਤੇ ਅਤੇ ਨੌਕਰੀਆਂ ਵਿੱਚ 50 ਫਿਸਦੀ ਰਾਖਵਾਂਕਰਣ ਗਰੀਬ ਕਮਜੋਰ ਵਰਗਾਂ ਲਈ ਕਰ ਦਿਤਾ। ਮੰਨੂਵਾਦੀ ਸੋਚ ਰੱਖਣ ਵਾਲੇ ਲੋਕਾਂ ਦੇ ਭਾਰੀ ਵਿਰੋਧ ਦੇ ਬਾਬਜੂਦ ਫੂਲੇ ਪਰਿਵਾਰ ਨੇ ਇਨ੍ਹਾਂ ਵਰਗਾਂ ਲਈ ਵਿਦਿੱਅਕ ਅਦਾਰੇ ਚਲਾਏ। ਸਾਲ 1891 ਵਿੱਚ ਪੈਦਾ ਹੋਏ ਦਲਿਤਾਂ ਦੇ ਨਾਇਕ ਡਾਕਟਰ ਭੀਮ ਰਾਓ ਅੰਬੇਡਕਰ ਨੇ ਬੜੌਦਾ ਮਹਾਰਾਜਾ ਸਿਆਈਜੀਓ ਗਾਇਕਵਾੜ ਵਲੋਂ ਚਲਾਈ ਜਾ ਰਹੀ ਵਜੀਫਾ ਯੋਜਨਾ ਨਾਲ ਵਿਦੇਸ਼ਾਂ ਵਿੱਚ ਪੜ੍ਹਾਈ ਕੀਤੀ। ਡਾਕਟਰ ਅੰਬੇਡਕਰ ਨੇ ਅਪਣੀ ਸਿੱਖਿਆ ਨੂੰ ਹਥਿਆਰ ਬਣਾਕੇ ਸਦੀਆਂ ਤੋਂ ਦੱਬੇ ਕੁਚਲੇ ਵਰਗਾਂ ਦੇ ਜੀਵਨ ਵਿੱਚ ਕਰਾਂਤੀਕਾਰੀ ਬਦਲਾਓ ਲਿਆਉਣ ਲਈ ਕੰਮ ਕੀਤਾ। ਪੰਜਾਬ ਦੇ ਹੁਸ਼ਿਆਰਪੁਰ ਜਿਲ੍ਹੇ ਦੇ ਪਿੰਡ ਮੁਗੋਵਾਲ ਵਿੱਚ 14 ਜਨਵਰੀ, 1886 ਨੂੰ ਪੈਦਾ ਹੋਏ ਬਾਬੂ ਮੰਗੂ ਰਾਮ ਮੂਗੋਵਾਲ ਨੇ ਅਪਣੇ ਪਿੰਡ ਵਿੱਚ ਅਛੂਤਾਂ ਦੇ ਬੱਚਿਆਂ ਲਈ ਪਹਿਲਾ ਸਕੂਲ ਖੋਲਿਆ ਅਤੇ 1926 ਵਿੱਚ ਆਦਿ ਧਰਮ ਮੰਡਲ ਦੀ ਸਥਾਪਨਾ ਕੀਤੀ ਸੀ। ਇਨ੍ਹਾਂ ਆਗੂਆਂ ਦੀ ਅਗਵਾਈ ਵਿੱਚ ਅੰਗਰੇਜਾਂ ਵਲੋਂ ਭੇਜੇ ਗਏ ਸਾਇਮਨ ਕਮਿਸ਼ਨ ਨੇ ਪੰਜਾਬ ਵਿੱਚ ਦੌਰਾ ਕੀਤਾ ਅਤੇ ਡਾਕਟਰ ਅੰਬੇਡਕਰ ਨੂੰ ਅਛੂਤਾਂ ਦਾ ਪ੍ਰਤੀਨਿਧੀ ਸਾਬਿਤ ਕਰਕੇ ਗੋਲਮੇਜ਼ ਕਾਨਫਰੰਸਾ ਵਿੱਚ ਭੇਜਿਆ। ਆਦ ਧਰਮ ਮੰਡਲ ਦੇ ਆਗੂਆਂ ਦੇ ਸੰਘਰਸ਼ ਕਾਰਨ ਅਛੂਤਾਂ ਨੂੰ ਪੜ੍ਹਣ ਲਿਖਣ ਦੀਆਂ ਸਹੂਲਤਾਂ, ਵੋਟ ਦਾ ਅਧਿਕਾਰ ਪ੍ਰਾਪਤ ਹੋਇਆ, ਬੇਗਾਰ ਪ੍ਰਥਾ ਬੰਦ ਕਰਵਾਈ, ਫੌਜ ਅਤੇ ਪੁਲਿਸ ਵਿੱਚ ਭਰਤੀ ਸ਼ੁਰੂ ਹੋਈ, ਰਜਤਨਾਮੇ ਖਤਮ ਕਰਕੇ ਘਰਾਂ ਦੇ ਮਾਲਕ ਬਣਾਇਆ ਗਿਆ। ਸਾਲ 1900 ਵਿੱਚ ਬਣਿਆ ਇੰਤਕਾਲ ਇਰਾਜ਼ੀ ਐਕਟ ਜਿਸ ਅਨੁਸਾਰ ਸਿਰਫ 12 ਜਾਤਾਂ ਜਿਨ੍ਹਾਂ ਵਿੱਚ ਅਹੀਰ, ਅਰਾਈ, ਅਵਾਣ, ਗੁੱਜਰ, ਜੱਟ, ਕੰਬੋਜ, ਮੀਂਏ, ਪਠਾਣ, ਕਨੈਤ, ਰਾਜਪੂਤ, ਰਾਠੀ, ਸੈਣੀ ਹੀ ਜਮੀਨ ਖਰੀਦ ਸਕਦੇ ਸਨ ਖਤਮ ਕਰਵਾਇਆ ਜਿਸ ਨਾਲ ਗੈਰ ਮਾਰੂਸੀ ਲੋਕਾਂ ਨੂੰ ਵੀ ਜਾਇਦਾਦ ਖ਼੍ਰੀਦਣ ਦਾ ਅਧਿਕਾਰ ਮਿਲਿਆ। ਆਦ ਧਰਮ ਮੰਡਲ ਨੇ ਹਰੀਜਨ ਸ਼ਬਦ ਦੀ ਵਰਤੋਂ ਦਾ ਖੁੱਲਕੇ ਵਿਰੋਧ ਕੀਤਾ। ਆਦ ਧਰਮ ਮੰਡਲ ਦੀਆਂ ਕੋਸ਼ਿਸ਼ ਅਤੇ ਮੰਗ ਕਾਰਨ 1930 ਵਿੱਚ ਗਵਰਨਰ ਪੰਜਾਬ ਨੇ ਆਰਡਰ ਜਾਰੀ ਕੀਤੇ ਕਿ ਅਛੂਤ ਲੜਕੇ ਲੜਕੀਆਂ ਜੋ ਦਸਵੀਂ ਪਾਸ ਹਨ ਨੂੰ ਅਧਿਆਪਕ ਦੀ ਸਿਖਲਾਈ ਦੇਣ ਲਈ ਸਪੈਸ਼ਲ ਕਲਾਸਾਂ ਸ਼ੁਰੂ ਕੀਤੀਆਂ ਜਾਣ। ਚੌਧਰੀ ਸਦਰੂਦੀਨ ਖਾਨ ਨੇ ਆਦ ਧਰਮ ਮੰਡਲ ਦੀ ਇਮਾਰਤ ਵਿੱਚ ਇਹ ਕਲਾਸਾਂ ਲਗਾਈਆਂ ਅਤੇ 80 ਆਦ ਧਰਮ ਵਿਅਕਤੀਆਂ ਨੂੰ ਜੇ ਬੀ ਟੀ ਦਾ ਕੌਰਸ ਕਰਵਾਕੇ ਅਧਿਆਪਕ ਬਣਾਇਆ ਗਿਆ ਅਤੇ ਇਸ ਨਾਲ ਸਦੀਆਂ ਤੋਂ ਸਿੱਖਿਆ ਤੋਂ ਬਾਂਝੇ ਰਹੇ ਅਛੂਤਾਂ ਨੂੰ ਸਿੱਖਿਆ ਪ੍ਰਦਾਨ ਕਰਨ ਦੇ ਰਾਹ ਖੋਲੇ ਗਏ। ਸਾਲ 1930,31,32 ਵਿੱਚ ਲੰਡਨ ਵਿੱਚ ਹੋਈਆ ਗੋਲਮੇਜ਼ ਕਾਨਫਰੰਸਾ ਵਿੱਚ ਕਾਂਗਰਸੀ ਆਗੂ ਗਾਂਧੀ ਨੇ ਕਿਹਾ ਕਿ ਅਛੂਤਾਂ ਦਾ ਵੀ ਉਹ ਹੀ ਲੀਡਰ ਹੈ ਅਤੇ ਡਾਕਟਰ ਅੰਬੇਡਕਰ ਨੂੰ ਇਸਤੋਂ ਬਾਹਰ ਭੇਜਿਆ ਜਾਵੇ। ਇਹ ਸਾਬਤ ਕਰਨ ਲਈ ਕਿ ਅਛੂਤਾਂ ਦੇ ਅਸਲੀ ਆਗੂ ਡਾਕਟਰ ਅੰਬੇਡਕਰ ਹਨ ਬਾਬੂ ਮੰਗੂ ਰਾਮ ਦੀ ਅਗਵਾਈ ਵਿੱਚ ਪੰਜਾਬ ਅਤੇ ਹੋਰ ਸੂਬਿਆਂ ਤੋਂ ਆਦ ਧਰਮ ਆਗੂਆਂ ਨੇ ਡਾਕਟਰ ਅੰਬੇਡਕਰ ਦੇ ਹੱਕ ਵਿੱਚ ਲੱਗਭੱਗ 57 ਤਾਰਾਂ ਲੰਡਨ ਭੇਜੀਆਂ ਜਿਸ ਕਾਰਨ ਅੰਬੇਡਕਰ ਨੂੰ ਇਨ੍ਹਾਂ ਕਾਨਫਰੰਸਾਂ ਵਿੱਚ ਪ੍ਰਤੀਨਿਧਤਾ ਕਰਨ ਦਾ ਅਧਿਕਾਰ ਮਿਲਿਆ। ਗੋਲਮੇਜ਼ ਕਾਨਫਰੰਸਾ ਤੋਂ ਬਾਦ ਬਰਤਾਨੀਆ ਸਰਕਾਰ ਨੇ ਦਲਿਤਾਂ ਲਈ ਅਲੱਗ ਚੋਣ ਵਿਵਸਥਾ ਦੀ ਮੰਨਜੂਰੀ ਦੇ ਦਿਤੀ ਜਿਸਨੂੰ ਕਮਿਊਨਲ ਐਵਾਰਡ ਦਾ ਨਾਮ ਦਿਤਾ ਗਿਆ। ਇਸ ਕਮਿਊਨਲ ਐਵਾਰਡ ਦੇ ਵਿਰੋਧ ਵਿੱਚ ਕਾਂਗਰਸੀ ਆਗੂ ਗਾਂਧੀ ਜਿਸਨੇ ਪਹਿਲਾਂ ਗੋਲਮੇਜ਼ ਕਾਨਫਰੰਸ ਵਿੱਚ ਵੀ ਡਾਕਟਰ ਅੰਬੇਡਕਰ ਦੇ ਦਾਖਲੇ ਦਾ ਵਿਰੋਧ ਕੀਤਾ ਸੀ ਨੇ ਯਰਵਦਾ ਜੇਲ ਵਿੱਚ 20 ਸਤੰਬਰ, 1932 ਨੂੰ ਮਰਨ ਵਰਤ ਰੱਖ ਲਿਆ ਅਤੇ ਗਾਂਧੀ ਦੇ ਵਿਰੋਧ ਵਿੱਚ ਆਦਿ ਧਰਮ ਆਗੂਆਂ ਨੇ ਵੀ ਮਰਨ ਵਰਤ ਰੱਖ ਲਿਆ। 24 ਸਤੰਬਰ 1932 ਨੂੰ ਡਾਕਟਰ ਅੰਬੇਡਕਰ ਅਤੇ ਹਿੰਦੂ ਆਗੂਆਂ ਵਿਚਕਾਰ ਇੱਕ ਸਮਝੌਤਾ ਹੋਇਆ ਜਿਸਨੂੰ ਪੂਨਾ ਪੈਕਟ ਕਿਹਾ ਜਾਂਦਾ ਹੈ ਅਤੇ ਇਸ ਸਮਝੋਤੇ ਵਿੱਚ ਦਲਿਤਾਂ ਨੂੰ ਵਖਰੀ ਚੋਣ ਵਿਵਸਥਾ ਦੋਹਰੀ ਵੋਟ ਦੇ ਅਧਿਕਾਰ ਦੀ ਥਾਂ ਕੁੱਝ ਸੀਟਾਂ ਦਾ ਰਾਖਵਾਂਕਰਣ ਦਿਤਾ ਗਿਆ ਜਿਸ ਅਨੁਸਾਰ ਭਾਰਤ ਦੀਆਂ ਵੱਖ ਵੱਖ ਵਿਧਾਨ ਸਭਾਵਾਂ ਲਈ ਕੁੱਲ 148 ਸੀਟਾਂ ਦਲਿਤਾਂ ਲਈ ਰਾਖਵੀਆਂ ਰੱਖੀਆਂ ਗਈਆਂ ਜਿਨ੍ਹਾਂ ਵਿੱਚ ਉਸ ਵੇਲੇ ਪੰਜਾਬ ਦੀਆਂ 08 ਸੀਟਾਂ ਸਨ। 1937 ਵਿੱਚ ਪੰਜਾਬ ਵਿੱਚ ਹੋਈਆ ਚੋਣਾਂ ਵਿੱਚ ਆਦਿ ਧਰਮ ਮੰਡਲ ਨੇ ਬਾਬੂ ਮੰਗੂ ਰਾਮ ਮੁਗੋਵਾਲੀਆ ਦੀ ਅਗਵਾਈ ਵਿੱਚ ਰਾਖਵੀਆਂ 8 ਸੀਟਾਂ ਵਿਚੋਂ 7 ਤੇ ਜਿੱਤ ਹਾਸਲ ਕੀਤੀ। ਡਾਕਟਰ ਅੰਬੇਡਕਰ ਨੇ ਹਿੰਦੂ ਧਰਮ ਨੂੰ ਦਲਿਤਾਂ ਦੇ ਵਿਕਾਸ ਵਿੱਚ ਰੋੜ੍ਹਾ ਮੰਨਕੇ ਹੀ ਅਪਣਾ ਧਰਮ ਬਦਲਣ ਦਾ ਫੈਸਲਾ ਕੀਤਾ ਅਤੇ ਅਖੀਰ 13 ਅਕਤੂਬਰ 1956 ਨੂੰ ਅਪਣੇ ਲੱਖਾਂ ਸਾਥੀਆਂ ਨਾਲ ਬੁੱਧ ਧਰਮ ਅਪਣਾਇਆ। ਅੱਜ ਵੀ ਦੇਸ਼ਦੇ ਵੱਖ ਵੱਖ ਭਾਗਾਂ ਵਿੱਚ ਦਲਿਤਾਂ ਵਲੋਂ ਵੱਡੇ ਪੱਧਰ ਤੇ ਹਿੰਦੂ ਧਰਮ ਛੱਡਕੇ ਧਰਮ ਬਦਲਣ ਦੀਆਂ ਖਬਰਾਂ ਵੇਖਣ ਨੂੰ ਮਿਲਦੀਆਂ ਹਨ। ਡਾਕਟਰ ਅੰਬੇਡਕਰ ਦੁਆਰਾ ਸ਼ੁਰੂ ਕੀਤਾ ਗਿਆ ਰਾਜਨੀਤਿਕ ਅੰਦੋਲਨ ਕੁੱਝ ਸਮੇਂ ਬਾਦ ਹੀ ਖਤਮ ਹੋ ਗਿਆ ਸੀ। ਅਜਾਦ ਭਾਰਤ ਵਿੱਚ ਦਲਿਤਾਂ ਨੂੰ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨ ਜਾਤੀਆਂ ਦਾ ਨਾਮ ਦਿਤਾ ਗਿਆ ਅਤੇ ਭਾਰਤੀ ਸੰਵਿਧਾਨ ਵਿੱਚ ਇਨ੍ਹਾਂ ਜਾਤਾਂ ਨਾਲ ਸਬੰਧਿਤ ਲੋਕਾਂ ਦੇ ਵਿਕਾਸ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ। ਬਹੁਤੇ ਦਲਿਤ ਵਿਸ਼ੇਸ਼ ਤੋਰ ਤੇ ਪਿੰਡਾਂ ਅਤੇ ਬਸਤੀਆਂ ਵਿੱਚ ਰਹਿਣ ਵਾਲੇ ਦਲਿਤ ਅਜੇ ਵੀ ਜਿੰਦਗੀ ਦੀਆਂ ਮੁੱਢਲੀਆਂ ਸਹੂਲਤਾਂ ਨੂੰ ਤਰਸ ਰਹੇ ਹਨ। ਇਨ੍ਹਾਂ ਦਲਿਤਾਂ ਵਿੱਚੋਂ ਵਿਕਸਿਤ ਹੋ ਚੁੱਕੇ ਲੋਕਾਂ ਦਾ ਜੀਵਨ ਕ੍ਰਿਸ਼ਮਾਈ ਹੋ ਗਿਆ ਹੈ ਅਤੇ ਉਹ ਅਪਣਾ ਪਿਛੋਕੜ ਤੱਕ ਭੁੱਲਦੇ ਜਾ ਰਹੇ ਹਨ। 15 ਮਾਰਚ 1934 ਨੂੰ ਜਿਲ੍ਹਾ ਰੂਪਨਗਰ ਪੰਜਾਬ ਵਿੱਚ ਪੈਦਾ ਹੋਏ ਸਾਹਿਬ ਕਾਂਸ਼ੀ ਰਾਮ ਨੇ 1971 ਵਿੱਚ ਦਲਿਤਾਂ ਨੂੰ ਜਾਗਰੂਕ ਕਰਨ ਲਈ ਮੁਹਿੰਮ ਸ਼ੁਰੂ ਕੀਤੀ ਅਤੇ ਅਨੁਸੂਚਿਤ ਜਾਤੀ, ਅਨੁਸੂਚਿਤ ਜਨਜਾਤੀ, ਹੋਰ ਪੱਛੜੀਆਂ ਜਾਤੀਆਂ ਅਤੇ ਘੱਟ ਗਿਣਤੀ ਕਰਮਚਾਰੀ ਵੈਲਫੇਅਰ ਸੰਸਥਾ ਦੀ ਸਥਾਪਨਾ ਕੀਤੀ। 1973 ਵਿੱਚ ਬੈਕਵਰਡ ਐਂਡ ਮਾਇਨਾਰਿਟੀ ਕਮਿਉਨਿਟੀ ਇੰਮਪਲਾਇਜ਼ ਫੈਡਰੇਸ਼ਨ-ਬਾਮਸੇਫ ਦੀ ਸਥਾਪਨਾ ਕੀਤੀ। ਡਾਕਟਰ ਅੰਬੇਡਕਰ ਵਲੋਂ ਦਿੱਤੇ ਗਏ ਪੜ੍ਹੋ, ਜੁੜ੍ਹੋ ਅਤੇ ਸੰਘਰਸ਼ ਕਰੋ ਦੇ ਸਿਧਾਂਤ ਤੇ ਚੱਲਕੇ ਮੁਹਿੰਮ ਚਲਾਈ ਅਤੇ 06 ਦਸੰਬਰ 1981 ਨੂੰ ਦਲਿਤ ਸ਼ੋਸ਼ਿਤ ਸਮਾਜ ਸੰਘਰਸ਼ ਸਮਿਤੀ ਡੀ ਐਸ-4 ਨਾਮ ਦਾ ਸਮਾਜਿਕ ਸੰਗਠਨ ਤਿਆਰ ਕੀਤਾ ਅਤੇ 14 ਅਪ੍ਰੈਲ 1984 ਨੂੰ ਰਾਜਨੀਤਿਕ ਪਾਰਟੀ ਬਹੁਜਨ ਸਮਾਜ ਪਾਰਟੀ (ਬੀ ਐਸ ਪੀ) ਬਣਾ ਦਿਤੀ ਅਤੇ ਕਰੋੜ੍ਹਾਂ ਦਲਿਤਾਂ ਦਾ ਸੁਪਨਾ ਪੂਰਾ ਕਰਨ ਲਈ ਦੇਸ਼ ਦੀ ਸੱਤਾ ਤੇ ਕਾਬਜ ਹੋਣ ਦਾ ਐਲਾਨ ਕਰ ਦਿਤਾ। 1989 ਦੀਆਂ ਲੋਕ ਸਭਾ ਚੋਣਾਂ ਵਿੱਚ ਬੀ ਐਸ ਪੀ ਨੇ ਦੇਸ਼ ਵਿੱਚ 2.07 ਫਿਸਦੀ ਵੋਟਾਂ ਪ੍ਰਾਪਤ ਕੀਤੀਆਂ ਅਤੇ 3 ਲੋਕ ਸਭਾ ਮੈਂਬਰ ਬਣੇ। 1992 ਵਿੱਚ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਬਹੁਜਨ ਸਮਾਜ ਪਾਰਟੀ ਇੱਕ ਵੱਡੀ ਰਾਜਨੀਤਿਕ ਪਾਰਟੀ ਵਜੋਂ ਸਾਹਮਣੇ ਆਈ ਜਿਸ ਵਿੱਚ 9 ਵਿਧਾਇਕ ਚੁਣੇ ਗਏ ਅਤੇ ਪੰਜਾਬ ਵਿੱਚ ਮੁੱਖ ਵਿਰੋਧੀ ਪਾਰਟੀ ਬਣੀ। ਸਾਲ 1993 ਵਿੱਚ ਦੇਸ਼ ਦੀ ਰਾਜਨੀਤੀ ਦਾ ਗੜ੍ਹ ਰਹਿਣ ਵਾਲੇ ਉੱਤਰ ਪ੍ਰਦੇਸ਼ ਵਿੱਚ ਬੀ ਐਸ ਪੀ ਨੇ 67 ਵਿਧਾਇਕ ਬਣਾਕੇ ਵੱਡੀ ਜਿੱਤ ਹਾਸਲ ਕੀਤੀ। ਬੀ ਐਸ ਪੀ ਨੇ ਉੱਤਰ ਪ੍ਰਦੇਸ਼ ਵਿੱਚ ਕਈ ਵਾਰ ਸਰਕਾਰ ਬਣਾਈ ਅਤੇ ਕਈ ਵਿਅਕਤੀਆਂ ਨੂੰ ਲੋਕ ਸਭਾ, ਰਾਜ ਸਭਾ ਅਤੇ ਵੱਖ ਵੱਖ ਵਿਧਾਨ ਸਭਾਵਾਂ ਵਿੱਚ ਭੇਜਿਆ। ਮੌਜੂਦਾ ਸਮੇਂ ਰਾਖਵਾਂਕਰਣ ਦਾ ਲਾਭ ਲੈਕੇ ਕਈ ਅਧਿਕਾਰੀ ਵੱਡੇ ਵੱਡੇ ਅਹੁਦਿਆਂ ਤੇ ਬੈਠੇ ਹਨ। ਪਿਛਲੇ ਕਈ ਸਾਲਾਂ ਤੋਂ ਬਹੁਜਨ ਅੰਦੋਲਨ ਵਿੱਚ ਖੜੋਤ ਆ ਗਈ ਹੈ। ਪੰਜਾਬ ਵਿੱਚ ਸਭ ਤੋਂ ਵੱਧ ਅਨੁਸੂਚਿਤ ਜਾਤਿ ਦੇ ਲੋਕ ਰਹਿੰਦੇ ਹਨ ਅਤੇ ਲੱਗਭੱਗ ਤੀਜਾ ਹਿੱਸਾ ਅਬਾਦੀ ਅਨੁਸੂਚਿਤ ਜਾਤਿ ਵਰਗ ਦੀ ਹੈ।ਪੰਜਾਬ ਵਿੱਚ ਰਹਿਣ ਵਾਲੇ ਦਲਿਤਾਂ ਦੇ ਕਈ ਮੁੱਦੇ ਲਟਕੇ ਹੋਏ ਹਨ ਜਿਨ੍ਹਾਂ ਨੂੰ ਲੈਕੇ ਅਕਸਰ ਹੀ ਵਿਚਾਰ ਚਰਚਾ ਅਤੇ ਸੰਘਰਸ਼ ਹੁੰਦਾ ਰਿਹਾ ਹੈ ਅਤੇ ਇਹ ਮਸਲੇ ਅਜੇ ਵੀ ਅਣਸੁਲਝੇ ਪਏ ਹਨ ਜਿਨਖ਼ਾਂ ਵਿੱਚ ਸੰਵਿਧਾਨ ਵਿੱਚ ਹੋਈ 85ਵੀਂ ਸੋਧ ਨੂੰ ਲਾਗੂ ਕਰਕੇ ਅਨੁਸੂਚਿਤ ਜਾਤਾਂ ਦੇ ਕਰਮਚਾਰੀਆਂ ਨੂੰ ਬਣਦਾ ਲਾਭ ਦੇਣਾ, ਅਨੁਸੂਚਿਤ ਜਾਤਾਂ ਦੇ ਜਾਅਲੀ ਸਰਟੀਫਿਕੇਟਾਂ ਵਾਲੇ ਵਿਅਕਤੀਆਂ ਖਿਲਾਫ ਕਨੂੰਨੀ ਕਾਰਵਾਈ ਕਰਨਾ, ਪੋਸਟ ਮੈਟਰਿਕ ਸਕਾਲਰਸ਼ਿਪ ਵਿੱਚ ਹੋਏ ਘਪਲਿਆਂ ਦੇ ਦੋਸ਼ੀਆਂ ਖਿਲਾਫ ਕਾਰਵਾਈ ਕਰਨਾ, ਵੱਖ ਵੱਖ ਵਿਭਾਗਾਂ ਵਿੱਚ ਖਾਲੀ ਪਈਆਂ ਅਸਾਮੀਆਂ ਦਾ ਬੈਕਲਾਗ ਪੂਰਾ ਕਰਨਾ, ਬੇਜਮੀਨੇ ਦਲਿਤਾਂ ਲਈ ਰਹਿਣ ਲਈ ਪਲਾਟ ਦੇਣਾ, ਸ਼ਾਮਲਾਟ ਜ਼ਮੀਨ ਵਿਚੋਂ ਤੀਜਾ ਹਿੱਸਾ ਅਨੁਸੂਚਿਤ ਜਾਤਾਂ ਨੂੰ ਦੇਣਾ, ਦਲਿਤਾਂ ਦੇ ਇਤਿਹਾਸਕ ਅਤੇ ਧਾਰਮਿਕ ਸਥਾਨਾਂ ਦੀ ਸਾਂਭ ਸੰਭਾਲ ਲਈ ਕੰਮ ਕਰਨਾ ਆਦਿ ਸ਼ਾਮਿਲ ਹਨ। ਇਨ੍ਹਾਂ ਸਮੱਸਿਆਵਾਂ ਅਤੇ ਮੰਗਾਂ ਨੂੰ ਲੈਕੇ ਲੋਕ ਕਈ ਵਾਰ ਸੰਘਰਸ਼ ਕਰਦੇ ਹਨ ਪਰੰਤੂ ਅਜੇ ਤੱਕ ਇਨ੍ਹਾਂ ਸਮੱਸਿਆਵਾਂ ਦਾ ਕੋਈ ਵੀ ਠੋਸ ਹੱਲ ਨਹੀਂ ਨਿਕਲਿਆ ਹੈ। ਪੰਜਾਬ ਵਿੱਚ ਇੱਕ ਦਲਿਤ ਚਰਨਜੀਤ ਸਿੰਘ ਚੰਨੀ ਵੀ ਕੁੱਝ ਮਹੀਨੇ ਲਈ ਮੁੱਖ ਮੰਤਰੀ ਰਿਹਾ ਹੈ, ਪੰਜਾਬ ਵਿੱਚ ਕਈ ਜਨਰਲ ਸੀਟਾਂ ਤੋਂ ਵੀ ਅਨੁਸੂਚਿਤ ਜਾਤਾਂ ਦੇ ਵਿਧਾਇਕ ਜਿੱਤੇ ਹਨ। ਮੌਜੂਦਾ ਸਰਕਾਰ ਵਿੱਚ ਵੀ 34 ਰਾਖਵੇਂ ਹਲਕਿਆਂ ਵਿਚੋਂ 29 ਵਿਧਾਇਕ ਸੱਤਾਧਾਰੀ ਆਪ ਪਾਰਟੀ ਦੇ ਹੀ ਹਨ ਅਤੇ ਕਈ ਦਲਿਤ ਮੰਤਰੀ ਹਨ। ਮੌਜੂਦਾ ਸਰਕਾਰ ਦੇ 15 ਮਹੀਨੇ ਬੀਤਣ ਦੇ ਬਾਬਜੂਦ ਦਲਿਤਾਂ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਦਾ ਕੋਈ ਵੀ ਹੱਲ ਨਹੀਂ ਹੋਇਆ ਹੈ।



ਸਾਨੂੰ ਸਭਨੂੰ ਗੰਭੀਰਤਾ ਨਾਲ ਸੋਚਣ ਦੀ ਜਰੂਰਤ ਹੈ ਕਿ ਆਖਿਰ ਇਨ੍ਹਾਂ ਸਮੱਸਿਆਵਾਂ ਦਾ ਹੱਲ ਕਿਉਂ ਨਹੀਂ ਹੋ ਰਿਹਾ ਹੈ। ਮੌਜੂਦਾ ਸਮੇਂ ਦਲਿਤਾਂ ਦੇ ਨਾਮ ਤੇ ਅਣਗਿਣਤ ਸਮਾਜਿਕ, ਧਾਰਮਿਕ, ਰਾਜਨੀਤਿਕ ਸੰਗਠਨ ਚੱਲ ਰਹੇ ਹਨ ਜੋਕਿ ਦਲਿਤਾਂ ਦੇ ਵਿਕਾਸ ਲਈ ਕੰਮ ਕਰਨ ਦੇ ਦਾਅਵੇ ਕਰਦੇ ਹਨ। ਇੱਕ ਪਾਸੇ ਗੈਰ ਦਲਿਤ ਵਰਗ ਦਲਿਤਾਂ ਨੂੰ ਮਿਲੇ ਸੰਵਿਧਾਨਿਕ ਹੱਕਾਂ ਅਤੇ ਸਹੂਲਤਾਂ ਦਾ ਵਿਰੋਧ ਕਰ ਰਿਹਾ ਹੈ ਅਤੇ ਇਨ੍ਹਾਂਹੱਕਾਂ ਅਤੇ ਸਹੂਲਤਾਂ ਨੂੰ ਖਤਮ ਕਰਨ ਲਈ ਅੰਦੋਲਨ ਕਰ ਰਿਹਾ ਹੈ ਦੂਜੇ ਪਾਸੇ ਦਲਿਤ ਵਰਗ ਦੇ ਬਹੁਤੇ ਆਗੂ ਅਤੇ ਬੁੱਧੀਜੀਵੀ ਅਪਣੇ ਨਿੱਜੀ ਮਤਲਬਾਂ ਲਈ ਸਮਾਜ ਨੂੰ ਦਿਸ਼ਾਹੀਣ ਕਰ ਰਹੇ ਹਨ। ਦਲਿਤ ਵਰਗ ਨਾਲ ਬਹੁਤੇ ਰਾਜਨੀਤਿਕ ਆਗੂ ਅਤੇ ਰਾਖਵਾਂਕਰਣ ਦਾ ਲਾਭ ਲੈਕੇ ਅਹੁਦਿਆਂ ਤੇ ਬੈਠੇ ਅਧਿਕਾਰੀ ਗਰੀਬ ਦਲਿਤਾਂ ਨੂੰ ਪੇਸ ਆ ਰਹੀਆਂ ਸਮੱਸਿਆਵਾਂ ਤੇ ਅਕਸਰ ਹੀ ਚੁੱਪ ਰਹਿੰਦੇ ਹਨ। ਦਲਿਤਾਂ ਤੇ ਵੱਧਦੇ ਅਤਿਆਚਾਰ ਅਤੇ ਵੱਧ ਰਹੀਆਂ ਸਮੱਸਿਆਵਾਂ ਸਾਡੇ ਸਮਾਜ ਦੇ ਦਲਿਤ ਆਗੂਆਂ ਅਤੇ ਬੁੱਧੀਜਿਵੀਆਂ ਦੀ ਕਾਰਗੁਜਾਰੀ ਅਤੇ ਭੂਮਿਕਾ ਤੇ ਵੱਡਾ ਪ੍ਰਸ਼ਨ ਚਿੰਨ੍ਹ ਲਗਾ ਰਹੀਆਂ ਹਨ। ਇਨ੍ਹਾਂ ਸਮੱਸਿਅਵਾਂ ਲਈ ਜਿੱਥੇ ਸਰਕਾਰਾਂ ਜਿੰਮੇਵਾਰ ਹਨ ਉੱਥੇ ਹੀ ਦਲਿਤ ਸਮਾਜ ਦੇ ਬੁੱਧੀਜਿਵੀ ਵਰਗ ਅਤੇ ਅਖੌਤੀ ਆਗੂ ਵੱਧ ਜਿੰਮੇਵਾਰ ਹਨ। ਇਸੇ ਤਰਾਂ ਦੇ ਬੁੱਧੀਜਿਵੀ ਵਰਗ ਅਤੇ ਅਖੌਤੀ ਆਗੂਆਂ ਬਾਰੇ ਬਾਬਾ ਸਾਹਿਬ ਡਾਕਟਰ ਅੰਬੇਡਕਰ ਨੇ ਸਾਫ ਕਿਹਾ ਸੀ ਕਿ ਉਸਨੂੰ ਪੜ੍ਹੇ ਲਿਖੇ ਸਮਾਜ ਨੇ ਧੋਖਾ ਦਿਤਾ ਹੈ।

ਬਸਪਾ ਆਗੂ ਸਾਹਿਬ ਕਾਂਸ਼ੀ ਰਾਮ ਨੇ ਵੀ ਇਨ੍ਹਾਂ ਨੂੰ ਚਮਚਿਆਂ ਦਾ ਨਾਮ ਦਿਤਾ ਹੈ। ਹੁਣ ਵੀ ਕਈ ਆਗੂ ਵੱਖ-ਵੱਖ ਸਮਾਜਿਕ ਅਤੇ ਰਾਜਨੀਤਿਕ ਸੰਗਠਨਾਂ ਵਿੱਚ ਕੰਮ ਕਰ ਰਹੇ ਹਨ ਅਤੇ ਦਲਿਤ ਮੁੱਦਿਆਂ ਤੇ ਪਹਿਰਾ ਦੇਣ ਦੀ ਬਜਾਏ ਦਲਿਤ ਵਿਰੋਧੀ ਲੋਕਾਂ ਕੋਲ ਗਿਰਵੀ ਰੱਖ ਰਹੇ ਹਨ। ਇੱਕ ਪਾਸੇ ਮਨੂੰਵਾਦੀ ਸੋਚ ਵਾਲੇ ਕੱਟੜ ਲੋਕ ਦਲਿਤਾਂ ਦੀ ਤਰੱਕੀ ਵਿੱਚ ਰੋੜ੍ਹਾ ਬਣ ਰਹੇ ਹਨ ਅਤੇ ਵੱਖ ਵੱਖ ਸਮਾਜਿਕ ਰਾਜਨੀਤਿਕ ਸੰਗਠਨਾਂ ਦੁਆਰਾ ਦਲਿਤਵਿਰੋਧੀ ਅੰਦੋਲਨ ਚਲਾ ਰਹੇ ਹਨ ਦੂਜੇ ਪਾਸੇ ਅਖੌਤੀ ਦਲਿਤ ਆਗੂ ਅਤੇ ਬੁੱਧੀਜਿਵੀ ਦਲਿਤਾਂ ਨੂੰ ਭਟਕਾਉਣ ਦਾ ਕੰਮ ਕਰ ਰਹੇ ਹਨ।

## ਸਾਥੀ ਹਰਭਜਨ ਸਿੰਘ ਹੁੰਦਲ ਦਾ ਦੁੱਖਦਾਈ ਵਿਛੋੜਾ

**ਚੰਡੀਗੜ੍ਹ/ਜਲੰਧਰ, (ਦਲਜੀਤ ਕੌਰ)** ਉੱਘੇ ਜਨਵਾਦੀ ਲੇਖਕ, ਜੁਝਾਰੂ ਟਰੇਡ ਯੂਨੀਅਨਿਸਟ ਅਤੇ ਸਮਾਜਕ ਤਬਦੀਲੀ ਦੇ ਮਾਨਵਤਾਵਤਾ ਸੰਗਰਾਮ ਦੇ ਬੇਖੌਫ ਤੇ ਮਿਸਾਲੀ ਸਿਪਾਹੀ ਸਾਥੀ ਹਰਭਜਨ ਸਿੰਘ ਹੁੰਦਲ ਸਦੀਵੀ ਵਿਛੋੜਾ ਦੇ ਗਏ ਹਨ।



ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ. ਐਮ. ਪੀ. ਆਈ.) ਸਾਥੀ ਹੁੰਦਲ ਜਿਸ ਦੇ ਸੰ-ਸਥਾਪਕਾਂ ਚੋਂ ਸਨ, ਦੇ ਜਨਰਲ ਸਕੱਤਰ ਸਾਥੀ ਮੰਗਤ ਰਾਮ ਪਾਸਲਾ, ਕੇਂਦਰੀ ਸਟੈਂਡਿੰਗ ਕਮੇਟੀ ਦੇ ਮੈਂਬਰ ਸਾਥੀ ਹਰਕੰਵਲ ਸਿੰਘ, ਪੰਜਾਬ ਰਾਜ ਕਮੇਟੀ ਦੇ ਸਕੱਤਰ ਸਾਥੀ ਪਰਗਟ ਸਿੰਘ ਜਾਮਾਰਾਏ, ਕੇਂਦਰੀ ਕਮੇਟੀ ਦੇ ਮੈਂਬਰ ਸਾਥੀ ਮਹੀਪਾਲ, 'ਚਿਰਾਗ' ਤਿਮਾਹੀ ਦੇ ਸੰਪਾਦਕ ਡਾਕਟਰ ਕਰਮਜੀਤ ਸਿੰਘ, 'ਹੁਣ' ਦੇ ਸੰਪਾਦਕ ਸੁਸ਼ੀਲ ਦੁਸਾਂਝ, 'ਸੰਗਰਾਮੀ ਲਹਿਰ' ਦੇ ਮੈਨੇਜਰ ਗੁਰਦਰਸ਼ਨ ਬੀਕਾ, ਉੱਘੇ ਲੋਕ ਕਵੀ ਮੱਖਣ ਕੁਹਾੜ ਨੇ ਉਨ੍ਹਾਂ ਦੀ ਸਮਾਜ ਪ੍ਰਤੀ ਵਡਮੁੱਲੀ ਦੇਣ ਅਤੇ ਅਦੁੱਤੀ ਘਾਲਣਾਵਾਂ ਨੂੰ ਬੇਹਦ ਸਤਿਕਾਰ ਨਾਲ ਯਾਦ ਕਰਦਿਆਂ ਉਨ੍ਹਾਂ ਨੂੰ ਸੂਹੀ ਸ਼ਰਧਾਂਜਲੀ ਭੇਟ ਕੀਤੀ। ਆਗੂਆਂ ਨੇ ਇਸ ਦੁਖ ਦੀ ਘੜੀ ਵਿਚ ਸਾਥੀ ਹੁੰਦਲ ਦੇ ਪਰਿਵਾਰ ਨਾਲ ਆਪਣੀਆਂ ਸੰਵੇਦਨਾਵਾਂ ਸਾਂਝੀਆਂ ਕੀਤੀਆਂ ਹਨ।

## ਪੰਜਾਬ ਵਿੱਚ 13 ਜੁਲਾਈ ਤੱਕ ਸਕੂਲਾਂ 'ਚ ਛੁੱਟੀਆਂ

**ਚੰਡੀਗੜ੍ਹ, (ਦਲਜੀਤ ਕੌਰ)-** ਪੰਜਾਬ ਵਿੱਚ ਪੈ ਰਹੇ ਲਗਾਤਾਰ ਮੀਂਹ ਕਾਰਨ ਖਰਾਬ ਹੋਏ ਹਲਾਤਾਂ ਤੋਂ ਬਾਅਦ ਪੰਜਾਬ ਦੇ ਸਾਰੇ ਸਕੂਲਾਂ ਵਿੱਚ 13 ਜੁਲਾਈ ਤੱਕ ਸਕੂਲਾਂ ਵਿੱਚ ਛੁੱਟੀਆਂ ਕੀਤੀਆਂ ਗਈਆਂ ਹਨ। ਇਸ ਸਬੰਧੀ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਐਲਾਨ ਕੀਤਾ ਗਿਆ ਹੈ। ਸਿੱਖਿਆ ਮੰਤਰੀ ਨੇ ਕਿਹਾ ਹੈ, ਮਾਣਯੋਗ ਮੁੱਖ ਮੰਤਰੀ ਪੰਜਾਬ ਸ. ਭਗਵੰਤ ਮਾਨ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸੂਬੇ ਵਿੱਚ ਹੋ ਰਹੀ ਲਗਾਤਾਰ ਬਾਰਿਸ਼ ਕਾਰਨ ਸੁਰੱਖਿਆ ਦੇ ਮੱਦੇਨਜਰ ਪੰਜਾਬ ਸਰਕਾਰ ਵੱਲੋਂ ਤੁਰੰਤ ਪ੍ਰਭਾਵ ਤੋਂ ਸੂਬੇ ਦੇ ਸਾਰੇ ਸਰਕਾਰੀ/ਏਡਿਡ/ਮਾਨਤਾ ਪ੍ਰਾਪਤ ਅਤੇ ਪ੍ਰਾਈਵੇਟ ਸਕੂਲਾਂ ਵਿੱਚ ਮਿਤੀ 13 ਜੁਲਾਈ 2023 ਤੱਕ ਛੁੱਟੀਆਂ ਕੀਤੀਆਂ ਜਾਂਦੀਆਂ ਹਨ।




# ਹਾਸ ਵਿਅੰਗ
# ਘਸੀਟਾ ਰਾਮ ਦਾ ਪੈਕੇਜ

**ਦਲੀਪ ਸਿੰਘ ਜੁਨੇਜਾ**

ਘਸੀਟਾ ਰਾਮ ਨੇ ਆਪਣੇ ਬਾਪੂ ਤੋਂ ਹੀ ਰਾਜ ਮਿਸਤਰੀ ਦਾ ਕੰਮ ਸਿੱਖ ਲਿਆ ਸੀ। ਪਹਿਲਾਂ ਉਹ ਆਪਣੇ ਬਾਪੂ ਦੇ ਨਾਲ ਹੀ ਦਿਹਾੜੀਆਂ ਕਰਨ ਚਲਿਆ ਜਾਂਦਾ। ਦੋਵੇਂ ਚੰਗੇ ਕਾਰੀਗਰ ਹੋਣ ਕਰਕੇ ਇਲਾਕੇ ਵਿਚ ਉਨ੍ਹਾਂ ਦੀ ਪ੍ਰਸਿੱਧੀ ਹੋਣ ਲੱਗੀ। ਆਂਢ-ਗੁਆਂਢ ਦੇ ਪਿੰਡਾਂ ਵਾਲੇ ਪਿਉ-ਪੁੱਤਰ ਨੂੰ ਮਕਾਨ ਉਸਾਰੀ ਲਈ ਲੈ ਜਾਂਦੇ। ਦੁਪਹਿਰ ਦੀ ਰੋਟੀ ਤੇ ਦੋ ਵੇਲੇ ਦੀ ਚਾਹ ਉਨ੍ਹਾਂ ਨੂੰ ਮਕਾਨ-ਮਾਲਕਾਂ ਵੱਲੋਂ ਦਿੱਤੀ ਜਾਂਦੀ। ਪਿਓ ਦੀ ਮੌਤ ਪਿਛੋਂ ਘਸੀਟੇ ਦਾ ਜੁੱਟ ਟੁੱਟ ਗਿਆ। ਪਿੰਡਾਂ ਵਿਚ ਉਸਾਰੀ ਦਾ ਕੰਮ ਵੀ ਘੱਟ ਗਿਆ। ਲੋਕ ਪਿੰਡ ਛੱਡ ਕੇ ਸ਼ਹਿਰਾਂ ਵਿਚ ਮਕਾਨ ਬਨਾਉਣ ਲੱਗੇ। ਘਸੀਟਾ ਵੀ ਹੁਣ ਲੇਬਰ ਚੌਂਕ ਵਿਚ ਖੜਾ ਹੋਣ ਲੱਗਾ। ਜਿਸ ਦਿਨ ਘਸੀਟੇ ਨੂੰ ਦਿਹਾੜੀ ਨਾ ਮਿਲਦੀ ਉਹ ਪਿੰਡ ਦੀ ਸੱਥ ਵਿਚ ਆ ਕੇ ਬੈਠ ਜਾਂਦਾ। ਸੱਥ ਵਿਚ ਬਜ਼ੁਰਗ, ਅਮਲੀ ਤੇ ਕਈ ਪੜ੍ਹੇ ਲਿਖੇ ਬੇਰੋਜ਼ਗਾਰ ਵੀ ਆ ਜਾਂਦੇ। ਨੰਬਰਦਾਰਾਂ ਦਾ ਬੇਰੋਜ਼ਗਾਰ ਮੁੰਡਾ ਆਪਣੇ ਘਰੋਂ ਅਖਬਾਰ ਲੈ ਆਉਂਦਾ ਤੇ ਮਸਾਲੇ ਲਾ-ਲਾ ਕੇ ਖਬਰਾਂ ਪੜ੍ਹ ਕੇ ਸੁਣਾਉਂਦਾ ਤੇ ਸੱਥ ਵਿਚ ਬੈਠੇ ਲੋਕ ਆਪਣੀ ਆਪਣੀ ਟਿੱਪਣੀ ਕਰਦੇ। ਨੰਬਰਦਾਰ ਦੇ ਪੁੱਤਰ ਨੇ ਖਬਰ ਪੜ੍ਹੀ। ਪੰਜ ਬੱਚਿਆਂ ਦੀ ਮਾਂ ਨਾਲ ਸਹੁਰੇ ਨੇ ਮੂੰਹ ਕਾਲਾ ਕੀਤਾ। ਹੁਣ ਕਈ ਧਾਰਮਿਕ ਆਗੂਆਂ ਨੇ ਫਤਵਾ ਦਿੱਤਾ ਹੈ ਕਿ ਉਹ ਔਰਤ ਆਪਣੇ ਪਤੀ ਨੂੰ ਆਪਣਾ ਪੁੱਤਰ ਸਮਝੇ। ਲਓ! ਕਰ ਲਓ ਗੱਲ ਕਲਯੁਗ ਵਿਚ ਕੀ ਹਨ੍ਹੇਰਾ ਪੈ ਗਿਆ। ਇਸ ਖਬਰ ’ਤੇ ਵੱਖ-ਵੱਖ ਤਰ੍ਹਾਂ ਦੀ ਟਿੱਪਣੀ ਕੀਤੀ ਗਈ।

ਅੱਜ ਕਲ ਅਖਬਾਰਾਂ ਵਿਚ ਪੈਕੇਜ ਦੀਆਂ ਬਹੁਤ ਖਬਰਾਂ ਛਪਦੀਆਂ ਸਨ। ਕਦੇ ਅਮਰੀਕਾ, ਪਾਕਿਸਤਾਨ ਨੂੰ ਪੈਕੇਜ ਦੇ ਰਿਹਾ ਸੀ। ਕਦੇ ਭਾਰਤ ਸਰਕਾਰ ਜੰਮੂ ਕਸ਼ਮੀਰ ਪ੍ਰਾਂਤ ਨੂੰ ਪੈਕੇਜ ਦੇ ਰਹੀ ਸੀ।



ਕਦੇ ਪੰਜਾਬ ਸਰਕਾਰ ਪੈਕੇਜ ਮੰਗ ਰਹੀ ਸੀ। ਕਈ ਹਵਾਈ ਸੇਵਾਵਾਂ ਵਾਲੇ ਟੂਰਰਿਸਟਾਂ ਦੀ ਸਹੂਲਤ ਲਈ ਦੇਸ਼ ਵਿਦੇਸ਼ ਦੀਆਂ ਹਵਾਈ ਉਡਾਣਾ ਲਈ ਪੈਕੇਜ ਦੇ ਰਹੇ ਸਨ।

ਇਕ ਦਿਨ ਘਸੀਟਾ ਅਜੇ ਲੇਬਰ ਚੌਂਕ ਵਿਚ ਪਹੁੰਚਿਆ ਹੀ ਸੀ ਉਥੇ ਇਕ ਦਮ ਕਿੰਨੀਆਂ ਹੀ ਟਰੈਕਟਰ-ਟਰਾਲੀਆਂ ਆ ਗਈਆਂ। ਠੇਕੇਦਾਰਾਂ ਨੇ ਉਥੇ ਖਲੋਤੇ ਸਾਰੇ ਰਾਜ ਮਿਸਤਰੀ ਤੇ ਮਜ਼ਦੂਰਾਂ ਨੂੰ ਬੁੱਕ ਕਰ ਲਿਆ ਤੇ ਉਨ੍ਹਾਂ ਨੂੰ ਟਰੈਕਟਰ ਟਰਾਲੀਆਂ ਵਿਚ ਸਾਈਕਲਾਂ ਸਮੇਤ ਲੋਡ ਕਰ ਲਿਆ। ਇੰਜ ਅਫ਼ਰਾ-ਦਫ਼ਰੀ ਮੱਚ ਗਈ ਜਿਵੇਂ ਕਿਸੇ ਰਾਜਨੀਤਿਕ ਪਾਰਟੀ ਦੇ ਮੋਰਚੇ ਨੂੰ ਫੇਲ੍ਹ ਕਰਨ ਲਈ ਪੁਲਿਸ ਵਰਕਰਾਂ ਨੂੰ ਫਟਾ-ਫਟ ਬੱਸਾਂ ਤੇ ਟਰੱਕਾਂ ਵਿਚ ਤੂੜਨ ਦੀ ਕਰਦੀ ਹੈ। ਠੇਕੇਦਾਰਾਂ ਨੇ ਨਾਜਾਇਜ਼ ਕਾਲੋਨੀਆਂ ਵਿਚ ਉਸਾਰੀ ਦੇ ਠੇਕੇ ਲੈ ਲਏ ਹਨ। ਠੇਕਾਦਾਰਾਂ ਨੇ ਤਿੰਨ ਸ਼ਿਫਟਾਂ ਸ਼ੁਰੂ ਕਰ ਦਿੱਤੀਆਂ। ਰਾਤ ਨੂੰ ਉਸਾਰੀ ਕਰਨ ਲਈ ਜਨਰੇਟਰ ਲਗਾ ਕੇ ਲਾਈਟ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ। ਠੇਕੇਦਾਰਾਂ ਦਾ ਕਹਿਣਾ ਸੀ ਕਿ ਇੱਕ ਵਾਰੀ ਕੋਠੀਆਂ ’ਤੇ ਲੈਂਟਰ ਪੈ ਜਾਏ ਸਹੀ ਫਿਰ ਸਰਕਾਰ ਕੁਝ ਵੀ ਨਹੀਂ ਕਰ ਸਕਦੀ। ਠੇਕੇਦਾਰ ਜਾਣਦੇ ਸਨ ਕਿ ਮਾਲਕ ਮਕਾਨ ਪੈਰੀਫੇਰੀ ਐਕਟ ਦੀ ਉਲੰਘਣਾ ਕਰਕੇ ਉਸਾਰੀ ਕਰ ਰਹੇ ਸਨ ਪਰ ਉਨ੍ਹਾਂ ਨੂੰ ਇਸ ਗੱਲ ਨਾਲ ਕੀ। ਉਨ੍ਹਾਂ ਨੂੰ ਤਾਂ ਕੀਤੇ ਹੋਏ ਕੰਮ ਦੇ ਪੈਸੇ ਮਿਲਣੇ ਸਨ। ਇਸ ਲਈ ਉਹ ਵੀ ਚਾਹੁੰਦੇ ਸਨ ਕਿ ਵੱਧ ਤੋਂ ਵੱਧ ਲੇਬਰ ਲਗਾ ਕੇ ਕੰਮ ਨਬੇੜੇ ਜਾਣ। ਹੁਣ ਤਾਂ ਸਰਕਾਰ ਨੇ ਨਾਜਾਇਜ਼ ਕਾਲੋਨੀਆਂ ਦੇ ਨਕਸ਼ੇ ਪਾਸ ਕਰਨ ਲਈ ਵੀ ਕਾਨੂੰਨ ਬਣਾ ਦਿੱਤਾ ਸੀ।

ਇਕ ਵਾਰੀ ਤਾਂ ਪੁੱਡਾ ਵਲੋਂ ਮਕਾਨ ਮਾਲਕਾਂ ਨੂੰ ਨੋਟਿਸ ਵੀ ਜਾਰੀ ਕੀਤਾ ਗਿਆ, ਉਸ ਕਰਕੇ ਕੁਝ ਦਿਨ ਕੰਮ ਰੁਕਿਆ ਰਿਹਾ ਪਰ ਫਿਰ ਸਭ ਟਿਕ ਟਿਕਾ ਹੋ ਗਿਆ। ਹੁਣ ਘਸੀਟੇ ਦੀਆਂ ਪੌ ਬਾਰਾਂ ਸਨ। ਠੇਕੇਦਾਰ ਉਸ ਨੂੰ ਡਬਲ ਸ਼ਿਫਟ ਲਗਾਉਣ ਲਈ ਕਹਿੰਦਾ ਸੀ ਪਰ ਘਸੀਟੇ ਤੋਂ ਦੋ ਸ਼ਿਫਟਾਂ ਨਹੀਂ ਸਨ ਲੱਗਦੀਆਂ ਪਰ ਉਹ ਸ਼ਾਮ ਨੂੰ ਦੋ ਘੰਟੇ ਓਵਰ ਟਾਈਮ ਲਗਾਉਣ ਲਈ ਰਾਜ਼ੀ ਹੋ ਗਿਆ ਸੀ। ਸਵੇਰੇ-ਸਵੇਰੇ ਘਸੀਟਾ ਰੋਟੀ ਦਾ ਡੱਬਾ ਸਾਈਕਲ ਦੇ ਹੈਂਡਲ ਨਾਲ ਲਟਕਾਈ ਸੱਥ ਕੋਲੋਂ ਲੰਘਣ ਲੱਗਾ ਤਾਂ ਉਥੇ ਬੈਠੇ ਇਕ ਆਦਮੀ ਨੇ ਟਿੱਪਣੀ ਕੀਤੀ, ਘਸੀਟਿਆ ਹੁਣ ਤਾਂ ਕਾਟੋ ਫੁੱਲਾਂ ’ਤੇ ਖੇਡਦੀ ਹੈ। ਇਕ ਹੋਰ ਨੇ ਕਿਹਾ, ‘‘ਹੁਣ ਤਾਂ ਡੌਲ ਟੱਪ ਹੋਇਆ ਪਿਐ।’’ ਪਰ ਘਸੀਟੇ ਨੇ ਉਨ੍ਹਾਂ ਦੀਆਂ ਗੱਲਾਂ ਵੱਲ ਕੋਈ ਧਿਆਨ ਨਾ ਦਿੱਤਾ ਤੇ ਸਿੱਧਾ ਸਾਈਕਲ ਚਲਾਈ ਗਿਆ। ਕੰਮ ਤੋਂ ਵਾਪਸੀ ਸਮੇਂ ਘਸੀਟੇ ਨੇ ਘਰ ਲਈ ਨਿੱਕ-ਸੁੱਕ ਖਰੀਦਿਆ। ਦੁਕਾਨਦਾਰ ਨੇ ਕਿਹਾ ਕਿ ਇਕ ਸਾਬਣ ਦੀ ਟਿੱਕੀ ਦਸ ਰੁਪਏ ਦੀ ਹੈ ਤੇ ਜੇ ਤਿੰਨ ਟਿੱਕੀਆਂ ਦਾ ਪੈਕੇਜ ਲਏ ਤਾਂ ਇਕ ਟਿੱਕੀ ਮੁਫਤ ਮਿਲੇਗੀ। ਘਸੀਟੇ ਨੇ ਸੋਚਿਆ ਇਹ ਠੀਕ ਰਹੇਗਾ। ਉਸ ਦੇ ਤਿੰਨ ਨਿਆਣੇ ਵੱਖਰੀ-ਵੱਖਰੀ ਟਿੱਕੀ ਲਈ ਲੜਦੇ ਰਹਿੰਦੇ ਸਨ। ਹੁਣ ਉਹ ਹਰ ਇਕ ਨੂੰ ਵੱਖਰੀ-ਵੱਖਰੀ ਟਿੱਕੀ ਦੇ ਦੇਵੇਗਾ ਤੇ ਇਕ ਟਿੱਕੀ ਦੋਵੇਂ ਜੀਅ ਸਾਂਝੀ ਰੱਖ ਲੈਣਗੇ। ਘਸੀਟੇ ਦੀ ਘਰਵਾਲੀ ਨੇ ਗੁਆਂਢੀਆਂ ਦੇ ਟੀ.ਵੀ. ’ਤੇ ਇਕ ਔਰਤ ਨੂੰ ਵਲੈਤੀ ਸਾਬਣ ਨਾਲ ਨਹਾਉਂਦੇ ਵੇਖਿਆ ਸੀ ਤੇ ਉਸ ਦੇ ਮਨ ਵਿਚ ਰੀਝ ਸੀ ਕਿ ਉਹ ਵੀ ਕਦੇ ਸਬੂਤੀ ਟਿੱਕੀ ਨਾਲ ਨਹਾ ਕੇ ਵੇਖੇ। ਉਸ ਨੇ ਘਸੀਟੇ ਨੂੰ ਕਈ ਵਾਰੀ ਸਾਬਣ ਲਿਆਉਣ ਲਈ ਕਿਹਾ ਸੀ ਪਰ ਘਸੀਟਾ ਟਾਲੀ ਜਾ ਰਿਹਾ ਸੀ ਪਰ ਹੁਣ ਅੱਜ ਮੌਕਾ ਲੱਗਾ ਸੀ।

ਜਿਸ ਸਪੀਡ ਨਾਲ ਠੇਕੇਦਾਰਾਂ ਵਲੋਂ ਮਕਾਨਾਂ ਦੀ ਉਸਾਰੀ ਦਾ ਕੰਮ ਕੀਤਾ ਜਾ ਰਿਹਾ ਸੀ, ਮਾਲਕਾਂ ਵਲੋਂ ਠੇਕਦਾਰਾਂ ਨੂੰ ਅਦਾਇਗੀ ਵੀ ਤੁਰੰਤ ਕੀਤੀ ਜਾ ਰਹੀ ਸੀ। ਮਾਲਕ ਮਕਾਨ ਨਹੀਂ ਸਨ ਚਾਹੁੰਦੇ ਕਿ ਚਲਦੇ ਕੰਮ ਵਿਚ ਕਿਸੇ ਕਿਸਮ ਦਾ ਅੜਿੱਕਾ ਪਵੇ। ਏਧਰੋਂ ਠੇਕੇਦਾਰ ਵੀ ਆਪਣੀ ਲੇਬਰ ਨੂੰ ਪੰਦਰਾਂ ਦਿਨਾਂ ਦੀ ਬਜਾਏ ਦਸ ਦਿਨਾਂ ਬਾਅਦ ਹੀ ਅਦਾਇਗੀ ਕਰੀ ਜਾ ਰਹੇ ਸਨ।

ਘਸੀਟਾ ਹੁਣ ਲੇਬਰ ਚੌਂਕ ਜਾਣ ਦੀ ਥਾਂ ’ਤੇ ਆਪਣੇ ਪਿੰਡ ਲੰਬਿਆਂ ਤੋਂ ਸਿੱਧਾ ਹੀ ਲਾਂਡਰਾ ਰੋਡ ’ਤੇ ਕੰਮ ਵਾਲੀ ਥਾਂ ਪਹੁੰਚ ਜਾਂਦਾ। ਰਸਤੇ ਵਿਚ ਪੁੱਡਾ ਦਾ ਦਫਤਰ ਪੈਂਦਾ ਸੀ। ਜਦੋਂ ਉਹ ਪੁੱਡਾ ਦੇ ਦਫਤਰ ਅੱਗੋਂ ਲੰਘਦਾ ਤਾਂ ਉਸ ਦਾ ਸਿਰ ਸਤਿਕਾਰ ਵਜੋਂ ਝੁੱਕ ਜਾਂਦਾ ਕਿ ਗੈਰ ਕਾਨੂੰਨੀ ਕਾਲੋਨੀਆਂ ਪ੍ਰਤੀ ਅਪਣਾਈ ਨਰਮੀ ਕਰਕੇ ਉਸ ਦਾ ਤੋਰੀ ਫੁਲਕਾ ਚਲਣ ਲੱਗ ਪਿਆ ਸੀ। ਨਹੀਂ ਤਾਂ ਉਸ ਨੂੰ ਦਿਹਾੜੀ ਕਿੱਥੇ ਮਿਲਦੀ ਸੀ ਤੇ ਉਸ ਦੇ ਮੂੰਹੋ ਅਸੀਸ ਨਿਕਲਦੀ ਸੀ’’ ‘‘ਵਾਹਿਗੁਰੂ ਤੁਹਾਡਾ ਭਲਾ ਕਰੇ ਮਾਲਕੋ।’’

ਅੱਜ ਕੰਮ ਤੋਂ ਵਾਪਸ ਜਾਣ ਲੱਗਿਆ ਘਸੀਟਾ ਬਹੁਤ ਖੁਸ਼ ਸੀ ਕਿਉਂਕਿ ਅੱਜ ਉਸ ਨੂੰ ਅਦਾਇਗੀ ਕੀਤੀ ਗਈ ਸੀ। ਉਸ ਨੇ ਰਸਤੇ ਵਿਚ ਘਰ ਲਈ ਸਾਮਾਨ ਖਰੀਦਿਆ। ਆਉਂਦੇ ਸਾਰ ਉਸ ਨੇ ਝੋਲੇ ਵਿਚੋਂ ਇਕ ਚਿੱਟਾ ਕੱਪੜਾ ਕੱਢਿਆ। ਪਤਨੀ ਨੇ ਪੁੱਛਿਆ, ‘‘ਆਹ ਕੀ ਹੈ?’’

ਇਹ ਬੇਬੇ ਲਈ ਏ, ਕੀ ਪਤਾ ਕਦੋਂ ਲੋੜ ਪੈ ਜਾਵੇ। ਮੈਂ ਤਾਂ ਗੰਗਾ ਜਲ ਵੀ ਲਿਆ ਕੇ ਰੱਖਿਆ ਹੋਇਆ। ਬੇਬੇ ਦਾ ਹੁਣ ਕੋਈ ਭਰੋਸਾ ਨਹੀਂ। ਉਸ ਦੀ ਬਿਮਾਰੀ ਲਮਕ ਗਈ ਏ ’ਤੇ ਝੋਲੇ ਵਿਚ ਹੋਰ ਕੀ ਏ?’’, ਉਸ ਦੀ ਪਤਨੀ ਨੇ ਪੁੱਛਿਆ।’’ ਇਹ ਵੀ ਚਿੱਟਾ ਕੱਪੜਾ ਏ, ਇਕ ਦੇ ਨਾਲ ਇਕ ਫਰੀ ਦਾ ਪੈਕੇਜ ਸੀ। ਮੈਂ ਸੋਚਿਆ ਇਹ ਵੀ ਲੈ ਚਲਾਂ।’’ ਫਿੱਟੇ ਮੂੰਹ ਤੇਰੇ ਕਦੇ ਕਫ਼ਨ ਵੀ ਪਹਿਲਾਂ ਖਰੀਦੀ ਦਾ ਹੈ।’’ ਘਸੀਟੇ ਦਾ ਮੂੰਹ ਅੱਡਿਆ ਰਹਿ ਗਿਆ। ਉਹ ਆਪਣੇ ਵਲੋਂ ਤਾਂ ਪੈਕੇਜ ਲੈ ਕੇ ਆਇਆ ਸੀ।

# ਸਭਿਆਚਾਰਕ ਗਾਇਕੀ ਦੀ ਬੁਲੰਦ ਅਵਾਜ਼ ਹਰਜੀਤ ਹਰਮਨ

**ਹਰਜਿੰਦਰ ਸਿੰਘ ਜਵੰਦਾ**

ਪੰਜਾਬੀ ਦਾ ਸੁਰੀਲਾ ਗਾਇਕ ਹਰਜੀਤ ਹਰਮਨ ਪੰਜਾਬੀ ਲੋਕ ਗਾਇਕੀ ਦਾ ਉਹ ਹਸਤਾਖ਼ਰ ਹੈ ਜਿਸ ਨੇ ਹਮੇਸ਼ਾਂ ਪੰਜਾਬ, ਪੰਜਾਬੀਆਂ ਅਤੇ ਪੰਜਾਬੀਅਤ ਦਾ ਸਿਰ ਮਾਣ ਨਾਲ ਉੱਚਾ ਕੀਤਾ ਹੈ ਅਤੇ ਸੱਭਿਆਚਾਰਕ ਤੇ ਸਾਫ਼ ਸੁਥਰੇ ਗੀਤ ਹੀ ਸਰੋਤਿਆਂ ਦੀ ਝੋਲੀ ਪਾਏ ਹਨ। ਆਪਣੀ ਗਾਇਕੀ ਵਿੱਚ ਜਿੱਥੇ ਉਸ ਨੇ ਘਰੇਲੂ ਰਿਸ਼ਤਿਆਂ, ਸਮਾਜਿਕ ਵਿਸ਼ਿਆਂ ਤੇ ਧਾਰਮਿਕ ਭਾਵਨਾਵਾਂ ਨੂੰ ਬਿਆਨ ਕਰਦੀ ਸ਼ਾਇਰੀ ਦੀ ਚੋਣ ਕੀਤੀ, ਉੱਥੇ ‘ਇੰਤਜ਼ਾਰ ਕਰਾਂਗਾ’, ‘ਗੱਲ ਦਿਲ ਦੀ ਦੱਸ ਸੱਜਣਾ’, ‘ਵੰਡੇ ਹੋਏ ਪੰਜਾਬ ਦੀ ਤਰ੍ਹਾਂ’, ‘ਸ਼ਹਿਰ ਤੇਰੇ ਦੀਆਂ ਯਾਦਾਂ’, ‘ਕਾਂ ਬੋਲਦਾ’, ‘ਚਰਖਾ’, ‘ਸੂਰਮਾ’, ‘ਚੰਡੋਲ’ ਆਦਿ ਦਰਜਨਾਂ ਗੀਤ ਅਜਿਹੇ ਹਨ ਜੋ ਸਰੋਤਿਆਂ ਦੇ ਮਨਾਂ ਉੱਪਰ ਛਾਏ ਹੋਏ ਹਨ।

ਉਸ ਨੇ ਆਪਣੀਆਂ ਟੇਪਾਂ ਵਿੱਚ ਉਸਾਰੂ ਸੋਚ ਦੇ ਗੀਤਾਂ ਨੂੰ ਵਿਸ਼ੇਸ਼ ਸਥਾਨ ਦਿੱਤਾ ਹੈ। ਸਮਾਜਿਕ ਬੁਰਾਈਆਂ ’ਤੇ ਵਿਅੰਗਮਈ ਚੋਟ






ਉਸ ਨੇ ਰੁਮਾਂਟਿਕ ਗੀਤਾਂ ਵਿੱਚ ਵੀ ਸੁਹਜ-ਸੁਆਦ ਮੁਕੰਮਲ ਰੂਪ ਵਿੱਚ ਬਰਕਰਾਰ ਰੱਖਿਆ ਹੈ। ਹਰਮਨ ਦੀ ਗਾਇਕੀ ਨੂੰ ਹਰ ਉਮਰ ਦੇ ਸਰੋਤਿਆਂ ਵੱਲੋਂ ਪਸੰਦ ਕੀਤਾ ਜਾਂਦਾ ਹੈ। ਇਸ ਦਾ ਕਾਰਨ ਉਸ ਦੀ ਆਵਾਜ਼, ਅੰਦਾਜ਼ ਅਤੇ ਪੰਜਾਬੀ ਦੀ ਧਨੀ ਕਲਮ ਗੀਤਕਾਰ ਮਰਹੂਮ ਪ੍ਰਗਟ ਸਿੰਘ ਲਿੱਧੜਾਂ ਵੱਲੋਂ ਗਾਇਨ ਸਮੱਗਰੀ ਦੀ ਸੁਹਜਮਈ ਕੀਤੀ ਗਈ ਚੋਣ ਵੀ ਹੈ।

ਉਸ ਦਾ ਸੁਰੀਲਾ ਕੰਠ ਤੇ ਸੁੱਚੇ ਬੋਲ ਸਰੋਤਿਆਂ ਨੂੰ ਮੱਲੋਜ਼ੋਰੀ ਕੀਲਣ ਦੀ ਸਮਰੱਥਾ ਰੱਖਦੇ ਹਨ। ਹਰਮਨ ਵੱਲੋਂ ਗਾਏ ‘ਕੁੜੀ ਚਿਰਾਂ ਤੋਂ ਵਿੱਛੜੀ’, ‘ਝਾਂਜਰ’, ‘ਮਿੱਤਰਾਂ ਦਾ ਨਾਂ ਚੱਲਦਾ’, ‘302 ਬਣ ਜੂ’, ਕਰਨ ਵਾਲੇ ਗੀਤ ਵੀ ਉਹ ਆਪਣੀ ਐਲਬਮ ਵਿੱਚ ਅਕਸਰ ਸ਼ਾਮਲ ਕਰਦਾ ਹੈ। ਉਸ ਨੇ ਰੁਮਾਂਟਿਕ ਗੀਤ ਵੀ ਗਾਏ ਹਨ, ਪਰ ਇੱਕ ਦਾਇਰੇ ਵਿੱਚ ਰਹਿ ਕੇ। ਧਾਰਮਿਕ ਖੇਤਰ ਵਿੱਚ ਵੀ ਉਸ ਨੇ ਆਪਣੀਆਂ ਧਾਰਮਿਕ ਐਲਬਮਾਂ ‘ਸਿੰਘ ਸੂਰਮੇ’ ਅਤੇ ‘ਸ਼ਾਨ ਏ ਕੌਮ’ ਸਦਕਾ ਚੰਗਾ ਨਮਾਣਾ ਖੱਟਿਆ ਹੈ।ਉਸ ਨੇ ਆਪਣੀ ਫਿਲਮ ਪਾਰੀ ਦੀ ਸ਼ੁਰੂਆਤ ਭਾਵੇਂ ਬੱਬੂ ਮਾਨ ਦੀ ਫਿਲਮ ‘ਦੇਸੀ ਰੋਮੀਓ’ ਤੋਂ ਕੀਤੀ ਸੀ, ਪਰ ਬਤੌਰ ਹੀਰੋ ਉਹ ਲੰਘੇ ਸਾਲ ਆਈਆਂ ਫਿਲਮਾਂ ‘ਕੁੜਮਾਈਆਂ’ ਅਤੇ ‘ਤੂੰ ਮੇਰਾ ਕੀ ਲੱਗਦਾ’ ਨਾਲ ਉੱਭਰ ਕੇ ਸਾਹਮਣੇ ਆਇਆ ਹੈ।

# ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਲਾਹੌਰੀ ਰਾਮ ਬਾਲੀ ਦੀ ਯਾਦ ’ਚ ਸ਼ੋਕ ਸਭਾ

**ਜਲੰਧਰ–** ਸਦੀਆਂ ਤੋਂ ਦਰੜੇ, ਸਾਧਨ-ਵਿਹੁਣੇ, ਸਮਾਜ ਸਿਰਜਕ ਮਿਹਨਤਕਸ਼ ਲੋਕਾਂ ਦੇ ਮਸੀਹਾ ਲਾਹੌਰੀ ਰਾਮ ਬਾਲੀ 6 ਜੁਲਾਈ 2023 ਨੂੰ ਸਦੀਵੀ ਵਿਛੋੜਾ ਦੇ ਗਏ। ਉਹਨਾਂ ਨੂੰ ਅੰਤਿਮ ਵਿਦਾਇਗੀ 9 ਜੁਲਾਈ ਦਿਨ ਐਤਵਾਰ ਇੱਕ ਵਜੇ ਆਬਾਦਪੁਰਾ ਸ਼ਮਸ਼ਾਨ ਘਾਟ ਜਲੰਧਰ ਵਿਖੇ ਦਿੱਤੀ ਜਾਏਗੀ।



ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਲਿਖਤੀ ਪ੍ਰੈਸ ਬਿਆਨ ਰਾਹੀਂ ਦੱਸਿਆ ਕਿ ਅੱਜ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਵਿਖੇ ਹੰਗਾਮੀ ਸ਼ੋਕ ਬੈਠਕ ਕਰਕੇ ਲਾਹੌਰੀ ਰਾਮ ਬਾਲੀ ਦੇ ਵਿਛੋੜੇ ’ਤੇ ਪਰਿਵਾਰ, ਸਾਕ-ਸਬੰਧੀਆਂ ਅਤੇ ਉਹਨਾਂ ਦੇ ਸੰਗੀ ਸਾਥੀਆਂ ਨਾਲ ਗਹਿਰੇ ਦੁੱਖ ਦਾ ਇਜ਼ਹਾਰ ਕੀਤਾ।

20 ਜੁਲਾਈ 1930 ਨੂੰ ਜਨਮੇ ਲਾਹੌਰੀ ਰਾਮ ਬਾਲੀ ਦੇ 93 ਵਰ੍ਹੇ ਦੇ ਰਚਨਾ ਸੰਸਾਰ ਅਤੇ ਸੰਘਰਸ਼ਾਂ ਦੇ ਪਿੜ੍ਹ ਉਪਰ ਝਾਤ ਮਾਰਦਿਆਂ ਸ਼ੋਕ ਸਭਾ ’ਚ ਗੰਭੀਰ ਵਿਚਾਰਾਂ ਹੋਈਆਂ। ਰੂਸ ਅੰਦਰ ਮਜ਼ਦੂਰ ਕਰਾਂਤੀ ਦੇ ਮਹਾਨ ਆਗੂ ਲੈਨਿਨ ਸਟਾਇਲ ਕਰਕੇ ਜਾਣੀ ਜਾਂਦੀ ਟੋਪੀ; ਹੱਥ ’ਚ ਹਰ ਪਲ ਕਿਤਾਬ ਅਤੇ ਕਲਮ ਰੱਖਣ ਵਾਲੇ ਲਾਹੌਰੀ ਰਾਮ ਬਾਲੀ ਗੰਭੀਰ ਚਿੰਤਕ, ਲੇਖਕ, ਬੇਬਾਕ ਆਲੋਚਕ, ਜਾਤ-ਪਾਤੀ ਅਤੇ ਜਮਾਤੀ ਦੋਵੇਂ ਤਰ੍ਹਾਂ ਦੇ ਦਾਬੇ, ਵਿਤਕਰੇ, ਲੁੱਟ ਅਤੇ ਜ਼ਬਰ ਜ਼ੁਲਮ ਦੀਆਂ ਹਰ ਵੰਨਗੀ ਦੀਆਂ ਮਾਰਾਂ ਤੋਂ ਮੁਕੰਮਲ ਮੁਕਤੀ ਦੇ ਮੁਦਈ ਸਨ।

ਉਹ 1958 ਤੋਂ 'ਭੀਮ ਪੱਤ੍ਰਿਕਾ’ ਪੂਰੀ ਲਗਨ ਨਾਲ ਤਿਆਰ ਕਰਕੇ ਪਾਠਕਾਂ ਦੇ ਹੱਥਾਂ ਤੱਕ ਪਹੁੰਚਦੀ ਕਰਦੇ ਆਏ। ਉਹ ਡਾ. ਅੰਬੇਦਕਰ ਭਵਨ ਟ੍ਰਸਟ ਜਲੰਧਰ ਦੇ ਬਾਨੀ ਟ੍ਰਸਟੀ ਸਨ। ਉਹ ਜ਼ਿੰਦਗੀ ਭਰ ਇਹ ਕਹਿੰਦੇ ਰਹੇ ਕਿ 'ਜਾਤੀ ਅਤੇ ਜਮਾਤੀ’ ਗ਼ੁਲਾਮੀ ਦੀ ਕੰਡਿਆਲੀ ਥੋਹਰ ਦੀ ਜੜ੍ਹ ਵੱਢਣ ਲਈ ਮਜ਼ਦੂਰਾਂ ਦੀ ਰਹਿਨੁਮਾਈ ’ਚ ਲੋਕ ਮੁਕਤੀ ਲਹਿਰ ਹੀ ਇਕੋ ਇੱਕ ਸਹੀ ਰਾਹ ਹੈ।

ਦੇਸ਼ ਭਗਤ ਯਾਦਗਾਰ ਹਾਲ ’ਚ ਲੱਗਦਾ ਗ਼ਦਰੀ ਬਾਬਿਆਂ ਦਾ ਮੇਲਾ, ਸਥਾਪਨਾ ਦਿਵਸ, ਹੋਰ ਸਰਗਰਮੀਆਂ ਵਿੱਚ ਉਹ ਸ਼ਿਰਕਤ ਕਰਦੇ ਅਤੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰਦੇ ਰਹੇ। ਜਦੋਂ ਮੁਲਕ ਦੇ ਨਾਮਵਰ ਖੋਜੀ ਵਿਦਵਾਨ ਡਾ. ਅਨੰਦ ਤੇਲਤੁੰਬੜੇ ਗ਼ਦਰੀ ਬਾਬਿਆਂ ਦੇ ਮੇਲੇ ’ਤੇ ਮੁੱਖ ਵਕਤਾ ਵਜੋਂ ਆਏ ਤਾਂ ਲਾਹੌਰੀ ਰਾਮ ਬਾਲੀ ਅਤੇ ਉਹਨਾਂ ਦੇ ਸਾਥੀ ਡਾ. ਅੰਬੇਦਕਰ ਭਵਨ ਵੀ ਲੈ ਕੇ ਗਏ। ਤੇਲਤੁੰਬੜੇ ਤੇ ਮੜ੍ਹੇ ਝੂਠੇ ਕੇਸ ਮੌਕੇ ਵੀ ਉਹਨਾਂ ਆਵਾਜ਼ ਉਠਾਈ। ਇਸ ਵਰ੍ਹੇ ਡਾ. ਅੰਬੇਦਕਰ ਹੋਰਾਂ ਦੇ ਜਨਮ ਦਿਹਾੜੇ ਨੂੰ ਸਮਰਪਤ ਡਾ. ਅੰਬੇਦਕਰ ਭਵਨ ਵਿਖੇ ਹੋਏ ਸਮਾਗਮ ਮੌਕੇ ਡਾ. ਸਾਹਿਬ ਸਿੰਘ ਦੇ ਨਾਟਕ 'ਲੱਛੂ ਕਬਾੜੀਆਂ’ ਮੌਕੇ ਵੀ ਉਹਨਾਂ ਨੇ ਆਪਣੇ ਵਿਚਾਰ ਸਾਂਝੇ ਕੀਤੇ।

ਲਾਹੌਰੀ ਰਾਮ ਬਾਲੀ ਦੇ ਜੀਵਨ ਸਫ਼ਰ ਬਾਰੇ ਚਰਚਾ ’ਚ ਕਮੇਟੀ ਦੇ ਮੀਤ ਪ੍ਰਧਾਨ ਕੁਲਵੰਤ ਸਿੰਘ ਸੰਧੂ, ਵਿੱਤ ਸਕੱਤਰ ਸੀਤਲ ਸਿੰਘ ਸੰਘਾ, ਸੁਰਿੰਦਰ ਕੁਮਾਰੀ ਕੋਛੜ, ਰਣਜੀਤ ਔਲਖ ਤੋਂ ਇਲਾਵਾ ਲਾਇਬ੍ਰੇਰੀ, ਮਿਊਜ਼ੀਅਮ, ਇਤਿਹਾਸ ਆਦਿ ਕਮੇਟੀਆਂ ਦੇ ਮੁਖੀਆਂ ਨੇ ਵੀ ਉਨ੍ਹਾਂ ਨੂੰ ਸ਼ਰਧਾਂਜ਼ਲੀ ਭੇਂਟ ਕੀਤੀ ਹੈ। ਕਮੇਟੀ ਦੇ ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ ਨੇ ਅਮਰੀਕਾ ਤੋਂ ਸ਼ੋਕ ਸੁਨੇਹਾ ਭੇਜਿਆ।

# ਵਲਿੰਗਟਨ ਅਤੇ ਕ੍ਰਾਈਸਟਚਰਚ ਹਵਾਈ ਅੱਡੇ ’ਤੇ ਅੱਪੜਨ ਵਾਲੇ ਯਾਤਰੀਆਂ ਲਈ ਸ਼ੁਰੂ ਹੋਈ ਸੁਵਿਧਾ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ ਕਸਟਮ ਵਿਭਾਗ ਵੱਲੋਂ ਵਲਿੰਗਟਨ ਸ਼ਹਿਰ ਅਤੇ ਕ੍ਰਾਈਸਟਚਰਚ ਸ਼ਹਿਰ ਦੇ ਅੰਤਰ-ਰਾਸ਼ਟਰੀ ਹਵਾਈ ਅੱਡੇ ਉਤੇ ਪਹੁੰਚਣ ਵਾਲੇ ਯਾਤਰੀਆਂ ਦੇ ਲਈ ਕਾਗਜ਼ ਉਤੇ ਛਪਿਆ ਪਹੁੰਚ ਕਾਰਡ (ਪੇਪਰ ਅਰਾਈਵਲ ਕਾਰਡ) ਹੁਣ ਡਿਜ਼ੀਟਲ ਵੀ ਕਰ ਦਿੱਤਾ ਗਿਆ ਹੈ। ਇਸਦੇ ਲਈ ਵੈਬਸਾਈਟ www.travellerdeclaraiton.govt.nz ਉਤੇ ਜਾਇਆ ਜਾ ਸਕਦਾ ਹੈ। ਐਪਲ ਅਤੇ ਐਂਡਰਿਉਡ ਫੋਨਾਂ ਵਾਸਤੇ ਐਪਲੀਕੇਸ਼ਨ ਉਪਲਬਧ ਕਰਵਾ ਦਿੱਤੀਆਂ ਗਈਆਂ ਹਨ। ਕਿਸੇ ਹੋਰ ਦੇਸ਼ ਤੋਂ ਨਿਊਜ਼ੀਲੈਂਡ ਦਾਖਲ ਹੋਣ ਵਾਲਿਆਂ ਦੇ ਲਈ ਇਹ ਕਾਰਡ ਜਾਂ ਡਿਜ਼ੀਟਲ ਫਾਰਮ ਭਰਨਾ ਜ਼ਰੂਰੀ ਹੁੰਦਾ ਹੈ। ਬੱਚਿਆਂ ਦੇ ਲਈ ਵੀ ਇਹ ਭਰਨਾ ਹੁੰਦਾ ਹੈ। ਲੋਕਾਂ ਨੂੰ ਕਿਸੇ ਵੈਕਸੀਨੇਸ਼ਨ ਦਾ ਸਰਟੀਫਿਕੇਟ ਅੱਪਲੋਡ ਕਰਨ ਦੀ ਜਰੂਰਤ ਨਹੀਂ ਹੈ। ਨਾ ਹੀ ਅਜਿਹਾ ਪ੍ਰਿੰਟ ਕੋਲ ਰੱਖਣ ਦੀ ਲੋੜ ਹੈ। ਇਹ ਡਿਜ਼ੀਟਲ ਡੈਕਲਾਰੇਸ਼ਨ (Arirval Card) (ਪਹੁੰਚ ਕਾਰਡ) ਫਲਾਈਟ ਤੋਂ 24 ਘੰਟੇ ਪਹਿਲਾਂ ਭਰਿਆ ਜਾ ਸਕਦਾ ਹੈ। ਇਸ ਫਾਰਮ ਨੂੰ ਭਰਨ ਲਈ ਲਗਪਗ 10 ਮਿੰਟ ਦਾ ਸਮਾਂ ਲਗਦਾ ਹੈ। ਨੈਟ ਹੋਵੇ ਤਾਂ ਇਹ ਫਾਰਮ ਫਲਾਈਟ ਦੌਰਾਨ ਵੀ ਭਰਿਆ ਜਾ ਸਕਦਾ ਹੈ। ਜਿਹੜੇ ਲੋਕ ਡਿਜ਼ੀਟਲ ਕਾਰਡ ਨਹੀਂ ਭਰ ਸਕਦੇ ਹੋਣਗੇ ਉਨ੍ਹਾਂ ਨੂੰ ਅਜੇ ਕਾਗਜ਼ ਵਾਲਾ ਕਾਰਡ ਵੀ ਜਹਾਜ਼ ਵਿਚ ਦਿੱਤਾ ਜਾਂਦਾ ਰਹੇਗਾ ਭਵਿੱਖ ਵਿਚ ਹੋ ਸਕਦਾ ਹੈ ਕਿ ਇਹ ਸਿਰਫ ਹਵਾਈ ਅੱਡੇ ਉਤੇ ਹੀ ਉਪਲਬਧ ਹੋਇਆ ਕਰੇਗਾ। ਕਾਰਡ ਉਤੇ ਕਿਸੇ ਗਲਤ ਭਰੀ ਜਾਣਕਾਰੀ ਲਈ ਯਾਤਰੀ ਜ਼ਿੰਮੇਵਾਰ ਹੋਵੇਗਾ ਚਾਹੇ ਉਹ ਫਾਰਮ ਕਿਸੀ ਹੋਰ ਕੋਲੋਂ ਸਹਾਇਤਾ ਲੈ ਕੇ ਭਰਾਇਆ ਗਿਆ ਹੋਵੇਗਾ। ਇਸ ਕਰਕੇ ਆਪਣੇ ਪਰਿਵਾਰਕ ਮੈਂਬਰਾਂ ਕੋਲੋਂ ਜਾਂ ਦੋਸਤਾਂ ਕੋਲੋਂ ਹੀ ਭਰਾਇਆ ਜਾਵੇ ਤਾਂ ਚੰਗਾ ਹੈ। ਇਕ ਵਾਰ ਫਾਰਮ ਭਰਨ ਉਤੇ ਅੱਪਡੇਟ ਵੀ ਕੀਤਾ ਜਾ ਸਕਦਾ ਹੈ। ਇਸਦੇ ਲਈ ਰੈਫਰੈਂਸ ਨੰਬਰ ਅਤੇ ਈਮੇਲ ਐਡਰੈਸ ਦੀ ਲੋੜ ਪਵੇਗੀ। ਰੈਫਰੈਂਸ ਨੰਬਰ ਈਮੇਲ ਉਤੇ ਆਵੇਗਾ। ਕਿਹੜੀ ਜਾਣਕਾਰੀ ਦੀ ਪਵੇਗੀ ਲੋੜ?: ਫਾਰਮ ਭਰਨ ਵੇਲੇ ਪਾਸਪੋਰਟ ਵੇਰਵਾ, ਫੋਨ ਨੰਬਰ, ਈਮੇਲ ਪਤਾ, ਪਿਛਲੇ 30 ਦਿਨਾਂ ਦਾ ਯਾਤਰਾ ਇਤਿਹਾਸ, ਫਲਾਈਟ ਨੰਬਰ ਜਾਣਕਾਰੀ, ਨਿਊਜ਼ੀਲੈਂਡ ਅੰਦਰ ਕਿਹੜੀ ਵਸਤੂ ਲਿਆ ਰਹੇ ਹੋ, ਚਾਹੇ ਉਹ ਚੈਕਡ-ਇਨ ਲਗੇਜ਼ ਵਿਚ ਹੋਵੇ।

# ਕਿਰਤੀ ਸ਼ਕਤੀ ਵਿਚ ਇਸਤਰੀ ਕਿਰਤ ਦੀ ਘੱਟ ਰਹੀ ਸ਼ਮੂਲੀਅਤ ਚਿੰਤਾਜਨਕ ?



ਰਾਜਿੰਦਰ ਕੌਰ ਚੋਹਕਾ
91-98725-44738
001-403-285-4208

''ਯੂ.ਐਨ.ਡੀ.ਪੀ.'8 ਦੀ ਇਕ ਰੀਪੋਰਟ ਮੁਤਾਬਿਕ ਭਾਰਤ ਵਿਚ ਕਿਰਤ ਸ਼ਕਤੀ ਵਿੱਚ ਇਸਤਰੀਆਂ ਦੀ ਦਰ ਜੋ ! 2013 'ਚ 36-ਫੀ ਸੱਦ ਸੀ, ਘੱਟ ਕੇ 2018 'ਚ 23-ਫੀ ਸੱਦ ਹੀ ਰਹਿ ਗਈ। 2019-20 ਦੇ ਲੌਕ-ਡਾਊਨ ਤੋਂ ਪਹਿਲਾਂ ਜੋ 18-ਫੀ ਸੱਦ ਸੀ ਫਰਵਰੀ, 2021 ਤੱਕ ਸਿਰਫ਼ 9.24-ਫੀ ਸੱਦ ਹੀ ਰਹਿ ਗਹੀ ਸੀ ਜੋ ਇਕ ਚਿੰਤਾਜਨਕ ਵਿਸ਼ਾ ਹੈ ? ਇਸਤਰੀ-ਸ਼ਕਤੀ ਵਲੋਂ ਯੌਨ-ਹਿੰਸਾਂ ਦੇ ਡਰ ਨੂੰ ਲੈ ਕੇ ਨੌਕਰੀ ਛੱਡਣ ਦੀਆਂ ਘਟਨਾਵਾਂ 'ਚ ਤੇਜ਼ੀ ਨਾਲ ਵਾਧਾ ਹੋਣਾ ਇਕ ਚਿੰਤਾ-ਜਨਕ ਸੀ। ਇਕ ਰੀਪੋਰਟ ਮੁਤਾਬਿਕ, 'ਇਸਤਰੀਆਂ ਦੇ ਰਹਿਣ ਲਈ ਭਾਰਤ ਇਕ ਖਤਰਲਾਕ ਦੇਸ਼ ਸਮਝਿਆ ਜਾਂਦਾ ਹੈ' ! ਇਸ ਮਰਦ ਪ੍ਰਧਾਨ ਸਮਾਜ ਅੰਦਰ ਸ਼ੁਰੂ ਤੋਂ ਹੀ ਲਿੰਗਕ ਅਸਮਾਨਤਾ ਦਾ ਮੁੱਖ ਕਾਰਨ ਇਸਤਰੀਆਂ ਨੂੰ ਚਾਰ-ਦੀਵਾਰੀ 'ਚ ਰਹਿਣ ਦੀਆਂ ਨਸੀਹਤਾਂ ਦਿੱਤੀਆਂ ਜਾਣੀਆਂ ਹਨ ! ਉਨ੍ਹਾਂ ਨੂੰ ਮਾਨਸਿਕ ਤੌਰ ਤੇ ਕਿਹਾ ਗਿਆ ਹੈ ਕਿ, 'ਕਿ ਤੁਹਾਡਾ ਕੰਮ ਬੱਚਿਆਂ ਨੂੰ ਜਨਮ ਦੇਣਾ, ਬੱਚਿਆਂ ਦੀ ਦੇਖ-ਭਾਲ ਕਰਨੀ ਤੇ ਰਸੋਈ ਦਾ ਕੰਮ-ਕਾਰ ਕਰਨਾ ਹੀ ਹੈ, ਪੜ੍ਹਨਾ-ਲਿਖਣਾ ਕੋਈ ਜਰੂਰੀ ਨਹੀਂ ਹੈ। ਸਿਰਫ ਪੜ੍ਹ ਕੇ ਵੀ ਤਾਂ ਫਿਰ ਘਰ ਦਾ ਕੰਮ ਹੀ ਤਾਂ ਕਰਨਾ ਹੈ !

ਉਨ੍ਹਾਂ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ। ਜੇਕਰ ਉਸ ਦੇ ਕੰਮ ਦਾ ਮੁਲਅੰਕਣ ਲਾਇਆ ਜਾਵੇ ਤਾਂ ! ਘਰੇਲੂ ਉਤਪਾਦਨ ਦਾ 10 ਤੋਂ 39-ਫੀ ਸੱਦ ਤੱਕ ਦਾ ਹਿੱਸਾ ਇਸਤਰੀ ਕਿਰਤ ਸ਼ਕਤੀ ਦਾ ਹੋ ਸਕਦਾ ਹੈ। ਜਦ ਕਿ ਲੱਗ-ਪੱਗ 40-ਫੀ ਸਦ ਕੰਮਕਾਜੀ ਇਸਤਰੀਆਂ ਲਈ ਸਮਾਜਿਕ ਸੁਰੱਖਿਆ ਤੱਕ ਨਾ ਤਾਂ ਪਹੁੰਚ ਹੁੰਦੀ ਹੈ 'ਤੇ ਗ੍ਰੰਟੀ ਵੀ ਨਹੀਂ ?ਦੁਨੀਆਂ ਭਰ ਵਿੱਚ ਕੰਮ-ਕਾਜੀ ਕਿਰਤੀ ਇਸਤਰੀਆਂ ਨੂੰ ਹਿੰਸਾਂ ਤੋਂ ਬਿਨਾਂ ਭਿੰਨ-ਭੇਦ, ਵੂਮਰ 'ਤੇ ਸਥਾਨ ਅਤੇ ਹੀਣਤਾ ਹੀ ਸਹਿਣੀ ਪੈ ਰਹੀ ਹੈ। ਦੁਨੀਆ ਭਰ ਵਿਚ ਕੇਵਲ 58-ਫੀ ਸੱਦ ਇਸਤਰੀਆਂ ਦੀ ਵਿੱਤੀ ਬੈਕਾਂ 'ਤੇ ਹੋਰ ਸੰਸਥਾਵਾਂ ਤੋਂ ਪੈਸੇ ਲੈਣ-ਦੇਣ ਤੱਕ ਪਹੁੰਚ ਹੈ। ''ਅੰਤਰ-ਰਾਸ਼ਟਰੀ ਕਿਰਤ ਸੰਸਥਾ''ਦੀ ਰੀਪੋਰਟ (ਆਈ.ਐਲ.ਓ.) ਮੁਤਾਬਿਕ ਦੁਨੀਆਂ ਦੇ 64-ਦੇਸ਼ਾਂ ਦੀਆਂ ਇਸਤਰੀਆਂ ਦਿਨ ਭਰ ਵਿੱਚ 1640 ਕਰੋੜ ਘੰਟੇ ਬਿਨ੍ਹਾਂ ਕਿਸੇ ਤਨਖਾਹ ਅਤੇ ਉਜਰਤ ਦੇ ਕੰਮ ਕਰ ਰਹੀਆਂ ਹਨ, ਪਾਈਆਂ ਗਈਆਂ। ਜਿਨ੍ਹਾਂ ਨੂੰ ਇਸ ਸਮੇਂ ਦੌਰਾਨ ਨਾ ਕੋਈ ਵੁਜ਼ਰਤ ਜਾਂ ਭੱਤਾ ਮਿਲਿਆ ? ਕਿੰਨੀ ਬੇਇਨਸਾਫੀ ਹੈ ਇਸ ਵਰਗ ਨਾਲ ?

ਇਸ ਪੂੰਜੀਵਾਦੀ ਸੰਕਟ ਕਾਰਨ ਸਸਾਰ ਭਰ ਵਿਖ ਪਏਗੀ। ਬਹੁਤ ਸਾਰੇ ਸਰਵੇਖਣਾਂ ਵਿਚ ਪਾਇਆ ਗਿਆ ਹੈ, ਕਿ ਘਰੇਲੂ ਦਬਾਓ ਦੇ ਕਾਰਨ ਨੌਕਰੀ-ਪੇਸ਼ਾਂ ਕਰਨ ਵਾਲੀਆਂ ਇਸਤਰੀਆਂ ਹਰ ਸਮੇਂ ਮਾਨਸਿਕ ਤੇ ਸਰੀਰਕ ਰੂਪ ਵਿਚ, ਆਪਣੇ-ਆਪ ਨੂੰ ਥੱਕਿਆ-ਹਾਰਿਆ ਤੇ ਠੱਗਿਆ ਮਹਿਸੂਸ ਕਰਦੀਆਂ ਹਨ। ਉਨ੍ਹਾਂ ਨੂੰ ਘਰਾਂ ਦੇ ਕੰਮ-ਕਾਰ, ਬੱਚੇ ਪਾਲਣਾ, ਰੁਜ਼ਗਾਰ 'ਤੇ ਡਿਊਟੀ ਦੇਣ ਕਾਰਨ, ਉਹ ਦੋਹਰੀ ਲੁੱਟ ਦਾ ਸ਼ਿਕਾਰ ਹੋ ਰਹੀਆਂ ਹਨ।

ਭਾਰਤ ਵਿਚ ਘਰਾਂ 'ਚ ਘਰੇਲੂ ਮਹੌਲ ਵੀ ਇਸਤਰੀਆਂ ਦੇ ਰੁਜ਼ਗਾਰ ਨੂੰ ਪ੍ਰਭਾਵਿਤ ਕਰਦਾ ਹੈ। ਉਨ੍ਹਾਂ ਦੀਆਂ ਘਰੇਲੂ ਜ਼ਿੰਮੇਵਾਰੀਆਂ ਵੀ ਵਧਦੀਆਂ ਜਾਂਦੀਆਂ ਹਨ। ਖਾਸ ਕਰਕੇ ਸੌਹਰਿਆਂ ਦੇ ਘਰਾਂ ਦਾ ਵਾਤਾਵਰਣ ਵੀ ਉਨ੍ਹਾਂ ਦੇ ਰੁਜ਼ਗਾਰ ਵਿੱਚ ਅੜਿਕਾ ਹੈ। ਜਿਸ ਨਾਲ ਉਹ ਘਰਾਂ ਦੀਆਂ ਜ਼ਿੰਮੇਵਾਰੀਆਂ ਨੂੰ ਨਿਭਾਉਣ ਲਈ ਪਹਿਲ ਦਿੰਦੀ ਹੈ 'ਤੇ ਫਰਜ਼ ਵੀ ਨਿਭਾਉਂਦੀ ਹੈ। ਜ਼ਿਆਦਾਤਰ ਰੂੜ੍ਹੀਵਾਦੀ ਪ੍ਰੀਵਾਰਾਂ ਵਿਚ ਮੁੱਖੀ, 'ਇਸਤਰੀ ਨੂੰ ਨੌਕਰੀ ਪੇਸ਼ਾਂ ਕਰਨ ਵਿੱਚ ਪ੍ਰਵੀਰ ਦੇ ਮੈਂਬਰ ਸਹਿਯੋਗ ਨਹੀ ਦਿੰਦੇ ਹਨ। ਇਸ ਤਰ੍ਹਾ ਕਿਰਤੀ, ਪੜ੍ਹੀਆਂ-ਲਿੱਖੀਆਂ 'ਤੇ ਕੁਸ਼ਲ ਇਸਤਰੀਆਂ ਰੁਜ਼ਗਾਰ 'ਤੇ ਨਾਲ ਲਗਣ ਕਾਰਨ, ਦੀ ਤੁਲਨਾ ਵਿਚ 4.9-ਫੀ ਸੱਦ ਜ਼ਿਆਦਾ ਸੀ। ਲੇਕਿਨ 2019 ਦੀ ਤੁਲਨਾ ਵਿਚ ਇਹ ਦਰ 6.4-ਫੀ ਸਦ ਤੋਂ ਵੀ ਘੱਟ ਗਈ ਹੈ !

''ਆਰਥਿਕ ਕਿਰਤ ਫੋਰਮ'' ਦੇ ਸਰਵੇਖਣ ਮੁਤਾਬਿਕ ਭਾਰਤ ਵਿਚ ਤਕਰੀਬਨ 66-ਫੀ ਸੱਦ ਤੋਂ ਜ਼ਿਆਦਾ ਨੌਜਵਾਨ ਇਸਤਰੀਆਂ ਘਰੇਲੂ ਜਿੰਮੇਦਾਰੀਆਂ ਸੰਭਾਲ ਰਹੀਆਂ ਹਨ। ਅੱਜ ! ਵੀ ਭਾਰਤੀ ਸਮਾਜ ਵਿਚ ਲੜਕੀਆਂ ਦਾ ਜਲਦੀ ਵਿਆਹ 'ਤੇ ਬੱਚੇ ਪਾਲਣਾ ਇਕ ਜ਼ਿੰਮੇਵਾਰੀ ਸਮਝੀ ਜਾਂਦੀ ਹੈ। ਉਦਯੋਗ 'ਤੇ ਸੇਵਾ ਖੇਤਰ ਵਿਚ ਕੰਮ-ਕਾਜੀ ਇਸਤਰੀਆਂ ਦਾ ਅਨੁਪਾਤ ਸਭ ਤੋਂ ਜ਼ਿਆਦਾ ਗੁਜਰਾਤ 'ਤੇ ਤਾਮਿਲਨਾਡੂ ਵਿਚ ਦੇਖਿਆ ਗਿਆ ਹੈ। ਕਰਨਾਟਕ, ਮਹਾਂਰਾਸ਼ਟਰ ਅਤੇ ਪੱਛਮੀ ਬੰਗਾਲ ਵਿਚ ਵੀ ਖੇਤੀ-ਬਾੜੀ ਅਤੇ ਹੋਰ ਖਿੱਤਿਆ ਵਿੱਚ ਵਿਆਹੀਆਂ ਅਤੇ ਅਣਵਿਆਹੀਆਂ ਨੌਜਵਾਨ ਇਸਤਰੀਆਂ ਵਿੱਚ ਵੱਡਾ ਅੰਤਰ ਦੇਖਿਆ ਗਿਆ ਹੈ।

ਸੰਸਾਰ ਪੱਧਰ 'ਤੇ ਲੱਗ-ਪੱਗ ਇਕ ਤਿਹਾਈ ਇਸਤਰੀਆਂ ਦਾ ਮੂਲ ਰੁਜ਼ਗਾਰ ਖੇਤੀ ਦਾ ਧੰਦਾ ਹੈ। ਜਿਸ ਵਿਚ ਬਾਗਵਾਨੀ 'ਤੇ ਮੱਛੀਆਂ ਫੜਨਾ ਵੀ ਹੈ। 12.8-ਫੀ ਸੱਦ ਕਿਸਾਨੀ ਕਿੱਤਿਆਂ 'ਤੇ ਜ਼ਮੀਨੀ ਪੱਧਰ 'ਤੇ ਕੰਮ ਕਰਦੀਆਂ ਇਸਤਰੀਆਂ ਵੀ ਦੇਖੀਆਂ ਜਾ ਸਕਦੀਆਂ ਹਨ। ਭਾਰਤ ਵਿਚ ਕੁੱਲ ਕੰਮ-ਕਾਜੀ ਇਸਤਰੀਆਂ ਵਿਚੋਂ ਤਕਰੀਬਨ 63-ਫੀ ਸੱਦ ਖੇਤੀ-ਬਾੜੀ ਦੇ ਕੰਮਾਂ ਤੇ ਲੱਗੀਆਂ ਹੋਈਆਂ ਹਨ। ਕੇਂਦਰੀ ਕਿਰਤ ਮੰਤਰਾਲੇ ਦੀ ਇਕ ਰੀਪੋਰਟ ਮੁਤਾਬਿਕ ਦੇਸ਼ ਦੇ ਹਰ ਕਿੱਤੇ ਦੇ ਮੁਕਾਬਲੇ ਖੇਤੀ-ਬਾੜੀ ਦੇ ਧੰਦਿਆਂ ਨਾਲ ਇਸਤਰੀ-ਕਾਮਾਂ ਵੱਧ ਜੁੜੀਆਂ ਹੋਈਆਂ ਹਨ। ਜਦ ਕਿ ਬਾਕੀ ਦੇ ਧੰਦਿਆਂ ਵਿਚ ਉਨ੍ਹਾਂ ਦੀ ਗਿਣਤੀ 11.2-ਫੀ ਸੱਦ ਹੀ ਹੈ। ਸਭ ਤੋਂ ਜ਼ਿਆਦਾ ਕੇਰਲਾ ਵਿਚ ਨੌਜਵਾਨ ਵਿਆਹੀਆਂ ਇਸਤਰੀਆਂ ਬੇਰੁਜ਼ਗਾਰ ਹਨ।



ਸੰਸਾਰ ਅੰਦਰ ਅੱਜ ! 21-ਵੀਂ ਸਦੀ ਵਿਚ ਵੀ ਪਿਤਰ-ਸੱਤਾ ਦੀਆਂ ਜੜ੍ਹਾਂ ਹਰ ਘਰ ਵਿਚ ਮੌਜੂਦ ਹਨ। 2005 ਦੌਰਾਨ ਇਸਤਰੀਆਂ ਦੀ ਕੰਮ ਕਰਨ ਦੀ ਸ਼ਕਤੀ 27-ਫੀ ਸੱਦ ਸੀ ਜੋ 2022 'ਚ ਡਿੱਗ ਕੇ ਸਿਰਫ਼ 23-ਫੀ ਸੱਦ ਹੀ ਰਹਿ ਗਈ ਹੈ। ਇਕ ਸਰਵੇਖਣ ਦੇ ਮੁਤਾਬਿਕ ਇਸਤਰੀਆ ਦੇ ਕੰਮ ਕਰਨ ਦੀ ਸ਼ਕਤੀ ਵਿਚ ਹਿੱਸੇਦਾਰੀ 131-ਦੇਸ਼ਾਂ ਦੀ ਸੂਚੀ ਵਿਚੋਂ ਭਾਰਤ ਦਾ 120-ਵਾਂ ਸਥਾਨ ਹੈ। ਜ਼ਿਆਦਾਤਰ ਉਹ ਇਸਤਰੀਆਂ ਕੰਮ ਛੱਡ ਰਹੀਆਂ ਹਨ ਜਿਹੜੀਆਂ ਮੱਧ ਵਰਗੀ ਅਸਾਮੀਆਂ 'ਤੇ ਕੰਮ ਕਰਦੀਆਂ ਸਨ ਅਤੇ ਮੱਧ ਵਰਗਾਂ ਵਿਚੋਂ ਸਨ, ਇਹ ਉਹਨਾਂ 'ਤੇ ਵੱਡੀ ਮਾਰ ਪਈ ਹੈ। ਜਿਨਸੀ ਨਾ-ਬਰਾਬਰੀ ਵਿੱਚ 146-ਦੇਸ਼ਾਂ ਅੰਦਰ ਭਾਰਤ ਦਾ 127-ਵਾਂ ਸਥਾਨ ਹੈ। ਜਿਸ ਦਾ ਮੁੱਖ ਕਾਰਨ ਦੱਕਿਆਨੂਸੀ ਸੋਚ, ਸਿੱਖਿਆ 'ਤੇ ਗਿਆਨ-ਵਿਗਿਆਨ ਦੀ ਘਾਟ 'ਤੇ ਭਾਰਤੀ ਸਮਾਜ ਅੰਦਰ ਭਿੰਨ-ਭੇਦ ਵਾਲੀ ਮਾਨਸਿਕਤਾ ਦਾ ਵੀ ਹੋਣਾ ਹੈ।

ਤਾਜ਼ਾ ਸਰਵੇਖਣਾਂ ਵਿਚ ਕੁਝ ਬੁਨਿਆਦੀ ਮੁੱਦੇ ਉੱਭਰ ਕੇ ਵੀ ਸਾਹਮਣੇ ਆਏ ਹਨ। ਭਾਵੇਂ ! ਦੇਸ਼ ਵਿੱਚ ਚੰਗੇ ਰੁਤਬਿਆਂ 'ਤੇ ਕੰਮ ਕਰਦੇ ਪੁਰਸ਼, ਸੁਘਣ ਅਤੇ ਸਿਆਣੀਆਂ ਕੰਮ-ਕਾਜੀ ਇਸਤਰੀਆਂ ਦੇ ਇਕ ਸਮਾਨ ਹੋਣ ਦੇ ਬਾਵਜੂਦ ਅੱਜ ਵੀ ਇਸਤਰੀਆਂ ਦੀ ਤਨਖਾਹ 'ਚ ਮਰਦ ਦੇ ਬਰਾਬਰ 'ਚ ਨਾ-ਬਰਾਬਰੀਆਂ ਪਾਈਆ ਜਾ ਰਹੀਆਂ ਹਨ 'ਤੇ ਇਸੇ ਤਰ੍ਹਾਂ ਤਰੱਕੀ ਦੇ ਮੌਕੇ ਵੀ ਘੱਟ ਰਹੇ ਹਨ। ਜਦ ਕਿ, ''ਸੰਯੁਕਤ ਰਾਸ਼ਟਰ'' ਦੀ ਇਕ ਰੀਪੋਰਟ ਮੁਤਾਬਿਕ ਲਿੰਗਕ ਵਿਤਕਰੇ ਘੱਟ ਕੀਤੇ ਜਾ ਰਹੇ ਹਨ। ਅਰਥ ਵਿਵਸਥਾ ਵਿਚ ਇਸਤਰੀਆਂ ਦਾ ਸ਼ਸ਼ਕਤੀਕਰਨ 'ਤੇ ਹਰ ਦੇਸ਼ 'ਚ ਜ਼ੋਰ ਦਿੰਦਾ ਹੈ, ਇਸ ਨਾਲ ਹੀ ਆਰਥਿਕ ਵਿਵੱਸਥੀਕਰਨ 'ਤੇ ਤਨਖਾਹਾਂ ਅਤੇ ਉਜ਼ਰਤਾਂ 'ਚ ਸਮਾਨਤਾ ਤੇਜ਼ੀ ਵੱਲ ਵੱਧ ਸਕਦੀ ਹੈ। ਪਰ ! ਸੰਸਾਰ ਪੱਧਰ 'ਤੇ 2.7 ਅਰਬ ਤੋਂ ਵੀ ਵੱਧ ਇਸਤਰੀਆਂ ਕਾਨੂੰਨੀ ਰੂਪ ਵਿਚ ਪੁਰਸ਼ਾਂ ਦੇ ਬਰਾਬਰ ਨੌਕਰੀਆਂ ਦੀ ਚੋਣ ਸਮੇਂ ਪਿਛੇ ਰਹਿ ਜਾਂਦੀਆਂ ਹਨ। ਅੱਜੇ ਤੱਕ ਵੀ ਬਹੁਤ ਸਾਰੇ ਦੇਸ਼ਾਂ ਵਿੱਚ ਇਸਤਰੀਆਂ ਨੂੰ ਚੰਗੇ ਕੰਮਾਂ 'ਤੇ ਨਾ ਰੱਖਣ ਦੇ ਕਾਨੂੰਨ ਅਜੇ ਤੱਕ ਵੀ ਬਰਕਰਾਰ ਹਨ। 59-ਦੇਸ਼ਾਂ ਵਿੱਚ ਕੰਮ ਕਰਨ ਦੇ ਸਥਾਨ 'ਤੇ ਇਸਤਰੀਟਾ ਨਾਲ ਹੋ ਰਹੇ ਯੌਨ ਉਤਪੀੜਨ ਰੋਕਣ ਦਾ ਕੋਈ ਵੀ ਕਾਨੂੰਨ ਨਹੀ ਹੈ। ਜਿਉਂ-ਜਿਉਂ ਉਦਾਰਵਾਦੀ ਆਰਥਿਕ ਨੀਤੀਆਂ ਤੇਜ਼ ਹੋ ਰਹੀਆਂ ਹਨ, ਸੰਸਾਰ ਪੱਧਰ 'ਤੇ ਇਸਤਰੀਆਂ ਨੂੰ ਮਰਦਾਂ ਤੋਂ ਘੱਟ ਤਨਖਾਹਾਂ ਦਿੱਤੀਆਂ ਜਾ ਰਹੀਆਂ ਹਨ। ਅੱਜ ! ਵੀ ਜ਼ਿਆਦਾਤਰ ਇਸਤਰੀਆਂ ਘਰੇਲੂ ਕੰਮ-ਕਾਰ 'ਤੇ ਘਰਾਂ ਦੇ ਹੋਰ ਵਾਧੂ ਕੰਮਾਂ ਵਿਚ ਜ਼ਿਆਦਾ ਜੁੰਮੇਵਾਰੀਆਂ ਨਿਭਾਅ ਰਹੀਆਂ ਹਨ। ਉਹਨਾਂ ਨੂੰ ਨਾ ਤਾਂ ਪੱਕੀਆਂ ਨੌਕਰੀਆਂ ਅਤੇ ਬਕਾਇਦਾ ਕੰਮ 'ਤੇ ਸਥਾਈ ਡਿਊਟੀਆਂ ਵੀ ਨਹੀਂ ਮਿਲਦੀਆਂ ਹਨ।

ਇਸਤਰੀ ਕਿਰਤ ਸ਼ਕਤੀ ਦਾ ਹਰ-ਪੱਖ ਤੋਂ ਘੱਟ ਅਤੇ ਸਸਤਾ ਅਨੁਮਾਨ ਲਾਇਆ ਜਾ ਰਿਹਾ ਹੈ ! ਖਸ ਕਰਕੇ ਇਸਤਰੀਆਂ ਵਲੋਂ ਘਰਾਂ ਦੇ ਜੋ ਸਾਰੇ ਕੰਮ ਕੀਤੇ ਜਾਂਦੇ ਹਨ, 25.8-ਪ੍ਰਵਾਸੀ ਲੋਕਾਂ ਵਿਚ ਲੱਗ-ਪੱਗ 50-ਫੀ ਸੱਦ ਕਿਰਤੀ ਇਸਤਰੀਆਂ ਹਨ, ਜੋ ਆਪਣੇ ਦੇਸ਼ ਤੋਂ ਬਾਹਰ ਰਹਿ ਕੇ ਵਿਦੇਸ਼ਾਂ 'ਚ ਕੰਮ ਕਰਦੀਆਂ ਹਨ । ਜਦਕਿ ਪ੍ਰਵਾਸੀ ਇਸਤਰੀਆਂ ਜ਼ਿਆਦਾ ਪੜ੍ਹੀਆਂ ਲਿਖੀਆਂ, ਮਿਹਨਤੀ 'ਤੇ ਕੁਸ਼ਲ ਹਨ। ਫਿਰ ਵੀ ਉਨ੍ਹਾਂ ਨੂੰ ਵਿਦੇਸ਼ੀ ਕਿਰਤ ਬਜ਼ਾਰਾਂ ਤੱਕ ਪੰਹੁਚ ਲਈ ਦੂਸਰਿਆਂ ਦੇ ਮੁਕਾਬਲੇ ਜ਼ਿਆਦਾ ਚੁਣੌਤੀਆ ਦਾ ਸਾਹਮਣਾ ਕਰਨਾ ਪੈਂਦਾ ਹੈ। ਪ੍ਰਵਾਸੀਆਂ ਲਈ ਰੁਜ਼ਗਾਰ 'ਰੋਕਾਂ ਦੇ ਨਾਲ-ਨਾਲ, ਲਿੰਗਕ ਵਿਤਕਰੇ 'ਤੇ ਮਿਹਨਤੀ-ਮਜ਼ਦੂਰੀ ਕਰਦੇ ਸਮੇਂ ਪ੍ਰਚਿਲਤ ਕੁਸ਼ਲਤਾ ਨੂੰ ਘਟਾ ਕੇ 'ਤੇ ਵਿਦੇਸ਼ਾਂ ਵਿਚ ਪ੍ਰਵਾਸੀ ਇਸਤਰੀਆਂ ਨਾਲ ਜੁੜੀਆਂ ਹੋਰ ਰੂੜੀਵਾਦੀ, ਪਰੰਪਰਾਵਾਂ, ਉਨ੍ਹਾਂ ਦੀ ਨੌਕਰੀ ਦੀਆਂ ਸੰਭਾਵਨਾਵਾਂ ਨੂੰ ਨਕਾਰਆਤਮਿਕ 'ਤੇ ਰੋਕਣ ਦੇ ਰੂਪ 'ਚ ਵੀ ਪ੍ਰਭਾਵਿਤ ਕਰਦੀਆਂ ਹਨ ! ਅਸੀਂ ਪੰਜਾਬ ਅੰਦਰ ਹੀ ਖੇਤੀ, ਭੱਠਾ-ਉਸਾਰੀ 'ਤੇ ਛੋਟੇ ਕਾਰਖਾਨਿਆਂ ਅੰਦਰ ਕੰਮ ਕਰਦੀਆਂ ਪ੍ਰਵਾਸੀ ਇਸਤਰੀ ਕਾਮਿਆਂ ਦੀਆਂ ਕੰਮ ਦੀਆਂ ਹਾਲਤਾਂ ਦੌਰਾਨ ਉਜ਼ਰਤਾਂ, ਰਿਹਾਇਸ਼ ਅਤੇ ਸਿਹਤ ਸੇਵਾਵਾਂ ਸੰਬੰਧੀ ਜੋ ਖਿਲਵਾੜ ਹੋ ਰਿਹਾ ਹੈ, ਰੋਜ਼ ਹੀ ਦੇਖਦੇ ਹਾਂ ! ਕੈਨੇਡਾ ਵਰਗੇ ਵਿਕਸਤ ਦੇਸ਼ ਅੰਦਰ ਵੀ ਪੜ੍ਹੀਆਂ-ਲਿਖੀਆਂ 'ਤੇ ਕੁਸ਼ਲ ਲੜਕੀਆਂ ਦੀ ਕੁਸ਼ਲਤਾ ਨੂੰ ਘਟਾ ਕੇ ਘੱਟ ਉਂਜਰਤਾਂ ਮਿਲ ਰਹੀਆਂ ਹਨ। ਭਾਵੇ ! ਉਥੇ ਲਿੰਗੀ ਭੇਦ-ਪਾਵ ਤਾਂ ਇਨ੍ਹਾਂ ਪ੍ਰਬਲ ਨਹੀਂ, ਜਿੰਨਾਂ ਦੁਸਰੇ ਵਿਕਾਸਸ਼ੀਲ ਦੇਸ਼ਾਂ ਵਿਚ ਪਾਇਆ ਜਾ ਰਿਹਾ ਹੈ। ਅਰਥ-ਸ਼ਾਸ਼ਤਰੀਆਂ ਦਾ ਮੰਨਣਾ ਹੈ, ''ਕਿ ਸੰਸਾਰ ਵਿੱਤੀ-ਪੂੰਜੀ ਦੇ ਪ੍ਰਭਾਵ ਅਧੀਨ ਕਿਰਤੀ ਇਸਤਰੀਆ ਦੀ ਕੰਮ ਵਿਚ ਹਿੱਸੇਦਾਰੀ ਵਿਚ ਜੋ ਗਿਰਾਵਟ ਆ ਰਹੀ ਹੈ ਚਿੰਤਾਂ ਦਾ ਵਿਸ਼ਾ ਹੈ, ਜੋ ਅਰਥ-ਵਿਵਸਥਾ ਦੇ ਨਾਲ ਵੀ ਜੁੜਿਆ ਹੋਇਆ ਹੈ। ਜਿਸ ਕਰਕੇ ਭਾਰਤ ਵਿਚ ਇਸ ਤਰ੍ਹਾਂ ਦੇ ਲੋਕਾਂ ਦੀ ਗਿਣਤੀ ਜ਼ਿਆਦਾ ਹੈ, ਜਿਨ੍ਹਾਂ ਦੀ ਉਮਰ ਕੰਮ ਕਰਨ ਤੋਂ ਵਡੇਰੀ ਹੈ। ਇਸ ਕਾਰਨ ਭਾਰਤ ਵਿਚ ਇਸਤਰੀਆਂ ਲਈ ਜ਼ਿਆਦਾ ਰੁਜ਼ਗਾਰ (ਨੌਕਰੀਆਂ) ਪੈਦਾ ਕਰਨ 'ਤੇ ਚੰਗਾਂ ਰੁਜ਼ਗਾਰ ਦੇਣ ਦੇ ਹਾਲਾਤ ਬਨਾਉਣ ਲਈ ਦੋਹਰੀ ਨੀਤੀ (ਸ਼ਿਫਟਾਂ 'ਚ ਵਾਧਾ) ਅਪਨਾਉਣੀ

ਕਿਰਤ-ਸ਼ਕਤੀ ਦਾ ਇਕ ਵੱਡਾ ਹਿੱਸਾ ਨਾ ਬਨਣ ਕਰਨ ਕਰਕੇ ਜਿੱਥੇ ਰੁਜ਼ਗਾਰ ਨੂੰ ਸੱਟ ਲਗਦੀ ਹੈ, ਉਥੇ ਪੈਦਾਵਾਰ ਅਤੇ ਦੇਸ਼ ਦੀ ਆਰਥਿਕਤਾ ਨੂੰ ਵੀ ਨੁਕਸਾਨ ਹੁੰਦਾ ਹੈ। ਦੇਸ਼ ਦੇ ਵਿਕਾਸ ਦੀ ਦਰ ਹੇਠਾਂ ਆ ਜਾਂਦੀ ਹੈ।

ਪਿਛਲੇ ਇਕ ਦਹਾਕੇ ਵਿਚ 1.96 ਕਰੋੜ ਇਸਤਰੀਆ ਨੇ ਨੌਕਰੀਆਂ ਛੱਡੀਆ ਜਾਂ ਉਨ੍ਹਾਂ ਕੋਲੋਂ ਖੁੱਸ ਗਈਆਂ ! ਇੰਜਨੀਅਰਿੰਗ, ਮੈਡੀਕਲ 'ਤੇ ਸਿੱਖਿਆ ਖੇਤਰਾਂ ਵਿੱਚ ਇਸਤਰੀਆਂ ਦੀ ਚੰਗੀ ਖਾਸੀ ਗਿਣਤੀ ਹੈ। ਇੱਥੇ ਕਰਮਵਾਰ 30-40 ਤੋਂ 50 ਫੀ-ਸੱਦ ਤੱਕ ਹੈ।ਆਈ.ਆਈ.ਟੀ. ਵਿਚ ਪ੍ਰਵੇਸ਼ ਕਰਨ ਸਮੇਂ ਇਸਤਰੀਆਂ ਦੀ ਗਿਣਤੀ ਕੇਵਲ 20.8-ਫੀ ਸੱਦ ਹੀ ਹੁੰਦੀ ਹੈ। ਪਰ ! ਆਈ.ਆਈ.ਟੀ. 'ਚ ਨੌਕਰੀ ਕਰਨ ਵਾਲੀਆਂ ਦੀ ਸਿਰਫ਼ ਗਿਣਗੀ 8.9-ਫੀ ਸੱਦ ਹੀ ਰਹਿ ਜਾਂਦੀ ਹੈ। ਦਰਅਸਲ ਜ਼ਿਆਦਾਤਰ ਮਾਤਾ-ਪਿਤਾ ਔਸਤਨ ਲੜਕੀਆਂ ਉੱਪਰ ਖਾਸ ਧਿਆਨ 'ਤੇ ਮਹਿੰਗੀ ਕੋਚਿੰਗ ਕਰਾ ਕੇ ਇਮਤਿਹਾਨਾਂ ਵਿਚ ਪੈਸਾਂ 'ਤੇ ਸਮਾਂ ਖਰਚ ਕਰਨ ਦੇ ਪੱਖ ਵਿਚ ਨਹੀਂ ਹੁੰਦੇ ਹਨ ? ਕਿਉਂਕਿ ਉਨ੍ਹਾਂ ਦੇ ਮਾਤਾ ਪਿਤਾ ਦੀ ਮਾਨਸਿਕਤਾ ਇਹ ਹੈ, 'ਕਿ ਵੱਧ ਪੜਾ ਕੇ ਲੜਕੀ ਨੂੰ ਕੰਮ 'ਤੇ ਨਹੀਂ ਲਗਾਉਣਾ ਹੈ? ਜਦ ਕਿ ਇਸਤਰੀਆਂ ਨੂੰ ਵੇਜ਼ ਅਤੇ ਤਨਖਾਹ ਵਾਲੇ ਰੁਜ਼ਗਾਰ ਦੀ ਸੱਖਤ ਲੋੜ ਹੈ ! ਪਰ ! ਹੋ ਰਿਹਾ ਇਹ ਹੈ, 'ਕਿ ਰੁਜ਼ਗਾਰ ਦੇ ਮੌਕਿਆਂ ਦੀ ਘਾਟ ਉਹਨਾਂ ਨੂੰ ਪਹਿਲਾਂ ਹੀ ਕਿਰਤੀ ਸ਼ਕਤੀ 'ਚੋਂ ਬਾਹਰ ਧੱਕ ਰਹੀ ਹੈ ?

''ਸੈਂਟਰ ਫਾਰ ਮੌਨਿੰਟਰਿੰਗ ਇੰਡੀਆਂ ਇਕੌਨਮੀ'' (ਸੀ.ਐਮ.ਆਈ.ਈ. ਮੁਬੰਈ) ਦੀ ਰੀਪੋਰਟ ਹਵਾਲੇ ਨਾਲ ''ਬਲੂਮਬਰਗ'' ਦਾ ਕਹਿਣਾ ਹੈ, ਕਿ ਭਾਰਤ ਵਿਚ ਪਿਛਲੇ ਪੰਜ ਸਾਲਾਂ ਵਿੱਚ ਦੋ-ਕਰੋੜ ਇਸਤਰੀਆਂ ਨੇ ਨੌਕਰੀਆਂ ਛੱਡੀਆਂ। ਨੌਕਰੀਆਂ ਛੱਡਣ ਵਾਲੀਆਂ ਇਸਤਰੀਆਂ ਦੀ ਵੱਧ ਰਹੀ ਗਿਣਤੀ ਦੇਸ਼ ਦੇ ਆਰਥਿਕ ਵਿਕਾਸ ਦਰ ਲਈ ਇਕ ਵੱਡੇ ਆਰਥਿਕ ਖੇਤਰ 'ਚ ਖਤਰੇ ਦਾ ਸੰਕੇਤ ਦੇ ਰਹੀ ਹੈ? ਸਾਲ 2021 ਵਿਚ ਭਾਰਤ ਦੀ ਔਸਤਨ ਮਾਸਿਕ ਇਸਤਰੀ ਰੁਜ਼ਗਾਰ ਦਰ, 2020

ਸੰਸਾਰ ਬੈਂਕ ਦੀ ਇਕ ਰੀਪੋਰਟ ਮੁਤਾਬਿਕ ਭਾਰਤ ਵਿਚ ਇਸਤਰੀਆਂ ਵਲੋਂ ਨੌਕਰੀਆਂ ਛੱਡਣ ਦੀ ਦਰ ਬਹੁਤ ਤੇਜ਼ੀ ਨਾਲ ਵੱਧ ਰਹੀ ਹੈ। ਇਸ ਤਰ੍ਹਾਂ ਨੌਕਰੀ ਛੱਡਣ ਵਾਲੀਆਂ ਇਸਤਰੀਆਂ ਮੁੜ ਕੇ ਨੌਕਰੀ ਤੇ ਵਾਪਸ ਨਹੀਂ ਆ ਰਹੀਆਂ ਹਨ। ਇਹ ਇਕ ਗੰਭੀਰ ਚਿੰਤਾਂ ਦਾ ਵਿਸ਼ਾ ਵੀ ਹੈ।

''ਸਲਾਨਾ ਆਰਿਥਕ ਕਿਰਤ-ਸ਼ਕਤੀ'' ਸਰਵੇਖਣ (ਪੀ.ਐਲ.ਐਫ.ਐਸ) ਦੇ ਮੁਤਾਬਿਕ 2021-22 ਵਿਚ ਛੋਟੇ ਉਦਯੋਗਾਂ ਵਿਚ ਕੰਮ-ਕਾਜੀ ਇਸਤਰੀਆਂ ਦਾ ਅਨੁਮਾਨਿਤ ਫੀ-ਸੱਦ ਹਿੱਸਾ 11.2-ਫੀ ਸੱਦ ਪਾਇਆ ਗਿਆ। 'ਕੰਸਲਟੈਂਸੀ ਫਰਮ ਮੈਕਿੰਜੇ' ਦੀ ਰੀਪੋਰਟ ਤਾਂ ਇਥੋਂ ਤੱਕ ਦਾਅਵਾ ਕਰਦੀ ਹੈ, 'ਕਿ ਜੇਕਰ ਇਸਤਰੀਆਂ ਨਾਲ ਭੇਦ-ਭਾਵ ਖੱਤਮ ਹੋ ਜਾਵੇ ਤਾਂ ! ਸਾਲ 2025 ਤੱਕ ਦੇਸ਼ ਦੀ ਜੀ.ਡੀ.ਡੀ. ਵਿਚ 46-ਲੱਖ ਕਰੋੜ ਰੁਪਏ ਦੇ ਵਾਧੂ ਵਾਧੇ ਦੇ ਨਾਲ ਵਿਕਾਸ ਦਰ 1.4-ਫੀ ਸੱਦ ਹੋਰ ਵੱਧ ਸਕਦੀ ਹੈ।

ਇਸ ਲਈ ਦੇਸ਼ ਦੀ ਕਿਰਤ ਸ਼ਕਤੀ 'ਚ ਘੱਟੋ-ਘੱਟ 6.8 ਕਰੋੜ ਹੋਰ ਕਿਰਤੀ ਇਸਤਰੀਆਂ ਨੂੰ ਰੁਜ਼ਗਾਰ ਮਿਲੇ ਤਾਂ ! ਉਨਾਂ ਦੀ ਹਿੱਸੇਦਾਰੀ 41-ਫੀ ਸੱਦ ਹੋ ਜਾਵੇਗੀ। ਭਾਵੇਂ! ਰੁਜ਼ਗਾਰ ਦੀ ਗ੍ਰੰਟੀ ਅਤੇ ਬਰਾਬਰ ਹਿੱਸੇਦਾਰੀ ਲਈ ਗਲਾਂ ਤਾਂ ਹੁੰਦੀਆਂ ਹਨ, ਪਰ ! ਅਮਲ ਵਿੱਚ ਪੂੰਜੀਵਾਦੀ ਨਿਜ਼ਾਮ 'ਚ ਅਜਿਹਾ ਨਹੀਂ ਹੋਵੇਗਾ ? ਹੱਕਾਂ ਲਈ ਲੜਨਾ ਪਏਗਾ 'ਤੇ ਮੁਕਤੀ ਲਈ ਸੰਘਰਸ਼ ਜ਼ਰੂਰੀ ਹੈ !

''ਜਿਸ ਦਿਨ ਇਸਤਰੀਆਂ ਆਪਣੀ ਕਿਰਤ ਦਾ ਹਿਸਾਬ ਮੰਗਣਗੀਆਂ, ਉਸ ਦਿਨ ਮਨੁੱਖੀ ਇਤਿਹਾਸ ਦੀ ਸਭ ਤੋਂ ਵੱਡੀ 'ਤੇ ਸਭ ਤੋਂ ਪੁਰਾਣੀ ਕਿਰਤ ਦੀ ਚੋਰੀ ਫੜੀ ਜਾਵੇਗੀ!''

**(ਰੋਜ਼ਾ ਲਕਸਮ ਬਰਗ)**

# ਪਾਣੀ ਤੋਂ ਪ੍ਰਭਾਵਿਤ ਇਲਾਕਿਆਂ ਵਿੱਚ ਟੀਮਾਂ ਬਣਾ ਕੇ ਕੀਤਾ ਜਾ ਰਿਹੈ ਰਾਹਤ ਕਾਰਜ - ਡਿਪਟੀ ਕਮਿਸ਼ਨਰ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਦੱਸਿਆ ਕਿ ਹਾਲ ਹੀ ਵਿੱਚ ਹੋਈ ਬਾਰਿਸ਼ ਕਾਰਨ ਜ਼ਿਲ੍ਹੇ ਵਿੱਚ ਜੋ ਸਥਿਤੀ ਪੈਦਾ ਹੋਈ ਸੀ, ਉਹ ਹੁਣ ਪੂਰੀ ਤਰ੍ਹਾਂ ਕਾਬੂ ਹੇਠ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਟੀਮਾਂ ਬਣਾ ਕੇ ਪ੍ਰਭਾਵਿਤ ਇਲਾਕਿਆਂ ਵਿੱਚ ਰਾਹਤ ਕਾਰਜ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ ਗੜ੍ਹਸ਼ੰਕਰ ਸਬ-ਡਵੀਜ਼ਨ ਵਿੱਚ ਜ਼ਿਆਦਾ ਸੇਮ ਹੈ, ਜਿੱਥੇ ਹੁਣ ਸਥਿਤੀ ਆਮ ਵਾਂਗ ਹੈ ਅਤੇ ਪ੍ਰਭਾਵਿਤ ਪਿੰਡਾਂ ਵਿੱਚ ਟੀਮਾਂ ਵੱਲੋਂ ਸਖ਼ਤ ਮਿਹਨਤ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਚੋਆਂ ਵਿਚੋਂ ਗਾਰ ਕੱਢਣ, ਡਰੇਨਾਂ ਦੀ ਮੁਰੰਮਤ, ਕੁਦਰਤੀ ਡਰੇਨਾਂ ਨੂੰ ਰੇਤ ਦੀਆਂ ਬੋਰੀਆਂ ਨਾਲ ਬੰਨ੍ਹਣ ਅਤੇ ਸੜਕਾਂ ਦੀ ਮੁਰੰਮਤ ਦਾ ਕੰਮ ਜੰਗੀ ਪੱਧਰ 'ਤੇ ਚੱਲ ਰਿਹਾ ਹੈ। ਡਿਪਟੀ



ਕਮਿਸ਼ਨਰ ਨੇ ਕਿਹਾ ਕਿ ਬਰਸਾਤੀ ਪਾਣੀ ਨਾਲ ਪ੍ਰਭਾਵਿਤ ਲੋਕਾਂ ਨੂੰ ਰਾਹਤ ਦੇਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ ਹੈ ਅਤੇ ਜ਼ਿਲ੍ਹਾ ਪ੍ਰਸ਼ਾਸਨ ਇਸ ਦਿਸ਼ਾ ਵਿੱਚ ਪੂਰੀ ਗੰਭੀਰਤਾ ਨਾਲ ਕੰਮ ਕਰ ਰਿਹਾ ਹੈ।

ਉਨ੍ਹਾਂ ਕਿਹਾ ਕਿ ਕੰਟਰੋਲ ਰੂਮ ਸਥਾਪਿਤ ਕਰਕੇ ਲੋਕਾਂ ਦੀ ਹਰ ਸਮੱਸਿਆ ਦੇ ਹੱਲ ਲਈ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸੰਭਾਵੀ ਹੜ੍ਹਾਂ ਦੇ ਖਤਰੇ ਦਾ ਸਾਹਮਣਾ ਕਰਨ ਲਈ ਜੇ.ਸੀ.ਬੀ ਮਸ਼ੀਨਾਂ, ਟਰੈਕਟਰ-ਟਰਾਲੀਆਂ, ਮੈਡੀਕਲ ਟੀਮਾਂ ਪਿੰਡਾਂ ਵਿੱਚ ਤਾਇਨਾਤ ਕੀਤੀਆਂ ਗਈਆਂ ਹਨ। ਇਸ ਤੋਂ ਇਲਾਵਾ ਪਸ਼ੂਆਂ ਲਈ ਚਾਰੇ ਦਾ ਵੀ ਪ੍ਰਬੰਧ ਕੀਤਾ ਗਿਆ ਹੈ ਤਾਂ ਜੋ ਹਰ ਤਰ੍ਹਾਂ ਸਥਿਤੀ ਦਾ ਸਾਹਮਣਾ ਕੀਤਾ ਜਾ ਸਕੇ।

## ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਅਵਤਾਰ ਪੁਰਬ 'ਤੇ ਵਿਸ਼ੇਸ਼

# 'ਜਿਤੁ ਡਿਠੈ ਸਭ ਦੁੱਖ ਜਾਇ'



ਪ੍ਰੋ: ਐਚ.ਐਲ.ਕਪੂਰ

ਗੁਰੂ ਹਰਿਕ੍ਰਿਸ਼ਨ ਜੀ ਦਾ ਜਨਮ ਦਿਨ ਬੁੱਧਵਾਰ 7 ਜੁਲਾਈ 1656 ਈਸਵੀ ਨੂੰ ਕੀਰਤਪੁਰ ਸਾਹਿਬ ਵਿਖੇ ਹੋਇਆ। ਉਹ ਗੁਰੂ ਹਰਿਰਾਏ ਜੀ ਦੇ ਦੂਸਰੇ ਪੁੱਤਰ ਸਨ ਤੇ ਉਨ੍ਹਾਂ ਦੀ ਮਾਤਾ ਜੀ ਦਾ ਨਾਂ ਮਾਤਾ ਕ੍ਰਿਸ਼ਨ ਕੌਰ (ਦੂਸਰਾ ਨਾਂ ਮਾਤਾ ਸੁਲੱਖਣੀ ਜੀ) ਸੀ। ਗੁਰੂ ਹਰਿਕ੍ਰਿਸ਼ਨ ਜੀ ਦੇ ਵੱਡੇ ਭਰਾ ਰਾਮ ਰਾਏ ਸੀ, ਜਿਸ ਨੂੰ ਸਿੱਖ ਧਰਮ 'ਚੋਂ ਛੇਕ ਦਿੱਤਾ ਗਿਆ ਸੀ ਕਿਉਂਕਿ ਉਸ ਦੀਆਂ ਗਤੀਵਿਧੀਆਂ ਗੁਰੂ ਘਰ ਦੇ ਖ਼ਿਲਾਫ਼ ਸਨ ਤੇ ਉਹ ਮੁਗਲ ਬਾਦਸ਼ਾਹ ਔਰੰਗਜ਼ੇਬ ਦੇ ਟੇਟੇ ਚੜ੍ਹਿਆ ਹੋਇਆ ਸੀ। ਗੁਰੂ ਹਰਿਕ੍ਰਿਸ਼ਨ ਜੀ ਜਦੋਂ ਅਜੇ ਪੰਜ ਸਾਲ ਦੇ ਹੀ ਸਨ ਤਾਂ ਉਹਨਾਂ ਦੇ ਪਿਤਾ ਗੁਰੂ ਹਰਿਰਾਏ ਸਾਹਿਬ ਜੀ ਨੇ ਆਪਣੀ ਮੌਤ 1661 ਤੋਂ ਪਹਿਲਾਂ ਹੀ ਇਹ ਐਲਾਨ ਕਰ ਦਿੱਤਾ ਸੀ ਕਿ ਮੇਰੀ ਮੌਤ ਤੋਂ ਬਾਅਦ ਸ੍ਰੀ ਹਰਿਕ੍ਰਿਸ਼ਨ ਜੀ ਹੀ ਅੱਠਵੇਂ ਗੁਰੂ ਨਾਨਕ ਹੋਣਗੇ।

ਜਦੋਂ ਗੁਰੂ ਹਰਿਰਾਏ ਸਾਹਿਬ ਜੀ ਨੇ ਆਪਣੀ ਗੁਰਗੱਦੀ ਦੇ ਵਾਰਸ ਦਾ ਐਲਾਨ ਕੀਤਾ ਤਾਂ ਉਹਨਾਂ ਦੇ ਵੱਡੇ ਪੁੱਤਰ ਰਾਮ ਰਾਏ ਜੀ ਨੂੰ ਬੜੀ ਈਰਖਾ ਹੋਈ ਤੇ ਉਹਨਾਂ ਨੇ ਗੁੱਸੇ 'ਚ ਆ ਕੇ ਬਾਦਸ਼ਾਹ ਔਰੰਗਜ਼ੇਬ ਕੋਲ ਆਪਣੇ ਪਿਤਾ ਸ੍ਰੀ ਗੁਰੂ ਹਰਿਰਾਏ ਸਾਹਿਬ ਜੀ ਦੇ ਇਸ ਫੈਸਲੇ ਦੀ ਸ਼ਿਕਾਇਤ ਕਰ ਦਿੱਤੀ। ਬਾਦਸ਼ਾਹ ਔਰੰਗਜ਼ੇਬ ਨੇ ਫੈਸਲਾ ਰਾਮ ਰਾਏ ਜੀ ਦੇ ਹੱਕ ਵਿਚ ਦਿੱਤਾ ਤੇ ਰਾਜਾ ਜੈ ਸਿੰਘ ਜੀ ਨੂੰ ਕਿਹਾ ਕਿ ਨਵੇਂ ਬਣੇ ਬਾਲਕ ਗੁਰੂ ਹਰਿਕ੍ਰਿਸ਼ਨ ਜੀ ਨੂੰ ਮੇਰੇ ਦਰਬਾਰ 'ਚ ਪੇਸ਼ ਕਰੋ। ਰਾਜਾ ਜੈ ਸਿੰਘ ਨੇ ਆਪਣਾ ਦੂਤ ਕੀਰਤਪੁਰ ਸਾਹਿਬ ਭੇਜਿਆ ਕਿ ਉਹ ਗੁਰੂ ਹਰਿਕ੍ਰਿਸ਼ਨ ਜੀ ਜੀ ਨੂੰ ਦਿੱਲੀ ਲੈ ਕੇ ਆਉਣ। ਪਹਿਲਾਂ ਤਾਂ ਗੁਰੂ ਸਾਹਿਬ ਨੇ ਦਿੱਲੀ ਜਾਣ ਤੋਂ ਇਨਕਾਰ ਕਰ ਦਿੱਤਾ ਪਰ ਉਹਨਾਂ ਦੇ ਸ਼ਰਧਾਲੂਆਂ ਤੇ ਰਾਜਾ ਜੈ ਸਿੰਘ ਦੇ ਵਾਰ-ਵਾਰ ਕਹਿਣ 'ਤੇ ਗੁਰੂ ਜੀ ਦਿੱਲੀ ਬਾਦਸ਼ਾਹ ਦੇ ਦਰਬਾਰ 'ਚ ਜਾਣ ਲਈ ਰਾਜ਼ੀ ਹੋ ਗਏ।

ਸਿੱਖ ਇਤਿਹਾਸ ਅਨੁਸਾਰ ਗੁਰੂ ਜੀ 20 ਅਕਤੂਬਰ 1661 ਈਸਵੀ ਨੂੰ ਐਤਵਾਰ ਵਾਲੇ ਦਿਨ ਗੁਰਗੱਦੀ ਤੇ ਬੈਠੇ। ਗੁਰੂ ਹਰਿਕ੍ਰਿਸ਼ਨ ਜੀ ਨੇ ਆਪਣੇ ਸ਼ਰਧਾਲੂਆਂ ਨੂੰ ਦਿਲਾਸਾ ਦਿੱਤਾ ਕਿ ਉਹ ਉਦਾਸ ਨਾ ਹੋਣ ਤੇ ਬਾਕੀ ਸਭ ਕੁਝ ਉਸ ਸਰਬ-ਸ਼ਕਤੀਮਾਨ ਪ੍ਰਮਾਤਮਾ 'ਤੇ ਭਰੋਸਾ ਰੱਖਣ। ਤੁਹਾਨੂੰ ਸਭ ਨੂੰ ਉਸ ਪ੍ਰਮਾਤਮਾ ਦੀ ਭਜਨ ਬੰਦਗੀ ਕਰਨੀ ਚਾਹੀਦੀ ਹੈ ਤੇ ਰੋਣਾ ਜਾਂ ਵਿਰਲਾਪ ਨਹੀਂ ਕਰਨਾ ਚਾਹੀਦਾ। ਜਿਉਂ ਹੀ ਕੁਝ ਦਿਨ ਬੀਤੇ ਗੁਰੂ ਜੀ ਦੇ ਸ਼ਰਧਾਲੂਆਂ ਨੂੰ ਜਦ ਇਸ ਗੱਲ ਦਾ ਪਤਾ ਲੱਗਾ ਕਿ ਬਾਦਸ਼ਾਹ ਔਰੰਗਜ਼ੇਬ ਨੇ ਗੁਰੂ ਜੀ ਨੂੰ ਦਿੱਲੀ ਬੁਲਾਇਆ ਹੈ ਤਾਂ ਸਿੱਖ ਸੰਗਤਾਂ ਦੂਰੋਂ-ਨੇੜਿਓਂ ਕੀਰਤਪੁਰ ਸਾਹਿਬ ਪਹੁੰਚਣ ਲੱਗੀਆਂ। ਸਿੱਖ ਸੰਗਤਾਂ ਗੁਰੂ ਜੀ ਦੀ ਇਕ ਝਲਕ ਪਾ ਕੇ ਬਹੁਤ ਹੀ ਆਨੰਦਿਤ ਹੋ ਜਾਂਦੀਆਂ ਸਨ। ਨਿਆਣੀ ਉਮਰੇ ਜਦੋਂ ਉਹ ਆਪਣੇ ਤਖਤ ਭਾਵ ਗੁਰਗੱਦੀ 'ਤੇ ਬੈਠਦੇ ਤਾਂ ਆਪਣੇ ਸ਼ਰਧਾਲੂਆਂ ਨੂੰ ਬਹੁਤ ਗਿਆਨ ਭਰਪੂਰ ਗੱਲਾਂ ਦੱਸਦੇ। ਉਹ ਆਪਣੀ ਛੋਟੀ ਜਿਹੀ ਉਮਰ 'ਚ ਹੀ ਬਹੁਤ ਦੂਰਅੰਦੇਸ਼ੀ, ਸੂਝਵਾਨ ਤੇ ਪ੍ਰਤਿਭਾਸ਼ਾਲੀ ਸਨ।

ਭਾਈ ਸੰਤੋਖ ਸਿੰਘ ਜੀ ਅਨੁਸਾਰ, "ਜਿਸ ਤਰ੍ਹਾਂ ਸਵੇਰੇ ਸੂਰਜ ਨਿਕਲਦਾ ਹੈ ਤਾਂ ਉਹ ਆਕਾਰ 'ਚ ਬਹੁਤ ਛੋਟਾ ਦਿਖਾਈ ਦਿੰਦਾ ਹੈ ਪਰ ਉਸ ਦੀ ਰੌਸ਼ਨੀ ਹਰ ਜਗ੍ਹਾ ਹੁੰਦੀ ਹੈ। ਇਸੇ ਤਰ੍ਹਾਂ ਹੀ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੀ ਪ੍ਰਸਿੱਧੀ ਬਹੁਤ ਦੂਰ-ਦੂਰ ਤੱਕ ਸੀ ਤੇ ਇਸ ਦਾ ਕੋਈ ਅੰਤ ਨਹੀਂ ਸੀ।" ਜਿਹੜੇ ਵੀ ਉਹਨਾਂ ਦੇ ਸ਼ਰਧਾਲੂ ਆਉਂਦੇ, ਉਹਨਾਂ ਨੂੰ ਉਹ ਪੂਰਾ ਗਿਆਨ ਦਾ ਪ੍ਰਕਾਸ਼ ਪ੍ਰਦਾਨ ਕਰਦੇ। ਉਹ ਆਪਣੇ ਸ਼ਰਧਾਲੂਆਂ ਦੀਆਂ ਸਾਰੀਆਂ ਇੱਛਾਵਾਂ ਪੂਰੀਆਂ ਕਰਦੇ ਤੇ ਉਹਨਾਂ ਦੇ ਗੁਨਾਹਾਂ ਨੂੰ ਮੁਆਫ਼ ਕਰ ਦਿੰਦੇ ਸਨ। ਸਿੱਖ ਸੰਗਤਾਂ ਨੇ ਉਹਨਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਰੂਪ ਮੰਨ ਲਿਆ ਸੀ। ਉਹ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਦਗ-ਦਗ ਕਰਦੇ ਚਿਹਰੇ ਤੇ ਜਦੋਂ ਦੀਦਾਰ ਕਰਦੇ ਸਨ ਤਾਂ ਸ਼ਰਧਾਲੂਆਂ ਨੂੰ ਉਹਨਾਂ ਦੇ ਚਿਹਰੇ ਤੋਂ ਉਹੀ ਨੂਰ ਦਿਸਦਾ, ਜਿਵੇਂ ਉਹਨਾਂ ਨੂੰ ਗੁਰੂ ਨਾਨਕ ਦੇਵ ਜੀ ਦੇ ਚਿਹਰੇ ਤੋਂ ਨਜ਼ਰ ਆਉਂਦਾ ਸੀ।

ਗੁਰੂ ਹਰਿਕ੍ਰਿਸ਼ਨ ਜੀ 'ਚ ਯੋਗਤਾ ਦਾ ਇਕ ਅਲੌਕਿਕ ਕ੍ਰਿਸ਼ਮਾ ਹੀ ਸੀ ਕਿ ਉਹ 'ਗੁਰੂ ਗ੍ਰੰਥ' ਸਾਹਿਬ 'ਚੋਂ ਜੀਵਨ ਜਾਂਚ ਦਾ ਰਸਤਾ ਜੋ ਆਪਣੇ ਸ਼ਰਧਾਲੂਆਂ ਨੂੰ ਸਮਝਾਉਂਦੇ ਉਹ, ਉਹਨਾਂ ਤੇ ਆਪਣਾ ਪੂਰਾ ਪ੍ਰਭਾਵ ਛੱਡਦਾ ਸੀ। ਉਹ ਗੁਰਬਾਣੀ ਦੀ ਵਿਆਖਿਆ ਕਰਦੇ ਸਮੇਂ ਆਪਣੇ ਸ਼ਰਧਾਲੂਆਂ ਦੀ ਜਗਿਆਸਾ ਬਣਾਈ ਰੱਖਦੇ। ਉਹ ਉਹਨਾਂ ਨੂੰ ਇਕੋ ਪ੍ਰਮਾਤਮਾ ਦੇ ਹੁਕਮ ਨੂੰ ਮੰਨਣ ਦਾ ਸੰਦੇਸ਼ ਦਿੰਦੇ। ਉਹ ਇਹ ਵੀ ਕਹਿੰਦੇ ਕਿ ਹੇ! ਮਾਨਵ ਤੂੰ ਆਪਣੀਆਂ ਸਾਰੀਆਂ ਬੁਰਾਈਆਂ ਨੂੰ ਤਿਆਗ ਦੇ ਤੇ ਨੇਕੀ, ਪਰਉਪਕਾਰ, ਧੀਰਜ ਤੇ ਸੰਤੋਖ ਦਾ ਰਸਤਾ ਅਪਣਾਉਣ ਦਾ ਸੰਦੇਸ਼ ਵੀ ਦਿੰਦੇ। ਇਸ ਤਰ੍ਹਾਂ ਕਰਨ ਨਾਲ ਹੀ ਅਸੀਂ ਆਪਣੇ ਸਿੱਖ ਵਿਰਸੇ ਨੂੰ ਬੜੀ ਸੁਰੱਖਿਅਤਾ ਨਾਲ ਸੰਭਾਲ ਕੇ ਰੱਖ ਸਕਦੇ ਹਾਂ।

29 ਮਾਰਚ 1662 ਨੂੰ ਵਿਸਾਖੀ ਦੇ ਪੁਰਬ 'ਤੇ ਬੜੀ ਵੱਡੀ ਸੰਖਿਆ 'ਚ ਸਿੱਖ ਸ਼ਰਧਾਲੂ ਕੀਰਤਪੁਰ ਸਾਹਿਬ ਵਿਖੇ ਇਕੱਤਰ ਹੋਏ। ਵਿਸਾਖੀ ਦਾ ਇਹ ਪੁਰਬ ਕੋਈ ਤਿੰਨ ਦਿਨਾਂ ਤੱਕ ਚੱਲਿਆ। ਇਸ ਮੇਲੇ ਦਾ ਸਾਰਾ ਪ੍ਰਬੰਧ, ਸਿੱਖ ਸ਼ਰਧਾਲੂਆਂ ਦੀ ਦੇਖ-ਭਾਲ ਦਾ ਸਾਰਾ ਪ੍ਰਬੰਧ, ਸ੍ਰੀ ਹਰਿਕ੍ਰਿਸ਼ਨ ਜੀ ਦੀ ਦਾਦੀ, ਮਾਤਾ ਬੱਸੀ ਜੀ ਤੇ ਗੁਰੂ ਸਾਹਿਬ ਦੇ ਮਾਤਾ ਜੀ, ਮਾਤਾ ਸੁਲੱਖਣੀ ਜੀ ਨੇ ਕੀਤਾ। ਸਿਆਲਕੋਟ ਜ਼ਿਲ੍ਹੇ ਦੀ ਸੰਗਤ 'ਚ ਪਸਰੂਰ ਤੋਂ ਇਕ ਸ਼ਰਧਾਲੂ ਜਿਸ ਦਾ ਨਾਂ ਪੀਰ ਮੱਲ ਸੀ ਜੋ ਆਪਣੇ ਪਰਿਵਾਰ ਸਮੇਤ ਆਇਆ ਹੋਇਆ ਸੀ। ਉਸ ਦਾ ਪੁੱਤਰ ਖੇਮ ਕਰਨ ਬੜਾ ਹੋਣਹਾਰ ਨੌਜਵਾਨ ਸੀ। ਮਾਤਾ ਬੱਸੀ ਨੇ ਆਪਣੀ ਪੋਤਰੀ ਬੀਬੀ ਰੂਪ ਕੌਰ ਦੀ ਮੰਗਣੀ ਉਸ ਨਾਲ ਕਰ ਦਿੱਤੀ ਤੇ ਫਿਰ ਉਨ੍ਹਾਂ ਦੀ ਸ਼ਾਦੀ 3 ਦਸੰਬਰ 1662 ਨੂੰ ਕਰ ਦਿੱਤੀ। 'ਗੁਰੂ ਕੀਆਂ ਸਾਖੀਆਂ' ਅਨੁਸਾਰ ਮਾਤਾ ਬੱਸੀ ਜੀ ਨੇ ਉਨ੍ਹਾਂ ਨੂੰ ਕਈ ਤੋਹਫ਼ੇ ਦਿੱਤੇ ਤੇ ਉਹਨਾਂ 'ਚ ਗੁਰੂ ਹਰਿਰਾਏ ਜੀ ਵੱਲੋਂ ਲਿਖੀਆਂ ਕਥਾਵਾਂ ਦੀ ਪੋਥੀ ਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਕਟਾਰ ਵੀ ਦਿੱਤੀ।

ਗੁਰੂ ਹਰਿਕ੍ਰਿਸ਼ਨ ਜੀ ਆਪਣੇ ਕੁਝ ਸ਼ਰਧਾਲੂਆਂ ਸਮੇਤ ਦਿੱਲੀ ਲਈ ਰਵਾਨਾ ਹੋ ਗਏ। ਬਾਦਸ਼ਾਹ ਔਰੰਗਜ਼ੇਬ ਗੁਰੂ ਹਰਿਕ੍ਰਿਸ਼ਨ ਜੀ ਦੀ, ਦਿਨ ਪ੍ਰਤੀ ਦਿਨ ਵਧਦੀ ਪ੍ਰਸਿੱਧਤਾ ਤੋਂ ਖੁਸ਼ ਨਹੀਂ ਸੀ। ਔਰੰਗਜ਼ੇਬ ਨੇ ਹੁਕਮ ਦਿੱਤਾ ਕਿ ਗੁਰੂ ਜੀ ਖੁਦ ਉਹਨਾਂ ਦੇ ਦਰਬਾਰ 'ਚ ਦਿੱਲੀ ਵਿਖੇ ਪੇਸ਼ ਹੋਣ ਜਿਵੇਂ ਕਿ ਬਾਦਸ਼ਾਹ ਨੇ ਗੁਰੂ ਹਰਿਕ੍ਰਿਸ਼ਨ ਜੀ ਦੇ ਪਿਤਾ ਗੁਰੂ ਹਰਿਰਾਏ ਜੀ ਨਾਲ ਕੀਤਾ ਸੀ। ਗੁਰੂ ਹਰਿਰਾਏ ਜੀ ਨੇ ਆਪ ਦਿੱਲੀ ਬਾਦਸ਼ਾਹ ਦੇ ਦਰਬਾਰ 'ਚ ਜਾਣ ਦੀ ਬਜਾਏ ਆਪਣੇ ਵੱਡੇ ਪੁੱਤਰ ਸ੍ਰੀ ਰਾਮ ਰਾਏ ਜੀ ਨੂੰ ਬਾਦਸ਼ਾਹ ਦੇ ਦਰਬਾਰ 'ਚ ਭੇਜ ਦਿੱਤਾ ਸੀ।

ਗੁਰੂ ਹਰਿਰਾਏ ਜੀ ਦੀ ਮੌਤ ਤੋਂ ਪਹਿਲਾਂ ਉਹਨਾਂ ਨੇ ਆਪਣੇ ਵੱਡੇ ਪੁੱਤਰ ਰਾਮ ਰਾਏ ਜੀ ਨੂੰ ਇਹ ਦੱਸ ਦਿੱਤਾ ਸੀ ਕਿ ਉਹ ਅੱਗੋਂ ਤੋਂ ਕਦੀ ਵੀ ਬਾਦਸ਼ਾਹ ਔਰੰਗਜ਼ੇਬ ਨੂੰ ਨਾ ਮਿਲਣ ਕਿਉਂਕਿ ਉਹ ਰਾਮ ਰਾਏ ਜੀ ਨੂੰ ਗੁਰਗੱਦੀ ਦੇ ਵਾਰਸ ਬਣਾਉਣਾ ਚਾਹੁੰਦਾ ਸੀ ਕਿਉਂਕਿ ਉਸ ਦੀ ਮੁਗਲਾਂ ਨਾਲ ਸਾਂਠ-ਗਾਂਠ ਸੀ। ਅੰਬੇਰ ਦੇ ਰਾਜਾ ਜੈ ਸਿੰਘ ਦਾ ਇਕ ਨੌਕਰ ਬਾਦਸ਼ਾਹ ਦੇ ਆਦੇਸ਼ ਮੁਤਾਬਕ ਗੁਰੂ ਜੀ ਨੂੰ ਦਰਬਾਰ 'ਚ ਹਾਜ਼ਰ ਕਰਵਾਉਣ ਲਈ ਗਿਆ। ਗੁਰੂ ਹਰਿਕ੍ਰਿਸ਼ਨ ਜੀ ਨੇ ਆਪਣੇ ਕੁਝ ਪ੍ਰਮੁੱਖ ਸਿੱਖਾਂ ਨਾਲ ਸਲਾਹ ਮਸ਼ਵਰਾ ਕਰਨ ਲਈ, ਇਕ ਸਭਾ ਬੁਲਾਈ ਤੇ ਉਹਨਾਂ ਨੂੰ ਆਪਣੀ ਜੱਫੀ 'ਚ ਲਿਆ ਤੇ ਕਿਹਾ ਕਿ, "ਅਸੀਂ ਤਾਂ ਉਸ ਪ੍ਰਮਾਤਮਾ ਦੇ ਵਫ਼ਾਦਾਰ ਸੇਵਕ ਹਾਂ ਤੇ ਉਹ ਪ੍ਰਮ-ਾਤਮਾ ਹੀ ਜਾਣਦਾ ਹੈ ਕਿ ਅੱਗੇ ਕੀ ਹੋਵੇਗਾ।" ਗੁਰੂ ਹਰਿਕ੍ਰਿਸ਼ਨ ਜੀ ਨੇ ਫੈਸਲਾ ਕਰ ਲਿਆ ਕਿ ਉਹ ਬਾਦਸ਼ਾਹ ਦੇ ਭੇਜੇ ਹੋਏ ਦੂਤ ਨਾਲ ਦਿੱਲੀ ਲਈ ਚੱਲ ਪੈਣਗੇ। ਦਿੱਲੀ ਨੂੰ ਜਾਂਦੇ ਸਮੇਂ ਗੁਰੂ ਸਾਹਿਬ ਬਰਾਸਤਾ ਰੋਪੜ, ਬਨੂੜ ਤੇ ਅੰਬਾਲਾ ਦੇ ਰਸਤੇ ਹੁੰਦੇ ਹੋਏ ਤੇ ਆਪਣੇ ਬਹੁਤ ਵੱਡੀ ਗਿਣਤੀ 'ਚ ਇਕੱਠੇ ਹੋਏ ਸ਼ਰਧਾਲੂਆਂ ਨੂੰ, ਜੋ ਕਿ ਆਪਣੇ ਨਵੇਂ ਗੁਰੂ ਨੂੰ ਮਿਲਣਾ ਚਾਹੁੰਦੇ ਸਨ, ਮਿਲਦੇ ਹੋਏ ਤੇ ਪੜਾਅ ਕਰਦੇ ਹੋਏ ਦਿੱਲੀ ਵੱਲ ਵਧਦੇ ਗਏ।



ਜਦੋਂ ਗੁਰੂ ਜੀ ਪੰਜੋਖਾਰਾ ਦੇ ਕੋਲ ਪਹੁੰਚੇ ਤਾਂ ਇਕ ਸਿੱਖ ਸ਼ਰਧਾਲੂ ਬੜੀ ਨਿਮਰਤਾ ਨਾਲ ਬੋਲਿਆ ਕਿ ਸੰਗਤ ਗੁਰੂ ਜੀ ਦੇ ਦਰਸ਼ਨਾਂ ਲਈ ਪਿਸ਼ਾਵਰ, ਕਾਬਲ ਤੇ ਕਸ਼ਮੀਰ ਤੋਂ ਵੀ ਆ ਰਹੀ ਹੈ। ਉਸਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਉਹ ਇਕ ਦਿਨ ਲਈ ਇੱਥੇ ਹੋਰ ਰੁਕਣ ਤਾਂ ਕਿ ਉਹ ਸੰਗਤ ਆਪ ਜੀ ਦੇ ਦਰਸ਼ਨ ਕਰ ਸਕੇ। ਗੁਰੂ ਜੀ ਉਸ ਪਿੰਡ 'ਚ ਰੁਕਣ ਲਈ ਮੰਨ ਗਏ। ਉਸ ਪਿੰਡ 'ਚ ਇਕ ਪੰਡਿਤ ਲਾਲ ਚੰਦ ਨਾਮ ਦਾ ਬੰਦਾ ਰਹਿੰਦਾ ਸੀ ਤੇ ਉਸ ਨੂੰ ਆਪਣੀ ਉੱਚੀ ਜਾਤ ਦਾ ਬੜਾ ਘੁਮੰਡ ਸੀ ਤੇ ਉਹ ਆਪਣੇ ਆਪ ਨੂੰ ਬਹੁਤ ਗਿਆਨਵਾਨ ਸਮਝਦਾ ਸੀ। ਉਹ ਗੁਰੂ ਸਾਹਿਬ ਨੂੰ ਦੇਖਣ ਲਈ ਆਇਆ ਤੇ ਗੁਰੂ ਜੀ ਨੂੰ ਬੜੇ ਮਖੌਲ ਨਾਲ ਬੋਲਿਆ, "ਇਹ ਕਿਹਾ ਜਾਂਦਾ ਹੈ ਕਿ ਤੁਸੀਂ ਗੁਰੂ ਨਾਨਕ ਦੇਵ ਜੀ ਦੀ ਗੱਦੀ 'ਤੇ ਬੈਠੇ ਹੋ ਤੇ ਤੁਸੀਂ ਪੁਰਾਣੇ ਧਾਰਮਿਕ ਗ੍ਰੰਥਾਂ ਬਾਰੇ ਕੀ ਜਾਣਦੇ ਹੋ? ਛੱਜੂ ਰਾਮ ਜਿਹੜਾ ਕਿ ਇਕ ਅਨਪੜ੍ਹ ਆਦਮੀ ਸੀ ਤੇ ਪਿੰਡ 'ਚ ਲੋਕਾਂ ਦੇ ਘਰਾਂ 'ਚ ਪਾਣੀ ਭਰਨ ਦਾ ਕੰਮ ਕਰਦਾ ਸੀ ਤੇ ਉਹ ਇਕ ਪੱਛੜੇ ਹੋਏ ਵਰਗ ਨਾਲ ਸਬੰਧ ਰੱਖਦਾ ਸੀ ਤੇ ਇਸ ਵਰਗ ਦੇ ਲੋਕਾਂ ਨੂੰ ਵੇਦਾਂ ਦੇ ਪੜ੍ਹਨ ਤੇ ਇਹਨਾਂ ਬਾਰੇ ਕੋਈ ਗੱਲ ਕਰਨ ਦੀ ਮਨਾਹੀ ਸੀ, ਉਹ ਕੋਲ ਦੀ ਲੰਘ ਰਿਹਾ ਸੀ। ਗੁਰੂ ਜੀ ਨੇ ਆਪਣੇ ਪਾਸ ਬੈਠੇ ਦੁਰਗਾ ਮੱਲ ਨੂੰ ਕਿਹਾ ਕਿ ਇਸ ਪਾਣੀ ਢੋਣ ਵਾਲੇ ਬੰਦੇ ਨੂੰ ਮੇਰੇ ਪਾਸ ਬੁਲਾਓ।

ਛੱਜੂ ਰਾਮ ਗੁਰੂ ਜੀ ਪਾਸ ਆਇਆ ਤੇ ਉਸ ਨੂੰ ਪੁੱਛਿਆ ਕਿ ਤੁਸੀਂ ਇਸ ਪੰਡਤ ਨੂੰ 'ਭਗਵਤ ਗੀਤਾ' ਬਾਰੇ ਸੰਖੇਪ 'ਚ ਜਾਣਕਾਰੀ ਦੇ ਸਕਦੇ ਹੋ? ਉਸ ਅਨਪੜ੍ਹ ਪੇਂਡੂ ਬੰਦੇ ਨੇ ਪਵਿੱਤਰ ਭਗਵਤ ਗੀਤਾ ਦਾ ਸਾਰ ਸੁਣਾ ਕੇ ਸਭ ਨੂੰ ਹੈਰਾਨ ਕਰ ਦਿੱਤਾ। ਪੰਡਤ ਦਾ ਉਸ ਬੰਦੇ ਕੋਲੋਂ ਭਗਵੰਤ ਗੀਤਾ ਦਾ ਸਾਰ ਸੁਣ ਕੇ ਘੁਮੰਡ ਟੁੱਟ ਗਿਆ। ਪੰਡਤ ਨੇ ਬੜੀ ਸ਼ਰਧਾ ਤੇ ਨਿਮਰਤਾ ਨਾਲ ਗੁਰੂ ਜੀ ਦੇ ਪੈਰਾਂ ਨੂੰ ਹੱਥ ਲਾਇਆ। ਉਹ ਦੋਵੇਂ ਬੰਦੇ ਗੁਰੂ ਜੀ ਦੇ ਸ਼ਰਧਾਲੂ ਬਣ ਗਏ ਤੇ ਗੁਰੂ ਜੀ ਨਾਲ ਕੁਰੂਕਸ਼ੇਤਰ ਤੱਕ ਗਏ। ਪੰਡਤ ਲਾਲ ਚੰਦ ਗੁਰੂ ਜੀ ਤੋਂ ਦੀ-ਖਿਆ ਲੈ ਕੇ ਲਾਲ ਸਿੰਘ ਬਣ ਗਿਆ ਤੇ ਇਹ ਨਾਲ ਸਿੰਘ ਉਹ ਸਿੱਖ ਹੈ ਜਿਸਨੇ ਗੁਰੂ ਗੋਬਿੰਦ ਸਿੰਘ ਜੀ ਨਾਲ ਮਿਲ ਕੇ ਮਿਤੀ 7 ਦਸੰਬਰ 1705 ਨੂੰ ਚਮਕੌਰ ਸਾਹਿਬ ਦੀ ਮੁਗਲਾਂ ਦੇ ਵਿਰੁੱਧ ਲੜਾਈ ਲੜੀ ਤੇ ਮੈਦਾਨੇ ਜੰਗ 'ਚ ਸ਼ਹੀਦ ਹੋ ਗਿਆ।

ਇਸ ਤਰ੍ਹਾਂ ਗੁਰੂ ਜੀ ਆਪਣੀ ਦਿੱਲੀ ਯਾਤਰਾ ਦੌਰਾਨ ਕਈ ਥਾਵਾਂ 'ਤੇ ਰੁਕਦੇ ਹੋਏ ਤੇ ਆਪਣੇ ਸਿੱਖ ਸ਼ਰਧਾਲੂਆਂ ਨੂੰ ਸਿੱਖ ਧਰਮ ਦੀਆਂ ਸਿੱਖਿਆਵਾਂ ਦਿੰਦੇ ਹੋਏ ਦਿੱਲੀ ਪਹੁੰਚ ਗਏ। ਦਿੱਲੀ ਪਹੁੰਚਦਿਆਂ ਹੀ ਉਹਨਾਂ ਦਾ ਮਿਰਜ਼ਾ ਦੇ ਰਾਜਾ ਜੈ ਸਿੰਘ ਤੇ ਦਿੱਲੀ ਦੀ ਸਿੱਖ ਸੰਗਤ ਨੇ ਬੜਾ ਨਿੱਘਾ ਸਵਾਗਤ ਕੀਤਾ। ਦਿੱਲੀ ਵਿਖੇ ਗੁਰੂ ਜੀ ਰਾਜਾ ਜੈ ਸਿੰਘ ਦੇ ਮਹੱਲ 'ਚ ਰੁਕੇ। ਉਥੇ ਸਿੱਖ ਸੰਗਤਾਂ ਤੇ ਉਹਨਾਂ ਦੇ ਸ਼ਰਧਾਲੂ ਬੜੀ ਵੱਡੀ ਗਿਣਤੀ 'ਚ ਗੁਰੂ ਹਰਿਕ੍ਰਿਸ਼ਨ ਜੀ ਦੇ ਦਰਸ਼ਨਾਂ ਲਈ ਪਹੁੰਚੇ। ਕਈ ਇਤਿਹਾਸਕਾਰ ਲਿਖਦੇ ਹਨ ਕਿ ਸ਼ਹਿਜ਼ਾਦਾ ਮੁਜ਼ਾਮ ਵੀ ਗੁਰੂ ਸਾਹਿਬ ਦੇ ਦਰਸ਼ਨ ਕਰਨ ਤੇ ਉਹਨਾਂ ਨਾਲ ਨੇੜਤਾ ਰੱਖਣ ਲਈ ਆਇਆ।

ਦਿੱਲੀ ਵਿਖੇ ਆਪਣੇ ਠਹਿਰਾਅ ਦੌਰਾਨ ਗੁਰੂ ਜੀ ਰਾਜਾ ਜੈ ਸਿੰਘ ਦੇ ਮਹੱਲ 'ਚ ਰਹੇ ਤੇ ਬਾਅਦ 'ਚ ਇਸ ਜਗ੍ਹਾ ਤੇ ਗੁਰਦੁਆਰਾ ਬਣਾ ਦਿੱਤਾ ਗਿਆ ਜਿਸ ਨੂੰ ਅੱਜਕਲ੍ਹ 'ਗੁਰਦੁਆਰਾ ਬੰਗਲਾ ਸਾਹਿਬ' ਕਿਹਾ ਜਾਂਦਾ ਹੈ। ਇਹ ਮਹੱਲ ਉਹਨਾਂ ਦਿਨਾਂ 'ਚ ਬੜਾ ਸ਼ਾਨਦਾਰ ਤੇ ਖੁੱਲ੍ਹਾ-ਡੁੱਲ੍ਹਾ ਸੀ ਤੇ ਇਸ 'ਚ ਗਰਮੀਆਂ ਤੇ ਸਰਦੀਆਂ ਦੀਆਂ ਸਾਰੀਆਂ ਸਹੂਲਤਾਂ ਪ੍ਰਾਪਤ ਸਨ। ਦਿੱਲੀ ਦੀ ਸਿੱਖ ਸੰਗਤ ਟੋਲਿਆਂ ਦੇ ਰੂਪ 'ਚ ਗੁਰੂ ਜੀ ਦੇ ਦਰਸ਼ਨ ਕਰਨ ਲਈ ਆਉਂਦੇ ਰਹੇ। ਉਹ ਭਜਨ-ਬੰਦਗੀ ਤੇ ਗੁਰਬਾਣੀ ਦਾ ਗਾਇਨ ਕਰਦੇ ਹੋਏ ਆਉਂਦੇ ਤੇ ਗੁਰੂ ਸਾਹਿਬ ਨੂੰ ਕਈ ਤਰ੍ਹਾਂ ਦੇ ਨਜ਼ਰਾਨੇ ਵੀ ਭੇਂਟ ਕਰਦੇ ਸਨ। 'ਗੁਰੂ ਕੀਆਂ ਸਾਖੀਆਂ' 'ਚ ਇਹ ਵਰਣਨ ਆਉਂਦਾ ਹੈ ਕਿ ਗੁਰੂ ਹਰਿਕ੍ਰਿਸ਼ਨ ਜੀ ਬਾਦਸ਼ਾਹ ਔਰੰਗਜ਼ੇਬ ਦੇ ਦਰਬਾਰ 'ਚ ਚੇਤ ਸੁਦੀ ਨੌਵੀਂ, 1721 ਬਿਕਰਮੀ ਮੁਤਾਬਕ ਮਾਰਚ 25, 1664 ਈਸਵੀ ਨੂੰ ਪੇਸ਼ ਹੋਏ। 'ਮਹਿਮਾ ਪ੍ਰਕਾਸ਼' 'ਚ ਇਹ ਵਰਣਨ ਵੀ ਆਉਂਦਾ ਹੈ ਕਿ ਬਾਦਸ਼ਾਹ ਔਰੰਗਜ਼ੇਬ ਨੇ ਗੁਰੂ ਸਾਹਿਬ ਦੀ ਪ੍ਰੀਖਿਆ ਲੈਣ ਲਈ ਦੋ ਵੱਡੇ ਥਾਲਾਂ ਦਾ ਪ੍ਰਬੰਧ ਕੀਤਾ। ਇਕ ਥਾਲ 'ਚ ਸੋਨੇ ਚਾਂਦੀ ਦੇ ਗਹਿਣੇ, ਕੀਮਤੀ ਕੱਪੜੇ ਤੇ ਖਿਡਾਉਣਿਆਂ ਨਾਲ ਭਰਿਆ ਹੋਇਆ ਸੀ ਤੇ ਦੂਸਰੇ ਥਾਲ 'ਚ ਬਹੁਤ ਕੀਮਤੀ ਚੋਲੇ (ਧਾਰਮਿਕ ਲਿਬਾਸ) ਤੇ ਸਿਰ ਤੇ ਪਹਿਨਣ ਲਈ ਬਹੁਤ ਕੀਮਤੀ ਪੱਗੜੀ ਨੁਮਾ ਧਾਰਮਿਕ ਚਿੰਨ੍ਹ ਪਾਏ ਹੋਏ ਸਨ। ਇਹ ਦੋਵੇਂ ਥਾਲ ਗੁਰੂ ਜੀ ਨੂੰ ਤੋਹਫ਼ੇ ਦੇ ਤੌਰ ਤੇ ਭੇਂਟ ਕੀਤੇ ਗਏ। ਗੁਰੂ ਜੀ ਨੇ ਗਹਿਣਿਆਂ ਤੇ ਕੀਮਤੀ ਬਸਤਰਾਂ ਨਾਲ ਭਰੇ ਹੋਏ ਥਾਲ ਲੈਣ ਤੋਂ ਇਨਕਾਰ ਕਰ ਦਿੱਤਾ ਤੇ ਸਿਰਫ ਦੂਸਰੇ ਥਾਲ ਨੂੰ ਹੀ ਤੋਹਫ਼ੇ ਵਜੋਂ ਸਵੀਕਾਰ ਕੀਤਾ। ਬਾਦਸ਼ਾਹ ਔਰੰਗਜ਼ੇਬ ਗੁਰੂ ਜੀ ਦੇ ਪਵਿੱਤਰ ਧਾਰਮਿਕ ਚਿੰਨ੍ਹਾਂ ਨੂੰ ਸਵੀਕਾਰ ਕਰਨ 'ਤੇ ਬਹੁਤ ਖੁਸ਼ ਹੋਇਆ। ਉਹਨਾਂ ਨੇ ਸੋਚਿਆ ਕਿ ਗੁਰੂ ਜੀ ਨੂੰ ਦੁਬਾਰਾ ਫਿਰ ਦਰਬਾਰ 'ਚ ਕੋਈ ਚਮਤਕਾਰ ਕਰਨ ਲਈ ਬੁਲਾਇਆ ਜਾਵੇ। ਗੁਰੂ ਹਰਿਕ੍ਰਿਸ਼ਨ ਜੀ ਸਮਝ ਗਏ ਕਿ ਬਾਦਸ਼ਾਹ ਦੇ ਮਨ 'ਚ ਕੀ ਚੱਲ ਰਿਹਾ ਹੈ। ਗੁਰੂ ਜੀ ਨੇ ਆਪਣੇ ਮਨ 'ਚ ਫੈਸਲਾ ਕਰ ਲਿਆ ਕਿ ਉਹ ਦੁਬਾਰਾ ਬਾਦਸ਼ਾਹ ਦੇ ਦਰਬਾਰ 'ਚ ਉਸ ਦੀ ਸੂਰਤ ਦੇਖਣ ਲਈ ਨਹੀਂ ਆਉਣਗੇ। ਗੁਰੂ ਜੀ ਨੂੰ ਪਤਾ ਸੀ ਕਿ ਸਿੱਖ ਧਰਮ ਤਾਂ ਕਰਾਮਾਤਾਂ 'ਚ ਵਿਸ਼ਵਾਸ ਨਹੀਂ ਕਰਦਾ। ਕਰਾਮਾਤ ਕਰਨਾ ਕੁਦਰਤ ਦੇ ਨਿਯਮ ਦੇ ਖ਼ਿਲਾਫ਼ ਹੈ। ਗੁਰੂ ਹਰਿਕ੍ਰਿਸ਼ਨ ਜੀ ਜਾਣਦੇ ਸਨ ਕਿ ਉਹਨਾਂ ਦੇ ਪਿਤਾ ਜੀ ਨੇ ਉਹਨਾਂ ਦੇ ਵੱਡੇ ਭਰਾ ਰਾਮ ਰਾਏ ਜੀ ਨੂੰ ਕਿਵੇਂ ਸਜ਼ਾ ਦਿੱਤੀ ਸੀ, ਕਿਉਂਕਿ ਉਸ ਨੇ ਔਰੰਗਜ਼ੇਬ ਦੇ ਦਰਬਾਰ 'ਚ ਕਈ ਤਾਂਤਰਿਕ ਕਾਰਨਾਮੇ ਕਰਕੇ ਦਿਖਾਏ ਸਨ।

ਰਾਜਾ ਜੈ ਸਿੰਘ ਨੂੰ ਬਹੁਤ ਲੋਕਾਂ ਨੇ ਕਿਹਾ ਕਿ ਗੁਰੂ ਜੀ ਦੀ ਲਿਆਕਤ ਨੂੰ ਪਰਖਿਆ ਜਾਵੇ ਕਿਉਂਕਿ ਉਹਨਾਂ ਦੀ ਬਾਲ ਉਮਰ ਸੀ ਤੇ ਲੋਕ ਸਮਝਦੇ ਸਨ ਕਿ ਸ਼ਾਇਦ ਗੁਰੂ ਜੀ 'ਚ ਲਿਆਕਤ ਦੀ ਘਾਟ ਹੈ। ਰਾਜਾ ਜੈ ਸਿੰਘ ਨੇ ਗੁਰੂ ਜੀ ਨੂੰ ਕਿਹਾ ਕਿ ਤੁਸੀਂ ਪਛਾਨਣਾ ਹੋਵੇਗਾ ਕਿ ਇਹਨਾਂ ਸਾਰੀਆਂ ਸੋ-ਹਣੀਆਂ ਔਰਤਾਂ 'ਚੋਂ ਅਸਲੀ ਰਾਣੀ ਕਿਹੜੀ ਹੈ। ਇਹਨਾਂ ਸਭ ਔਰਤਾਂ ਦੇ ਬੜੇ ਸੋਹਣੇ, ਇਕੋ ਜਿਹੇ ਕੱਪੜੇ ਪਾਏ ਹੋਏ ਸਨ ਤੇ ਉਹ ਗੁਰੂ ਜੀ ਦੇ ਇਰਦ-ਗਿਰਦ ਹੀ ਬੈਠੀਆਂ ਸਨ। ਗੁਰੂ ਜੀ ਨੇ ਬੜੀ ਸਮਝਦਾਰੀ ਨਾਲ ਆਪਣੇ, ਘਰੇਲੂ ਨੌਕਰਾਣੀ ਦਾ ਬੜਾ ਸਾਦਾ ਪਹਿਰਾਵਾ ਪਾਇਆ ਤੇ ਉਹ ਅਸਲੀ ਰਾਣੀ ਦੀ ਗੋਦ 'ਚ ਜਾ ਕੇ ਬੈਠ ਗਏ। ਜਿਸ ਔਰਤ ਦੀ ਗੋਦ 'ਚ ਉਹ ਬੈਠੇ, ਉਹ ਹੀ ਅਸਲੀ ਰਾਣੀ ਸੀ। ਗੁਰੂ ਹਰਿਕ੍ਰਿਸ਼ਨ ਜੀ ਬਾਲ ਗੁਰੂ ਸਨ। ਛੋਟੀ ਉਮਰ ਕਾਰਨ ਉਹਨਾਂ ਦੇ ਵਿਰੋਧੀ ਇਹ ਸਮਝਦੇ ਸਨ ਕਿ ਉਹਨਾਂ ਦੀ ਛੋਟੀ ਉਮਰ ਹੋਣ ਕਾਰਨ ਉਹਨਾਂ 'ਚ ਬਹੁਤੀ ਲਿਆਕਤ ਨਹੀਂ ਹੈ। ਇਸ ਕਾਰਨ ਉਹਨਾਂ ਦੀ ਜੀਵਨੀ 'ਚ ਕਈ ਅਜਿਹੀਆਂ ਕਹਾਣੀਆਂ ਜੁੜੀਆਂ ਹੋਈਆਂ ਹਨ ਪਰ ਉਹ ਹਰ ਵਾਰ ਇਸ ਤਰ੍ਹਾਂ ਦੀਆਂ ਪ੍ਰੀਖਿਆਵਾਂ 'ਚ ਪੂਰੇ ਖਰੇ ਉਤਰਦੇ ਰਹੇ ਤੇ ਆਪਣੇ ਵਿਰੋਧੀਆਂ ਨੂੰ ਮਾਤ ਦਿੰਦੇ ਰਹੇ।

ਇਕ ਵਾਰ ਰਾਣੀ ਨੇ ਵਿਉਂਤ ਬਣਾਈ ਰਾਜਾ ਜੈ ਸਿੰਘ ਨੂੰ ਕਿਹਾ ਕਿ ਉਹ ਗੁਰੂ ਜੀ ਨੂੰ ਰਾਣੀਆਂ ਦੇ ਮਹਿਲ 'ਚ ਲਿਆਉਣ ਕਿਉਂਕਿ ਉਹ ਆਪ ਉਹਨਾਂ ਦੀ ਲਿਆਕਤ ਦਾ ਟੈਸਟ ਲੈਣਾ ਚਾਹੁੰਦੀ ਹੈ। ਗੁਰੂ ਜੀ ਨੇ ਰਾਜਾ ਜੈ ਸਿੰਘ ਜੀ ਦੇ ਸੱਦਾ ਪੱਤਰ ਨੂੰ ਸਵੀਕਾਰ ਕਰ ਲਿਆ। ਰਾਣੀ ਦੇ ਮਹਿਲ ਦੀ ਡਿਓੜੀ 'ਚ ਗੁਰੂ ਜੀ ਦਾ ਸਵਾਗਤ ਕਰਨ ਲਈ ਰਾਜੇ ਦੇ ਨੌਕਰਾਂ ਨੂੰ ਖੜ੍ਹੇ ਕੀਤੇ ਗਿਆ ਤੇ ਉਹਨਾਂ ਨੌਕਰਾਂ ਨੇ ਗੁਰੂ ਜੀ ਦਾ ਬਣਦਾ ਪੂਰਾ ਸਤਿਕਾਰ ਕੀਤਾ ਤੇ ਜਦੋਂ ਗੁਰੂ ਜੀ ਮਹਿਲ ਦੇ ਅੰਦਰ ਹੋਰ ਅੱਗੇ ਗਏ ਤਾਂ ਬਹੁਤ ਸੁੰਦਰ-ਸੁੰਦਰ ਇਸਤਰੀਆਂ ਸੋਹਣੇ-ਸੋਹਣੇ ਕੱਪੜੇ ਪਾ ਕੇ, ਹਾਰ ਸ਼ਿੰਗਾਰ ਲਾ ਕੇ ਖੜ੍ਹੀਆਂ ਸਨ ਤੇ ਉਹਨਾਂ ਨੇ ਗੁਰੂ ਜੀ ਦਾ ਪੂਰਾ ਆਦਰ ਸਤਿਕਾਰ ਕੀਤਾ। ਗੁਰੂ ਜੀ ਉਹਨਾਂ ਸਭ ਦਾ ਸਤਿਕਾਰ ਲੈਂਦੇ ਹੋਏ ਅੱਗੇ ਚਲਦੇ ਰਹੇ ਤਾਂ ਉਹ ਇਕ ਘਰ ਦੇ ਬਣੇ ਹੋਏ ਸਧਾਰਨ ਕੱਪੜੇ ਪਹਿਨੀ ਇਕ ਔਰਤ ਪਾਸ ਪਹੁੰਚੇ ਤਾਂ ਉਥੇ ਗੁਰੂ ਜੀ ਰੁਕ ਗਏ ਤੇ ਕਿਹਾ ਕਿ, "ਤੁਸੀਂ ਹੀ ਅਸਲੀ ਰਾਣੀ ਹੋ ਤੇ ਤੁਸੀਂ ਇਸ ਤਰ੍ਹਾਂ ਦੇ ਸਧਾਰਨ ਜਿਹੇ, ਘਰ ਦੇ ਬਣੇ ਹੋਏ ਕੱਪੜੇ ਦਾ ਪਹਿਰਾਵਾ ਕਿਉਂ ਪਾਇਆ ਹੋਇਆ ਹੈ? ਰਾਣੀ ਨੇ ਬੜੇ ਸਤਿਕਾਰ ਨਾਲ ਆਪਣਾ ਸਿਰ ਝੁਕਾਇਆ। ਥੋੜ੍ਹੇ ਹੀ ਸਮੇਂ 'ਚ ਗੁਰੂ ਹਰਿਕ੍ਰਿਸ਼ਨ ਜੀ ਨੇ ਆਪਣੀ ਸਿਆਣਪਤ ਤੇ ਗੁਰਬਾਣੀ ਦੀ ਵਿਆਖਿਆ ਕਰਨ ਨਾਲ ਲੋਕਾਂ ਨੂੰ ਪ੍ਰਭਾਵਿਤ ਕਰ ਲਿਆ ਤੇ ਦਿੱਲੀ 'ਚ ਉਹਨਾਂ 'ਚ ਸ਼ਰਧਾਲੂਆਂ ਦੀ ਵੱਡੀ ਗਿਣਤੀ ਬਣ ਗਈ।

ਜਦੋਂ ਗੁਰੂ ਹਰਿਕ੍ਰਿਸ਼ਨ ਜੀ ਅਜੇ ਦਿੱਲੀ 'ਚ ਹੀ ਸਨ ਤਾਂ ਉਹਨਾਂ ਦਿਨਾਂ 'ਚ ਉਥੇ ਛੂਤ ਦਾ ਭਿਆਨਕ ਤੇ ਮਹਾਂਮਾਰੀ ਰੋਗ ਚੇਚਕ ਤੇ ਹੈਜਾ ਫੈਲ ਗਿਆ। ਗੁਰੂ ਜੀ ਉਥੋਂ ਦੇ ਇਹਨਾਂ ਰੋਗਾਂ ਨਾਲ ਪੀੜਤ ਲੋਕਾਂ ਦੀ ਸੇਵਾ 'ਚ ਜੁਟ ਗਏ। ਉਹ ਬਿਮਾਰਾਂ ਦੀ ਹਰ ਤਰ੍ਹਾਂ ਨਾਲ ਮਦਦ ਕਰਦੇ ਸਨ। ਮਰੀਜ਼ਾਂ ਦੀ ਸੇਵਾ 'ਚ ਬਿਨਾਂ ਕੋਈ ਭਿੰਨ ਭੇਦ ਕੀਤਿਆਂ ਕਰਦੇ ਸਨ। ਗੁਰੂ ਜੀ ਨੇ ਮੁਸਲਮਾਨ ਵਰਗ ਦੀ ਬਿਨਾਂ ਕੋਈ ਭੇਦ-ਭਾਵ ਕਰਦਿਆਂ ਮਾਨਵਤਾ ਦੇ ਆਧਾਰ 'ਤੇ ਬੜੀ ਸੇਵਾ ਕੀਤੀ। ਉਹਨਾਂ ਨੇ ਮੁਸਲਮਾਨ ਵਰਗ ਦੀ ਇੰਨੀ ਸੇਵਾ ਕੀਤੀ ਕਿ ਉਹਨਾਂ ਨੂੰ ਉਹ 'ਬਾਲ ਪੀਰ' ਦੇ ਨਾਮ ਨਾਲ ਪੁਕਾਰਨ ਲੱਗ ਪਏ। ਮੌਕੇ ਦੀ ਨਜ਼ਾਕਤ ਨੂੰ ਦੇਖਦਿਆਂ ਬਾਦਸ਼ਾਹ ਔਰੰਗਜ਼ੇਬ ਨੇ ਵੀ ਗੁਰੂ ਜੀ ਨੂੰ ਵੀ ਕਿਸੇ ਤਰ੍ਹਾਂ ਪ੍ਰੇਸ਼ਾਨ ਨਹੀਂ ਕੀਤਾ ਪਰ ਬਾਦਸ਼ਾਹ ਨੇ ਰਾਮ ਰਾਏ ਜੀ ਦੇ ਗੱਦੀ ਪ੍ਰਾਪਤ ਕਰਨ ਦੇ ਅਧਿਕਾਰ ਨੂੰ ਤਿਆਗਿਆ ਵੀ ਨਹੀਂ ਸੀ।

ਇਸ ਮਹਾਂਮਾਰੀ ਦੇ ਰੋਗਾਂ ਦੇ ਪੀੜਤਾਂ ਦੀ ਮਾਨਵਤਾ ਦੇ ਆਧਾਰ 'ਤੇ ਦਿਨ ਰਾਤ ਸੇਵਾ ਕਰਦਿਆਂ ਗੁਰੂ ਹਰਿਕ੍ਰਿਸ਼ਨ ਜੀ ਨੂੰ ਬੜਾ ਤੇਜ਼ ਬੁਖਾਰ ਹੋ ਗਿਆ ਤੇ ਉਹ ਚੇਚਕ ਦੀ ਬਿਮਾਰੀ ਨਾਲ ਬੁਰੀ ਤਰ੍ਹਾਂ ਘਿਰ ਗਏ ਤੇ ਇਸ ਰੋਗ ਨਾਲ ਬਿਸਤਰ ਤੇ ਕਈ ਦਿਨਾਂ ਤੱਕ ਲਈ ਲੇਟ ਗਏ ਤੇ ਉਹਨਾਂ ਦੇ ਸਾਰੇ ਸਰੀਰ ਤੇ ਚੇਚਕ ਦੀ ਬਿਮਾਰੀ ਦੇ ਜ਼ਖਮ ਹੋ ਗਏ। ਉਹਨਾਂ ਦੇ ਮਾਤਾ ਸੁਲੱਖਣੀ ਜੀ ਗੁਰੂ ਜੀ ਦੀ ਬਿਮਾਰੀ ਦੇਖ ਕੇ ਡੂੰਘੀ ਚਿੰਤਾ ਕਰਨ ਲੱਗੇ ਤੇ ਉਹਨਾਂ ਨੇ ਕਿਹਾ ਕਿ "ਮੇਰੇ ਪਿਆਰੇ ਪੁੱਤਰ ਤੁਸੀਂ ਗੁਰੂ ਨਾਨਕ ਦੇਵ ਜੀ ਦੀ ਗੱਦੀ ਪ੍ਰਾਪਤ ਕੀਤੀ ਹੈ ਤੇ ਤੁਸੀਂ ਦੁਨੀਆਂ ਦੇ ਦੁੱਖਾਂ-ਤਕਲੀਫਾਂ ਦਾ ਦਾਰੂ ਬਣਦੇ ਹੋ, ਤੁਹਾਡੀ ਇਕੋ ਨਜ਼ਰ ਲੋਕਾਂ ਦੇ ਦੁੱਖ-ਦਰਦ ਦੂਰ ਕਰ ਦਿੰਦੀ ਹੈ ਤੇ ਹੁਣ ਤੁਸੀਂ ਆਪ ਕਿਉਂ ਬਿਸਤਰ ਤੇ ਬਿਮਾਰੀ ਨਾਲ ਪਏ ਹੋ?

ਗੁਰੂ ਹਰਿਕ੍ਰਿਸ਼ਨ ਜੀ ਨੇ ਉੱਤਰ ਦਿੱਤਾ ਕਿ, 'ਮਾਨਵੀ ਸਰੀਰ ਦੀ ਬਣਤਰ ਹੀ ਅਜਿਹੀ ਹੈ ਕਿ ਇਸ ਨੂੰ ਬੁਖਾਰ ਤੇ ਬਿਮਾਰੀ ਕਿਸੇ ਵੇਲੇ ਵੀ ਆ ਸਕਦੀ ਹੈ। ਦੁੱਖ ਅਤੇ ਸੁੱਖ ਦੋਵੇਂ ਜੀਵਨ ਦੇ ਭਾਗ ਹਨ ਜੋ ਉਪਰ ਵਾਲਾ ਦਿੰਦਾ ਹੈ ਉਹ ਮਨੁੱਖ ਨਾਲ ਜ਼ਰੂਰ ਵਾਪਰਦਾ ਹੈ। ਇਹੀ ਗੁਰੂ ਨਾਨਕ ਸਾਹਿਬ ਨੇ ਵੀ ਮਨੁੱਖ ਨੂੰ ਸਿੱਖਿਆ ਦਿੱਤੀ ਹੈ। ਮਨੁੱਖ ਨਾਲ ਜੋ ਵੀ ਵਾਪਰਦਾ ਹੈ, ਉਪਰ ਵਾਲੇ ਦਾ ਹੁਕਮ ਹੀ ਹੁੰਦਾ ਹੈ। ਹਰ ਇਨਸਾਨ ਨੂੰ ਉਸ ਪ੍ਰਮਾਤਮਾ ਦਾ ਭਾਣਾ ਮੰਨਣਾ ਪੈਂਦਾ ਹੈ।

ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਖੁਦ ਮਿਰਜਾ ਰਾਜਾ ਜੈ ਸਿੰਘ ਜੀ ਦਾ ਘਰ ਛੱਡ ਕੇ ਜਮਨਾ ਦਰਿਆ ਕਿਨਾਰੇ ਲੱਗੇ ਰੋਗੀਆਂ ਦੇ ਕੈਂਪ 'ਚ ਜਾਣਾ ਪਿਆ। ਸਿੱਖ ਸੰਗਤ ਬੜੀ ਹੈਰਾਨ ਤੇ ਪ੍ਰੇਸ਼ਾਨ ਸੀ ਕਿ ਗੁਰੂ ਜੀ ਨੂੰ ਅਜਿਹੀ ਬਿਮਾਰੀ ਨੇ ਘੇਰ ਲਿਆ ਹੈ। ਇਹ, ਉਸ ਸੂਰਜ ਦੇ ਗਿਰਦ ਹਨੇਰਾ ਕਿਉਂ ਹੈ ਜੋ ਖੁਦ ਲੋਕਾਂ ਨੂੰ ਰੌਸ਼ਨੀ ਦਿੰਦਾ ਹੈ? ਗੁਰੂ ਜੀ ਨੂੰ ਲੱਗੀ ਇਸ ਮਾਰੂ ਬਿਮਾਰੀ ਤੋਂ ਸਿੱਖ ਸੰਗਤਾਂ ਬਹੁਤ ਦੁਖੀ ਤੇ ਪ੍ਰੇਸ਼ਾਨ ਸਨ ਤੇ ਇਹ ਵੀ ਗੱਲਾਂ ਹੋਣ ਲੱਗ ਪਈਆਂ ਸਨ ਕਿ ਇਹਨਾਂ ਤੋਂ ਬਾਅਦ ਇਹਨਾਂ ਦੀ ਗੁਰਗੱਦੀ ਦਾ ਅਗਲਾ ਵਾਰਸ ਕੌਣ ਹੋਵੇਗਾ? ਇਸ ਪ੍ਰਤੀ ਗੁਰੂ ਹਰਿਕ੍ਰਿਸ਼ਨ ਜੀ ਦਾ ਦਿੱਤਾ ਗਿਆ ਸੰਕੇਤ ਸਾਨੂੰ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' 'ਚ ਬੜੇ ਸਪਸ਼ਟ ਰੂਪ 'ਓ ਮਿਲਦਾ ਹੈ।

ਗੁਰੂ ਨਾਨਕ ਦੇਵ ਜੀ ਦੀ ਗੁਰਗੱਦੀ ਸਦੀਵੀ ਹੈ ਤੇ ਉਹਨਾਂ ਦੇ ਦਿੱਤੇ ਗਏ ਆਦੇਸ਼ ਮਾਨਵਤਾ ਲਈ ਵੀ ਸਦੀਵੀ ਹਨ। 'ਗੁਰੂ ਗ੍ਰੰਥ ਸਾਹਿਬ' ਸਭ ਦੇ ਮਾਲਕ ਹਨ। ਜਿਹੜਾ ਉਸ ਮਾਲਕ ਨੂੰ ਦੇਖਣਾ ਚਾਹੁੰਦਾ ਹੈ, ਉਹ ਇਸ 'ਚ ਵਿਸ਼ਵਾਸ ਰੱਖ ਕੇ ਤੇ ਇਸ ਨਾਲ ਪਿਆਰ ਕਰਕੇ ਮੇਰੇ ਦਰਸ਼ਨ ਕਰ ਸਕਦਾ ਹੈ। ਆਪਣੇ ਪਾਪਾਂ ਤੇ ਗੁਨਾਹਾਂ ਤੋਂ ਛੁਟਕਾਰਾ ਪਾ ਸਕਦਾ ਹੈ। ਜਿਹੜਾ ਵੀ ਆਪਣੇ ਗੁਰੂ ਨਾਲ ਗੱਲ ਕਰਨੀ ਚਾਹੁੰਦਾ ਹੈ, ਉਹ ਇਸ ਨੂੰ ਪੜ੍ਹੇ, ਇਸ ਦਾ ਸ਼ਰਧਾ ਨਾਲ ਅਧਿਐਨ ਕਰੇ। ਜਿਹੜਾ ਵੀ ਇਸ ਦੀਆਂ ਸਿਖਿਆਵਾਂ ਤੇ ਅਮਲ ਕਰਦਾ ਹੈ, ਉਹ ਆਪਣੀ ਜ਼ਿੰਦਗੀ 'ਚ ਚਾਰੇ ਪਦਾਰਥ ਪ੍ਰਾਪਤ ਕਰ ਲੈਂਦਾ ਹੈ। ਜਿਹੜਾ ਵੀ ਇਸ 'ਚ ਪੂਰਨ ਵਿਸ਼ਵਾਸ ਕਰਦਾ ਹੈ, ਉਹ ਦੁਨੀਆਂ ਦੇ ਸਭ ਪਦਾਰਥ ਪ੍ਰਾਪਤ ਕਰ ਲੈਂਦਾ ਹੈ। ਜੋ ਇਸ 'ਚ ਵਿਸ਼ਵਾਸ ਨਹੀਂ ਕਰਦਾ ਉਹ ਬਹੁਤ ਘੱਟ ਪ੍ਰਾਪਤ ਕਰਦਾ ਹੈ। ਇਸ ਸੰਸਾਰ 'ਚ ਹਰ ਵਸਤੂ ਸਦੀਵੀ ਰਹਿਣ ਵਾਲੀ ਨਹੀਂ ਹੈ। ਇਹ ਮਨੁੱਖੀ ਸਰੀਰ

**(ਬਾਕੀ ਅਗਲੇ ਸਫੇ ਤੇ)**

# ਮੀਂਹ ਦੇ ਪਾਣੀ ਨਾਲ 300 ਖੇਤ ਦੇ ਕਰੀਬ ਝੋਨੇ ਦੀ ਫਸਲ ਪਾਣੀ 'ਚ ਡੁੱਬੀ

**ਲਸਾੜਾ/ਉੜਾਪੜ (ਬੱਗਾ ਸੇਲਕੀਆਣਾ)–** ਪਿਛਲੇ ਦਿਨਾਂ ਤੋਂ ਲਗਾਤਾਰ ਪਏ ਮੀਂਹ ਨਾਲ ਪੰਜਾਬ ਤੋਂ ਇਲਾਵਾ ਪੂਰੇ ਦੇਸ਼ ਚ ਪਾਣੀ ਪਾਣੀ ਕਰ ਦਿਤਾ ਇਸ ਸਮੱਸਿਆਂ ਨੂੰ ਦੇਖਦੇ ਸਰਕਾਰਾਂ ਵਲੋਂ ਲੋਕਾ ਨੂੰ ਪਾਣੀ ਵਾਲੇ ਇਲਾਕਿਆਂ ਚ ਕੰਮ ਤੋਂ ਬਿਨਾ ਜਾਣ ਦੀ ਸਖਤ ਮਨਾਹੀ ਕੀਤੀ ਹੈ ਥਾ ਜੋ ਲੋਕ ਅਣਸੁਖਾਵੀ ਘਟਨਾ ਤੋਂ ਬਚ ਸਕਣ ਤੇ ਇਸ ਮੀਹ ਦੇ ਪਾਣੀ ਨਾਲ ਜਿਥੇ ਲੋਕਾਂ ਦੇ ਮਕਾਨ ਡਿਗ ਪਏ ਉਥੇ ਹੀ ਝੋਨੇ ਦੀ ਫਸਲ ਮੀਹ ਦੇ ਪਾਣੀ ਨਾਲ ਬਰਬਾਦ ਹੋ ਰਹੀ ਹੈ ਜਾਣਕਾਰੀ ਦਿੰਦੇ ਹੋਏ ਕਿਸਾਨ ਬਹਾਦਰ ਸਿੰਘ ਥਿਆੜਾ, ਮੇਜਰ ਸਿੰਘ ਥਿਆੜਾ ਗੜੀ ਅਜੀਤ ਸਿੰਘ, ਮਨਜੀਤ ਸਿੰਘ, ਸੋਢੀ ਸਿੰਘ, ਹਰਦੀਪ ਸਿੰਘ, ਨਰਿੰਦਰ ਸਿੰਘ ਮਾਲੋਮਜਾਰਾ ਨੇ ਦੱਸਿਆ ਕਿ ਚੱਕਦਾਨਾਂ ਤੋਂ ਮੁਕੰਦਪੁਰ ਰੋਡ ਤੇ ਪਿੰਡ ਬਖਲੋਰ ਕੋਲ ਸਾਡੀ ਜਮੀਨ ਹੈ ਜੌ ਮੀਹ ਦੇ ਪਾਣੀ ਦੇ ਕਾਰਨ ਕਰੀਬ 300 ਖੇਤ 'ਚ ਝੋਨੇ ਦੀ ਫਸਲ ਲਗਾਈ ਹੋਈ ਹੈ ਤੇ ਮੀਹ ਦੇ ਪਾਣੀ ਕਾਰਨ ਇਹ ਖੇਤ ਨੱਕੋ ਨੱਕ ਭਰੇ ਪਏ ਹਨ ਉਨਾ ਕਿਹਾ ਕਿ ਇਸ ਦਾ ਕਾਰਨ ਹੈ ਮੀਂਹ ਦੇ ਪਾਣੀ ਨੂੰ ਕੰਟਰੋਲ ਕਰਨ ਲਈ ਸਰਕਾਰ ਵਲੋਂ ਡਰੇਨ ਕੱਢੀ ਗਈ ਸੀ ਤੇ ਕੁਝ ਕਿਸਾਨਾਂ ਨੇ ਇਸ ਡਰੇਨ ਨੂੰ ਬੰਦ ਕਰਕੇ ਉਸ ਉਪਰ ਕਬਜਾ ਕੀਤਾ ਹੋਇਆ ਹੈ ਤੇ ਪਾਣੀ ਦੀ ਨਿਕਾਸੀ ਲਈ ਸ਼ੜਕ ਦੇ ਥੱਲੇ ਦੀ ਪਾਇਪ ਲੰਘਾਈ ਹੋਈ ਸੀ ਤਾਂ ਜੋ ਮੀਹ ਦੇ ਪਾਣੀ ਦੀ ਨਿਕਾਸੀ ਹੋ ਸਕੇ ਪਰ ਅਗੇ ਸੜਕ ਤੋਂ ਪਾਰ ਜਮੀਨ ਮਾਲਕਾਂ ਨੇ ਉਹ ਪਾਇਪ ਬੰਦ ਕਰ ਦਿਤੇ ਗਏ। ਜਿਸ ਕਾਰਨ ਸਾਡੌ ਸਾਰੀ ਫਸਲ ਬਰਬਾਦ ਹੋ ਰਹੀ ਹੈ ਉਨਾ ਪ੍ਰਸ਼ਾਸਨ ਤੋਂ ਪੁਰਜੋਰ ਮੰਗ ਕੀਤੀ ਹੈ ਕਿ ਸਮੱਸਿਆ ਦਾ ਹੱਲ ਕੀਤਾ ਜਾਵੇ ਇਸ ਸਬੰਧੀ ਨਵਾਂਸ਼ਹਿਰ ਦੇ ਪੀਡਬਲਿਊਡੀ ਦੇ ਐਸਡੀਓ ਰਕੇਸ਼ ਕੁਮਾਰ ਸ਼ਰਮਾ ਨਾਲ ਗੱਲ ਕੀਤੀ ਤਾਂ ਉਨਾ ਕਿਹਾ ਕਿ ਇਹ ਸਮੱਸਿਆ ਮੇਰੇ ਧਿਆਨ ਚ ਆ ਗਈ ਹੈ ਬਹੁਤ ਜਲਦ ਹੀ ਮੋਕਾ ਦੇਖ ਕੇ ਇਸ ਤੁਰੰਤ ਮਸਲੇ ਦਾ ਹੋ ਕੀਤਾ ਜਾਵੇਗਾ।



# ਸਕੂਲਾਂ ਵਿੱਚ ਆਊਟਸੋਰਸ ਭਰਤੀ ਬੇਰੁਜ਼ਗਾਰਾਂ ਨਾਲ ਵੱਡਾ ਧੋਖਾ: ਡੀ.ਐਮ.ਐਫ.

**ਚੰਡੀਗੜ੍ਹ, (ਦਲਜੀਤ ਕੌਰ) –** ਪੰਜਾਬ ਦੇ ਸਕੂਲਾਂ ਵਿੱਚ ਸਕੂਲ ਮੁਖੀਆਂ ਨੂੰ ਗੈਰ-ਵਿਦਿਅਕ ਕੰਮਾਂ ਤੋਂ ਭਾਰ ਮੁਕਤ ਕੀਤੇ ਜਾਣ ਦੀ ਆੜ ਅਧੀਨ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ 150 ਕੈਂਪਸ ਮੈਨੇਜਰ ਭਰਤੀ ਕੀਤੇ ਜਾਣ ਸੰਬੰਧੀ ਜਾਰੀ ਕੀਤੇ ਇਸ਼ਤਿਹਾਰ ਉੱਤੇ ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਨੇ ਸਖ਼ਤ ਇਤਰਾਜ਼ ਪ੍ਰਗਟਾਇਆ ਹੈ।

ਪ੍ਰੈੱਸ ਦੇ ਨਾਮ ਬਿਆਨ ਜਾਰੀ ਕਰਦਿਆਂ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਜਰਮਨਜੀਤ ਸਿੰਘ, ਜਨਰਲ ਸਕੱਤਰ ਹਰਦੀਪ ਟੋਡਰਪੁਰ ਅਤੇ ਵਿੱਤ ਸਕੱਤਰ ਹਰਿੰਦਰ ਦੁਸਾਂਝ ਨੇ ਆਖਿਆ ਕਿ ਪੰਜਾਬ ਸਰਕਾਰ ਸਕੂਲਾਂ ਵਿੱਚ ਖਾਲੀ ਪਈਆਂ ਹਜ਼ਾਰਾਂ ਨਾਨ ਟੀਚਿੰਗ ਦੀਆਂ ਅਸਾਮੀਆਂ ਉੱਤੇ ਪੱਕੀ ਭਰਤੀ ਕਰਨ ਦੀ ਬਜਾਏ ਪੰਜਾਬ ਐਕਸ ਸਰਵਿਸਮੈਨ ਕਾਰਪੋਰੇਸ਼ਨ (ਪੇਸਕੋ) ਰਾਹੀਂ ਕੇਂਦਰ ਸਰਕਾਰ, ਰਾਜ ਸਰਕਾਰ ਜਾਂ ਸਥਾਨਕ ਸਰਕਾਰਾਂ ਵਿੱਚੋਂ ਸੇਵਾ ਮੁਕਤ ਹੋ ਚੁੱਕੇ ਮੁਲਾਜ਼ਮਾਂ ਨੂੰ ਆਊਟਸੋਰਸ ਨੀਤੀ ਤਹਿਤ ਭਰਤੀ ਕਰਕੇ ਡੰਗ ਟਪਾਈ ਕਰ ਰਹੀ ਹੈ।

ਮੁਲਾਜ਼ਮ ਆਗੂਆਂ ਨੇ ਆਖਿਆ ਕਿ ਜਿਹੜੀ ਆਮ ਆਦਮੀ ਪਾਰਟੀ ਕੱਚੇ ਤੇ ਆਊਟਸੋਰਸ ਮੁਲਾਜ਼ਮਾਂ ਨੂੰ ਪੱਕਾ ਕਰਨ ਦਾ ਵਾਅਦਾ ਕਰਕੇ ਸੱਤਾ ਵਿੱਚ ਆਈ ਸੀ ਅਤੇ ਕੱਚੇ ਤੇ ਆਊਟਸੋਰਸ ਦੀ ਨੀਤੀ ਨੂੰ ਪਿਛਲੀਆਂ ਸਰਕਾਰਾਂ ਦੇ ਬੀਜੇ ਹੋਏ ਕੰਡੇ ਦੱਸਦੀ ਸੀ ਅੱਜ ਉਸ ਪਾਰਟੀ ਦੀ ਸਰਕਾਰ ਨੇ ਕੱਚੇ ਤੇ ਆਊਟਸੋਰਸ ਮੁਲਾਜ਼ਮਾਂ ਨੂੰ ਪੱਕਾ ਤਾਂ ਕੀ ਕਰਨਾ ਸੀ ਸਗੋਂ ਪਿਛਲੀਆਂ ਸਰਕਾਰਾਂ ਦੀ ਤਰਜ਼ 'ਤੇ ਆਊਟਸੋਰਸ ਭਰਤੀ ਦੀ ਨੀਤੀ ਨੂੰ ਹੀ ਜਾਰੀ ਰੱਖ ਕੇ ਹੋਰ ਨਵੇਂ ਕੰਡੇ ਬੀਜੇ ਜਾ ਰਹੇ ਹਨ।

ਆਗੂਆਂ ਨੇ ਪੰਜਾਬ ਸਰਕਾਰ ਤੋਂ ਸਵਾਲ ਕੀਤਾ ਕਿ ਅੱਜ ਜਦੋਂ ਪੰਜਾਬ ਵਿੱਚ ਉੱਚ ਯੋਗਤਾ ਪ੍ਰਾਪਤ ਬੇਰੁਜ਼ਗਾਰ ਨੌਜਵਾਨਾਂ ਦੀ ਗਿਣਤੀ ਆਪਣੇ ਸਿਖਰਾਂ 'ਤੇ ਹੈ ਤਾਂ ਪਹਿਲਾਂ ਹੀ ਰਿਟਾਇਰ ਹੋ ਚੁੱਕੇ ਮੁਲਾਜ਼ਮਾਂ ਨੂੰ ਭਰਤੀ ਕਰਨਾ ਕਿੱਥੋਂ ਤੱਕ ਵਾਜਿਬ ਹੈ?

ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਸਮੁੱਚੇ ਵਿਭਾਗਾਂ, ਬੋਰਡਾਂ ਤੇ ਕਾਰਪੋਰੇਸ਼ਨਾਂ ਸਮੇਤ ਹਰ ਅਦਾਰੇ ਵਿੱਚ ਲੋੜੀਂਦੇ ਸਟਾਫ਼ ਦੀ ਰੈਗੂਲਰ ਆਧਾਰ 'ਤੇ ਭਰਤੀ ਕਰਕੇ ਪੰਜਾਬ ਦੇ ਬੇਰੁਜ਼ਗਾਰ ਨੌਜਵਾਨਾਂ ਨੂੰ ਰੁਜ਼ਗਾਰ ਦੇਵੇ ਅਤੇ ਹਰ ਪ੍ਰਕਾਰ ਦੇ ਕੱਚੇ ਤੇ ਆਊਟਸੋਰਸ ਮੁਲਾਜ਼ਮਾਂ ਨੂੰ ਬਿਨ੍ਹਾਂ ਸ਼ਰਤ ਪੱਕਾ ਕੀਤਾ ਜਾਵੇ।

# 'ਕਲਾਸ-ਰੂਮ ਮੈਨੇਜਮੈਂਟ' ਵਿਸ਼ੇ 'ਤੇ ਦੋ ਰੋਜ਼ਾ ਸੀ.ਬੀ.ਐਸ.ਈ ਵਰਕਸ਼ਾਪ ਦਾ ਆਯੋਜਨ

**ਲ਼ਹਿਰਾਗਾਗਾ, (ਦਲਜੀਤ ਕੌਰ)–** ਸੀ.ਬੀ.ਐਸ.ਈ ਚੰਡੀਗੜ੍ਹ ਜ਼ੋਨ ਵਲੋਂ ਸੀਬਾ ਇੰਟਰਨੈਸ਼ਨਲ ਪਬਲਿਕ ਸਕੂਲ, ਲਹਿਰਾਗਾਗਾ ਵਿਖੇ 'ਕਲਾਸ-ਰੂਮ ਮੈਨੇਜਮੈਂਟ' ਵਿਸ਼ੇ 'ਤੇ ਵਰਕਸ਼ਾਪ ਲਾਈ ਗਈ। ਰਿਸੋਰਸ ਪਰਸਨ ਵਜੋਂ ਅੰਬਾਲਾ ਦੇ ਡਾ. ਸੁਰੇਸ਼ ਅਗਰਵਾਲ ਅਤੇ ਫਗਵਾੜਾ ਦੇ ਸ਼੍ਰੀਮਤੀ ਗਗਨਦੀਪ ਕੌਰ ਨੇ ਅਧਿਆਪਕਾਂ ਨੂੰ ਪ੍ਰਭਾਵਸ਼ਾਲੀ ਕਲਾਸ ਰੂਮ ਪ੍ਰਬੰਧਕ ਲਈ ਵੱਖ-ਵੱਖ ਨੁਕਤਿਆਂ ਤੋਂ ਜਾਣੂ ਕਰਵਾਇਆ। ਸਮੁੱਚੀ ਵਰਕਸ਼ਾਪ ਤਿੰਨ ਉਪ-ਵਿਸ਼ਿਆਂ 'ਤੇ ਕੇਂਦਰਿਤ ਸੀ- ਸਮੱਗਰੀ, ਆਚਰਨ ਅਤੇ ਨਿਯਮ ਪ੍ਰਬੰਧਨ। ਅਧਿਆਪਕਾਂ ਨੂੰ ਇਹਨਾਂ ਤਿੰਨਾਂ ਉਪ-ਵਿਸ਼ਿਆਂ 'ਤੇ ਸਿੱਖਿਅਤ ਕਰਨ ਲਈ ਵੱਖ-ਵੱਖ ਗਤੀਵਿਧੀਆਂ ਕੀਤੀਆਂ ਗਈਆਂ। ਡਾ. ਸੁਰੇਸ਼ ਅਗਰਵਾਲ ਨੇ ਅਧਿਆਪਕਾਂ ਨੂੰ ਰਚਨਾਤਮਕ ਤਰੀਕੇ ਨਾਲ ਆਪਣੇ ਵਿਸ਼ੇ ਨੂੰ ਪੜ੍ਹਾਉਣ ਲਈ ਪ੍ਰੇਰਿਆ। ਸਮੁੱਚੀ ਵਰਕਸ਼ਾਪ ਦਾ ਸਾਰ ਤੱਤ ਇਹ ਸੀ ਕਿ ਵਿਦਿਆਰਥੀਆਂ ਅੰਦਰ ਸਵੈ-ਅਨੁਸ਼ਾਸਨ ਪੈਦਾ ਕੀਤਾ ਜਾਵੇ। ਇਸ ਮੌਕੇ ਸਕੂਲ ਪ੍ਰਬੰਧਕ ਕੰਵਲਜੀਤ ਸਿੰਘ ਢੀਂਡਸਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਨਵੀਂ ਪੀੜ੍ਹੀ ਨੂੰ ਸਿੱਖਿਆ ਪ੍ਰਤੀ ਉਤਸ਼ਾਹਿਤ ਕਰਨ ਦੇ ਨਾਲ-ਨਾਲ ਉਹਨਾਂ ਦੇ ਆਚਰਨ ਉਸਾਰੀ ਲਈ ਅਧਿਆਪਕਾਂ ਨੂੰ ਵੱਧ ਚੇਤੰਨ ਹੋ ਕੇ ਮਨੋਵਿਗਿਆਨਿਕ ਤਰੀਕਿਆਂ ਨਾਲ ਵਿਵਹਾਰ ਕਰਕੇ ਹੀ ਨਵੇਂ ਸਮਾਜਿਕ ਮਨੁੱਖ ਦੀ ਸਿਰਜਣਾ ਕੀਤੀ ਜਾ ਸਕਦੀ ਹੈ। ਨੈਤਿਕ ਸਿੱਖਿਆ ਵੀ ਪ੍ਰਯੋਗੀ ਹੋਵੇ ਤਾਂ ਹੀ ਪ੍ਰਭਾਵਸ਼ਾਲੀ ਹੋਵੇਗੀ। ਇਸ ਮੌਕੇ ਆਏ ਹੋਏ ਵਿਸ਼ਾ ਮਾਹਿਰਾਂ ਨੂੰ ਰਣਦੀਪ ਸੰਗਤਪੁਰਾ ਅਤੇ ਮਧੂ ਮੋਤੀ ਨੇ ਸਵਾਗਤ ਕੀਤਾ ਅਤੇ ਪ੍ਰਿੰਸੀਪਲ ਬਿਬਿਨ ਅਲੈਗਜ਼ੈਂਡਰ, ਪਿੰਕੀ ਸ਼ਰਮਾ, ਰਜਨੀ ਅਗਰਵਾਲ, ਸਰਬਜੀਤ ਕੌਰ ਅਤੇ ਗੁਰਪਿੰਦਰ ਕੌਰ ਨੇ ਧੰਨਵਾਦ ਕੀਤਾ। ਡਾ.ਸੁਰੇਸ਼ ਅਗਰਵਾਲ ਅਤੇ ਸ਼੍ਰੀਮਤੀ ਗਗਨਦੀਪ ਕੌਰ ਅਧਿਆਪਕਾਂ ਨੂੰ ਵੱਖ-ਵੱਖ ਗਤੀਵਿਧੀਆਂ ਬਾਰੇ ਜਾਣੂ ਕਰਵਾਉਂਦੇ ਹੋਏ।



# ਰੋਟਰੀ ਕਲੱਬ ਦੇ ਨਵੇਂ ਬਣੇ ਪ੍ਰਧਾਨ ਜਰਨੈਲ ਸਿੰਘ ਧੀਰ 'ਤੇ ਸੰਦੀਪ ਸਹਿਗਲ ਦੀ ਹੋਈ ਤਾਜਪੋਸ਼ੀ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਰੋਟਰੀ ਕਲੱਬ ਹੁਸ਼ਿਆਰਪੁਰ ਸੈਂਟਰਲ ਵਲੋਂ ਆਪਣੇ ਕਲੱਬ ਦੇ ਸਾਲ 2023-24 ਲਈ ਚੁਣੇ ਗਏ ਪ੍ਰਧਾਨ ਰੋਟੇਰੀਅਨ ਜਰਨੈਲ ਸਿੰਘ ਧੀਰ ਅਤੇ ਕਲੱਬ ਸਕੱਤਰ ਸੰਦੀਪ ਸਹਿਗਲ ਦੀ ਤਾਜਪੋਸ਼ੀ ਹੋਟਲ ਫਾਈਨ-ਡਾਈਨ ਹੁਸ਼ਿਆਰਪੁਰ ਵਿੱਚ ਰੋਟੇਰੀਅਨ ਰਾਜਨ ਸੈਣੀ ਪਾਸਟ ਸਹਾਇਕ ਗਵਰਨਰ ਵਲੋਂ ਕੀਤੀ ਗਈ। ਸਮਾਰੋਹ ਦੌਰਾਨ ਸਾਲ 2022-23 ਦੇ ਪ੍ਰਧਾਨ ਰੋਟੇਰੀਅਨ ਭੁਪਿੰਦਰ ਕੁਮਾਰ ਜੀ ਵਲੋਂ ਆਪਣੇ ਸਮੇਂ ਦੌਰਾਨ ਕੀਤੇ ਗਏ ਸਮਾਜ ਸੇਵਾ



ਦੇ ਕਾਰਜਾਂ ਬਾਰੇ ਜਾਣਕਾਰੀ ਦਿੱਤੀ ਗਈ। ਰੋਟੇਰੀਅਨ ਰਾਜਨ ਸੈਣੀ ਪਾਸਟ ਸਹਾਇਕ ਗਵਰਨਰ ਵਲੋਂ ਰੋਟੇਰੀਅਨ ਜਰਨੈਲ ਸਿੰਘ ਧੀਰ ਨੂੰ ਰੋਟਰੀ ਕਲੱਬ ਦਾ ਕੱਲਰ ਪਹਿਨਾਕੇ ਪ੍ਰਧਾਨਗੀ ਦੇ ਅਹੁੱਦੇ ਉਤੇ ਇਨਸਟਾਲ ਕੀਤਾ ਗਿਆ। ਇਸ ਮੌਕੇ ਤੇ ਰੋਟੇਰੀਅਨ ਜਰਨੈਲ ਸਿੰਘ ਧੀਰ ਨੇ ਸਾਰਿਆਂ ਸਾਥੀਆਂ ਅਤੇ ਆਏ ਹੋਏ ਸ਼ਹਿਰ ਦੇ ਪ੍ਰਮੁੱਖ ਵਿਅਕਤੀਆਂ ਨੂੰ ਯਕੀਨ ਦਿਵਾਇਆ ਕਿ ਉਹ ਆਪਣੀ ਸਮਰੱਥਾ ਤੋਂ ਵੱਧ ਲੋਕ ਭਲਾਈ ਦੇ ਕਾਰਜਾਂ ਵਿੱਚ ਸਹਿਯੋਗ ਕਰਨਗੇ। ਕਲੱਬ ਸਕੱਤਰ ਸੰਦੀਪ ਸਹਿਗਲ ਨੇ ਸਾਲ 2023-24 ਦੌਰਾਨ ਕਲੱਬ ਵਲੋਂ ਸਮਾਜ ਭਲਾਈ ਦੇ ਕੀਤੇ ਜਾਣ ਵਾਲੇ ਕਾਰਜਾਂ ਦੀ ਜਾਣਕਾਰੀ ਦਿੱਤੀ। ਸਮਾਰੋਹ ਦੌਰਾਨ 2 ਨਵੇਂ ਮੈਂਬਰਾਂ ਕੁਲਦੀਪ ਸਿੰਘ ਪੱਤੀ ਅਤੇ ਇੰਜੀਨੀਅਰ ਰਣਜੀਤ ਸਿੰਘ ਨੂੰ ਜੁਆਇੰਨ ਕਰਵਾਇਆ ਗਿਆ। ਇਸ ਮੌਕੇ ਤੇ ਸ਼੍ਰੀ ਬਲਵਿੰਦਰ ਕੁਮਾਰ ਏ.ਐਸ.ਆਈ., ਸ.ਨਾਨਕ ਸਿੰਘ ਨੂੰ ਉਨਾਂ ਦੀ ਵਧੀਆ ਪਬਲਿਕ ਡੀਲਿੰਗ ਲਈ ਕਲੱਬ ਵਲੋਂ ਮੋਮੈਂਟੋ ਅਤੇ ਸ਼ਾਲ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ ਅਤੇ ਵਧੀਆ ਪਬਲਿਕ ਡੀਲਿੰਗ ਲਈ ਉਨਾਂ ਦੀ ਪ੍ਰਸ਼ੰਸਾ ਕੀਤੀ ਗਈ। ਸਮਾਜ ਸੇਵਕ ਕੁਲਦੀਪ ਸਿੰਘ ਪੱਤੀ ਨੂੰ ਉਨਾਂ ਦੀਆਂ ਸਮਾਜ ਪ੍ਰਤੀ ਸ਼ਾਨਦਾਰ ਸੇਵਾਵਾਂ ਲਈ ਮੋਮੈਂਟੋ ਅਤੇ ਸ਼ਾਲ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ। ਰੋਟੇਰੀਅਨ ਰਾਜਨ ਸੈਣੀ ਵਲੋਂ ਰੋਟਰੀ ਕਲੱਬ ਵਲੋਂ ਸੰਸਾਰ ਭਰ ਵਿੱਚ ਕੀਤੇ ਜਾ ਰਹੇ ਕਾਰਜਾਂ ਸਬੰਧੀ ਜਾਣਕਾਰੀ ਦਿੱਤੀ ਗਈ। ਉਨਾਂ ਦੱਸਿਆ ਕਿ ਰੋਟਰੀ ਕਲੱਬ ਨੇ ਸੰਸਾਰ ਵਿਚੋਂ ਪੋਲਿਓ ਖਤਮ ਕਰਨ ਲਈ ਸ਼ਲਾਘਾਯੋਗ ਯੋਗਦਾਨ ਪਾਇਆ ਹੈ। ਰੋਟੇਰੀਅਨ ਹਰਸ਼ਵਿੰਦਰ ਸਿੰਘ ਪਾਸਟ ਡਿਸਟ੍ਰਿਕ ਸੈਕਟਰੀ ਨੇ ਸਟੇਜ ਸਕੱਤਰ ਦੀ ਸੇਵਾ ਬਾਖੂਬੀ ਨਿਭਾਈ। ਇਸ ਮੌਕੇ ਤੇ ਰੋਟਰੀ ਕਲੱਬ ਹੁਸ਼ਿਆਰਪੁਰ ਦੇ ਸਕੱਤਰ ਰਜਿੰਦਰ ਮੋਦਗਿਲ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ। ਇਸ ਮੌਕੇ ਤੇ ਸੀਨੀਅਰ ਰੋਟੇਰੀਅਨ ਦਵਿੰਦਰ ਕੁਮਾਰ ਸ਼ਰਮਾ, ਵਿਜੈ ਕੁਮਾਰ, ਅਮਨਦੀਪ ਸਿੰਘ, ਲਾਡੀ ਚੰਦੇਲ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸ਼ਹਿਰ ਦੇ ਪਤਵੰਤੇ ਸ਼ਾਮਲ ਸਨ।

# ਭਾਰੀ ਬਰਸਾਤਾਂ ਦੇ ਚਲਦਿਆਂ ਸਮੂਹ ਪੰਚਾਇਤਾਂ ਨੂੰ ਠੀਕਰੀ ਪਹਿਰੇ ਲਗਾਉਣ ਦੀ ਹਦਾਇਤ

**ਸੰਗਰੂਰ, (ਦਲਜੀਤ ਕੌਰ)–** ਵਧੀਕ ਜ਼ਿਲ੍ਹਾ ਮੈਜਿਸਟਰੇਟ ਸੰਗਰੂਰ ਅਨਮੋਲ ਸਿੰਘ ਧਾਲੀਵਾਲ ਨੇ ਫੌਜਦਾਰੀ ਜਾਬਤਾ ਸੰਘਤਾ 1973 ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਸੰਗਰੂਰ ਵਿੱਚ ਅਗਲੇ ਹੁਕਮਾਂ ਤੱਕ ਸਮੂਹ ਪੰਚਾਇਤਾਂ ਨੂੰ ਠੀਕਰੀ ਪਹਿਰੇ ਲਗਾਉਣ ਦੇ ਹੁਕਮ ਜਾਰੀ ਕੀਤੇ ਹਨ।

ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਪਿਛਲੇ ਦਿਨਾਂ ਵਿੱਚ ਪਹਾੜੀ ਇਲਾਕੇ ਵਿੱਚ ਭਾਰੀ ਬਾਰਿਸ਼ ਹੋਣ ਕਾਰਨ ਘੱਗਰ ਵਿੱਚ ਪਾਣੀ ਦਾ ਪੱਧਰ ਕਾਫ਼ੀ ਵਧ ਗਿਆ ਹੈ ਅਤੇ ਮੈਦਾਨੀ ਇਲਾਕਿਆਂ ਵਿੱਚ ਭਾਰੀ ਬਾਰਿਸ਼ ਕਾਰਨ ਸ਼ਹਿਰਾਂ ਅਤੇ ਪਿੰਡਾਂ ਵਿੱਚ ਵੀ ਪਾਣੀ ਜਮ੍ਹਾਂ ਹੋਣ ਕਾਰਨ ਘਰਾਂ ਦੇ ਵਿੱਚ ਵੀ ਪਾਣੀ ਵੜਣ ਦਾ ਖਦਸ਼ਾ ਬਣ ਗਿਆ ਹੈ। ਹੁਕਮਾਂ ਅਨੁਸਾਰ ਇਹਨਾਂ ਹਾਲਾਤਾਂ ਵਿੱਚ ਇਹ ਜ਼ਰੂਰੀ ਹੈ ਕਿ ਜ਼ਿਲ੍ਹੇ ਅੰਦਰ ਅਮਨ-ਕਾਨੂੰਨ ਦੀ ਸਥਿਤੀ ਬਣਾਏ ਰੱਖਣ ਲਈ, ਆਮ ਲੋਕਾਂ ਦੀ ਜਾਨ-ਮਾਲ ਦੀ ਸੁਰੱਖਿਆ ਅਤੇ ਹੜ੍ਹ ਸਬੰਧੀ ਪੈਦਾ ਹੋਈ ਸਥਿਤੀ ਨਾਲ ਨਜਿੱਠਣ ਲਈ ਢੁੱਕਵੇਂ ਕਦਮ ਉਠਾਉਣ ਦੀ ਫੌਰੀ ਜ਼ਰੂਰਤ ਹੈ।

# 'ਜਿਤੁ ਡਿਠੈ ਸਭ ਦੁੱਖ ਜਾਇ'

ਵੀ ਨਾਸ਼ਵਾਨ ਹੈ। ਗੁਰੂ ਗ੍ਰੰਥ ਸਾਹਿਬ 'ਚ ਗੁਰੂ ਦੀ ਸ਼ਕਤੀ ਸਦੀਵੀ ਹੈ। ਇਸ ਲਈ ਇਸ ਨੂੰ ਰੋਜ਼ ਪੜ੍ਹੋ, ਇਸ ਨੂੰ ਨਮਸਕਾਰ ਕਰੋ, ਇਸ ਦਾ ਸਤਿਕਾਰ ਕਰੋ ਤੇ ਇਸ 'ਚ ਦਿੱਤੀਆਂ ਗਈਆਂ ਸਿੱਖਿਆਵਾਂ ਨੂੰ ਆਪਣੇ ਜੀਵਨ 'ਚ ਅਪਣਾਓ। ਇਸ ਤਰ੍ਹਾਂ ਕਰਨ ਨਾਲ ਤੁਹਾਡੇ 'ਚੋਂ ਕ੍ਰੋਧ ਖਤਮ ਹੋਵੇਗਾ ਤੇ ਤੁਹਾਡੇ 'ਚ ਸਥਿਰਤਾ ਆਵੇਗੀ।

ਇਹ ਉਕਤ ਗੁਰੂ ਗ੍ਰੰਥ ਸਾਹਿਬ ਦਾ ਆਖਰੀ ਸੰਦੇਸ਼ ਗੁਰੂ ਜੀ ਤੋਂ ਸੁਣ ਕੇ ਸਭ ਸਿੱਖ ਸੰਗਤਾਂ ਦੇ ਅੱਖਾਂ 'ਚ ਅੱਥਰੂ ਆ ਗਏ। ਇਸ ਉਪਰੰਤ ਮਾਤਾ ਸੁਲੱਖਣੀ ਜੀ ਜਿਹਨਾਂ ਦੇ ਅੱਖਾਂ 'ਚ ਹੰਝੂ ਸਨ, ਅੱਗੇ ਆਏ ਤੇ ਕਹਿਣ ਲੱਗੇ, "ਹੇ! ਪੁੱਤਰ ਮੈਂ ਤੇਰੇ ਤੋਂ ਬਗੈਰ ਕਿਸ ਤਰ੍ਹਾਂ ਰਹਾਂਗੀ? ਮੈਂ ਜਦੋਂ ਵਿਆਹੀ ਇਸ ਪਰਿਵਾਰ 'ਚ ਆਈ ਸੀ ਤਾਂ ਮੈਨੂੰ ਤੇਰੇ ਗੁਰੂ ਪਿਤਾ ਜੀ ਨੇ ਆਸ਼ੀਰਵਾਦ ਦਿੱਤਾ ਸੀ। ਜਦੋਂ ਤੇਰਾ ਜਨਮ ਹੋਇਆ ਉਸ ਸਮੇਂ ਵੀ ਮੈਨੂੰ ਉਹਨਾਂ ਨੇ ਆਸ਼ੀਰਵਾਦ ਦਿੱਤਾ ਸੀ। ਹੁਣ ਤੁਸੀਂ ਮੈਨੂੰ ਗਮਾਂ ਤੇ ਫਿਕਰਾਂ ਦੇ ਸਮੁੰਦਰ 'ਚ ਸੁੱਟ ਕੇ ਆਪ ਤੁਰ ਚੱਲੇ ਹੋ।

ਹੁਣ ਮੇਰਾ ਕੌਣ ਸਹਾਈ ਬਣੇਗਾ? ਇਕ ਮੱਛੀ ਪਾਣੀ ਤੋਂ ਬਾਹਰ ਕਿਵੇਂ ਜਿੰਦਾ ਰਹਿ ਸਕਦੀ ਹੈ? ਸਰੀਰ ਤਾਂ ਨਾਸ਼ਵਾਨ ਹੈ।" ਗੁਰੂ ਹਰਿਕ੍ਰਿਸ਼ਨ ਜੀ ਨੇ ਅੱਗੋਂ ਆਪਣੀ ਮਾਤਾ ਜੀ ਨੂੰ ਉਤਰ ਦਿੱਤਾ।" ਫਿਰ ਗੁਰੂ ਜੀ ਨੇ ਕਿਹਾ ਤੁਹਾਡਾ ਪ੍ਰਮਾਤਮਾ 'ਚ ਦ੍ਰਿੜ੍ਹ ਵਿਸ਼ਵਾਸ ਹੈ, ਇਹ ਵਿਸ਼ਵਾਸ ਹੀ ਤੁਹਾਨੂੰ ਸੰਸਾਰ ਦੇ ਸਾਰੇ ਗ਼ਮਾਂ-ਫਿਕਰਾਂ ਤੋਂ ਛੁਟਕਾਰਾ ਦਿਵਾਏਗਾ ਤੇ ਤੁਹਾਨੂੰ ਸਦੀਵੀ ਸ਼ਾਂਤੀ ਪ੍ਰਾਪਤ ਹੋਵੇਗੀ।"

ਅੱਜ ਦਿੱਲੀ ਵਿਖੇ ਜੋ 'ਗੁਰਦੁਆਰਾ ਬੰਗਲਾ ਸਾਹਿਬ' ਸਥਿਤ ਹੈ, ਉਹ ਸਰਦਾਰ ਬਘੇਲ ਸਿੰਘ ਜੀ ਨੇ ਬਣਵਾਇਆ ਸੀ, ਜਿਹੜਾ ਕਿ ਇਕ ਮਹਾਨ ਸਿੱਖ ਜਰਨੈਲ ਸੀ ਤੇ ਉਸ ਨੇ ਦਿੱਲੀ 'ਤੇ ਆਪਣੀ ਹਕੂਮਤ ਕਾਇਮ ਕੀਤੀ ਸੀ। ਇਹ ਰਾਜਾ ਜੈ ਸਿੰਘ ਦੀ ਹਵੇਲੀ ਦੀ ਉਹੀ ਜਗ੍ਹਾ ਹੈ, ਜਿੱਥੇ ਗੁਰੂ ਹਰਿਕ੍ਰਿਸ਼ਨ ਜੀ ਨੇ ਆਪਣਾ ਦਿੱਲੀ ਵਿਖੇ ਨਿਵਾਸ ਕੀਤਾ ਸੀ।

ਗੁਰੂ ਹਰਿਕ੍ਰਿਸ਼ਨ ਜੀ ਨੇ ਆਪਣੀ ਮੌਤ ਤੋਂ ਥੋੜ੍ਹਾ ਸਮਾਂ ਪਹਿਲਾਂ, ਆਪਣੇ ਇਸ ਸੰਸਾਰ ਤੋਂ ਜਾਣ ਬਾਅਦ ਹੋਣ ਵਾਲੇ ਹਾਲਾਤ ਨੂੰ ਸਮਝਿਆ ਤੇ ਆਪਣੀ ਮਾਤਾ ਜੀ ਨੂੰ ਆਪਣੇ ਪਾਸ ਮਿਤੀ 30 ਮਾਰਚ 1664 ਈਸਵੀ ਨੂੰ ਬੁਲਾਇਆ ਤੇ ਕਿਹਾ ਕਿ ਹੁਣ ਮੇਰਾ ਅੰਤ ਨੇੜੇ ਆ ਗਿਆ ਹੈ। ਮਾਤਾ ਜੀ ਨੇ ਪੁੱਛਿਆ ਕਿ ਹੁਣ ਤੁਹਾਡੀ ਗੁਰਗੱਦੀ ਦਾ ਅਗਲਾ ਵਾਰਸ ਕੌਣ ਹੋਵੇਗਾ ਤਾਂ ਗੁਰੂ ਜੀ ਨੇ ਸਿਰਫ ਇੰਨਾ ਹੀ ਉਤਰ ਦਿੱਤਾ 'ਬਾਬਾ ਬਕਾਲਾ'। ਗੁਰੂ ਜੀ ਦਾ ਇਹ ਐਲਾਨ ਸੁਣ ਕੇ ਬਾਬਾ ਬਕਾਲਾ ਵਿਖੇ ਕਈ ਗੁਰੂ ਪ੍ਰਗਟ ਹੋ ਗਏ ਤੇ ਆਪਣੇ ਆਪ ਨੂੰ ਗੁਰਗੱਦੀ ਦਾ ਵਾਰਸ ਕਹਿਣ ਲੱਗ ਪਏ। ਭਾਵੇਂ ਕਿਵੇਂ ਵੀ ਸੀ ਪ੍ਰੰਤੂ ਉਨ੍ਹਾਂ ਦਿਨਾਂ 'ਚ ਗੁਰਗੱਦੀ ਦੇ ਵਾਰਸ (ਗੁਰੂ) ਤੇਗ ਬਹਾਦਰ ਸਾਹਿਬ ਜੀ ਵੀ, ਬਾਬਾ ਬਕਾਲਾ ਪੰਜਾਬ ਵਿਖੇ ਰਹਿੰਦੇ ਸਨ।

ਆਖਰੀ ਸਮੇਂ ਤੇ ਗੁਰੂ ਹਰਿਕ੍ਰਿਸ਼ਨ ਜੀ ਨੇ ਕਿਹਾ ਕਿ ਉਹਨਾਂ ਦੇ ਚਲਾਣੇ ਤੋਂ ਬਾਅਦ ਕੋਈ ਵੀ ਰੋਵੇ ਨਾ ਤੇ ਨਾ ਹੀ ਅਫਸੋਸ ਮਨਾਏ, ਸਗੋਂ ਗੁਰਬਾਣੀ ਦਾ ਪਾਠ ਕੀਤਾ ਜਾਵੇ ਤੇ ਸ਼ਬਦ ਗਾਏ ਜਾਣ। ਇਹ ਸ਼ਬਦ ਕਹਿ ਕੇ ਗੁਰੂ ਜੀ ਨੇ ਚੇਤ ਸੁਦੀ 14 (3 ਵਿਸਾਖ) ਵਿਕਰਮੀ ਸੰਮਤ 1721, ਮੁਤਾਬਕ ਸ਼ਨੀਵਾਰ ਵਾਲੇ ਦਿਨ 16 ਅਪ੍ਰੈਲ 1664 ਈਸਵੀ ਨੂੰ ਹੋਲੀ ਦੇਣੀ, ਅੰਤਿਮ ਸ਼ਬਦ 'ਵਾਹਿਗੁਰੂ' ਕਹਿ ਕੇ ਆਪਣੇ ਪ੍ਰਾਣ ਤਿਆਗ ਦਿੱਤੇ। ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ, ਗੁਰੂ ਹਰਿਕ੍ਰਿਸ਼ਨ ਜੀ ਨੂੰ ਆਪਣੀ ਸ਼ਰਧਾਂਜਲੀ ਦਿੰਦੇ ਹੋਏ 'ਵਾਰ ਸ੍ਰੀ ਭਗਾਉਤੀ ਜੀ ਕੀ' 'ਚ ਕਿਹਾ ਹੈ ਕਿ, "ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਧਿਆਈਐ, ਜਿਤੁ ਡਿਠੈ ਸਭ ਦੁੱਖ ਜਾਇ।" ਭਾਵ ਆਓ ਉਸ ਮਹਾਨ ਪਵਿੱਤਰ ਆਤਮਾ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਬਾਰੇ ਵਿਚਾਰ ਕਰੀਏ, ਜਿਹਨਾਂ ਦੀ ਇਕੋ ਮਿਹਰ ਦੀ ਨਜ਼ਰ ਇਨਸਾਨੀ ਦੁੱਖਾਂ-ਕਲੇਸ਼ਾਂ ਨੂੰ ਦੂਰ ਕਰ ਦਿੰਦੀ ਸੀ। ਇਹਨਾਂ ਉਕਤ ਗੁਰਬਾਣੀ ਦੇ ਸ਼ਬਦਾਂ ਨੂੰ ਸਿੱਖ ਜਗਤ ਆਪਣੀ ਰੋਜ਼ ਦੀ ਅਰਦਾਸ 'ਚ ਹਰ ਰੋਜ਼ ਦੁਹਰਾਉਂਦਾ ਹੈ।

ਗੁਰੂ ਹਰਿਕ੍ਰਿਸ਼ਨ ਜੀ ਦਾ ਅੰਤਿਮ ਸੰਸਕਾਰ ਦਿਨ ਸ਼ਨੀਵਾਰ 16 ਅਪ੍ਰੈਲ 1664 ਈਸਵੀ ਨੂੰ ਦਿੱਲੀ 'ਚ ਉਸੇ ਜਗ੍ਹਾ 'ਤੇ ਕੀਤਾ ਗਿਆ, ਜਿੱਥੇ ਉਹ ਦਿੱਲੀ 'ਚ ਮਹਾਂਮਾਰੀ ਫੈਲਣ ਸਮੇਂ, ਬਿਮਾਰੀ ਦੇ ਪੀੜਤ ਲੋਕਾਂ ਲਈ ਬਣੇ ਕੈਂਪ 'ਚ ਉਹਨਾਂ ਦੀ ਦੇਖਭਾਲ ਕਰਦੇ ਸਨ। ਉਹਨਾਂ ਦੀ ਯਾਦ 'ਚ ਇਸ ਜਗ੍ਹਾ 'ਤੇ "ਗੁਰਦੁਆਰਾ ਬਾਲਾ ਸਾਹਿਬ" ਸੁਸ਼ੋਭਿਤ ਹੈ। ਮੁਸਲਮਾਨ ਸਮਾਜ ਦੇ ਲੋਕ ਉਹਨਾਂ ਨੂੰ ਹਮੇਸ਼ਾ "ਬਾਲਾ ਪੀਰ' ਤੇ ਹਿੰਦੂ ਸਮਾਜ ਦੇ ਲੋਕ 'ਬਾਲ ਮੁਕੰਦ' ਦੇ ਨਾਮ ਨਾਲ ਯਾਦ ਕਰਦੇ ਰਹਿਣਗੇ।

'ਗੁਰੂ ਕੀਆਂ ਸਾਖੀਆਂ' ਅਨੁਸਾਰ ਗੁਰੂ ਸਾਹਿਬ ਦੇ ਦਾਦੀ ਜੀ, ਮਾਤਾ ਬੱਸੀ ਜੀ ਨੇ ਭਾਈ ਗੁਰਦਾਸ ਜੀ ਨੂੰ ਕਿਹਾ ਕਿ ਗੁਰੂ ਹਰਿਕ੍ਰਿਸ਼ਨ ਜੀ ਦੀ ਯਾਦ 'ਚ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਆਰੰਭ ਕੀਤਾ ਜਾਵੇ। ਦੁਰਗਾ ਮੱਲ ਤੇ ਮੁਨਸ਼ੀ ਕਲਿਆਣ ਦਾਸ ਜੀ ਨੂੰ, ਪੰਜਾਬ ਗੁਰੂ ਸਾਹਿਬ ਜੀ ਦੀ ਦੁੱਖਦਾਈ ਮੌਤ ਦੀ ਖ਼ਬਰ ਦੱਸਣ ਲਈ ਭੇਜਿਆ ਗਿਆ।

ਉਹਨਾਂ ਨੇ ਸਭ ਤੋਂ ਪਹਿਲਾਂ ਕੀਰਤਪੁਰ ਸਾਹਿਬ ਵਿਖੇ ਗੁਰੂ ਹਰਿਕ੍ਰਿਸ਼ਨ ਜੀ ਦੀ ਭੈਣ ਬੀਬੀ ਰੂਪ ਕੌਰ ਨੂੰ, ਇਸ ਦੁਖਦਾਇਕ ਮੌਤ ਦੀ ਖ਼ਬਰ ਦੱਸੀ। ਅਗਲੇ ਦਿਨ ਉਹ ਬਾਬਾ ਬਕਾਲੇ ਗਏ ਤੇ ਸਿੱਖ ਗੁਰਗੱਦੀ ਦੇ ਵਾਰਸ, ਗੁਰੂ ਤੇਗ ਬਹਾਦਰ ਜੀ ਨੂੰ ਗੁਰੂ ਹਰਿਕ੍ਰਿਸ਼ਨ ਜੀ ਦੀ ਮੌਤ ਦੀ ਖ਼ਬਰ ਦੱਸੀ। ਗੁਰੂ ਜੀ ਦੀ ਮੌਤ ਤੋਂ ਕੁਝ ਸਮਾਂ ਪਹਿਲਾਂ ਗੁਰੂ ਤੇਗ ਬਹਾਦਰ ਜੀ ਦਿੱਲੀ ਵਿਖੇ ਗੁਰੂ ਹਰਿਕ੍ਰਿਸ਼ਨ ਜੀ ਨੂੰ ਮਿਲ ਕੇ ਆਏ ਸਨ ਤੇ ਅੱਜ ਉਹਨਾਂ ਨੇ ਉਹਨਾਂ ਦੀ ਮੌਤ ਦੀ ਖ਼ਬਰ ਸੁਣ ਲਈ।

ਦੀਵਾਨ ਦੁਰਗਾ ਮੱਲ ਤੇ ਮੁਨਸ਼ੀ ਕਲਿਆਣ ਦਾਸ ਜੀ ਬਾਬਾ ਬਕਾਲਾ ਵਿਖੇ ਦਿੱਲੀ ਵਾਪਸ ਪਰਤਣ ਤੋਂ ਪਹਿਲਾਂ ਤਿੰਨ ਦਿਨ ਉਥੇ ਰੁਕੇ।

ਭੱਟ ਵਹੀ ਤਲਾਉਂਦਾ ਪਰਗਣਾ ਜੀਂਦ 'ਚ ਕੀਤੇ ਗਏ ਇੰਦਰਾਜ਼ ਅਨੁਸਾਰ ਗੁਰੂ ਹਰਿਕ੍ਰਿਸ਼ਨ ਜੀ ਦੇ ਅਸ਼ਤੀਕਲਸ਼ ਦਿੱਲੀ ਤੋਂ ਕੀਰਤਪੁਰ ਸਾਹਿਬ ਲਿਜਾਏ ਗਏ ਤੇ ਅਸ਼ਤਾ ਨੂੰ ਸਤਲੁਜ ਨਦੀ ਦੇ ਪਾਣੀ 'ਚ ਜਲ ਪ੍ਰਵਾਹ ਕਰ ਦਿੱਤਾ ਗਿਆ ਤੇ ਇਸ ਇੰਦਰਾਜ਼ ਦੀ ਸ਼ਬਦਾਵਲੀ ਨਿਮਨ ਲਿਖਤ ਅਨੁਸਾਰ ਹੈ:-

ਸੰਗਤ ਪੁੱਤਰ ਬਿਨਾ ਉਪਲ ਜੋ ਅੰਬ ਮਾੜੀ ਪਰਗਣਾ ਮੀਆਂ ਕਾ ਮੌੜ ਦੇ ਰਹਿਣ ਵਾਲੇ, ਨੰਨੂ ਰਾਮ ਪੁੱਤਰ ਬਾਘਾ ਕੈਲੀਕੋ ਪਰਿੰਟਰ ਆਫ ਮੁਹੱਲਾ ਦਿਵਾਲੀ ਦਿੱਲੀ, ਜੱਗੂ ਪੁੱਤਰ ਪਦਮਾ ਜੋ ਦਬੁਰਜੀ ਪਰਗਨਾ ਸੋਧਾਰਾ ਤੇ ਦਰਿਆ ਪੁੱਤਰ ਮੂਲ਼ਾ ਅਲੀਪੁਰ ਸ਼ਾਮਲੀ ਪਰਗਨਾ ਮੁਲਤਾਨ, ਗੁਰੂ ਹਰਿਕ੍ਰਿਸ਼ਨ ਜੀ ਦੇ ਦਿੱਲੀ ਤੋਂ ਅਸ਼ਤ ਲੈ ਕੇ ਕੀਰਤਪੁਰ, ਪਰਗਨਾ ਕਹਿਲੂਰ ਭਾਦੋਂ ਦੀ ਅੱਧੀ ਰਾਤ ਉਪਰੰਤ 1721 ਬਿਕਰਮੀ ਮੁਤਾਬਕ ਦਿਨ 7 ਅਗਸਤ 1664 ਈਸਵੀ ਨੂੰ ਆਏ। ਅਸ਼ਤ ਸਤਲੁਜ ਦਰਿਆ 'ਚ ਜਲ ਪ੍ਰਵਾਹ ਕਰਨ ਉਪਰੰਤ ਕੜਾਹ ਪ੍ਰਸ਼ਾਦ ਵਰਤਾਇਆ ਗਿਆ।

# "ਸ਼ਹੀਦ ਭਾਈ ਤਾਰੂ ਸਿੰਘ ਜੀ" (1 ਜੁਲਾਈ, 1745)



ਬਾਬਾ ਬੰਦਾ ਸਿੰਘ ਜੀ ਬਹਾਦਰ ਅਤੇ ਉਹਨਾਂ ਦੇ ਸਿੰਘਾਂ ਦੀ ਸ਼ਹੀਦੀ 1716 ਤੋਂ ਬਾਅਦ ਸਿੰਘਾਂ ਉਤੇ ਬੜੀ ਮੁਸੀਬਤ ਦਾ ਸਮਾਂ ਸੀ। ਮੁਗਲ ਹਾਕਮਾਂ ਨੇ ਸਿੰਘਾਂ ਉਤੇ ਅੱਤਿਆਚਾਰ ਕਰਨ ਦੀ ਅਤਿ ਹੀ ਚੁੱਕ ਲਈ ਸੀ। ਜਬਰੀ ਧਰਮ ਪਰਿਵਰਤਨ ਦੇ ਖੂਨੀ ਇਰਾਦੇ ਹੇਠ, ਸਿੰਘਾਂ ਦੇ ਸਿਰਾਂ ਦੇ ਮੁੱਲ ਪੈਣ ਲੱਗੇ। ਸਿੰਘਾਂ ਦਾ ਖੁਰਾ-ਖੋਜ ਮਿਟਾਉਣ ਦੀ ਮੁਹਿੰਮ ਹੀ ਚੱਲ ਪਈ। ਸਿੰਘਾਂ ਨੇ ਹਮੇਸ਼ਾ ਲੋਕ ਭਲਾਈ ਲਈ ਜੁਲਮ ਦੇ ਵਿਰੁੱਧ ਟਾਕਰਾ ਕਰਦੇ ਹੋਏ, ਆਪਣੀ ਜਾਨ ਦੀ ਪਰਵਾਹ ਨਾ ਕਰਦਿਆਂ ਲਾਸਾਨੀ ਕੁਰਬਾਨੀਆਂ ਦਿੱਤੀਆਂ।

ਮੱਧ ਕਾਲੀਨ ਯੁੱਗ ਵਿਚ ਸਮਾਜ-ਸੁਧਾਰਕਾਂ ਵੱਲੋਂ ਭਗਤੀ ਲਹਿਰ ਚਲਾਈ ਗਈ। ਸਮਾਜ ਵਿਚ ਝੂਠੇ ਕਰਮਕਾਂਡਾਂ ਵਿਰੁੱਧ ਚੇਤਨਾ ਆਈ। ਸੂਫੀ ਰੰਗ ਵਿਚ ਰੰਗੀ ਬਾਣੀ ਵਿਚ ਬੀਰ-ਰਸ ਭਰਿਆ ਗਿਆ। ਕਿਸੇ ਵੀ ਅੰਦੋਲਨ ਵਿਚ ਜਾਨ ਪਾਉਣ ਲਈ ਬੀਰ-ਰਸ ਦੀ ਬੜੀ ਅਹਿਮੀਅਤ ਹੁੰਦੀ ਹੈ। ਗੁਰਬਾਣੀ ਦੇ ਸ਼ਬਦ: ''ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਗਲੀ ਮੇਰੀ ਆਉ''। ਅੰਗ-1412, ਤੋਂ ਧਰਮ ਦੀ ਬੁਨਿਆਦ ਨੂੰ ਪੱਕਾ ਕਰਨ ਦਾ ਉਪਦੇਸ਼ ਮਿਲਦਾ ਹੈ। ਸੱਚ ਧਰਮ ਦੇ ਮਾਰਗ 'ਤੇ ਕੁਰਬਾਨੀ ਦੇਣ ਲਈ ਤਿਆਰ ਰਹੋ, ਦਾ ਉਪਦੇਸ਼ ਮਿਲਦਾ ਹੈ। ਇਕ ਪ੍ਰਮਾਤਮਾ ਵਿਚ ਯਕੀਨ ਰੱਖ ਕੇ ਉਸਦਾ ਨਾਮੁ ਜਪਣਾ। ਖੁਸ਼ੀ ਅਤੇ ਗਮੀ ਵਿਚ ਹਮੇਸ਼ਾ ਰੱਬ ਦਾ ਭਾਣਾ ਮੰਨਣਾ। ਨਾਨਕ ਪੰਥ ਦੀ ਸਮੁੱਚੀ ਬੰਦਗੀ ਵਿਚ ਨਿਮਰਤਾ ਨੂੰ ਪਹਿਲ ਦਿੱਤੀ ਗਈ ਹੈ। ਹਰੇਕ ਨੇ ਸੱਚੀ ਮਿਹਨਤ ਅਤੇ ਇਮਾਨਦਾਰੀ ਨਾਲ ਕਿਰਤ ਕਰਨੀ ਹੈ। ਆਪਣੀ ਮਿਹਨਤ ਦੀ ਕਮਾਈ ਦਾ ਫਲ, ਦੂਜਿਆਂ ਨਾਲ ਵੰਡ ਕੇ ਛਕਣਾ ਹੈ। ਜੀਵਨ ਜਾਚ ਲਈ ਸਿਧਾਂਤ ਹੈ ਕਿ 'ਕਿਰਤ ਕਰੋ, ਨਾਮੁ ਜਪੋ, ਵੰਡ ਛਕੋ'। ਬਰਾਬਰਤਾ ਦੇ ਸਮਾਜ ਵਿਚ ਖੁਦਗਰਜ਼ੀ ਤੋਂ ਉਪਰ ਉਠ ਕੇ ਸੇਵਾ ਕਰਨੀ ਹੈ। ਸਰਬੱਤ ਦੇ ਭਲੇ ਲਈ ਇਨਸਾਨੀ ਹੱਕਾਂ ਤੇ ਪਹਿਰਾ ਦੇਣਾ ਹੈ।



**ਪ੍ਰਮਿੰਦਰ ਸਿੰਘ ਪ੍ਰਵਾਨਾ**
510-781-0487

ਸਿੱਖ ਧਰਮ ਦੇ ਬਾਨੀ ਸਾਹਿਬ ਗੁਰੂ ਨਾਨਕ ਦੇਵ ਜੀ ਨੇ ਧਰਮਸ਼ਾਲਾ, ਸੰਗਤ, ਪੰਗਤ, ਲੰਗਰ ਅਤੇ ਪ੍ਰਚਾਰ ਲਈ ਮੰਜੀਆਂ ਆਦਿ ਸੰਸਥਾਵਾਂ ਚਲਾਈਆਂ। ਅੱਗੇ ਜਾ ਕੇ ਸਿੱਖ ਗੁਰੂਆਂ ਨੇ ਚਲਦੀਆਂ ਸੰਸਥਾਵਾਂ ਨੂੰ ਹੋਰ ਮਜਬੂਤ ਕੀਤਾ ਅਤੇ ਵਧਾਇਆ। ਧਰਮ ਯੁੱਧ ਦੇ ਦੌਰ ਵਿਚ ਜਿੱਥੇ ਰਸਦ ਅਤੇ ਮਾਇਆ ਭੇਟ ਕੀਤੀ ਜਾਂਦੀ ਹੈ, ਉਥੇ ਲੋੜ ਪੈਣ 'ਤੇ ਸੀਸ ਵੀ ਭੇਂਟ ਕੀਤੇ ਜਾਣ ਲੱਗੇ। ਇਸ 'ਤੇ ਚਲਦਿਆਂ ਸਿੱਖ ਇਤਿਹਾਸ ਤਸੀਹਿਆਂ, ਕੁਰਬਾਨੀਆਂ ਅਤੇ ਸ਼ਹੀਦੀਆਂ ਦੀ ਵਿਲੱਖਣ ਮਿਸਾਲ ਹੈ। ਉਸੇ ਸੰਘਰਸ਼ ਦੀ ਲੜੀ ਵਿਚ ਅਠਾਰਵੀਂ ਸਦੀ ਦੇ ਮਹਾਨ ਸ਼ਹੀਦ ਭਾਈ ਤਾਰੂ ਸਿੰਘ ਜੀ ਹੋਏ ਹਨ।

ਜਕਰੀਆ ਖਾਨ ਲਾਹੌਰ ਦਾ ਹਾਕਮ ਸੀ। ਉਸਦਾ ਭਰਾ ਸਿੱਖਾਂ ਨਾਲ ਹੋਈ ਇਕ ਜੰਗ ਵਿਚ ਮਾਰਿਆ ਗਿਆ। ਉਸਦਾ ਬਦਲਾ ਲੈਣ ਲਈ ਉਸਨੇ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਦੀ ਮੁਹਿੰਮ ਚਲਾ ਰੱਖੀ ਸੀ। ਉਸਨੇ ਸਿੱਖਾਂ ਨੂੰ ਚੁਣ ਚੁਣ ਕੇ ਮਾਰਨਾ ਸ਼ੁਰੂ ਕਰ ਦਿੱਤਾ। ਸਿੱਖ ਆਪਣੀ ਹੋਂਦ ਨੂੰ ਬਚਾਉਣ ਲਈ ਜੰਗਲਾਂ ਬੇਲਿਆਂ, ਪਹਾੜਾਂ, ਮਾਰੂਥਲਾਂ ਆਦਿ ਦੀਆਂ ਪਨਾਹਗਾਹਾਂ ਵਿਚ ਚਲੇ ਗਏ। ਬਾਕੀ ਕੁਝ ਬਚੇ ਹੋਏ ਸਿੱਖ ਅਤੇ ਦੂਸਰੇ ਵਰਗਾਂ ਦੇ ਲੋਕ ਮੁਗਲਾਂ ਦੇ ਘੋਰ ਜ਼ੁਲਮ ਹੇਠ ਜੀਅ ਰਹੇ ਸਨ। ਉਹ ਗੁਰੂਆਂ ਦੀ ਸਿੱਖਿਆ ਤੇ ਚਲਦੇ ਬਿਨਾਂ ਭੇਦ-ਭਾਵ ਦੇ ਆਪਸ ਵਿਚ ਪਿਆਰ ਅਤੇ ਸ਼ਾਂਤਮਈ ਰਹਿ ਰਹੇ ਸਨ। ਇਕ ਦੂਸਰੇ ਦੀ ਮਦਦ ਕਰਕੇ ਖੁਸ਼ ਹੁੰਦੇ ਸਨ। ਉਹ ਜੋ ਕੁਝ ਕਮਾਉਂਦੇ ਵਿਚੋਂ ਲੋੜਵੰਦਾਂ ਦੀ ਮਦਦ ਕਰਦੇ। ਗੁਰਬਾਣੀ ਪੜ੍ਹਦੇ ਅਤੇ ਵਿਚਾਰਦੇ ਸਾਦਾ ਜੀਵਨ ਜਿਉਂਦੇ ਸਨ।

ਅਜਿਹੇ ਸਮੇਂ ਵਿਚ ਹੀ ਭਾਈ ਤਾਰੂ ਸਿੰਘ ਜੀ ਦਾ ਜਨਮ 6 ਅਕਤੂਬਰ, 1720 ਈ: ਵਿਚ ਪਿੰਡ ਪੂਹਲਾ, ਜ਼ਿਲ੍ਹਾ ਅੰਮ੍ਰਿਤਸਰ ਵਿਚ ਮਾਤਾ ਧਰਮ ਕੌਰ ਤੇ ਪਿਤਾ ਭਾਈ ਜੋਧ ਸਿੰਘ ਦੇ ਘਰ ਹੋਇਆ। ਉਹਨਾਂ ਦੇ ਪਿਤਾ ਜੀ ਇਕ ਜੰਗ ਵਿਚ ਸ਼ਹੀਦ ਹੋ ਗਏ ਸਨ। ਉਹਨਾਂ ਦੀ ਛੋਟੀ ਭੈਣ ਤਾਰ ਕੌਰ ਸੀ। ਭਾਈ ਸਾਹਿਬ ਨੇ ਇਕ ਵਾਰ ਸਿੰਘਾਂ ਨੂੰ ਮੁਗਲਾਂ ਦੇ ਚੁੰਗਲ ਵਿਚੋਂ ਇਕ ਗਰੀਬ ਲੜਕੀ ਨੂੰ ਛੁਡਾਉਂਦੇ ਵੇਖ ਕੇ ਸਿੰਘ ਸਜਣ ਦਾ ਫੈਸਲਾ ਕੀਤਾ। ਉਨ੍ਹਾਂ ਨੇ ਭਾਈ ਮਨੀ ਸਿੰਘ ਜੀ ਪਾਸੋਂ ਅੰਮ੍ਰਿਤ ਛਕਿਆ। ਭਾਈ ਮਾਨ ਸਿੰਘ ਜੀ ਦੀ ਸ਼ਖਸੀਅਤ ਦਾ ਭਾਈ ਸਾਹਿਬ 'ਤੇ ਬੜਾ ਪ੍ਰਭਾਵ ਸੀ। ਉਹ ਕਿਰਸਾਨੀ ਕਰਦੇ ਅਤੇ ਮੱਕੀ ਦੀ ਕਾਸ਼ਤ ਕਰਦੇ ਸਨ। ਸਿੱਖਾਂ ਦਾ ਮੁਗਲ ਹਾਕਮ ਜਕਰੀਆ ਖਾਨ ਨਾਲ ਟਾਕਰਾ ਚੱਲ ਰਿਹਾ ਸੀ।

ਉਹਨਾਂ ਦੀ ਮਾਤਾ ਜੀ ਨੇ ਆਪਣੇ ਬੱਚਿਆਂ ਨੂੰ ਗੁਰੂ ਦੀ ਸਿੱਖਿਆ ਤੇ ਚਲਦਿਆਂ ਲੋੜਵੰਦਾਂ ਦੀ ਸੇਵਾ ਕਰਨ ਦਾ ਕੰਮ ਸੌਂਪਿਆ ਹੋਇਆ ਸੀ। ਭਾਈ ਸਾਹਿਬ ਸੰਗਤਾਂ ਦੀ ਸੇਵਾ ਆਪ ਅੱਗੇ ਹੋ ਕੇ ਕਰਦੇ। ਬਾਹਰੋਂ ਆਈਆਂ ਸੰਗਤਾਂ ਦੀ ਸੇਵਾ ਵਿਚ ਹਮੇਸ਼ਾ ਤੱਤਪਰ ਰਹਿੰਦੇ। ਉਹ ਅਣਥੱਕ ਸੇਵਾ ਕਰਨ ਦੇ ਪਾਂਧੀ ਸਨ। ਜਿਵੇਂ ਕਿ ਸਿੰਘ ਪਨਾਹਗਾਹਾਂ ਵਿਚ ਚਲੇ ਗਏ ਸਨ। ਉਸੇ ਤਰ੍ਹਾਂ ਦੀ ਇਕ ਪਨਾਹਗਾਹ 'ਬੀੜ ਬਾਬਾ ਬੁੱਢਾ ਜੀ' ਪਿੰਡ ਪੂਹਲੇ ਦੇ ਨੇੜੇ ਸੀ।

ਭਾਈ ਸਾਹਿਬ ਖੇਤੀ ਦੇ ਕੰਮ ਵਿਚੋਂ ਸਿੰਘਾਂ ਦੀ ਸੇਵਾ ਕਰਨ ਦੀ ਜ਼ਿੰਮੇਵਾਰੀ ਲਈ ਹੋਈ ਸੀ। ਉਹਨਾਂ ਦੀ ਮਾਤਾ ਜੀ ਅਤੇ ਭੈਣ ਆਟਾ ਪੀਹ ਕੇ ਮਿੱਸੇ ਪ੍ਰਸ਼ਾਦੇ ਅਤੇ ਦੁੱਧ ਦਾ ਤਾਜ਼ਾ ਲੰਗਰ ਤਿਆਰ ਕਰਦੀਆਂ ਤੇ ਭਾਈ ਸਾਹਿਬ ਲੰਗਰ, ਰਸਦ ਅਤੇ ਹੋਰ ਲੋੜੀਂਦੀਆਂ ਰੋਜ਼ਮਰਾ ਦੀਆਂ ਵਸਤਾਂ ਬੀੜ ਤੇ ਟਿਕਾਣਾ ਕਰੀ ਬੈਠੇ ਸਿੰਘਾਂ ਤੱਕ ਪਹੁੰਚਾਉਂਦੇ ਸਨ। ਦੇਰ ਰਾਤ ਤੱਕ ਭਾਈ ਸਾਹਿਬ ਨੂੰ ਸਿੰਘਾਂ ਨਾਲ ਚਲੰਤ ਮਾਮਲਿਆਂ ਤੇ ਵਾਰਤਾਲਾਪ ਕਰਨ ਦੀ ਦਿਲਚਸਪੀ ਵੀ ਸੀ। ਉਹ ਸਿੰਘਾਂ ਨਾਲ ਮੁਗਲ ਹਾਕਮਾਂ ਦੀਆਂ ਚਾਲਾਂ ਤੇ ਭਵਿੱਖ ਦੇ ਮਨਸੂਬਿਆਂ ਸਕੀਮਾਂ ਬਾਰੇ ਢੇਰ ਸਾਰੀ ਜਾਣਕਾਰੀ ਤੇ ਚਰਚਾ ਕਰਦੇ ਸਨ। ਆਉਣ ਵਾਲੇ ਬੁਰੇ ਸਮਿਆਂ ਬਾਰੇ ਸਿੰਘਾਂ ਨੂੰ ਸੁਚੇਤ ਵੀ ਕਰਦੇ ਸਨ। ਇਹ ਸਿਲਸਿਲਾ ਕਈ ਸਾਲ ਚਲਦਾ ਰਿਹਾ। ਭਾਈ ਸਾਹਿਬ ਜੀ ਦੀ ਉਮਰ 25 ਸਾਲ ਤੱਕ ਅੱਪੜ ਗਈ ਸੀ। ਇਸ ਤੋਂ ਇਲਾਵਾ ਭਾਈ ਸਾਹਿਬ ਪਿੰਡ ਵਿਚ ਆਉਂਦੇ ਜਾਂਦੇ ਮੁਸਾਫਰਾਂ ਦੀ ਲੰਗਰਾਂ ਨਾਲ ਸੇਵਾ ਕਰਦੇ ਸਨ। ਲੋੜਵੰਦਾਂ ਲਈ ਠਹਿਰ ਦਾ ਪ੍ਰਬੰਧ ਕਰ ਲੈਂਦੇ ਸਨ। ਇਸ ਕਰਕੇ ਉਹ ਇਲਾਕੇ ਵਿਚ ਹਰਮਨ ਪਿਆਰੇ ਹੋ ਗਏ ਸਨ। ਹਰ ਵਰਗ ਦੇ ਲੋਕ ਉਹਨਾਂ ਦੀ ਹਮਦਰਦੀ ਅਤੇ ਪਿਆਰ ਦਾ ਸਤਿਕਾਰ ਕਰਦੇ ਸਨ।

ਜੰਡਿਆਲਾ ਦਾ ਹਰਿਭਗਤ ਮੁਗਲ ਹਾਕਮਾਂ ਦਾ ਮੁਖਬਰ ਸੀ। ਉਹ ਸਿੰਘਾਂ ਨਾਲ ਈਰਖਾ ਕਰਦਾ ਸੀ। ਉਸਨੇ ਵੇਖਿਆ ਕਿ ਭਾਈ ਸਾਹਿਬ ਜੀ ਦੀ ਸੇਵਾ ਭਾਵਨਾ ਕਰਕੇ ਸਮਾਜ ਵਿਚ ਉਹਨਾਂ ਦੀ ਬੜੀ ਪ੍ਰਸਿੱਧੀ ਹੈ। ਉਸਨੇ ਈਰਖਾ ਵਿਚ ਆ ਕੇ ਭਾਈ ਸਾਹਿਬ ਜੀ ਦੀਆਂ ਸਰਗਰਮੀਆਂ ਨੂੰ ਕੁਚਲਣ ਦੀ ਠਾਣ ਲਈ। ਉਸਨੂੰ ਪਹਿਲਾਂ ਹੀ ਹਾਕਮਾਂ ਦੀ ਸ਼ਹਿ ਪ੍ਰਾਪਤ ਸੀ। ਉਸਨੇ ਗੁੱਸੇ ਵਿਚ ਆ ਕੇ ਮੁਗਲ ਸਰਕਾਰ ਨੂੰ ਖਬਰ ਦਿੱਤੀ ਕਿ ਪਿੰਡ ਪੂਹਲੇ ਵਿਚ ਇਕ ਸਿੱਖ ਭਾਈ ਤਾਰੂ ਸਿੰਘ ਬਾਗੀ ਰਹਿੰਦਾ ਹੈ। ਉਹ ਹਕੂਮਤ ਦੇ ਬਾਗੀ ਸਿੰਘਾਂ ਦੀ ਸੇਵਾ ਕਰਦਾ ਹੈ। ਉਹ ਦੁਰਾਚਾਰੀ ਮੁਸਾਫਰਾਂ ਨੂੰ ਪਨਾਹ ਵੀ ਦਿੰਦਾ ਹੈ। ਉਹ ਇਕ ਖਤਰਨਾਕ ਬਾਗੀ ਸਿੱਖ ਹੈ। ਉਸਦੀਆਂ ਕਾਰਵਾਈਆਂ ਦੀ ਉਸਨੂੰ ਸਖਤ ਸਜ਼ਾ ਮਿਲਣੀ ਚਾਹੀਦੀ ਹੈ।

ਹਰਿਭਗਤ ਨੂੰ ਭਾਈ ਸਾਹਿਬ ਤੇ ਲਾਏ ਦੋਸ਼ਾਂ ਦੀ ਸੂਹ ਦੇਣ ਲਈ ਹਕੂਮਤ ਤੋਂ ਇਨਾਮ ਮਿਲਣ ਦੀ ਆਸ ਸੀ। ਭਾਈ ਸਾਹਿਬ ਨੂੰ ਗ੍ਰਿਫਤਾਰ ਕਰਕੇ ਲਾਹੌਰ ਲਿਆਉਣ ਲਈ ਸਿਪਾਹੀ ਭੇਜ ਦਿੱਤੇ ਗਏ। ਸਿਪਾਹੀਆਂ ਨੇ ਭਾਈ ਸਾਹਿਬ ਨੂੰ ਗ੍ਰਿਫਤਾਰ ਕਰਨ ਲਈ ਪਿੰਡ ਪੂਹਲੇ ਤੇ ਧਾਵਾ ਬੋਲ ਦਿੱਤਾ। ਭਾਈ ਸਾਹਿਬ ਨੂੰ ਲਾਹੌਰ ਲਿਆਂਦਾ ਗਿਆ। ਜੇਲ੍ਹ ਵਿਚ ਰੱਖ ਕੇ ਅਣਮਨੁੱਖੀ ਤਸ਼ਦਦ ਢਾਹਿਆ ਗਿਆ। ਕਈ ਦਿਨਾਂ ਤੱਕ ਤਸ਼ੱਦਦ ਹੁੰਦਾ ਰਿਹਾ। ਇਸਲਾਮ ਕਬੂਲ ਕਰ ਲਓ ਤੇ ਜ਼ੋਰ ਦਿੱਤਾ ਗਿਆ। ਇਸਲਾਮ ਕਬੂਲ ਕਰ ਲਓ, ਤੁਹਾਡੀ ਜਾਨ ਬਖਸ਼ ਦਿੱਤੀ ਜਾਵੇਗੀ। ਲਿਹਾਜ਼ਾ ਕੇਸ ਕਤਲ ਕਰ ਦਿੱਤੇ ਜਾਣਗੇ। ਇਸਲਾਮ ਕਬੂਲ ਕਰਾਉਣ ਲਈ ਭਾਈ ਸਾਹਿਬ ਨੂੰ ਕਈ ਲਾਲਚ ਦਿੱਤੇ ਗਏ, ਜਿਵੇਂ ਤੁਹਾਨੂੰ ਸਰਕਾਰੀ ਅਹੁਦਾ, ਮਾਣ ਸਨਮਾਨ ਅਤੇ ਦੌਲਤ ਨਾਲ ਮਾਲੋ-ਮਾਲ ਕਰ ਦਿੱਤਾ ਜਾਵੇਗਾ। ਇਸ ਤਰ੍ਹਾਂ ਆਰਾਮ ਦੀ ਜ਼ਿੰਦਗੀ ਬਿਤਾ ਸਕੋਗੇ। ਨਹੀਂ ਤਾਂ ਤਸ਼ੱਦਦ ਚਲਦਾ ਰਹਾਂਗਾ। ਚਰਖੜੀ ਤੇ ਚੜ੍ਹਾ ਕੇ ਕਤਲ ਕੀਤੇ ਜਾਓਗੇ। ਇਹ ਨਸੀਹਤ ਵੀ ਦਿੱਤੀ ਕਿ ਕਿਉਂ ਸਿੱਖੀ ਲਈ ਜਾਨ ਗੁਆ ਰਹੇ ਹੋ। ਭਾਈ ਸਾਹਿਬ ਨੇ ਕਿਹਾ ਕਿ ਮੈਂ ਆਪਣੇ ਧਰਮ ਵਿਚ ਰਹਿ ਕੇ ਮਰਨਾ ਚਾਹਾਂਗਾ। ਭਾਈ ਸਾਹਿਬ ਜੀ ਨੇ ਬੜੇ ਦ੍ਰਿੜ੍ਹ ਇਰਾਦੇ ਨਾਲ ਕਿਹਾ ਕਿ ਇਹ ਜੋ ਤੂੰ ਐਸ਼ੋ-ਆਰਾਮ ਦੇ ਸੌਦੇ ਵਿਖਾ ਰਿਹਾ ਏਂ- ਇਹ ਮੈਂ ਆਪਣੀ ਜੁੱਤੀ ਦੀ ਨੋਕ ਤੇ ਲਿਖਦਾ ਹਾਂ।' ਜੇਕਰ ਸਾਰੇ ਜਹਾਨ ਦੀਆਂ ਬਾਦਸ਼ਾਹੀਆਂ ਧੰਨ ਦੌਲਤ ਮੇਰੇ ਪੈਰਾਂ ਵਿਚ ਰੱਖ ਦੇਵੇਂ। ਸਾਰਾ ਜਹਾਨ ਮੇਰਾ ਨੌਕਰ ਹੋ ਜਾਵੇ ਤਾਂ ਵੀ ਮੈਂ ਆਪਣਾ ਸਿੱਖੀ ਸਿਦਕ ਨਹੀਂ ਛੱਡਾਂਗਾ। ਇਸੇ ਸਿੱਖੀ ਨੂੰ ਕੇਸਾਂ ਸੁਆਸਾਂ ਨਾਲ ਨਿਭਾਵਾਂਗਾ। ਇਹਨਾਂ ਸਾਰੀਆਂ ਦੁਰਲੱਭ ਵਸਤੂਆਂ ਤੋਂ ਮੇਰਾ ਧਰਮ ਉੱਚਾ ਹੈ। ਮੈਂ ਆਪਣਾ ਵਾਲ ਵੀ ਵਿੰਗਾ ਨਹੀਂ ਕਰਨ ਦਿਆਂਗ। ਮੈਂ ਸ਼ਹੀਦ ਹੋਣ ਲਈ ਤਿਆਰ ਹਾਂ। ਮੇਰਾ ਪ੍ਰਮਾਤਮਾ ਮੇਰੇ ਨਾਲ ਸਹਾਈ ਹੋਵੇਗਾ।

ਜਕਰੀਆ ਖਾਨ ਨੇ ਹੰਕਾਰ ਵਿਚ ਆ ਕੇ ਕਿਹਾ ਕਿ ਇਸ ਵੇਲੇ ਤੇਰਾ ਪ੍ਰਮਾਤਮਾ ਮੈਂ ਹਾਂ, ਜੋ ਤੇਰੀ ਜਾਨ ਬਖਸ਼ ਸਕਦਾ ਹੈ। ਪਰ ਮੈਂ ਤੇਰੀ ਗੱਲ ਮੰਨਦਾ ਹਾਂ ਕਿ ਤੇਰੇ ਕੇਸ ਕਤਲ ਨਾ ਕੀਤੇ ਜਾਣ। ਤੇਰੇ ਕੇਸ ਤੇਰੀ ਖੋਪੜੀ ਸਮੇਤ ਉਤਾਰੇ ਜਾਣ। ਇਸ ਬਾਰੇ ਤੇਰਾ ਕੀ ਖਿਆਲ ਹੈ। ਭਾਈ ਸਾਹਿਬ ਨੇ ਕਿਹਾ ਕਿ ਤੇਰੀ ਇਹ ਦਿਆਲਤਾ ਮੈਨੂੰ ਮਨਜ਼ੂਰ ਹੈ। ਮੈਨੂੰ ਭਾਵੇਂ ਕਿਸੇ ਵੀ ਤਰੀਕੇ ਨਾਲ ਸ਼ਹੀਦ ਕਰ, ਪਰ ਮੇਰੇ ਕੇਸ ਮੇਰੇ ਸੁਆਸਾਂ ਤੱਕ ਕਾਇਮ ਰਹਿਣ। ਹੁਣ ਜਲਦੀ ਮੈਨੂੰ ਸ਼ਹੀਦ ਕਰੋ, ਮੈਂ ਪ੍ਰਮਾਤਮਾ ਦਾ ਕਰਜ਼ ਉਤਾਰਾਂ। ਜਕਰੀਆ ਖਾਨ ਨੇ ਹੁਕਮ ਦਿੱਤਾ ਕਿ ਭਾਈ ਤਾਰੂ ਸਿੰਘ ਨੂੰ ਘੋੜਾ ਮੰਡੀ, ਨਾਖਾਸ ਚੌਂਕ ਦਿਲੀ ਗੇਟ ਲਾਹੌਰ ਿ ਵ ਖ ੇ ਲਿਜਾਇਆ ਜਾਵੇ। ਇੱਥੇ ਪਹਿਲਾਂ ਵੀ ਕਈ ਸਿੰਘ ਸ਼ਹੀਦ ਹੋਏ ਸਨ। ਜਲਾਦ ਨੂੰ ਭਾਈ ਸਾਹਿਬ ਦੀ ਖੋਪੜੀ ਉਤਾਰਨ ਦਾ ਹੁਕਮ ਹੋਇਆ। ਭਾਈ ਸਾਹਿਬ ਸ਼ਾਂਤ ਚਿੱਤ ਅਡੋਲ ਰਹੇ। ਜਪੁਜੀ ਸਾਹਿਬ ਦਾ ਪਾਠ ਕਰਦੇ ਰਹੇ। ਭਾਈ ਸਾਹਿਬ ਜੀ ਦੀ ਖੋਪੜੀ ਉਤਾਰ ਕੇ ਸਾਹਮਣੇ ਰੱਖ ਦਿੱਤੀ। ਭਾਈ ਸਾਹਿਬ ਨੇ ਰੱਬ ਦਾ ਸ਼ੁਕਰ ਮਨਾਇਆ ਕਿ ਮੇਰੇ ਕੇਸ ਬਚਾਅ ਲਏ ਹਨ।

ਭਾਈ ਸਾਹਿਬ ਨੂੰ ਫਿਰ ਵਾਪਸ ਜੇਲ੍ਹ ਭੇਜਿਆ ਗਿਆ। ਤਸ਼ੱਦਦ ਜਾਰੀ ਰਿਹਾ। ਉਹਨਾਂ ਦਿਨਾਂ ਵਿਚ ਜਕਰੀਆ ਖਾਨ ਦੇ ਗੁਰਦੇ ਖਰਾਬ ਹੋ ਗਏ। ਉਹ ਅਤਿਅੰਤ ਦਰਦ ਵਿਚ ਸੀ ਕਿ ਉਸਦਾ ਸਾਹ ਰੁਕਣ ਲੱਗਾ। ਉਸਨੇ ਪਛਤਾਵਾ ਕੀਤਾ ਕਿ ਮੈਂ ਇਕ ਬੇਕਸੂਰ ਸੰਤ ਰੂਪੀ ਸਿੰਘ ਨੂੰ ਬੜੇ ਤਸੀਹੇ ਦਿੱਤੇ ਹਨ। ਇਹ ਮੇਰਾ ਉਹਨਾਂ ਕਰਮਾਂ ਦਾ ਹੀ ਫਲ ਹੈ ਕਿ ਮੈਂ ਬਿਮਾਰੀ ਭੋਗ ਰਿਹਾ ਹਾਂ। ਉਸਨੇ ਭਾਈ ਸੁਬੇਗ ਸਿੰਘ ਜੀ ਨੂੰ ਭਾਈ ਸਾਹਿਬ ਕੋਲ ਭੇਜਿਆ ਕਿ ਮੈਨੂੰ ਮਾਫ ਕਰ ਦਿਓ। ਭਾਈ ਸਾਹਿਬ ਜੀ ਨੇ ਸੁਨੇਹਾ ਦਿੱਤਾ ਕਿ ਜੋ ਕੁਝ ਵਾਪਰ ਰਿਹਾ ਹੈ, ਉਸ ਪ੍ਰਮਾਤਮਾ ਦੇ ਭਾਣੇ ਵਿਚ ਹੈ। ਉਹ ਪ੍ਰਮਾਤਮਾ ਸਭ ਦਾ ਇਨਸਾਫ ਕਰਦਾ ਹੈ। ਜਕਰੀਆ ਖਾਨ ਦੀ ਬਿਮਾਰੀ ਕੁਝ ਕੁ ਠੀਕ ਹੋ ਗਈ। ਪਰ ਉਹ 22 ਦਿਨਾਂ ਬਾਅਦ ਮਰ ਗਿਆ। ਉਸਦੇ ਮਰਨ ਦੀ ਖਬਰ ਜਦ ਭਾਈ ਸਾਹਿਬ ਜੀ ਨੂੰ ਮਿਲੀ, ਉਹਨਾਂ 1 ਜੁਲਾਈ, 1745 ਨੂੰ ਸ਼ਹੀਦੀ ਪਾ ਲਈ। ਬਿਨਾਂ ਖੋਪੜੀ ਤੋਂ ਕੇਸਾਂ ਸੰਗ ਰਹਿਣਾ ਇਕ ਵਿਲੱਖਣ ਸ਼ਹੀਦੀ ਹੈ। ਸਿੱਖ ਧਰਮ ਦੀਆਂ ਸ਼ਹੀਦੀਆਂ ਨੂੰ ਅਰਦਾਸ ਵਿਚ ਯਾਦ ਕੀਤਾ ਜਾਂਦਾ ਹੈ ਕਿ- ਜਿਹਨਾਂ ਸਿੰਘ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ, ਬੰਦ ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖੜੀਆਂ ਤੇ ਚੜ੍ਹੇ, ਆਰਿਆਂ ਨਾਲ ਚਿਰਾਏ ਗਏ। ਗਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ। ਧਰਮ ਨਹੀਂ ਹਾਰਿਆ। ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਈ ਤਿਨਾਂ ਦੀ ਕਮਾਈ ਦਾ ਧਿਆਨ ਧਰਕੇ ਬੋਲੋ ਜੀ ਵਾਹਿਗੁਰੂ। ਭਾਈ ਸਾਹਿਬ ਜੀ ਦੀ ਵਿਰਾਸਤ ਹੈ ਕਿ 1762 ਵਿਚ ਭੰਗੀ ਸਿੱਖ ਸਰਦਾਰਾਂ ਨੇ ਲਾਹੌਰ ਨੂੰ ਜਿੱਤ ਲਿਆ। ਉਹਨਾਂ ਜਨਤਕ ਚੌਂਕ ਤੇ ਕਬਜ਼ਾ ਕਰ ਲਿਆ। ਜਿੱਥੇ ਸਿੰਘਾਂ ਨੂੰ ਸ਼ਹੀਦ ਕੀਤਾ ਜਾਂਦਾ ਰਿਹਾ ਸੀ। ਚੌਂਕ ਦੇ ਨਾਲ ਲਗਦੀ ਅਬਦੁਲਾ ਖਾਨ ਮਸਜਿਦ ਤੇ ਕਬਜਾ ਕਰਕੇ ਸ਼ਹੀਦਗੰਜ ਗਰਦੁਆਰੇ ਵਿਚ ਤਬਦੀਲ ਕਰ ਦਿੱਤਾ ਗਿਆ। ਉਸ ਅਸਥਾਨ ਤੇ ਗੁਰਦੁਆਰਾ ਸ਼ਹੀਦ ਭਾਈ ਤਾਰੂ ਸਿੰਘ ਨੌਲੱਖਾ ਬਜ਼ਾਰ ਵਿਚ ਉਸ ਸਥਾਨ ਦੀ ਨਿਸ਼ਾਨਦੇਹੀ ਕਰਦਾ ਹੈ, ਜਿੱਥੇ ਸਿੰਘ ਦੀ ਖੋਪਰੀ ਅਤੇ ਕੇਸ ਹਟਾਏ ਗਏ ਸਨ।

# ਸਾਵਣ ਕਵੀ ਦਰਬਾਰ ਅਤੇ ਪੁਸਤਕ ਹੋਈ ਲੋਕ ਅਰਪਣ







**ਰਾਜਪੁਰਾ (ਪ੍ਰਮਿੰਦਰ ਸਿੰਘ ਪ੍ਰਵਾਨਾ)** ਲੋਕ ਸਾਹਿਤ ਸੰਗਮ ਰਾਜਪੁਰਾ ਵੱਲੋਂ ਸਾਹਿਤਕ ਸਮਾਗਮ ਕਰਵਾਇਆ ਗਿਆ। ਪ੍ਰਧਾਨਗੀ ਮੰਡਲ ਵਿਚ ਸ਼ਾਮਲ ਸਨ ਪ੍ਰਸਿੱਧ ਸਾਹਿਤਕਾਰ ਡਾ. ਅਮਰਜੀਤ ਕੌਂਕੇ, ਡਾ. ਹਰਜੀਤ ਸਿੰਘ ਸੱਧਰ, ਡਾ. ਗੁਰਵਿੰਦਰ ਅਮਨ ਅਤੇ ਨਵਦੀਪ ਮੁੰਡੀ। ਸਮਾਗਮ ਦਾ ਆਰੰਭ ਲੋਕ ਕਵੀ ਕਰਮ ਸਿੰਘ ਹਕੀਰ ਦੀ ਕਵਿਤਾ ਨਾਲ ਹੋਇਆ 'ਮਾਪਿਆਂ ਵੱਲੋਂ ਕੈਨੇਡਾ ਭੇਜੇ ਬੱਚਿਆਂ ਦਾ ਦੁੱਖ ਬਿਆਨ ਕੀਤਾ।' ਅਵਤਾਰ ਪੁਆਰ ਦੀ ਗਜ਼ਲ 'ਬਾਰਿਸ਼ ਹੋ ਕੇ ਵੀ ਧਰਤ ਪਿਆਸੀ ਏ, ਇਸੇ ਕਰਕੇ ਰੁੱਖਾਂ ਵਿਚ ਛਾਈ ਉਦਾਸੀ ਏ', ਨੇ ਰੰਗ ਬੰਨ੍ਹਿਆ। ਸ਼ਰਤ ਚੰਦਰ ਭਾਵੁਕ ਤੇ ਪ੍ਰੋਫੈਸਰ ਸ਼ਤਰੂਘਨ ਗੁਪਤਾ ਨੇ ਮਿਆਰੀ ਹਿੰਦੀ ਕਵਿਤਾਵਾਂ ਸੁਣਾਈਆਂ। ਰਣਜੀਤ ਸਿੰਘ ਫਤਿਹਗੜ੍ਹ ਸਾਹਿਬ ਨੇ 'ਰੱਬਾ ਤੇਰੇ ਚਰਨਾਂ ਵਿਚ' ਤੇ ਸੁਰਿੰਦਰ ਕੌਰ ਬਾੜਾ ਸਰਹਿੰਦ ਨੇ ਹਮੇਸ਼ਾ ਦੀ ਤਰ੍ਹਾਂ ਬੁਲੰਦ ਆਵਾਜ਼ ਵਿਚ ਗੀਤ ਸੁਣਾਇਆ। ਜਗਦੀਸ਼ ਚੌਹਾਨ, ਜਮਨਾ ਪ੍ਰਕਾਸ਼, ਨਾਚੀਜ਼ ਤੇ ਸੁਖਵਿੰਦਰ ਸਿੰਘ ਪੱਪੀ ਹੁਰਾਂ ਨੇ ਗਜ਼ਲਾਂ ਦੇ ਸ਼ੇਅਰ ਕਹੇ। ਸੁਰਿੰਦਰ ਸਿੰਘ ਸੋਹਣਾ ਰਾਜੇਮਾਜਰੀਆ 'ਅਸੀਂ ਕਹੀ ਕੁਹਾੜੀ ਵਾਹੁੰਦੇ ਸਾਰਾ ਦਿਨ ਯੋਗਾ ਕਰਦੇ ਹਾਂ' ਸੁਣਾ ਕੇ ਵਿਅੰਗ ਕੱਸਿਆ। ਗੁਰਵਿੰਦਰ ਪਾਲ ਸਿੰਘ ਤੇ ਅਸ਼ੋਕ ਝਾਅ ਨੇ ਰੰਗੀਨ ਸ਼ੇਅਰ ਕਹੇ। ਪ੍ਰੋਫੈਸਰ ਲਵਲੀ ਪੰਨੂ ਨੇ ਪੁਆਧੀ ਬੋਲੀ ਦੀ ਅਹਿਮੀਅਤ ਦਰਸਾਈ।

ਅਮਰੀਕ ਸਿੰਘ, ਇੰਜੀ: ਰਵਿੰਦਰ ਕ੍ਰਿਸ਼ਨ, ਭੀਮ ਸੈਨ ਝੂਲੇਲਾਲ ਤੇ ਹਰਦੀਪ ਸਭਰਵਾਲ ਨੇ ਵਿਲੱਖਣ ਕਵਿਤਾਵਾਂ ਕਹੀਆਂ। ਕੁਲਵੰਤ ਜੱਸਲ ਨੇ ਗੀਤ 'ਜੇ ਐਸਾਂ ਕਰਨੀਆਂ ਨੇ ਤਾਂ ਮਿੱਤਰਾ ਬਣ ਜਾ ਤੂੰ ਵੀ ਬਾਬਾ' ਸੁਣਾ ਕੇ ਵਾਹ-ਵਾਹ ਖੱਟੀ। ਡਾਕਟਰ ਅਮਰਜੀਤ ਕੌਂਕੇ ਨੇ ਭਾਵਪੂਰਕ ਕਵਿਤਾ ਨਾਲ ਸਭ ਦਾ ਮਨ ਮੋਹ ਲਿਆ। ਸੰਗਮ ਦੇ ਪ੍ਰਧਾਨ ਡਾਕਟਰ ਅਮਨ ਨੇ 'ਮੈਂ ਤੇ ਮੇਰੀ ਕਵਿਤਾ' ਸੁਣਾਈ ਜੋ ਪੁਖਤਾ ਸੀ। ਸੰਗਮ ਦੇ ਚੇਅਰਮੈਨ ਡਾ. ਹਰਜੀਤ ਸਿੰਘ ਸੱਧਰ ਦੀ ਸੁਰੀਲੀ ਆਵਾਜ਼ ਦਾ ਗੀਤ ਕਾਬਲੇ ਤਾਰੀਫ ਰਿਹਾ।

ਚਲਦੇ ਪ੍ਰਭਾਵਸ਼ਾਲੀ ਸਮਾਗਮ ਵਿਚ ਅਮਰੀਕੀ ਲੇਖਿਕਾ ਸੁਧਾ ਓਮ ਢੀਂਗਰਾ ਦੀ ਕਾਵਿ ਪੁਸਤਕ 'ਧੁੱਪ ਨਾਲ ਰੁੱਸੀ ਚਾਂਦਨੀ' ਲੋਕ ਅਰਪਣ ਹੋਈ। ਪੁਸਤਕ ਦਾ ਅਨੁਵਾਦ ਪ੍ਰਸਿੱਧ ਕਵੀ ਡਾਕਟਰ ਅਮਰਜੀਤ ਕੌਂਕੇ ਵੱਲੋਂ ਕੀਤਾ ਗਿਆ ਹੈ। ਹਿੰਦੀ ਅਤੇ ਪੰਜਾਬੀ ਦੇ ਪ੍ਰਸਿੱਧ ਸਾਹਿਤਕਾਰ ਹਰਦੀਪ ਸਭਰਵਾਲ ਨੇ ਵਿਚਾਰ ਪ੍ਰਗਟ ਕੀਤੇ ਕਿ ਅਨੁਵਾਦ ਦੋ ਭਾਸ਼ਾਵਾਂ ਵਿਚ ਇਕ ਪੁਲ ਦਾ ਕੰਮ ਕਰਦਾ ਹੈ। ਕੀਤਾ ਗਿਆ ਅਨੁਵਾਦਿਕ ਅਸਲੀ ਰਚਨਾ ਪ੍ਰਗਟਾਉਂਦਾ ਹੈ।

ਲੇਖਕਾਂ ਨੇ ਕਵਿਤਾਵਾਂ ਰਾਹੀਂ ਪੁਸਤਕ ਵਿਚ ਸਮਾਜ ਦੇ ਗੰਭੀਰ ਮਸਲਿਆਂ ਨੂੰ ਉਭਾਰਿਆ ਹੈ। ਹੋਰ ਹਾਜ਼ਰ ਸਾਹਿਤਕਾਰਾਂ ਨੇ ਵੀ ਪੁਸਤਕ ਤੇ ਵਿਚਾਰ ਰੱਖੇ। ਸਮੁੱਚੇ ਸਮਾਗਮ ਦਾ ਮੰਚ ਸੰਚਾਲਨ ਬਲਦੇਵ ਸਿੰਘ ਖੁਰਾਣਾ ਨੇ ਹਮੇਸ਼ਾ ਦੀ ਤਰ੍ਹਾਂ ਬਾਖੂਬੀ ਨਿਭਾਇਆ। ਸੰਗਮ ਦੇ ਪ੍ਰਧਾਨ ਡਾਕਟਰ ਗੁਰਵਿੰਦਰ ਅਮਨ ਨੇ ਹਾਜ਼ਰੀਨ ਦਾ ਧੰਨਵਾਦ ਕੀਤਾ। ਇਕ ਯਾਦਗਾਰੀ ਤਸਵੀਰ ਨਾਲ ਸਾਰਥਕ ਸਮਾਗਮ ਸੰਪੰਨ ਹੋਇਆ।

## ਸ਼ਹੀਦ ਭਾਈ ਤਾਰੂ ਸਿੰਘ ਜੀ ਦੇ ਪਵਿੱਤਰ ਸ਼ਹੀਦੀ ਦਿਵਸ 'ਤੇ ਵਿਸ਼ੇਸ਼

# 'ਸਿੱਖੀ-ਸਿਦਕ ਨਿਭਾਉਣ ਵਾਲਾ ਮਹਾਨ ਯੋਧਾ'



ਪ੍ਰੋ: ਐਚ. ਐਲ. ਕਪੂਰ

ਤਾਰੂ ਸਿੰਘ ਜੀ ਸਿੱਖ ਇਤਿਹਾਸ ਦੇ ਇਕ ਮਹਾਨ ਸ਼ਹੀਦ ਹਨ। ਉਨ੍ਹਾਂ ਨੇ ਆਪਣੀ ਜਾਨ ਦੀ ਬਾਜੀ ਲਾ ਕੇ ਸਿੱਖੀ-ਸਿਦਕ ਦੀ ਲਾਜ ਰੱਖੀ। ਉਨ੍ਹਾਂ ਦਾ ਜਨਮ ਉਸ ਸਮੇਂ ਹੋਇਆ ਜਦੋਂ ਸਿੱਖ ਇਤਿਹਾਸ ਇਕ ਨਾਜ਼ੁਕ ਦੌਰ 'ਚੋਂ ਗੁਜਰ ਰਿਹਾ ਸੀ। ਬੰਦਾ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਜੁਝਾਰੂ ਕ੍ਰਾਂਤੀਕਾਰੀ ਸਿੱਖ ਰੂਪੋਸ਼ ਹੋ ਕੇ ਜੰਗਲਾਂ, ਪਹਾੜਾਂ ਤੇ ਰਾਜਸਥਾਨ ਦੇ ਰੇਗਿਸਤਾਨਾਂ 'ਚ ਰਹਿਣ ਲੱਗ ਪਏ ਸਨ ਤੇ ਉਨ੍ਹਾਂ ਨੇ ਅਜਿਹੇ ਸਮੇਂ 'ਚ ਪੰਜਾਬ 'ਚੋਂ ਜ਼ਾਲਮ ਮੁਗਲ ਸਰਕਾਰ ਦਾ ਖਾਤਮਾ ਕਰਨ ਲਈ, ਆਪਣੇ ਸੰਘਰਸ਼ ਨੂੰ ਗੁਰੀਲਾ ਯੁੱਧ ਦੀ ਨੀਤੀ 'ਚ ਤਬਦੀਲ ਕਰ ਦਿੱਤਾ ਸੀ। ਪੰਜਾਬ ਦੇ ਅਜਿਹੇ ਇਤਿਹਾਸਕ ਸਮੇਂ 'ਚ ਭਾਈ ਤਾਰੂ ਸਿੰਘ ਜੀ ਦਾ ਜਨਮ 6 ਅਕਤੂਬਰ 1720 ਈਸਵੀ ਨੂੰ ਪਿਤਾ ਸ਼ਹੀਦ ਭਾਈ ਯੋਧ ਸਿੰਘ ਜੀ ਦੇ ਘਰ ਉਨ੍ਹਾਂ ਦੀ ਧਰਮ ਪਤਨੀ ਬੀਬੀ ਧਰਮ ਕੌਰ ਦੀ ਕੁੱਖੋਂ 'ਜੱਟ ਸੰਧੂ' ਪਰਿਵਾਰ 'ਚ ਪਿੰਡ ਪੂਹਲਾ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਉਨ੍ਹਾਂ ਤੋਂ ਛੋਟੀ ਉਨ੍ਹਾਂ ਦੀ ਇਕ ਭੈਣ ਵੀ ਸੀ ਜਿਸ ਦਾ ਨਾਂ ਬੀਬੀ ਤਾਰ ਕੌਰ (ਛੋਟਾ ਨਾਂ ਤਾਰੋ) ਸੀ। ਭਾਈ ਤਾਰੂ ਸਿੰਘ ਜੀ ਤੇ ਉਨ੍ਹਾਂ ਦਾ ਸਾਰਾ ਪਰਿਵਾਰ ਇਕ ਬਹੁਤ ਹੀ ਨੇਕ ਤੇ ਸਿੱਖ ਧਾਰਮਿਕ, ਗੁਰੂ ਸਾਹਿਬਾਨ ਦੀ ਵਿਚਾਰਧਾਰਾ 'ਚ ਵਿਸ਼ਵਾਸ ਰੱਖਣ ਵਾਲਾ ਪਰਿਵਾਰ ਸੀ। ਉਹ ਬੜੀ ਸਖ਼ਤ ਮਿਹਨਤ ਨਾਲ ਖੇਤੀਬਾੜੀ ਦਾ ਧੰਦਾ ਕਰਕੇ ਆਪਣਾ ਜੀਵਨ ਨਿਰਬਾਹ, ਬੜੇ ਸਰਫੇ ਨਾਲ ਕਰਦੇ ਸਨ। ਭਾਵੇਂ ਭਾਈ ਤਾਰੂ ਸਿੰਘ ਜੀ ਅਮੀਰ ਆਦਮੀ ਨਹੀਂ ਸਨ ਪਰ ਫਿਰ ਵੀ ਉਹ ਹਮੇਸ਼ਾ ਖੁਸ਼ ਰਹਿੰਦੇ ਸਨ ਤੇ ਆਪਣੀ ਨੇਕ ਤੇ ਦਸਾਂ ਨਹੁੰਆਂ ਦੀ ਸਖ਼ਤ ਕਮਾਈ 'ਚੋਂ ਆਪਣੇ ਸਿੱਖ ਭੈਣ-ਭਰਾਵਾਂ ਦੀ ਮਦਦ ਕਰਦੇ ਰਹਿੰਦੇ ਸਨ। ਉਹਨਾਂ ਦਾ ਪਿਤਾ ਸ਼ਹੀਦ ਭਾਈ ਯੋਧ ਸਿੰਘ ਇਕ ਲੜਾਈ 'ਚ ਸ਼ਹੀਦ ਹੋ ਗਿਆ ਸੀ ਤੇ ਭਾਈ ਤਾਰੂ ਸਿੰਘ ਜੀ ਦੀ ਵਿਧਵਾ ਮਾਤਾ ਉਨ੍ਹਾਂ ਦੇ ਨਾਲ ਰਹਿੰਦੀ ਸੀ। ਭਾਈ ਤਾਰੂ ਸਿੰਘ ਜੀ ਨੇ ਸ਼ਹੀਦ ਭਾਈ ਮਨੀ ਸਿੰਘ ਜੀ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਹੋਈ ਸੀ ਤੇ ਉਹਨਾਂ ਨੇ ਸਿੱਖੀ-ਸਿਦਕ ਲਈ ਮਰ ਮਿਟਣ ਦੀ ਸਿੱਖਿਆ ਉਹਨਾਂ ਤੋਂ ਹੀ ਪ੍ਰਾਪਤ ਕੀਤੀ ਸੀ।

ਉਹ ਆਪਣੀ ਸਖ਼ਤ ਮਿਹਨਤ ਦੀ ਕਮਾਈ 'ਚੋਂ ਜੋ ਕੁਝ ਬੱਚਤ ਕਰਦੇ ਉਹ ਆਪਣੇ ਉਨ੍ਹਾਂ ਸਿੱਖ ਕ੍ਰਾਂਤੀਕਾਰੀ ਭਰਾਵਾਂ 'ਤੇ ਖਰਚ ਕਰਦੇ ਜਿਹੜੇ ਮੁਗਲ ਸਰਕਾਰ ਦੇ ਅੱਤਿਆਚਾਰਾਂ ਕਾਰਨ ਜੰਗਲਾਂ, ਪਹਾੜਾਂ ਤੇ ਰਾਜਸਥਾਨ ਦੇ ਮਾਰੂਥਲਾਂ 'ਚ ਪ੍ਰਵਾਸ ਕਰ ਗਏ ਸਨ। ਭਾਈ ਤਾਰੂ ਸਿੰਘ ਜੋ ਕਿ ਕ੍ਰਾਂਤੀਕਾਰੀ ਸਿੱਖਾਂ ਦੀ ਰਾਸ਼ਨ-ਪਾਣੀ ਆਦਿ ਜਾਂ ਉਨ੍ਹਾਂ ਨੂੰ ਰੋਟੀ ਖੁਆ ਕੇ ਉਨ੍ਹਾਂ ਦੀ ਸੇਵਾ ਕਰਦਾ ਸੀ ਜਾਂ ਕਈ ਵਾਰੀ ਰਾਤ-ਬਰਾਤੇ ਉਹ ਸਿੱਖ ਭਰਾ ਇਸ ਕੋਲ ਰਾਤ ਨੂੰ ਠਹਿਰ ਜਾਂਦੇ ਸਨ। ਇਕ ਸਰਕਾਰੀ ਜਾਸੂਸ ਜਿਸ ਦਾ ਨਾਂ ਅਕਿਲ ਦਾਸ (ਦੂਸਰਾ ਨਾਂ ਨਰੰਜਣੀਆ) ਵੀ ਸੀ, ਉਹ ਜੰਡਿਆਲੇ ਦਾ ਰਹਿਣ ਵਾਲਾ ਸੀ ਤੇ ਉਹ ਇਸ ਤਰ੍ਹਾਂ ਵਿਦਰੋਹੀ ਕ੍ਰਾਂਤੀਕਾਰੀ ਸਿੱਖਾਂ ਨਾਲ ਹਮਦਰਦੀ ਰੱਖਣ ਵਾਲਿਆਂ 'ਤੇ ਆਪਣੀ ਕੜੀ ਨਜ਼ਰ ਰੱਖਦਾ ਸੀ ਤੇ ਇਸ ਦੀ ਸਾਰੀ ਜਾਣਕਾਰੀ ਲਾਹੌਰ ਦੇ ਗਵਰਨਰ ਜ਼ਕਰੀਆ ਖਾਨ ਨੂੰ ਦੱਸਦਾ ਰਹਿੰਦਾ ਸੀ।

ਜ਼ਕਰੀਆ ਖਾਨ ਸਿੱਖਾਂ ਨੂੰ ਪੂਰੀ ਤਰ੍ਹਾਂ ਖਤਮ ਕਰਨ ਦਾ ਇਰਾਦਾ ਰੱਖਦਾ ਸੀ ਤੇ ਉਹ ਸਿੱਖਾਂ ਬਾਰੇ ਪੂਰੀ ਜਾਣਕਾਰੀ ਪ੍ਰਾਪਤ ਕਰਦਾ ਰਹਿੰਦਾ ਸੀ। 'ਪ੍ਰਾਚੀਨ ਪੰਥ ਪ੍ਰਕਾਸ਼' 'ਚ ਜ਼ਿਕਰ ਆਉਂਦਾ ਹੈ ਕਿ ਇਕ ਵਾਰ ਜ਼ਕਰੀਆ ਖਾਨ ਨੇ ਆਪਣੇ ਆਦਮੀਆਂ ਨੂੰ ਪੁੱਛਿਆ ਕਿ, "ਸਿੱਖ ਆਪਣਾ ਪਾਲਣ-ਪੋਸਣ ਕਿਵੇਂ ਕਰਦੇ ਹਨ ਤੇ ਉਹ ਆਪਣਾ ਰਾਸ਼ਨ-ਪਾਣੀ ਕਿੱਥੋਂ ਲਿਆਉਂਦੇ ਹਨ''? ਮੈਂ ਤਾਂ ਉਨ੍ਹਾਂ ਦੇ ਕੰਮਕਾਰ ਸਭ ਬੰਦ ਕਰ ਦਿੱਤੇ ਹਨ ਤੇ ਉਨ੍ਹਾਂ ਦੀ ਕੋਈ ਆਮਦਨ ਨਹੀਂ ਹੈ। ਉਹ ਨਾਂ ਤਾਂ ਖੇਤੀ ਕਰਦੇ ਹਨ, ਨਾ ਉਨ੍ਹਾਂ ਨੂੰ ਕੋਈ ਵਿਉਪਾਰ ਕਰਨ ਦੀ ਆਗਿਆ ਹੈ ਤੇ ਨਾ ਹੀ ਉਹ ਕੋਈ ਸਰਕਾਰੀ ਜਾਂ ਗੈਰ ਸਰਕਾਰੀ ਕਿਸੇ ਅਦਾਰੇ 'ਚ ਕੰਮ ਕਰ ਸਕਦੇ ਹਨ। ਮੈਂ ਤਾਂ ਉਹਨਾਂ ਦੇ ਗੁਰਦੁਆਰਿਆਂ ਨੂੰ ਚੜ੍ਹਨ ਵਾਲੇ ਚੜ੍ਹਾਵੇ ਵੀ ਬੰਦ ਕਰ ਦਿੱਤੇ ਹਨ ਤੇ ਨਾ ਉਹ ਕਿਤੇ ਪਾਠ-ਪੂਜਾ ਕਰ ਸਕਦੇ ਹਨ। ਉਨ੍ਹਾਂ ਦੀ ਖਾਧ-ਖੁਰਾਕ ਦਾ ਹਰ ਰਸਤਾ ਮੇਰੇ ਵੱਲੋਂ ਬੰਦ ਕੀਤਾ ਹੋਇਆ ਹੈ ਪਰ ਫਿਰ ਵੀ ਉਹ ਜਿੰਦਾ ਹਨ ਤੇ ਮਰੇ ਨਹੀਂ ਹਨ?

ਹਰਭਗਤ ਨਰੰਜਣੀਆ ਜੋ ਜ਼ਕਰੀਆ ਖਾਨ ਦਾ ਪੱਗ-ਵੱਟ ਭਰਾ ਬਣਿਆ ਹੋਇਆ ਸੀ ਤੇ ਸਿੱਖਾਂ ਦਾ ਜਾਨੀ ਦੁਸ਼ਮਣ ਵੀ ਸੀ ਨੇ ਕਿਹਾ, "ਅਜੇ ਇਸ ਸੰਸਾਰ 'ਚ ਸਿੱਖ ਹਨ, ਜਿਹੜੇ ਉਤਨਾ ਚਿਰ ਆਪ ਭੁੱਖੇ ਰਹਿੰਦੇ ਹਨ ਜਿੰਨਾ ਚਿਰ ਉਹ ਆਪਣੇ ਰੂਪੋਸ਼ ਹੋਏ ਕ੍ਰਾਂਤੀਕਾਰੀ ਸਿੱਖ ਭਰਾਵਾਂ ਨੂੰ ਖਾਣਾ ਨਹੀਂ ਖੁਆ ਲੈਂਦੇ। ਉਹ ਆਪਣੇ ਆਪ ਨੂੰ ਉਨਾ ਚਿਰ ਭੁੱਖਾ ਤੇ ਨੰਗਾ ਰੱਖ ਸਕਦੇ ਹਨ ਪਰ ਆਪਣੇ ਸਿੱਖ ਭਰਾਵਾਂ ਨੂੰ ਅਜਿਹੀ ਦੁਖਦਾਇਕ ਹਾਲਤ 'ਚ ਨਹੀਂ ਦੇਖ ਸਕਦੇ। ਉਹ ਆਪਣੀ ਸਰਦ ਰਾਤਾਂ ਨੂੰ ਅੱਗ ਸੇਕ ਕੇ ਲੰਘਾ ਸਕਦੇ ਹਨ ਪਰ ਆਪਣੇ ਸਰੀਰ ਦੇ ਕੱਪੜੇ ਉਤਾਰ ਕੇ ਆਪਣੇ ਸਾਥੀ ਸਿੱਖ ਭਰਾਵਾਂ ਨੂੰ ਭੇਜ ਸਕਦੇ ਹਨ ਤੇ ਉਹ ਉਨ੍ਹਾਂ ਨੂੰ ਨੰਗਿਆਂ ਨਹੀਂ ਦੇਖ ਸਕਦੇ ਕਿ ਉਹ ਅਜਿਹੀਆਂ ਸਰਦ ਰਾਤਾਂ 'ਚ ਨੰਗੇ ਰਹਿਣ। ਉਹ ਸਖ਼ਤ ਮਿਹਨਤ ਮੁਸ਼ੱਕਤ ਕਰਕੇ, ਦਾਣੇ ਪੀਸ ਕੇ ਆਟਾ ਉਨ੍ਹਾਂ ਨੂੰ ਭੇਜ ਸਕਦੇ ਹਨ। ਉਹ ਆਪ ਨਿੱਕੇ-ਮੋਟੇ ਕੰਮ ਕਰਕੇ, ਸਖ਼ਤ ਮਿਹਨਤ ਕਰਕੇ ਆਪਣੀ ਕਮਾਈ ਉਨ੍ਹਾਂ ਨੂੰ ਭੇਜ ਸਕਦੇ ਹਨ। ਉਹ ਹੁਣ ਦੂਰ-ਦੁਰਾਡੇ ਕੰਮਾਂ-ਕਾਰਾਂ ਦੀ ਭਾਲ 'ਚ ਚਲੇ ਗਏ ਹਨ ਤੇ ਉਥੇ ਕੰਮਕਾਰ ਕਰਕੇ ਆਪਣੇ ਰੂਪੋਸ਼ ਹੋਏ ਬਾਗੀ ਕ੍ਰਾਂਤੀਕਾਰੀਆਂ ਨੂੰ ਜ਼ਰੂਰ ਪੈਸੇ ਦਿੰਦੇ ਹਨ।

ਹਰਭਗਤ ਨਰੰਜਣੀਏ ਨੇ ਜ਼ਕਰੀਆ ਖਾਨ ਨੂੰ ਦੱਸਿਆ ਕਿ ਮਾਝੇ ਦੇ ਪੂਹਲੇ ਪਿੰਡ ਦਾ ਤਾਰੂ ਸਿੰਘ ਜੋ ਕਿਸਾਨੀ ਕਰਦਾ ਹੈ ਤੇ ਸਰਕਾਰ ਨੂੰ ਹਾਲਾ-ਮਾਮਲਾ ਵੀ ਦਿੰਦਾ ਹੈ ਪਰ ਉਹ ਆਪ ਬਹੁਤ ਘੱਟ ਖਾਂਦਾ ਹੈ ਤੇ ਆਪਣੀ ਸਾਰੀ ਰਾਸ਼ਨ-ਪਾਣੀ ਦੀ ਬੱਚਤ 'ਚੋਂ ਰੋਟੀਆਂ ਬਣਾ ਕੇ ਜੰਗਲ 'ਚ ਰਹਿੰਦੇ ਆਪਣੇ ਬਾਗੀ-ਕ੍ਰਾਂਤੀਕਾਰੀ ਸਿੱਖ ਭਰਾਵਾਂ ਨੂੰ ਭੇਜਦਾ ਹੈ। ਉਸ ਦੀ ਮਾਤਾ ਤੇ ਭੈਣ ਉਸ ਦੀ ਇਸ ਕੰਮ 'ਚ ਪੂਰੀ ਮਦਦ ਕਰਦੀਆਂ ਹਨ ਤੇ ਉਹ ਆਟਾ ਪੀਸ ਕੇ ਤੇ ਰੋਟੀਆਂ ਬਣਾ ਕੇ ਤਿਆਰ ਕਰਦੀਆਂ ਹਨ। ਉਹ ਆਪ ਆਪਣਾ ਗੁਜ਼ਾਰਾ ਬੜੇ ਸਰਫੇ ਨਾਲ ਕਰਦਾ ਹੈ ਤੇ ਘਰ ਦਾ ਬੁਣਿਆ ਹੋਇਆ ਖੱਦਰ ਪਹਿਨਦਾ ਹੈ। ਉਹ ਜੋ ਵੱਧ ਤੋਂ ਵੱਧ ਬਚਾਉਂਦੇ ਹਨ, ਉਹ ਆਪਣੇ ਸਾਥੀ ਸਿੱਖਾਂ ਨੂੰ ਜੰਗਲ 'ਚ ਭੇਜੀ ਜਾਂਦੇ ਹਨ।

ਇਕ ਦਿਨ ਰਹੀਮ ਬਖ਼ਸ਼ ਮੁਸਲਮਾਨ ਜੋ ਮੱਛੀਆਂ ਫੜਨ ਦਾ ਕੰਮ ਕਰਦਾ ਸੀ, ਰਾਤ ਕੱਟਣ ਲਈ ਭਾਈ ਤਾਰੂ ਸਿੰਘ ਜੀ ਦੇ ਘਰ ਰੁਕਿਆ। ਉਸ ਨੇ ਸੌਣ ਤੋਂ ਪਹਿਲਾਂ ਭਾਈ ਤਾਰੂ ਸਿੰਘ ਨੂੰ ਦੱਸਿਆ ਕਿ, "ਪੱਟੀ ਦਾ ਕਮਾਂਡਰ ਧੱਕੇ ਨਾਲ ਉਸ ਦੀ ਲੜਕੀ ਉਠਾ ਕੇ ਲੈ ਗਿਆ ਹੈ। ਜਦੋਂ ਮੈਂ ਗਵਰਨਰ ਜ਼ਕਰੀਆ ਖਾਨ ਪਾਸ ਕਮਾਂਡਰ ਦੀ ਸ਼ਿਕਾਇਤ ਕੀਤੀ ਤਾਂ ਮੈਨੂੰ ਉਸ ਨੇ ਧੱਕੇ ਮਰਵਾ ਕੇ ਆਪਣੇ ਦਰਬਾਰ 'ਚੋਂ ਬਾਹਰ ਕਢਵਾ ਦਿੱਤਾ। ਗਰੀਬ ਆਦਮੀ ਦੀ ਇਸ ਜ਼ਾਲਮਾਨਾ ਰਾਜ 'ਚ ਕੋਈ ਸੁਣਵਾਈ ਨਹੀਂ ਹੈ। ਭਾਈ ਤਾਰੂ ਸਿੰਘ ਨੇ ਉਸ ਨੂੰ ਕਿਹਾ ਕਿ ''ਤੇਰੀ ਸ਼ਿਕਾਇਤ ਭਾਵੇਂ ਗਵਰਨਰ ਨੇ ਨਹੀਂ ਸੁਣੀ ਹੈ ਪਰ ਇਹ ਸ਼ਿਕਾਇਤ ਗੁਰੂ ਨਾਨਕ ਸੱਚੇ ਪਾਤਸ਼ਾਹ ਦੇ ਦਰਬਾਰ 'ਚ ਜ਼ਰੂਰ ਸੁਣੀ ਗਈ ਹੈ। ਤੇਰੀ ਲੜਕੀ ਕੁਝ ਦਿਨਾਂ ਦੇ ਅੰਦਰ-ਅੰਦਰ ਤੇਰੇ ਘਰ ਜ਼ਰੂਰ ਪਹੁੰਚ ਜਾਵੇਗੀ।

ਕੁਝ ਦਿਨਾਂ ਬਾਅਦ ਸਿੰਘਾਂ ਦਾ ਇਕ ਜਥਾ ਉਧਰ ਦੀ ਗੁਜ਼ਰ ਰਿਹਾ ਸੀ ਤੇ ਉਹ ਸਿੰਘ ਭਾਈ ਤਾਰੂ ਸਿੰਘ ਨੂੰ ਮਿਲੇ ਤੇ ਭਾਈ ਤਾਰੂ ਸਿੰਘ ਨੇ ਰਹੀਮ ਬਖ਼ਸ਼ ਦੀ ਸਾਰੀ ਦੁੱਖ ਭਰੀ ਕਹਾਣੀ ਸਿੰਘਾਂ ਨੂੰ ਸੁਣਾਈ। ਸਿੰਘਾਂ ਨੇ ਪੱਟੀ ਦੇ ਕਮਾਂਡਰ ਦੇ ਘਰ ਰਾਤ ਨੂੰ ਛਾਪਾ ਮਾਰਿਆ ਤੇ ਰਹੀਮ ਬਖ਼ਸ਼ ਦੀ ਲੜਕੀ ਕਮਾਂਡਰ ਦੇ ਘਰੋਂ ਬਰਾਮਦ ਕਰ ਲਈ ਤੇ ਰਹੀਮ ਬਖ਼ਸ਼ ਨੂੰ ਦੇ ਦਿੱਤੀ। ਇਸ ਹਮਲੇ 'ਚ ਪੱਟੀ ਦਾ ਕਮਾਂਡਰ ਮਾਰਿਆ ਗਿਆ। ਪੂਹਲਾ ਪਿੰਡ ਦੇ ਮੁਖੀਏ ਖੁਸ਼ਹਾਲੇ ਨੇ ਇਹ ਸਾਰੀ ਵਾਰਦਾਤ ਜ਼ਕਰੀਆ ਖਾਨ ਨੂੰ ਲਾਹੌਰ ਵਿਖੇ ਜਾ ਸੁਣਾਈ। ਜ਼ਕਰੀਆ ਖਾਨ ਨੇ ਆਪਣੇ ਫੌਜੀਆਂ ਨੂੰ ਭੇਜਿਆ ਕਿ ਭਾਈ ਤਾਰੂ ਸਿੰਘ ਜੀ ਤੇ ਉਸ ਦੀ ਭੈਣ ਬੀਬੀ ਤਾਰ ਕੌਰ (ਤਾਰੋ) ਨੂੰ ਗ੍ਰਿਫ਼ਤਾਰ ਕਰਕੇ ਮੇਰੇ ਸਾਹਮਣੇ ਪੇਸ਼ ਕੀਤਾ ਜਾਵੇ। ਫੌਜੀ ਭਾਈ ਤਾਰੂ ਸਿੰਘ ਜੀ ਦੇ ਘਰ ਉਸ ਨੂੰ ਗ੍ਰਿਫ਼ਤਾਰ ਕਰਨ ਲਈ ਪਹੁੰਚ ਗਏ। ਭਾਈ ਤਾਰੂ ਸਿੰਘ ਨੇ ਪਹਿਲਾਂ ਫੌਜੀਆਂ ਨੂੰ ਪ੍ਰਸ਼ਾਦਾ ਛਕਣ ਲਈ ਕਿਹਾ ਕਿ ਉਹ ਪ੍ਰਸ਼ਾਦਾ ਜ਼ਰੂਰ ਛਕਣ ਕਿਉਂਕਿ ਇਹ ਗੁਰੂ ਕਾ ਲੰਗਰ ਹੈ ਤੇ ਉਸ ਤੋਂ ਬਾਅਦ ਉਸ ਨੂੰ ਗ੍ਰਿਫ਼ਤਾਰ ਕਰ ਲੈਣ ਤੇ ਮੈਂ ਤੁਹਾਡੇ ਨਾਲ ਚਲਾ ਜਾਵਾਂਗਾ। ਫੌਜੀ ਭਾਈ ਤਾਰੂ ਸਿੰਘ ਦੀ ਗੱਲ ਮੰਨ ਗਏ ਤੇ ਉਨ੍ਹਾਂ ਨੇ ਪ੍ਰਸ਼ਾਦ ਛਕ ਲਿਆ ਤੇ ਭਾਈ ਤਾਰੂ ਸਿੰਘ ਤੇ ਉਸ ਦੀ ਭੈਣ ਬੀਬੀ ਤਾਰ ਕੌਰ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਲਾਹੌਰ ਜ਼ਕਰੀਆ ਖਾਨ ਦੇ ਦਰਬਾਰ 'ਚ ਪੇਸ਼ ਕਰ ਦਿੱਤਾ।



ਭਾਈ ਤਾਰੂ ਸਿੰਘ ਤੇ ਉਸ ਦੀ ਭੈਣ ਦੀ ਗ੍ਰਿਫ਼ਤਾਰੀ ਤੋਂ ਬਾਅਦ ਪੂਹਲਾ ਪਿੰਡ ਦੇ ਵਾਸੀ ਇਕੱਠੇ ਹੋ ਕੇ ਲਹੌਰ ਜ਼ਕਰੀਆ ਖਾਨ ਦੇ ਦਰਬਾਰ 'ਚ ਪਹੁੰਚ ਗਏ ਕਿ ਇਨ੍ਹਾਂ ਨੂੰ ਛੁਡਾ ਲਿਆ ਜਾਵੇ। ਬੀਬੀ ਤਾਰ ਕੌਰ ਇਕ ਔਰਤ ਹੋਣ ਕਰਕੇ ਪਿੰਡ ਵਾਸੀਆਂ ਨੇ ਇਕ ਮੁਆਫੀਨਾਮਾ ਲਿਖਿਆ ਤੇ ਬੀਬੀ ਤਾਰ ਕੌਰ ਨੂੰ ਛੁਡਵਾ ਲਿਆ ਪਰ ਭਾਈ ਤਾਰੂ ਸਿੰਘ ਜੀ ਨੇ ਮੁਆਫੀਨਾਮਾ ਲਿਖਣ ਤੋਂ ਇਨਕਾਰ ਕਰ ਦਿੱਤਾ।

ਗਵਰਨਰ ਜ਼ਕਰੀਆ ਖਾਨ ਨੂੰ ਉਮੀਦ ਸੀ ਕਿ ਭਾਈ ਤਾਰੂ ਸਿੰਘ ਜੀ ਨੂੰ ਡਰਾ ਧਮਕਾ ਕੇ ਦੂਸਰੇ ਹੋਰ ਬਾਗੀ-ਕ੍ਰਾਂਤੀਕਾਰੀ ਸਿੰਘਾਂ ਦੇ ਠਿਕਾਣਿਆਂ ਦਾ ਪਤਾ ਲਗਾ ਲਿਆ ਜਾਵੇਗਾ ਤੇ ਉਹ ਡਰਦਾ ਮੁਸਲਮਾਨ ਬਣ ਜਾਵੇਗਾ। ਗਵਰਨਰ ਨੇ ਭਾਈ ਤਾਰੂ ਸਿੰਘ ਨੂੰ ਕਿਹਾ ਕਿ, "ਤੇਰੇ ਸਾਰੇ ਗੁਨਾਹ ਮੁਆਫ਼ ਕਰ ਦਿੱਤੇ ਜਾਣਗੇ ਜੇਕਰ ਤੂੰ ਮੁਸਲਮਾਨ ਬਣ ਜਾਏਂਗਾ, ਨਹੀਂ ਤਾਂ, ਤੂੰ ਮੈਨੂੰ ਆਪਣੇ ਲੰਬੇ ਕੇਸ ਕੱਟ ਕੇ ਦੇ-ਦੇ ਤਾਂ ਕਿ ਮੈਂ ਇਸ ਦੀ ਰੱਸੀ ਬਣਾ ਕੇ ਆਪਣਾ ਮੰਜਾ ਬੁਣ ਸਕਾਂ।'' ਭਾਈ ਤਾਰੂ ਸਿੰਘ ਜੀ ਨੇ ਉੱਤਰ ਦਿੱਤਾ, "ਮੇਰਾ ਇਨ੍ਹਾਂ ਕੇਸਾਂ 'ਚ ਪੂਰੀ ਸਿੱਖੀ ਸਿਦਕੀ ਦਾ ਵਿਸ਼ਵਾਸ ਹੈ ਤੇ ਤੇਰੇ 'ਤੇ ਮੈਂ ਆਪਣੀ ਜੁੱਤੀ ਨਾਲ ਕਾਬੂ ਪਾ ਲਵਾਂਗਾ ਤੇ ਇਸ ਨਾਲ ਤੂੰ ਮਰ ਜਾਏਂਗਾ।''

ਇਹ ਸੁਣਕੇ ਜ਼ਕਰੀਆ ਖਾਨ ਗੁੱਸੇ 'ਚ ਆ ਗਿਆ ਤੇ ਉਸਨੇ ਕਿਹਾ ਕਿ, "ਇਸ ਨੂੰ ਘੁੰਮਦੀ ਹੋਈ ਚਰਖੜੀ 'ਤੇ ਚਾੜ੍ਹ ਕੇ ਤੇ ਬੰਨ੍ਹ ਕੇ, ਪਟਕਾ-ਪਟਕਾ ਕੇ ਜ਼ਮੀਨ ਤੇ ਮਾਰ-ਮਾਰ ਕੇ ਸਜ਼ਾ ਦਿੱਤੀ ਜਾਵੇ ਤੇ ਉਸ ਤੋਂ ਬਾਅਦ ਤਿੱਖੇ ਹਥਿਆਰ ਨਾਲ, ਇਸ ਦੀ ਖੋਪਰੀ ਵਾਲਾਂ ਸਮੇਤ ਉਤਾਰ ਦਿੱਤੀ ਜਾਵੇ ਤਾਂ ਕਿ ਜਿਨ੍ਹਾਂ ਕੇਸਾਂ ਤੇ ਇਹ ਇਤਨਾ ਮਾਣ ਕਰਦਾ ਹੈ ਉਹ ਸਿਰ 'ਤੇ ਰਹਿਣ ਹੀ ਨਾ ਦਿੱਤੇ ਜਾਣ ਤੇ ਇਸ ਤੋਂ ਬਾਅਦ ਇਸ ਨੂੰ ਜੇਲ੍ਹ ਦੀ ਕਾਲ ਕੋਠੜੀ 'ਚ ਸੁੱਟ ਦਿੱਤਾ ਜਾਵੇ ਤਾਂ ਜੋ ਇਹ ਹੌਲੀ-ਹੌਲੀ ਤੜਫਦਾ ਹੋਇਆ ਮਰ ਜਾਵੇ।

ਇਸ ਤੋਂ ਬਾਅਦ ਜਲਾਦ ਨੇ ਇੰਝ ਹੀ ਕੀਤਾ ਤੇ ਭਾਈ ਤਾਰੂ ਸਿੰਘ ਜੀ ਦੀ ਖੋਪੜੀ ਰੰਬੀ ਨਾਲ ਉਤਾਰਨ ਲੱਗ ਪਿਆ ਤੇ ਭਾਈ ਤਾਰੂ ਸਿੰਘ ਜੀ 'ਜਪੁਜੀ ਸਾਹਿਬ' ਦਾ ਪਾਠ ਕਰਦੇ ਰਹੇ। ਜਲਾਦ ਨੇ ਖੋਪੜੀ ਉਤਾਰ ਕੇ ਭਾਈ ਤਾਰੂ ਸਿੰਘ ਜੀ ਨੂੰ ਲਹੂ-ਲੁਹਾਣ ਕਰ ਦਿੱਤਾ ਤੇ ਇਸੇ ਤਰ੍ਹਾਂ ਜ਼ਖਮੀ ਹੋਏ ਤਾਰੂ ਸਿੰਘ ਨੂੰ ਜੇਲ੍ਹ ਦੀ ਕਾਲ ਕੋਠੜੀ 'ਚ ਬੰਦ ਕਰ ਦਿੱਤਾ।

ਉਸੇ ਦਿਨ ਸ਼ਾਮ ਨੂੰ ਗਵਰਨਰ ਜ਼ਕਰੀਆ ਖਾਨ ਦਾ ਪਿਸ਼ਾਬ ਬੰਦ ਹੋ ਗਿਆ ਤੇ ਉਹ ਭਿਆਨਕ ਦਰਦ ਨਾਲ ਤੜਫਣ ਲੱਗਾ। ਵੈਦਾਂ-ਹਕੀਮਾਂ ਨੇ ਬੜਾ ਓਹੜ-ਪੋਹੜ ਕੀਤਾ ਪਰ ਪਿਸ਼ਾਬ ਦਾ ਬੰਨ੍ਹ ਨਾ ਟੁੱਟਿਆ, ਸਗੋਂ ਦਰਦ ਹੋਰ ਵਧਦੀ ਗਈ। ਜ਼ਕਰੀਆ ਖਾਨ ਦੇ ਸਲਾਹਕਾਰਾਂ ਨੇ ਉਸ ਨੂੰ ਕਿਹਾ ਕਿ ਇਹ ਭਾਈ ਤਾਰੂ ਸਿੰਘ ਜੀ ਨਾਲ ਕੀਤੀ ਗਈ ਜ਼ਾਲਮਾਨਾ ਕਾਰਵਾਈ ਦਾ ਹੀ ਨਤੀਜਾ ਹੋ ਸਕਦਾ ਹੈ। ਇਸ ਲਈ ਹੋ ਸਕੇ ਤਾਂ ਭਾਈ ਤਾਰੂ ਸਿੰਘ ਜੀ ਤੇ ਸਿੱਖ-ਪੰਥ ਕੋਲੋਂ ਮੁਆਫ਼ੀ ਮੰਗ ਲਈ ਜਾਵੇ। ਜ਼ਕਰੀਆ ਖਾਨ ਇਸ ਗੱਲ ਲਈ ਮੰਨ ਗਿਆ ਤੇ ਉਸ ਨੇ ਭਾਈ ਸੁਬੇਗ ਸਿੰਘ ਨੂੰ ਭਾਈ ਤਾਰੂ ਸਿੰਘ ਜੀ ਪਾਸ ਭੇਜਿਆ ਕਿ ਉਹ ਗਵਰਨਰ ਜ਼ਕਰੀਆ ਖਾਨ ਨੂੰ ਮੁਆਫ਼ ਕਰ ਦੇਵੇ ਕਿਉਂਕਿ ਉਸ ਨੇ ਤੁਹਾਡੇ 'ਤੇ ਬਹੁਤ ਅੱਤਿਆਚਾਰ ਕੀਤੇ ਹਨ। ਭਾਈ ਤਾਰੂ ਸਿੰਘ ਜੀ ਨੇ ਇਸ ਗੱਲ ਦਾ ਫੈਸਲਾ ਕਰਨ ਲਈ, ਭਾਈ ਸੁਬੇਗ ਸਿੰਘ ਨੂੰ ਕਿਹਾ ਕਿ ਇਸ ਦਾ ਫੈਸਲਾ 'ਦਲ-ਖਾਲਸਾ' ਹੀ ਕਰੇਗਾ ਤੇ ਤੁਸੀਂ ਇਸ ਦੇ ਨੇਤਾ ਪਾਸ ਹੀ ਜਾਓ। ਸੁਬੇਗ ਸਿੰਘ ਜੀ ਦਲ-ਖਾਲਸਾ ਦੇ ਨੇਤਾ ਪਾਸ ਗਏ। ਨੇਤਾ ਨੇ ਕਿਹਾ, ਉਸ ਨੂੰ ਪਿਸ਼ਾਬ ਆ ਜਾਏਗਾ ਜੇਕਰ ਜ਼ਕਰੀਆ ਖਾਨ ਆਪਣੇ ਸਿਰ 'ਤੇ ਭਾਈ ਤਾਰੂ ਸਿੰਘ ਜੀ ਦੀ ਜੁੱਤੀ ਖਾਏ।'' 'ਦਲ ਖਾਲਸਾ' ਦੇ ਨੇਤਾ ਦੇ ਕਹੇ ਗਏ ਸ਼ਬਦਾਂ ਦੀ ਪੂਰਤੀ ਕੀਤੀ ਗਈ। ਜਦੋਂ ਜ਼ਕਰੀਆ ਖਾਨ ਨੇ ਭਾਈ ਤਾਰੂ ਸਿੰਘ ਜੀ ਦੀ ਜੁੱਤੀ ਆਪਣੇ ਸਿਰ ਤੇ ਖਾਧੀ ਤਾਂ ਉਸ ਨੂੰ ਪਿਸ਼ਾਬ ਆ ਗਿਆ ਤੇ ਉਸ ਦੀ ਦਰਦ ਬੰਦ ਹੋ ਗਈ। ਗਵਰਨਰ ਜ਼ਕਰੀਆ ਖਾਨ ਭਾਈ ਤਾਰੂ ਸਿੰਘ ਜੀ ਦੀ ਆਪਣੇ ਸਿਰ 'ਤੇ ਜੁੱਤੀ ਖਾਣ ਉਪਰੰਤ ਬਹੁਤ ਭਾਵੁਕ ਹੋ ਗਿਆ ਤੇ ਅੰਦਰੋ-ਅੰਦਰ ਹੀ ਇਸ ਤਰ੍ਹਾਂ ਹੋਈ ਬੇਇੱਜ਼ਤੀ ਮਹਿਸੂਸ ਕਰਨ ਲੱਗਾ ਤੇ ਉਸ ਦੀ ਮਾਨਸਿਕਤਾ ਤੇ ਬੜਾ ਗਹਿਰਾ ਪ੍ਰਭਾਵ ਪਿਆ ਤੇ ਇਸ ਬੇਇੱਜ਼ਤੀ ਨੂੰ ਨਾ ਸਹਾਰਦਾ ਹੋਇਆ, ਚਿੰਤਾ ਫਿਕਰ 'ਚ ਹੀ ਇਸ ਸੰਸਾਰ ਤੋਂ 30 ਜੂਨ 1745 ਨੂੰ ਕੂਚ ਕਰ ਗਿਆ। ਭਾਈ ਤਾਰੂ ਸਿੰਘ ਜੀ ਵੀ, ਆਪਣੀ ਖੋਪਰੀ ਉਤਰਨ ਤੋਂ 22 ਦਿਨਾਂ ਤੱਕ ਜਿੰਦਾ ਰਹੇ ਤੇ ਜ਼ਕਰੀਆ ਖਾਨ ਦੀ ਮੌਤ ਦੀ ਖ਼ਬਰ ਸੁਣ ਕੇ, ਪਹਿਲੀ ਜੁਲਾਈ 1745 ਨੂੰ ਆਪਣੇ ਪ੍ਰਾਣ ਤਿਆਗ ਕੇ ਸ਼ਹੀਦ ਹੋ ਗਏ।ਸ਼ਹੀਦ ਭਾਈ ਤਾਰੂ ਸਿੰਘ ਜੀ ਦੀ ਉਸ ਸਮੇਂ ਉਮਰ ਸਿਰਫ 25 ਸਾਲ ਸੀ। ਉਸਦੀ ਮ੍ਰਿਤਕ ਦੇਹ ਦਾ ਸੰਸਕਾਰ ਕਰਨ ਸਮੇਂ 'ਸ੍ਰੀ ਦਰਬਾਰ ਸਾਹਿਬ' ਦੇ ਪਵਿੱਤਰ ਸਰੋਵਰ 'ਚੋਂ ਜਲ ਲਿਆਂਦਾ ਗਿਆ ਤੇ ਉਨ੍ਹਾਂ ਦੇ ਦੇਹ ਤੇ ਇਸ ਜਲ ਦਾ ਛਿੱਟਾ ਦੇ ਕੇ, ਲਾਹੌਰ ਦੇ ਦਿੱਲੀ ਗੇਟ ਦੇ ਬਾਹਰ ਉਨ੍ਹਾਂ ਦਾ ਸੰਸਕਾਰ ਕਰ ਦਿੱਤਾ ਗਿਆ।

1762 'ਚ ਭੰਗੀ ਸਿੱਖ ਸਰਦਾਰਾਂ ਨੇ ਲਾਹੌਰ ਜਿੱਤ ਲਿਆ ਤੇ ਜਿੱਥੇ ਸ਼ਹੀਦ ਭਾਈ ਤਾਰੂ ਸਿੰਘ ਜੀ ਦੀ ਖੋਪਰੀ ਉਤਾਰੀ ਗਈ ਸੀ, ਉਸ ਜਗ੍ਹਾ ਨੂੰ ਆਪਣੇ ਕਬਜ਼ੇ 'ਚ ਕਰ ਲਿਆ ਤੇ ਨਾਲ ਲੱਗਦੀ ਅਬਦੁਲਾ ਖਾਨ ਦੀ ਮਸੀਤ 'ਤੇ ਵੀ ਕਬਜ਼ਾ ਕਰ ਲਿਆ ਤੇ ਇਸ ਸਾਰੀ ਜਗ੍ਹਾ 'ਤੇ ਸ਼ਹੀਦ ਭਾਈ ਤਾਰੂ ਸਿੰਘ ਜੀ ਦੀ ਯਾਦ 'ਚ ਗੁਰਦੁਆਰਾ ਬਣਾ ਦਿੱਤਾ।

ਇਸ ਨੂੰ ਅੱਜਕਲ੍ਹ 'ਗੁਰਦੁਆਰਾ ਸ਼ਹੀਦ ਗੰਜ' ਕਹਿੰਦੇ ਹਨ ਤੇ ਇਹ ਲਾਹੌਰ ਦੇ ਨੌਲੱਖਾ ਬਾਜ਼ਾਰ 'ਚ ਸਥਿਤ ਹੈ। ਇਹ ਗੁਰਦੁਆਰਾ ਸਿੱਖਾਂ ਲਈ ਇਕ ਪੂਜਣਯੋਗ ਤੇ ਪ੍ਰੇਰਨਾਯੋਗ ਸਥਾਨ ਬਣ ਗਿਆ ਹੈ ਕਿ ਸਿੱਖੀ ਸਿਦਕ ਕਿਸ ਤਰ੍ਹਾਂ ਨਿਭਾਈਦਾ ਹੈ ਤੇ ਗੁਰੂ ਸਾਹਿਬ ਵੱਲੋਂ ਬਖ਼ਸ਼ੇ ਗਏ ਪਵਿੱਤਰ ਕੇਸਾਂ ਦੀ ਕੀਮਤ ਕੀ ਹੁੰਦੀ ਹੈ।

ਲੁਧਿਆਣਾ ਸ਼ਹਿਰ 'ਚ ਵੀ ਸ਼ਹੀਦ ਭਾਈ ਤਾਰੂ ਸਿੰਘ ਜੀ ਤੇ ਇਸ ਤਰ੍ਹਾਂ ਦੇ ਹੋਰ ਮਹਾਨ ਸਿੱਖ ਸ਼ਹੀਦਾਂ ਦੀ ਯਾਦ 'ਚ ਇਕ ਗੁਰਦੁਆਰਾ ਬਣਾਇਆ ਗਿਆ ਹੈ, ਜਿੱਥੇ ਸ਼ਹੀਦ ਭਾਈ ਤਾਰੂ ਸਿੰਘ ਜੀ ਦੀ ਸਾਰੀ ਜੀਵਨੀ ਚਿੱਤਰਾਂ ਦੁਆਰਾ ਦਰਸਾਈ ਗਈ ਹੈ ਤਾਂ ਕਿ ਆਉਣ ਵਾਲੀਆਂ ਨਸਲਾਂ ਅਜਿਹੇ ਸੂਰਬੀਰ ਸਿੰਘ ਯੋਧਿਆਂ ਦੀਆਂ ਕੁਰਬਾਨੀਆਂ ਤੇ ਸ਼ਹੀਦੀਆਂ ਤੋਂ ਪ੍ਰੇਰਨਾ ਲੈ ਸਕਣ। ਸ਼ਹੀਦ ਭਾਈ ਤਾਰੂ ਸਿੰਘ ਜੀ ਨੇ ਆਪਣੀ ਸ਼ਹਾਦਤ ਦੇ ਕੇ ਇਹ ਸਾਬਤ ਕਰ ਦਿੱਤਾ ਕਿ ਸਿੱਖ ਸਿੱਖੀ-ਸਿਦਕ ਦੇ ਕਿੰਨੇ ਪੂਰੇ ਹਨ ਤੇ ਕਿਸੇ ਵੀ ਜ਼ਾਲਮ ਸਰਕਾਰ ਦੇ ਅੱਤਿਆਚਾਰਾਂ ਤੇ ਮੌਤ ਤੋਂ ਡਰਦੇ ਨਹੀਂ ਹਨ।

# ਪੰਜਾਬੀ ਫਿਲਮ ਚਰਚਾ

**- ਅੰਮ੍ਰਿਤ ਪਵਾਰ**



### ਲਾਲੀਵੁੱਡ ਦਾ ਨਵਾਂ ਹੀਰੋ - ਜਿੱਦੀ ਰਾਣਾ

ਲਾਲੀਵੁੱਡ ਵਿੱਚ 'ਜਿੱਦੀ ਰਾਣਾ' ਫ਼ਿਲਮ ਨੂੰ ਲੋਕਾਂ ਖੂਬ ਪਸੰਦ ਕੀਤਾ ਹੈ ਤੇ ਨਵੇਂ ਮੁੰਡੇ ਰਾਣਾ ਜ਼ਹੀਰ ਅਬਾਸ ਨੇ ਐਕਸ਼ਨ ਕਿਰਦਾਰ ਨਾਲ ਸੁਲਤਾਨ ਰਾਹੀਂ ਦੇ ਬਚਪਨ ਦੇ ਫ਼ਿਲਮੀ ਸਮੇਂ ਦੀ ਯਾਦ ਦਿਵਾਈ ਹੈ।



ਸਾਇਆ ਖੁਨ 2, ਰੌਸ਼ਨੀ, ਜ਼ਗ ਨੂਰ ਉਸ ਨਾਲ ਫ਼ਿਓਮਪ;ਲਮ 'ਚ ਹਨ। ਫ਼ਿਲਮ ਦੇ ਟਾਈਟਲ ਮੁਤਾਬਿਕ ਉਹ 'ਜਿੱਦੀ ਰਾਣਾ' ਦੇ ਨਾਂਅ ਨਾਲ ਮਸ਼ਹੂਰ ਹੋ ਗਿਆ ਹੈ। ਨਸੀਬੋ ਤੇ ਰਿਦਾ ਸ਼ਾਹ ਨੇ ਫ਼ਿਲਮ ਦੇ ਗੀਤ ਗਾਏ ਹਨ। ਜਿੱਦੀ ਰਾਣਾ ਇੱਕ ਹੀ ਖੁਆਬ ਲੈ ਕਿ ਤੁਰਿਆ ਹੈ ਕਿ ਸ਼ਾਲਾ ਮੋਆਮਰ ਰਾਣਾਂ ਦੀ ਤਰ੍ਹਾਂ ਨਾਂਅ ਕਮਾਉਣਾ ਹੈ।

### ਬਣੇਗੀ ਸਟਾਰ ਦਿਲਜੋਤ

'ਟੇਸ਼ਨ' 'ਰੰਗ ਰੱਤਾ' ਫ਼ਿਲਮਾਂ ਵਾਲੀ ਅਭਿਨੇਤਰੀ ਦਿਲਜੋਤ ਗੁਲਾਬ ਦੇ ਫੁੱਲ ਵਰਗੀ ਗੁਲਾਬੀ ਚਿਹਰੇ ਵਾਲੀ ਮੁਟਿਆਰ ਹੈ। ਕਨੇਡਾ ਵਿਖੇ ਉਸਨੂੰ ਪੰਜਾਬੀਆਂ ਨੇ ਖੂਬ ਸਨੇਹ ਦਿੱਤਾ ਹੈ ਤੇ ਦਿਲਜੋਤ ਗਾਇਕਾ ਬਣ ਵੀ ਆ ਚੁੱਕੀ ਹੈ। ਦਿਲਜੋਤ ਅਭਿਨੈ ਦੀ ਮੂਰਤ ਦੇ ਨਾਲ ਨਾਲ ਗਲੈਮਰ ਪੱਖੋਂ ਵੀ ਅਮੀਰ ਹੈ ਤੇ 'ਗਲੈਮਰ ਗਰਲ' ਬਣ ਉਹ ਲੋਕਪ੍ਰਿਯ ਬਣੇਗੀ।

### ਸੰਗੀਤ ਖੇਤਰ ਵਿੱਚ ਪਰਦੇ ਪਿੱਛੇ ਸਰਗਰਮ - ਸ਼ਮਸ਼ੇਰ ਸਿੰਘ

ਬਹਿਬਲ ਚੱਕ ਦੇ ਸ਼ਮਸ਼ੇਰ ਸਿੰਘ ਨੇ ਸ਼ੁਰੂ 'ਚ ਐਕਟਿੰਗ ਕੀਤੀ ਤੇ ਸਤਕੋਹਾ ਸਕੂਲ ਪੜ੍ਹਨ ਸਮੇਂ ਜਿਲ੍ਹਾ ਪੱਧਰੀ ਕਈ ਸਨਮਾਨ ਲਏ। ਇੰਜੀਨੀਅਰ ਬਣਨ ਦਾ ਸੁਪਨਾ ਉਸਦੇ ਪਿਤਾ ਬਲਦੇਵ ਸਿੰਘ ਦਾ ਸੀ ਪਰ ਐਕਟਿੰਗ ਤੋਂ ਬਾਅਦ ਪਰਦੇ ਪਿੱਛੇ ਸੰਗੀਤ ਦੇ ਪ੍ਰੋਜੈਕਟ ਕਰਦਾ ਉਹ ਕਈ ਕੰਪਨੀਆਂ ਦਾ ਪ੍ਰੋਜੈਕਟ ਮੈਨੇਜਰ ਬਣ ਗਿਆ। ਹੁਣ ਕਿਸੇ ਵੀ ਪ੍ਰੋਜੈਕਟ ਦੀ ਪੂਰੀ ਯੋਜਨਾ ਤੇ ਸਿਰੇ ਚੜ੍ਹਾਈ ਉਸਦਾ ਕੰਮ ਹੈ। ਫ਼ਿਲਮੀ ਪ੍ਰੋਜੈਕਟ ਮਿਲਿਆ ਤਾਂ ਬਜ਼ਟ ਘੱਟ ਨਾਲ ਵਧੀਆ ਫ਼ਿਲਮ ਉਸਦੀ ਖਾਸੀਅਤ ਹੋਏਗੀ।







### ਘੁੱਲੇ ਸ਼ਾਹ ਦਾ 'ਬਰਥ ਡੇ ਗਿਫ਼ਟ'

ਲਾਟਰੀ ਅਮਰ ਨਿਮਾਣਾ ਦੀ ਡਾਇਰੈਕਟਰ ਵਜੋਂ ਇੰਟਰਨੈਟ ਫਿਲਮਾਂ 'ਚ ਲੱਗ ਗਈ ਹੈ। 'ਲਾਡਲਾ ਨੌਕਰ' ਤੋਂ ਬਾਅਦ ਸੁਰਿੰਦਰ ਫਰਿਸ਼ਤਾ ਦੀ ਫ਼ਿਲਮ 'ਬਰਥ ਡੇ ਗਿਫਟ' ਉਸ ਨੇ ਕੀਤੀ ਹੈ। ਸਾਬੀ ਅਟਵਾਲ ਦਾ ਸਾਥ ਹੈ। ਸ਼ਾਈਨ ਨਰੰਗ, ਕਾਂਸੀਰਾਮ ਚੰਨ ਨੂੰ ਲੈ ਕਿ ਬਣੀ ਫ਼ਿਲਮ 'ਬਰਥ ਡੇ ਗਿਫਟ' ਦੇ ਚਰਚੇ ਸਾਰੇ ਪਾਸੇ ਹੋ ਰਹੇ ਹਨ।







### 'ਰੋਡੇ ਕਾਲਜ' ਕਰਨਗੇ - ਯੋਗਰਾਜ ਸਿੰਘ

ਹਕੀਕੀ ਫ਼ਿਲਮਾਂ ਦਾ ਦੌਰ ਪਾਲੀਵੁੱਡ 'ਚ ਸ਼ੁਰੂ ਹੋਣਾ ਚੰਗੀ ਗੱਲ ਹੈ। 'ਮੌੜ' 'ਜੱਟ ਜਿਊਣਾ ਮੌੜ' 'ਮਸਤਾਨੇ' ਬਾਅਦ ਹੈਪੀ ਰੋਡੇ ਦੀ 'ਰੋਡੇ ਕਾਲਜ' 'ਚ ਯੋਗਰਾਜ ਸਿੰਘ ਵੀ ਹਨ। ਈਸ਼ਾ ਰਿਖੀ, ਮਾਨਵ ਵਿਜ, ਸੋਨਪ੍ਰੀਤ ਜਵੰਦਾ ਨਾਲ ਯੋਗਰਾਜ ਸਿੰਘ ਹਨ। 'ਰੋਡੇ' ਕਾਲਜ ਪ੍ਰਤੀ ਨੀਨਾ ਬੁੰਧੇਲ ਨੇ ਯੋਗਰਾਜ ਸਿੰਘ ਹੱਥ ਸ਼ੁੱਭਕਾਮਨਾਵਾਂ ਭੇਜੀਆਂ ਹਨ।

### ਸ਼ੰਮੀ ਖਾਨ ਆਸਟਰੇਲੀਆਂ ਤੋਂ ਭਾਰਤ


'ਮਿਰਜਾ' ਵਾਲਾ ਸ਼ੰਮੀ ਖਾਨ ਆਸਟਰੇਲੀਆ ਵਿਖੇ ਗਾਇਕੀ ਰੰਗ ਬਿਖੇਰ ਵਾਪਿਸ ਭਾਰਤ ਪਰਤ ਆਏ ਹਨ। ਵੱਡੇ-ਵੱਡੇ ਸੱਭਿਆਚਾਰ ਮੇਲੇ ਤੇ 'ਨਗਾੜਾ ਟੀ.ਵੀ.' ਲਈ ਖਾਸ ਗਾਇਕੀ ਸ਼ੋਅ ਲਾ ਰਹੇ ਸ਼ੰਮੀ ਖਾਨ ਨੇ ਕਿਹਾ ਕਿ ਮੈਲਬੋਰਨ ਦੇ ਪੰਜਾਬੀ ਚਾਹੁੰਦੇ ਸਨ ਕਿ ਕਿਰਨ ਰੰਧਾਵਾ ਅਗਲੀ ਵਾਰ ਜਰੂਰ ਉਸ ਨਾਲ ਆਏ।



# ਪੁਸਤਕ ਸਮੀਖਿਆ

**ਵਹਿਮੀ ਬਾਦਸ਼ਾਹ**
**ਰੀਵਿਊਕਾਰ: ਬਲਜਿੰਦਰ ਮਾਨ 98150-18947**
**ਕਹਾਣੀਕਾਰ: ਪ੍ਰਿੰ.ਬਹਾਦਰ ਸਿੰਘ ਗੋਸਲ**
**ਪ੍ਰਕਾਸਕ: ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ ਮਾਹਿਲਪੁਰ (ਹੁਸ਼ਿਆਰਪੁਰ)**
**ਪੰਨੇ: 32, ਮੁੱਲ: 125/-**

ਪ੍ਰਿੰ. ਬਹਾਦਰ ਸਿੰਘ ਗੋਸਲ ਨੇ ਸਾਹਿਤ ਜਗਤ ਵਿਚ ਸੰਦਲੀ ਪੈੜਾਂ ਪਾਈਆਂ ਹਨ।ਆਪ ਬੜੇ ਲੰਮੇ ਸਮੇਂ ਤੋਂ ਸਾਹਿਤ ਸਾਧਨਾਂ ਵਿਚ ਜੁਟੇ ਹੋਏ ਹਨ। 60 ਬਾਲ ਪੁਸਤਕਾਂ ਅਤੇ 20 ਤੋਂ ਵੱਧ ਪ੍ਰੋੜਾਂ ਵਾਸਤੇ ਪੁਸਤਕਾਂ ਨਾਲ ਸਾਹਿਤ ਜਗਤ ਵਿਚ ਨਿੱਗਰ ਯੋਗਦਾਨ ਪਾ ਚੁੱਕੇ ਹਨ। ਉਹਨਾਂ ਕੋਲ ਜੀਵਨ ਦੇ ਕੌੜੇ ਮਿੱਠੇ ਤਜਰਬਿਆਂ ਦਾ ਭੰਡਾਰ ਹੈ। ਇਸ ਭੰਡਾਰ ਵਿਚੋਂ ਘਟਨਾਵਾਂ ਨੂੰ ਲੈ ਕੇ ਬਹੁਤ ਰੌਚਕ ਕਹਾਣੀਆਂ ਦੀ ਸਿਰਜਣਾ ਕਰਦੇ ਰਹਿੰਦੇ ਹਨ। ਉਹਨਾਂ ਵਾਰਤਕ ਦੇ ਨਾਲ ਨਾਲ ਕਾਵਿ ਜਗਤ ਵਿਚ ਸ਼ਾਨਦਾਰ ਕਿਰਤਾਂ ਦਾ ਯੋਗਦਾਨ ਪਾਇਆ ਹੈ। ਅਖ਼ਬਾਰਾਂ ਰਸਾਲਿਆਂ ਵਿਚ ਉਹਨਾਂ ਦੀਆਂ ਰਚਨਾਵਾਂ ਨੂੰ ਬਾਲ ਪਾਠਕ ਬੜੀ ਰੀਝ ਨਾਲ ਪੜ੍ਹਦੇ ਹਨ। ਹੱਥਲੀ ਪੁਸਤਕ 'ਵਹਿਮੀ ਬਾਦਸ਼ਾਹ' ਵਿਚ ਬਾਲ ਮਨ ਅੰਦਰ ਵਸਦੇ ਭਰਮ ਭੁਲੇਖਿਆਂ ਨੂੰ ਦੂਰ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਪੁਸਤਕ ਵਿਚ ਸ਼ਾਮਲ ਨੌਂ ਕਹਾਣੀਆਂ ਬਾਲ ਜੀਵਨ ਨੂੰ ਸਾਆਰਨ ਅਤੇ ਸ਼ਿੰਗਾਰਨ ਵਾਲੀਆਂ ਹਨ।





ਵਹਿਮੀ ਬਾਦਸ਼ਾਹ ਨਾਮੀ ਕਹਾਣੀ ਵਿਚ ਬਾਦਸ਼ਾਹ ਵਹਿਮ ਦੇ ਕਾਰਨ ਹੀ ਆਪਣਾ ਰਾਜ ਭਾਗ ਗੁਆ ਲੈਂਦਾ ਹੈ। ਅਖੀਰ ਉਸਦਾ ਰਾਜ ਕੁਮਾਰ ਸਾਰੀ ਹਕੀਕਤ ਜਾਣ ਕੇ ਸਾਜਿਸ਼ ਘੜਨ ਵਾਲਿਆਂ ਨੂੰ ਜੇਲ ਭੇਜ ਦਿੰਦਾ ਹੈ।ਸੋਨੇ ਦੀ ਇੱਟ ਕਹਾਣੀ ਰਾਹੀਂ ਕਿਰਤ ਦਾ ਸੁਨੇਹਾ ਦਿੱਤਾ ਗਿਆ ਹੈ। ਅਸੀਂ ਉਸੇ ਵਸਤੂ ਦੇ ਹੱਕਦਾਰ ਹਾਂ ਜੋ ਅਸੀਂ ਮਿਹਨਤ ਅਤੇ ਮੁਸ਼ੱਕਤ ਨਾਲ ਕਮਾਈ ਹੁੰਦੀ ਹੈ।ਪੱਪੂ ਦੀ ਸੋਚ ਕਹਾਣੀ ਸਾਨੂੰ ਕਿਰਤ ਕਰਨ ਲਈ ਤਿਉਹਾਰ ਕਰਦੀ ਹੈ। ਇਸ ਤਰ੍ਹਾਂ ਇਹ ਸਭ ਕਹਾਣੀਆਂ ਬਾਲ ਪਾਠਕਾਂ ਅੰਦਰ ਮਿਹਨਤ, ਹਿੰਮਤ, ਲਗਨ, ਇਮਾਨਦਾਰੀ, ਨਿਸ਼ਚਾ, ਕੁਦਰਤ ਨਾਲ ਪਿਆਰ,ਵੱਡਿਆਂ ਦਾ ਸਤਿਕਾਰ ਆਦਿ ਗੁਣ ਉਪਜਾਉਂਦੀਆਂ ਹਨ। ਇਹਨਾਂ ਰੌਚਕ ਕਹਾਣੀਆਂ ਨੂੰ ਚਿੱਤਰਾਂ ਸਮੇਤ ਪ੍ਰਕਾਸ਼ਿਤ ਕੀਤਾ ਗਿਆ ਹੈ। ਆਪ ਦੀ ਲਿਖਣ ਸ਼ੈਲੀ ਬਾਲ ਮਨਾ ਦੀ ਹਾਣੀ ਹੈ। ਇਹ ਕਹਾਣੀਆਂ ਪਾਠਕਾਂ ਅੰਦਰ ਨਵੇਂ ਸੁਪਨੇ ਸੰਜੋਦੀਆਂ ਹੋਈਆਂ ਸਾਡੇ ਅੰਦਰ ਉਚੇਰੀਆਂ ਕਦਰਾਂ ਕੀਮਤਾਂ ਮਨੋਰੰਜਕ ਢੰਗ ਨਾਲ ਭਰਦੀਆਂ ਹਨ। ਇਸ ਪੁਸਤਕ ਵਿਚ ਨਿੱਕੜੇ ਬਾਲਾਂ ਲਈ ਵੱਡੇ ਸੁਨੇਹੇ ਦਿੱਤੇ ਗਏ ਹਨ ਤਾਂ ਕਿ ਉਹ ਜੀਵਨ ਵਿਚ ਸਫ਼ਲਤਾ ਦੀਆਂ ਪੌੜ੍ਹੀਆਂ ਚੜ੍ਹ ਸਕਣ। ਸਮੇਂ ਦੀ ਨਬਜ਼ ਨੂੰ ਪਛਾਣਦਿਆਂ ਨਵੇਂ ਰਾਹਾਂ ਦਾ ਨਿਰਮਾਣ ਕਰਨ ਦੀ ਤਕਨੀਕ ਵੀ ਸਿਖਾਈ ਗਈ ਹੈ। ਵਾਰਤਾਲਾਪ ਐਨੀ ਦਿਲਚਸਪ ਹੈ ਕਿ ਪਾਠਕ ਅੱਗੇ ਤੋਂ ਅਗੇਰੇ ਪੜ੍ਹਦਾ ਜਾਂਦਾ ਹੈ।ਆਪ ਦੀ ਲਿਖਣ ਕਲਾ ਕਮਾਲ ਦੀ ਹੈ। ਪਾਠਕ ਨੂੰ ਉਂਗਲੀ ਫੜ ਨਾਲ ਤੋਰ ਲੈਂਦੇ ਹਨ। ਕਹਾਣੀਆਂ ਦੀ ਰਵਾਨਗੀ ਅਤੇ ਨਾਟਕੀ ਤੱਤ ਪਾਠਕਾਂ ਦੇ ਮਨ ਨੂੰ ਤ੍ਰਿਪਤੀ ਬਖ਼ਸ਼ਦੇ ਹਨ। ਬਚਪਨ ਨਾਲ ਜੁੜੇ ਰਹਿਣਾ, ਹਿੰਮਤ ਨਾ ਹਾਰਨਾ, ਵਿਗਿਆਨਕ ਸੋਚ, ਵਹਿਮਾਂ ਤੋਂ ਛੁਟਕਾਰਾ, ਸਤਿਕਾਰ ਅਤੇ ਵਿਚਾਰ ਆਦਿ ਗੁਣ ਇਹਨਾਂ ਕਹਾਣੀਆਂ ਰਾਹੀਂ ਪਾਠਕਾਂ ਦੇ ਦਿਲਾਂ ਵਿਚ ਆਪ ਮੁਹਾਰੇ ਰਚਦੇ ਜਾਂਦੇ ਹਨ। ਇਸ ਕੀਮਤੀ ਅਤੇ ਮਨੋਵਿਗਿਆਨਕ ਕਿਰਤ ਨੂੰ ਪੜ੍ਹਕੇ ਪਾਠਕ ਆਪਣੇ ਜੀਵਨ ਦੇ ਹਨੇਰੇ ਕੋਨਿਆਂ ਨੂੰ ਰੌਸਨ ਕਰਨ ਦੀ ਸਮਰੱਥਾ ਹਾਸਲ ਕਰ ਸਕਦੇ ਹਨ।

# ਸੰਪਾਦਕ ਨਿੱਕੀਆਂ ਕਰੂੰਬਲਾਂ, ਮਾਹਿਲਪੁਰ (ਹੁਸ਼ਿਆਰਪੁਰ)

# .ਗਜ਼ਲ

ਡੁੱਬ ਗਿਆ ਸੂਰਜ ਭਾਵੇਂ
ਟਹਿਕਦੇ ਤਾਰੇ ਰਹੇ।
ਹਨੇਰੇ ਸੰਗ ਜੂਝਦੇ ਤਦ
ਜੁਗਨੂੰ ਵਿਚਾਰੇ ਰਹੇ।

ਫੁੱਟ ਪਿਆ ਲਾਵਾ ਉਬਲਦਾ
ਹਿਕ ਚੀਰ ਕੇ ਧਰਤ ਦੀ
ਸ਼ਾਂਤ ਦਿਸਦੇ ,ਅੰਦਰੋਂ ਖੌਲਦੇ
ਸਾਗਰ ਖਾਰੇ ਰਹੇ।

ਇੱਕ ਮਿੱਕ ਹੋਈਆਂ ਜਦੋਂ
ਸਭ ਝੌਂਪੜ ਪੱਟੀਆਂ,
ਉਹਨਾਂ ਮੂਹਰੇ ਝੁਕਦੇ
ਇਹ ਮਹਿਲ ਮੁਨਾਰੇ ਰਹੇ।

ਜਦੋਂ ਜਦੋਂ ਵੀ ਇਕ ਮੁੱਠ
ਹੋਕੇ ਲੜਿਆ ਪੰਥ ਖ਼ਾਲਸਾ
ਭੁੱਖਣਭਾਣੇ ਚਾਲੀ ਵੀ
ਲੱਖਾਂ ਉਤੇ ਭਾਰੇ ਰਹੇ।

ਝੁਕਦੀਆਂ ਸੀ ਜਿੱਤਾਂ ਸਦਾ
ਗੁਰੂ ਪੰਥ ਸਾਹਮਣੇ
ਜਦੋਂ ਤੀਕਰ ਖਾਲਸੇ
ਨਿਵੇਕਲੇ ਨਿਆਰੇ ਰਹੇ।

ਜਮਰੌਦ ਤੀਕਰ ਝੂਲਿਆ
ਨੀਲਾ ਪਰਚਮ ਪੰਥ ਦਾ
ਜਦੋਂ ਤੱਕ ਖੜਕਦੇ ਰਲਕੇ
ਖੰਡੇ ਦੋ ਧਾਰੇ ਰਹੇ।

ਪੈਰ ਦੀ ਬੇੜੀ ਜਦ
ਕਿਰਪਾਨ, ਨੇਜਾ, ਢਾਲ ਬਣੀ
ਅਕਸਰ ਕੱਟੇ ਜਾਂਦੇ ਕਸ਼ਟ
ਸਾਰੇ ਦੇ ਸਾਰੇ ਰਹੇ।

ਸੱਜਦੀਆਂ ਰਹੀਆਂ
ਕਿਰਤੀਆਂ ਸਿਰ ਕਲਗੀਆਂ
ਜਦੋਂ ਤੱਕ ਵਜਦੇ ਉੱਚੇ
ਰਣਜੀਤ ਨਗਾਰੇ ਰਹੇ।

ਜਦ ਘੇਰਿਆ ਦਿੱਲੀ ਨੂੰ
ਹੋਕੇ ਇਕ ਮੁੱਠ ਪੰਜਾਬ ਨੇ
ਹੱਕੇ ਬੱਕੇ ਅਮਿਤ, ਮੋਦੀ
ਤੇ ਧੂਤੂ ਸਾਰੇ ਰਹੇ।

ਨਿਕਲਦਾ ਜਨਾਜ਼ਾ
ਪੰਜ ਸਾਲ ਬਾਅਦ ਕਾਨੂੰਨ ਦਾ
ਮੁੱਠੀ ਭਰ ਨੋਟਾਂ ਵਾਲੇ
ਵੋਟਾਂ ਤੇ ਭਾਰੇ ਰਹੇ।

ਬੇਗ਼ਮਪੁਰਾ ਵਸਾਉਣ ਹਿਤ
ਰਲਕੇ ਤੁਰੇ ਕਾਫਲੇ
ਬਸੰਤੀ ਚੋਲਿਆਂ 'ਚ 'ਲਾਲ'
ਛੱਡਦੇ ਜੈਕਾਰੇ ਰਹੇ।



**ਲਾਲ ਸਿੰਘ ਸੁਲਹਾਣੀ**
**91-98721-55120**

(ਮਿੰਨੀ ਕਹਾਣੀ)

# ਮਾਂ ਬੋਲੀ ਦੇ ਸੇਵਾਦਾਰ

ਕੌਮਾਂਤਰੀ ਮਾਂ ਬੋਲੀ ਦਿਵਸ ਮਨਾਉਣ ਤੋਂ ਇੱਕ ਦਿਨ ਪਹਿਲਾਂ ਫੋਨ ਆਇਆ ਕਿ ਤੁਸੀਂ ਜ਼ਰੂਰ ਆਉਣਾ ਹੈ। ਤੁਸੀਂ ਮਾਂ ਬੋਲੀ ਦੀ ਸੇਵਾ ਬਾਖੂਬੀ ਨਿਭਾਉਂਦੇ ਹੋ, ਸਮਾਗਮ 'ਚ ਜ਼ਰੂਰ ਪਹੁੰਚਣਾ। ਇਹ ਫੋਨ ਵਿਸ਼ਵ ਪੰਜਾਬੀ ਪ੍ਰਚਾਰ ਸਭਾ ਦੇ ਪ੍ਰਧਾਨ ਅਤੇ ਪ੍ਰਿੰਸੀਪਲ ਬਹਾਦਰ ਸਿੰਘ ਗੋਸਲ ਜੀ ਦਾ ਸੀ। ਇਹਨਾਂ ਦਾ ਨਾਂ ਸਾਹਿਤ ਜਗਤ ਵਿੱਚ ਬਹੁਤ ਉੱਚਾ ਹੈ। ਬਹਾਦਰ ਜੀ ਹੁਣ ਤੱਕ 76 ਕਿਤਾਬਾਂ ਲਿਖ ਚੁੱਕੇ ਹਨ। ਆਏ ਦਿਨ ਅਖ਼ਬਾਰਾਂ ਵਿੱਚ ਇਹਨਾਂ ਦੇ ਲੇਖ, ਕਹਾਣੀਆਂ ਛੱਪਦੀਆਂ ਰਹਿੰਦੀਆਂ ਹਨ। ਇਹ ਚੰਡੀਗੜ੍ਹ ਪ੍ਰਸ਼ਾਸਨ ਵਲੋਂ ਸਟੇਟ ਅਵਾਰਡ ਵੀ ਲੈ ਚੁੱਕੇ ਹਨ। ਇਹਨਾਂ ਨੇ ਅਨੇਕਾਂ ਐਵਾਰਡ ਹਾਸਿਲ ਕੀਤੇ ਹਨ।

ਸਭ ਤੋਂ ਚੰਗੀ ਗੱਲ ਇਹਨਾਂ ਨੇ 1995 ਵਿੱਚ ਪੰਜਾਬੀ ਦੀਆਂ ਪ੍ਰਸਾਰ ਮੁਹਿੰਮਾਂ ਸ਼ੁਰੂ ਕਰ ਦਿੱਤੀਆਂ ਸੀ। ਇਹ ਮੁਹਿੰਮ ਬੋਰੀ ਤੋਂ ਬਸਤਾ, ਚੱਲੋ ਬੇਟੀ ਸਕੂਲ, ਆਸਰਾ, ਸੰਡੇ ਸਕੂਲ, ਸ਼ੁਰੂ ਕੀਤੀਆਂ। ਬਹਾਦਰ ਜੀ ਬਾਲ ਸਹਿਤ 52 ਕਿਤਾਬਾਂ ਝੋਲੀ ਪਾ ਚੁੱਕੇ ਹਨ। ਇਹਨਾਂ ਨੂੰ ਪੰਜਾਬ ਦੇ ਗਵਰਨਰ ਨਾਲ ਮਿਲਣ ਦਾ ਮੌਕਾ ਵੀ ਮਿਲਿਆ।

ਇੱਕ ਦਿਨ ਦੀ ਗੱਲ ਹੈ ਇਹਨਾਂ ਦੀ ਸਭਾ ਵੱਲੋਂ ਅਖ਼ਬਾਰ ਵਿਚ ਖ਼ਬਰ ਲੱਗੀ ਕਿ ਜਿਹੜੇ ਬੱਚੇ ਦਸਵੀਂ ਤੇ ਬਾਰਵੀਂ ਕਲਾਸ ਵਿੱਚ ਪੰਜਾਬੀ ਦੇ ਵਿਸ਼ੇ 'ਚੋਂ 100 ਪ੍ਰਤੀਸ਼ਤ ਨੰਬਰ ਲੈ ਕੇ ਪਾਸ ਹੋਏ ਉਹਨਾਂ ਨੂੰ ਸਨਮਾਨਿਤ ਕੀਤਾ ਜਾਵੇਗਾ। ਇਸ ਸਮਾਗਮ ਵਿੱਚ ਮੈਂ ਖੁਦ ਵੀ ਪਹੁੰਚੀ ਸੀ ਤੇ 8 ਬੱਚਿਆਂ ਨੂੰ ਪੂਰੇ ਪੰਜਾਬ ਵਿੱਚੋਂ ਗਿਆਰਾਂ -ਗਿਆਰਾਂ ਸੌ ਰੁਪਏ, ਮੋਮੈਂਟੋ, ਇੱਕ ਸ਼ਾਲ ਤੇ ਸਰਟੀਫਿਕੇਟ ਨਾਲ ਸਨਮਾਨਿਤ ਕੀਤਾ ਗਿਆ। ਇਹਨਾਂ ਦੀ ਮਾਂ ਬੋਲੀ ਲਈ ਸੇਵਾ ਦਾ ਘੇਰਾ ਦਿਨ -ਬ -ਦਿਨ ਬਹੁਤ ਵਿਸ਼ਾਲ ਹੁੰਦਾ ਜਾ ਰਿਹਾ ਹੈ ਜਿਸਨੂੰ ਦੇਖਦੇ ਹੀ ਮਨ ਬਹੁਤ ਖੁਸ਼ ਹੁੰਦਾ ਹੈ।

ਅੰਤ ਬਹਾਦਰ ਜੀ ਦਾ ਮੈਨੂੰ ਫੋਨ ਕਰਕੇ ਸਮਾਗਮ ਵਿਚ ਬੁਲਾਉਣਾ ਮਨ ਨੂੰ ਤਸੱਲੀ ਦਿੰਦੀ ਕਿ ਅੱਜ ਵੀ ਅਜਿਹੇ ਲੋਕ ਹਨ ਜੋ ਆਪਣੇ ਆਪ ਨੂੰ ਵੱਡੀ ਹਸਤੀਆਂ ਵਿਚ ਨਾ ਸ਼ਾਮਲ ਕਰਕੇ ਇੱਕ ਤੁੱਛ ਜਿਹੇ ਇਨਸਾਨ ਸਮਝਦੇ ਹਨ। ਜੋ ਇਨਸਾਨ ਆਪਣੀ ਮਾਂ ਬੋਲੀ ਦਾ ਪਹਿਰੇਦਾਰ ਹੁੰਦਾ ਹੈ, ਜੱਗ ਤੇ ਉਸਦੀ ਉਸਤਤ ਰਹਿੰਦੇ ਜਹਾਨ ਤੱਕ ਰਹਿੰਦੀ ਹੈ। ਉਨ੍ਹਾਂ ਅੰਦਰ ਕੋਈ ਦਿਖਾਵਾ ਨਹੀਂ ਹੈ। ਉਹ ਹਰ ਇੱਕ ਨੂੰ ਆਮ ਇਨਸਾਨ ਦੀ ਤਰ੍ਹਾਂ ਹੀ ਮਿਲਦੇ ਹਨ। ਬਹਾਦਰ ਗੋਸਲ ਜੀ ਮਾਂ ਬੋਲੀ ਦੇ ਅਸਲ ਸੇਵਾਦਾਰ ਹਨ। ਜਿਨ੍ਹਾਂ 'ਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਫ਼ਖਰ ਮਹਿਸੂਸ ਹੋਵੇਗਾ।



**ਬਲਜਿੰਦਰ ਕੌਰ ਸ਼ੇਰਗਿੱਲ**
**91-98785-19278**



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

**NEW & USED TIRES**
**WASH, LUBE, BRAKES**

Call:
530-824-5134

LUCAS OIL LUCAS INJECTOR CLEANER $28.99

Call:
650-642-0697

**3525 Highway 99, West Corning, CA 96021**
Across the Street from TA Truck Stop